







Nineteenth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 26, June 30, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388

## 'ਉੜਤਾ ਪੰਜਾਬ' ਹੁਣ ਰੀਂਗਣ ਲੱਗਾ

### ਨਸ਼ਿਆਂ ਕਾਰਨ ਦਰਦ ਹੰਢਾਉਣ ਲਈ ਮਜਬੂਰ ਨੇ ਲੋਕ

**ਚੰਡੀਗੜ੍ਹ:** ਪੰਜਾਬ ਦੀ ਜਵਾਨੀ ਕਿਸ ਹੱਦ ਤੱਕ ਨਸ਼ਿਆਂ ਵਿਚ ਗਰਕ ਚੁੱਕੀ ਹੈ, ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਕੁਝ ਵੀਡੀਓਜ਼ ਨੇ ਇਸ ਉਤੇ ਚੰਗੀ ਤਰ੍ਹਾਂ ਚਾਨਣ ਪਾ ਦਿੱਤਾ ਹੈ। ਇਹ ਵੀਡੀਓਜ਼ ਦਿਲ ਹਲੂਣਨ ਵਾਲੀਆਂ ਹਨ। ਵੀਡੀਓ ਵਿਚ ਇਕ ਮਾਂ ਕੂੜੇ ਦੇ ਢੇਰ ਉਤੇ ਮਰੇ ਪਏ ਆਪਣੇ ਪੁੱਤ ਨੂੰ ਗੋਦ ਵਿਚ ਲੈ ਕੇ ਕੁਰਲਾ ਰਹੀ ਹੈ। ਇਸ ਨੌਜਵਾਨ ਦਾ ਸਰੀਰ ਆਕੜਿਆ ਹੋਇਆ ਸੀ ਅਤੇ ਇਸ ਦੇ ਹੱਥ ਵਿਚ ਨਸ਼ੇ ਵਾਲੀ ਸਰਿੰਜ ਸੀ। ਇਹ ਘਟਨਾ ਕੋਟਕਪੂਰਾ ਦੀ ਹੈ।

ਕੋਟਕਪੂਰਾ ਦੇ ਪ੍ਰੇਮ ਨਗਰ ਵਿਚ ਹਲਵਾਈ ਦੀ ਦੁਕਾਨ 'ਤੇ ਕੰਮ ਕਰਨ ਵਾਲੇ ਬਾਈ ਸਾਲਾ ਨੌਜਵਾਨ ਬਲਵਿੰਦਰ ਸਿੰਘ ਦੀ ਮੌਤ ਨਸ਼ਾ ਕਰਨ ਵਾਲੀ ਸਰਿੰਜ ਲਾਉਣ ਸਾਰ ਹੀ ਹੋ ਗਈ। ਇਸੇ ਤਰ੍ਹਾਂ ਇਕ ਲਾਸ਼ ਅੰਮ੍ਰਿਤਸਰ ਦੇ ਪਿੰਡ ਵੇਰਕਾ ਵਿਚ ਤੀਹ ਸਾਲਾ ਨੌਜਵਾਨ ਗੁਰਭੇਜ ਸਿੰਘ ਦੀ ਮਿਲੀ। ਇਸ ਨੌਜਵਾਨ ਦੀ ਬਾਂਹ ਵਿਚ ਨਸ਼ੇ ਵਾਲੀ ਸਰਿੰਜ ਲੱਗੀ ਹੋਈ ਸੀ। ਪਤਾ ਲੱਗਾ ਹੈ ਕਿ ਨਸ਼ੇ ਦਾ ਆਦੀ ਹੋਣ ਕਰ ਕੇ ਇਸ ਨੌਜਵਾਨ ਦਾ ਤਲਾਕ ਹੋ ਗਿਆ ਸੀ ਤੇ ਇਹ ਆਪਣੀ ਬਿਰਧ ਮਾਂ ਤੇ ਦੋ ਬੱਚਿਆਂ ਨਾਲ ਰਹਿ ਰਿਹਾ ਸੀ। ਇਸ ਨੌਜਵਾਨ ਦੀ ਮੌਤ ਬਾਰੇ ਜਾਰੀ ਹੋਈ ਵੀਡੀਓ ਦਿਲ ਝੰਜੋੜਨ ਵਾਲੀ ਹੈ। ਇਸ ਨੌਜਵਾਨ ਦਾ ਪੰਜ ਸਾਲਾ ਬੇਟਾ ਆਪਣੇ ਮਰੇ ਹੋਏ ਪਿਉ ਨੂੰ ਜੱਫੀ ਪਾ ਕੇ ਉਸ ਨੂੰ ਸਕੂਲ ਛੱਡਣ ਦੀ ਜ਼ਿਦ ਕਰ ਰਿਹਾ ਤੇ ਕੋਲ ਖੜ੍ਹੇ ਲੋਕ ਉਸ ਨੂੰ ਪਿਉ ਤੋਂ ਵੱਖ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਇਸ ਤੋਂ ਅਗਲੇ ਦਿਨ ਛੇਹਰਟਾ ਇਲਾਕੇ ਵਿਚ ਦੋ ਨੌਜਵਾਨਾਂ ਦੀਆਂ ਲਾਸ਼ਾਂ ਇਸੇ ਤਰ੍ਹਾਂ ਮਿਲੀਆਂ। ਇਕ ਹਫਤੇ ਵਿਚ ਇਸ ਤਰ੍ਹਾਂ ਦੀਆਂ ਮੌਤਾਂ ਦੀ ਗਿਣਤੀ ਅੱਠ ਹੋ ਗਈ। ਇਨ੍ਹਾਂ ਵਿਚੋਂ ਪੰਜ ਮੌਤਾਂ ਅੰਮ੍ਰਿਤਸਰ ਇਲਾਕੇ ਵਿਚ ਹੋਈਆਂ ਹਨ। ਇਨ੍ਹਾਂ ਮੌਤਾਂ ਪਿੱਛੋਂ ਜਿਥੇ ਲੋਕਾਂ ਵਿਚ ਸਰਕਾਰ ਪ੍ਰਤੀ ਰੋਹ ਵਧ ਗਿਆ ਹੈ, ਉਥੇ ਸਰਕਾਰ ਆਪਣਾ ਰਟਿਆ ਰਟਾਇਆ ਜਵਾਬ ਦੇ ਰਹੀ ਹੈ ਕਿ ਉਸ ਨੇ ਆਪਣੇ ਇਕ ਸਾਲ ਦੇ ਸ਼ਾਸਨ ਵਿਚ ਨਸ਼ਿਆਂ ਦੇ ਖਾਤਮੇ ਲਈ ਵੱਡੇ ਪੱਧਰ ਉਤੇ ਕੰਮ ਕੀਤਾ ਹੈ। ਵਿਧਾਨ ਸਭਾ ਚੋਣਾਂ ਮੌਕੇ ਚਾਰ ਹਫਤਿਆਂ ਵਿਚ ਨਸ਼ੇ ਦੇ ਖਾਤਮੇ ਦੀ ਬਾਕਾਇਦਾ ਗੁਟਕਾ ਸਾਹਿਬ ਦੀ ਸਹੁੰ ਚੁੱਕਣ ਵਾਲੇ ਕੈਪਟਨ ਅਮਰਿੰਦਰ ਸਿੰਘ ਇਸ ਮਸਲੇ 'ਤੇ ਚੁੱਪ ਹਨ। ਦੱਸ ਦਈਏ ਕਿ ਵਿਧਾਨ ਸਭ ਚੋਣਾਂ ਵਿਚ ਨਸ਼ਿਆਂ ਦਾ ਕਹਿਰ ਸਭ ਤੋਂ ਵੱਡਾ ਮੁੱਦਾ ਬਣਿਆ ਸੀ। ਆਮ ਆਦਮੀ ਪਾਰਟੀ ਤੇ ਕਾਂਗਰਸ ਨੇ ਨਸ਼ਿਆਂ ਦੇ ਕਾਰੋਬਾਰ ਵਿਚ ਲੱਗੇ ਵੱਡੇ ਬੰਦਿਆਂ ਨੂੰ ਹੱਥ ਪਾਉਣ ਦਾ ਵਾਅਦਾ ਕੀਤਾ ਸੀ। ਦੋਵਾਂ ਧਿਰਾਂ ਨੇ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਲੈ ਕੇ ਉਸ ਨੂੰ ਜੇਲ੍ਹ ਵਿਚ ਸੁੱਟਣ ਦਾ ਵਾਅਦਾ ਕੀਤਾ ਸੀ ਪਰ ਕਾਂਗਰਸ ਸਰਕਾਰ ਬਣਦਿਆਂ ਹੀ ਇਹ ਸਭ ਵਿਸਾਰ ਦਿੱਤਾ ਗਿਆ।

ਮੁੱਖ ਮੰਤਰੀ ਦੀ ਕੁਰਸੀ ਮਿਲਦੇ ਸਾਰ ਕੈਪਟਨ ਵੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਾਂਗ 'ਕਾਨੂੰਨ ਆਪਣਾ ਕੰਮ ਕਰ ਰਿਹਾ ਹੈ' ਵਾਲੀ ਗੱਲ ਆਖਣ ਲੱਗੇ। ਇਹ ਵੱਖਰੀ ਗੱਲ ਹੈ ਕਿ ਸਰਕਾਰ ਬਣਦਿਆਂ ਹੀ ਪੁਲਿਸ ਨੇ ਛੋਟੇ-ਮੋਟੇ ਅਮਲੀਆਂ ਨੂੰ ਫੜ-ਫੜ ਜੇਲ੍ਹਾਂ ਭਰ ਲਈਆਂ। ਨਸ਼ਾ ਤਸਕਰਾਂ ਖਿਲਾਫ ਕਾਰਵਾਈ ਲਈ ਐਸ.ਟੀ.ਐਫ. ਵੀ ਬਣਾਈ ਪਰ ਜਦੋਂ ਇਸ ਜਾਂਚ ਸੈਲ ਨੇ ਸੀਨੀਅਰ ਪੁਲਿਸ ਅਫਸਰਾਂ ਦੀ ਨਸ਼ਾ ਤਸਕਰੀ ਵਿਚ ਸ਼ਮੂਲੀਅਤ ਦੀ ਗੱਲ ਆਖੀ ਤਾਂ ਇਹ ਜਾਂਚ ਇਥੇ ਹੀ ਫਸ ਗਈ ਜੋ ਹੁਣ ਅਦਾਲਤੀ ਗੇੜ ਵਿਚ ਪੈ ਗਈ ਹੈ। ਦੱਸ ਦਈਏ ਕਿ ਸੱਤਾ ਮਿਲਣ ਪਿੱਛੋਂ ਕੋਈ ਵੀ ਧਿਰ ਪੰਜਾਬ ਨੂੰ ਨਸ਼ਿਆਂ ਦੀ ਮਾਰ ਬਾਰੇ ਮੰਨਣ ਲਈ ਤਿਆਰ ਨਹੀਂ ਹੋਈ। ਪਿਛਲੀ ਬਾਦਲ ਸਰਕਾਰ ਵੀ ਇਹੀ ਦਾਅਵਾ ਕਰਦੀ ਰਹੀ ਕਿ ਪੰਜਾਬ ਨੂੰ ਐਵੇਂ ਬਦਨਾਮ ਕੀਤਾ ਜਾ ਰਿਹਾ ਹੈ। ਇਥੋਂ ਤੱਕ ਕਿ ਪੰਜਾਬ ਵਿਚ ਨਸ਼ਿਆਂ ਦੀ ਮਾਰ ਨੂੰ ਦਰਸਾਉਂਦੀ ਫਿਲਮ 'ਉੜਤਾ ਪੰਜਾਬ' ਉਤੇ ਇਹ ਕਹਿ ਕੇ ਰੋਕ ਲਗਾ ਦਿੱਤੀ ਗਈ ਸੀ ਕਿ ਇਹ ਸੂਬੇ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਇਹੀ ਹਾਲ ਹੁਣ ਕਾਂਗਰਸ ਸਰਕਾਰ ਦਾ ਹੈ। ਸਰਕਾਰ ਦਾਅਵਾ ਕਰ ਰਹੀ ਹੈ ਕਿ ਉਸ ਨੇ ਸਪੈਸ਼ਲ ਟਾਸਕ ਫੋਰਸ ਦਾ ਗਠਨ ਕਰਕੇ ਨਸ਼ਾ ਤਸਕਰਾਂ ਖਿਲਾਫ਼ 16305 ਕੇਸ ਦਰਜ ਕੀਤੇ ਗਏ ਹਨ ਅਤੇ 18800 ਤਸਕਰਾਂ ਗ੍ਰਿਫਤਾਰ ਕੀਤਾ ਗਿਆ ਹੈ। 26 ਨਸ਼ਾ ਤਸਕਰਾਂ ਦੀਆਂ 15 ਜਾਇਦਾਦਾਂ ਨੂੰ ਵੀ ਜ਼ਬਤ ਕੀਤਾ ਗਿਆ ਹੈ ਪਰ ਹੁਣ ਸਾਹਮਣੇ ਆਏ ਸੱਚ ਨੇ ਸਰਕਾਰੀ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਪਤਾ ਲੱਗਾ ਹੈ ਕਿ ਮੌਤ ਦੇ ਮੂੰਹ ਪਏ ਇਹ ਨੌਜਵਾਨ ਪਿਛਲੇ ਕਾਫੀ ਸਮੇਂ ਤੋਂ ਹੈਰੋਇਨ ਦੇ ਟੀਕੇ ਤਿਆਰ ਕਰ ਕੇ ਨਸ਼ਾ ਕਰ ਰਹੇ ਸਨ। ਮੁਢਲੀ ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਹੈਰੋਇਨ ਮਹਿੰਗੀ ਹੋਣ ਕਰਕੇ ਇਸ ਵਿਚ ਨਸ਼ੀਲਾ ਪਾਊਡਰ ਮਿਲਾਇਆ ਗਿਆ ਸੀ ਜੋ ਛੇਤੀ ਨਹੀਂ ਘੁਲਦਾ। ਇਹ ਪਾਊਡਰ ਹੀ ਇਨ੍ਹਾਂ ਨੌਜਵਾਨਾਂ ਦੀਆਂ ਨਸਾਂ ਵਿਚ ਜੰਮ ਗਿਆ ਜਿਸ ਕਾਰਨ ਇਹ ਮੌਤਾਂ ਹੋਈਆਂ।

## ਅਮਰੀਕਾ ਦੀ 'ਜ਼ੀਰੋ ਟੌਲਰੈਂਸ ਪਾਲਿਸੀ' ਨੇ ਪੰਜਾਬੀ ਘੇਰੇ

**ਚੰਡੀਗੜ੍ਹ:** ਅਮਰੀਕਾ ਵੱਲੋਂ ਜ਼ੀਰੋ ਟੌਲਰੈਂਸ ਪਾਲਿਸੀ ਤਹਿਤ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਆਵਾਸੀਆਂ ਨੂੰ ਆਪੋ-ਆਪਣੇ ਦੇਸ਼ ਭੇਜਣ ਦੀ ਤਿਆਰੀ ਹੋ ਰਹੀ ਹੈ। ਅਮਰੀਕਾ ਦੀ ਇਸ ਸਖਤੀ ਦਾ ਖਮਿਆਜ਼ਾ ਪੰਜਾਬੀ ਵੀ ਭੁਗਤ ਰਹੇ ਹਨ। ਪਿਛਲੇ ਕੁਝ ਦਿਨਾਂ ਵਿਚ ਹੀ 70 ਪੰਜਾਬੀਆਂ ਨੂੰ ਗ੍ਰਿਫਤਾਰ ਕਰ ਕੇ ਟੈਕਸਾਸ ਦੀ ਓਟੈਰੋ ਜੇਲ੍ਹ 'ਚ ਰੱਖਿਆ ਗਿਆ ਹੈ। ਪੰਜਾਹ ਪੰਜਾਬੀ ਇਸੇ ਮਹੀਨੇ ਗ੍ਰਿਫਤਾਰ ਕੀਤੇ ਗਏ ਹਨ। ਕਿਸੇ ਵੀ ਤਰੀਕੇ ਅਮਰੀਕਾ ਵਿਚ ਜਾਣ ਦੀ ਖਾਹਿਸ਼ ਲੈ ਕੇ ਏਜੰਟਾਂ ਦੇ ਢਹੇ ਚੜ੍ਹੇ ਅਜਿਹੇ ਨੌਜਵਾਨ ਹੁਣ ਬੁਰੀ ਤਰ੍ਹਾਂ ਘਿਰੇ ਹੋਏ ਹਨ।

ਕੁਲ 123 ਗੈਰਕਾਨੂੰਨੀ ਪਰਵਾਸੀਆਂ ਵਿਚੋਂ ਬਹੁਤੇ ਭਾਰਤੀਆਂ ਨੂੰ ਸ਼ੇਰੀਡਾਨ ਇਲਾਕੇ ਵਿਚੋਂ ਫੜਿਆ ਗਿਆ ਹੈ। ਇਸ ਜੇਲ੍ਹ ਦਾ ਪਿਛਲੇ ਦਿਨੀਂ ਓਰੇਗੋਨ ਦੇ ਡੈਮੋਕਰੇਟਿਕ ਸੰਸਦ ਮੈਂਬਰਾਂ ਨੇ ਦੌਰਾ ਕੀਤਾ ਹੈ। ਦੌਰੇ ਦੌਰਾਨ ਇਨ੍ਹਾਂ ਹਵਾਲਾਤੀਆਂ ਨੇ ਪੰਜਾਬੀ ਦੋਭਾਸ਼ੀਏ ਰਾਹੀਂ ਆਪਣੀ ਦਰਦਨਾਕ ਹਾਲਤ ਬਿਆਨੀ ਤੇ ਦੱਸਿਆ ਕਿ ਉਨ੍ਹਾਂ ਨੂੰ 22 ਘੰਟੇ ਸੈੱਲਾਂ ਵਿਚ ਬੰਦ ਰੱਖਿਆ ਜਾਂਦਾ ਹੈ ਤੇ ਉਨ੍ਹਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਹ ਪ੍ਰਗਟਾਵਾ ਕਾਂਗਰਸ ਦੀ ਮੈਂਬਰ ਸੁਜ਼ਾਨੇ ਬੋਨਾਮੀਕੀ ਨੇ ਆਪਣੇ ਬਲੌਗ ਵਿਚ ਕੀਤਾ ਹੈ।

ਜਾਣਕਾਰੀ ਅਨੁਸਾਰ ਇਹ ਪੰਜਾਬੀ ਨੌਜਵਾਨ ਮੈਕਸਿਕੋ ਦੀ ਸਰਹੱਦ ਤੋਂ ਅਮਰੀਕਾ ਦਾਖਲ ਹੋਣ ਦੀ ਕੋਸ਼ਿਸ਼ ਵਿਚ ਫੜ ਹੋਏ ਹਨ। ਇਨ੍ਹਾਂ ਸਾਰਿਆਂ ਨੂੰ ਭਾਰਤ ਵਾਪਸ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਵੇਰਵੇ ਟੈਕਸਾਸ ਦੀ ਸਿਰਫ ਇਕ ਜੇਲ੍ਹ ਦੇ ਹਨ। ਜ਼ਿਕਰਯੋਗ ਹੈ ਕਿ 15 ਅਪਰੈਲ ਤੋਂ ਬਾਅਦ ਅਮਰੀਕਾ ਵਿਚ ਗ਼ੈਰਕਾਨੂੰਨੀ ਪਰਵਾਸੀਆਂ ਲਈ ਨਵੀਂ ਇਮੀਗ੍ਰੇਸ਼ਨ ਨੀਤੀ ਲਾਗੂ ਕੀਤੀ ਗਈ ਹੈ।

ਟੈਕਸਾਸ ਦੀ ਜੇਲ੍ਹ ਵਿਚ ਜਲੰਧਰ ਦਾ ਇਕ 20 ਸਾਲਾ ਨੌਜਵਾਨ ਵੀ ਬੰਦ ਹੈ ਜੋ ਮੈਕਸਿਕੋ ਦੀ ਸਰਹੱਦ 'ਤੇ ਫੜਿਆ ਗਿਆ ਸੀ। ਉਹ ਅਕਤੂਬਰ 2017 ਵਿਚ ਗ਼ੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਗਿਆ ਸੀ। ਨਿਊ ਮੈਕਸੀਕੋ ਕੇਂਦਰ ਵਿਚ ਇਕ ਦਰਜਨ ਤੋਂ ਵੀ ਵੱਧ ਭਾਰਤੀ ਕਈ ਮਹੀਨਿਆਂ ਤੋਂ ਡੱਕੇ ਹੋਏ ਹਨ ਜਦਕਿ ਬਾਕੀਆਂ ਨੂੰ ਹਫਤਾ ਕੁ ਪਹਿਲਾਂ ਉਥੇ ਲਿਆਂਦਾ ਗਿਆ। ਉਤਰੀ ਅਮਰੀਕਾ

*(ਬਾਕੀ ਸਫਾ 6 ਉਤੇ)*

## ਬੰਦੀ ਪੰਜਾਬੀਆਂ ਨੂੰ ਕਾਨੂੰਨੀ ਮਦਦ ਦੇਣ ਦੇ ਹੁਕਮ

**ਵਾਸ਼ਿੰਗਟਨ:** ਇਕ ਅਮਰੀਕੀ ਜੱਜ ਨੇ ਓਰੇਗਨ ਸੂਬੇ ਦੀ ਸੰਘੀ ਜੇਲ੍ਹ ਵਿਚ ਬੰਦ ਦਰਜਨਾਂ ਭਾਰਤੀਆਂ ਸਮੇਤ 120 ਪਰਵਾਸੀਆਂ ਨੂੰ ਫੌਰੀ ਵਕੀਲਾਂ ਨਾਲ ਮਿਲਣ ਦੇਣ ਦਾ ਹੁਕਮ ਦਿੱਤਾ ਹੈ। 100 ਦੇ ਕਰੀਬ ਭਾਰਤੀ ਜਿਨ੍ਹਾਂ 'ਚੋਂ ਬਹੁਤੇ ਪੰਜਾਬੀ ਹਨ, ਨੂੰ ਦੱਖਣੀ ਸਰਹੱਦ ਰਾਹੀਂ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦਿਆਂ ਫੜ ਲਿਆ ਗਿਆ ਸੀ। 'ਪੋਰਟਲੈਂਡ ਮਰਕਰੀ' ਦੀ ਰਿਪੋਰਟ ਮੁਤਾਬਕ ਔਰੇਗਨ ਦੇ ਫੈਡਰਲ ਜੱਜ ਨੇ ਸ਼ੈਰੀਡਨ ਜੇਲ੍ਹ ਵਿੱਚ ਹਿਰਾਸਤ ਵਿਚ ਲਏ ਗਏ ਆਵਾਸੀਆਂ ਨੂੰ ਫੌਰੀ ਕਾਨੂੰਨੀ ਮਦਦ ਮੁਹੱਈਆ ਕਰਾਉਣ ਦੇ ਹੁਕਮ ਦਿੱਤੇ ਹਨ।

*Visit us on the web:www.punjabtimesusa.com*


Ad Space Available
Please Call,
Ph: 847-359-0746




Ad Space Available
Please Call,
Ph: 847-359-0746

# ਇੰਡੀਅਨ ਓਵਰਸੀਜ਼ ਕਾਂਗਰਸ ਯੂ. ਐਸ. ਏ. ਦੀ ਕੌਮੀ ਕਾਨਫਰੰਸ 28 ਜੁਲਾਈ ਨੂੰ

**ਨਿਊ ਯਾਰਕ (ਬਿਊਰੋ):** ਇੰਡੀਅਨ ਓਵਰਸੀਜ਼ ਕਾਂਗਰਸ, ਯੂ. ਐਸ. ਏ. ਵਲੋਂ ਇਕ ਨੈਸ਼ਨਲ ਕਾਨਫਰੰਸ 28 ਜੁਲਾਈ 2018, ਸਨਿਚਰਵਾਰ ਨੂੰ ਜੇ. ਐਫ. ਕੇ. ਏਅਰਪੋਰਟ ਨੇੜੇ ਕਾਂਗਰਸ, ਯੂ. ਐਸ. ਏ. ਦੇ ਚੇਅਰਮੈਨ ਸੈਮ ਪਿਟਰੋਡਾ ਕਰਨਗੇ।

ਇੰਡੀਅਨ ਓਵਰਸੀਜ਼ ਕਾਂਗਰਸ ਦੇ ਵਾਈਸ ਚੇਅਰਮੈਨ ਜਾਰਜ ਅਬਰਾਹਮ ਨੇ ਕਿਹਾ ਕਿ



ਹੋਟਲ ਕਰਾਊਨ ਪਲਾਜ਼ਾ (138-10 135 ਐਵੇਨਿਊ, ਜਮਾਇਕਾ, ਨਿਊ ਯਾਰਕ 11436) ਵਿਖੇ ਕਰਵਾਈ ਜਾ ਰਹੀ ਹੈ।

ਕਾਨਫਰੰਸ ਵਿਚ ਦੇਸ਼ ਭਰ ਤੋਂ ਡੈਲੀਗੇਟ ਪਹੁੰਚਣ ਦੀ ਸੰਭਾਵਨਾ ਹੈ। ਸਮਝਿਆ ਜਾਂਦਾ ਹੈ ਕਿ ਇਹ ਕਾਨਫਰੰਸ ਅਮਰੀਕਾ ਵਿਚ ਭਾਰਤੀ ਭਾਈਚਾਰੇ ਅੰਦਰ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਮੀਲ ਪੱਥਰ ਸਾਬਤ ਹੋਵੇਗੀ।

ਕਾਨਫਰੰਸ ਦੀ ਪ੍ਰਧਾਨਗੀ ਆਲ ਇੰਡੀਆ ਕਾਂਗਰਸ ਕਮੇਟੀ ਦੇ ਓਵਰਸੀਜ਼ ਕਾਂਗਰਸ ਵਿਭਾਗ ਦੇ ਚੇਅਰਮੈਨ ਅਤੇ ਇੰਡੀਅਨ ਓਵਰਸੀਜ਼ 2019 ਦੀਆਂ ਲੋਕ ਸਭਾ ਚੋਣਾਂ ਸਿਰ 'ਤੇ ਆਈਆਂ ਖੜ੍ਹੀਆਂ ਹਨ ਅਤੇ ਭਾਰਤੀ ਭਾਈਚਾਰੇ ਦੀਆਂ ਨਜ਼ਰਾਂ ਇਨ੍ਹਾਂ ਚੋਣਾਂ 'ਤੇ ਹਨ। ਇਸ ਕਰਕੇ ਕਾਂਗਰਸ ਲਈ ਵੀ ਇਹ ਚੋਣਾਂ ਬੇਹਦ ਅਹਿਮ ਹਨ।

ਹੋਰ ਜਾਣਕਾਰੀ ਲਈ ਜਾਰਜ ਅਬਰਾਹਮ ਨਾਲ ਫੋਨ: 917-544-4137, ਮਹਿੰਦਰ ਸਿੰਘ ਗਿਲਜ਼ੀਆਂ ਫੋਨ: 646-732-5119, ਹਰਬਚਨ ਸਿੰਘ ਫੋਨ: 917-749-8769 ਜਾਂ ਸ਼ੌਮਸ ਉਮਨ ਫੋਨ: 631-796-0064 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਨੂੰ ਅਮਰੀਕਾ ਦੀ ਤਿਲਾਂਜਲੀ

**ਵਾਸ਼ਿੰਗਟਨ:** ਅਮਰੀਕਾ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੀਆਂ ਨੀਤੀਆਂ ਨੂੰ 'ਦੋਗਲਾ' ਕਰਾਰ ਦਿੰਦਿਆਂ ਇਸ ਦੀ ਮੈਂਬਰਸ਼ਿਪ ਨੂੰ ਤਿਲਾਂਜਲੀ ਦੇ ਦਿੱਤੀ ਹੈ। ਅਮਰੀਕਾ ਨੇ ਕਿਹਾ ਕਿ ਕੌਂਸਲ ਨੇ ਮਾੜੂ ਨੀਤੀਆਂ 'ਚ ਗਲਤਾਨ ਮੁਲਕਾਂ ਪ੍ਰਤੀ ਘੇਸਲ ਵੱਟੀ ਹੋਈ ਹੈ ਜਦਕਿ ਕੁਝ ਨੂੰ ਬਿਨਾਂ ਕਿਸੇ ਦੋਸ਼ਾਂ ਤੋਂ ਨਿੰਦਿਆ ਜਾ ਰਿਹਾ ਹੈ। ਅਮਰੀਕਾ ਨੇ ਨਾਲ ਹੀ ਕਿਹਾ ਕਿ ਉਹ ਅਜਿਹੀਆਂ 'ਦੋਗਲੀਆਂ' ਸੰਸਥਾਵਾਂ ਤੋਂ ਕੋਈ ਭਾਸ਼ਣ ਨਹੀਂ ਸੁਣਨਾ ਚਾਹੁੰਦਾ।

ਅਮਰੀਕਾ ਵੱਲੋਂ ਕੌਂਸਲ ਛੱਡੇ ਜਾਣ ਦਾ ਐਲਾਨ ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਰਾਜਦੂਤ ਨਿੱਕੀ ਹੇਲੀ ਨੇ ਕੀਤਾ। ਹੇਲੀ ਇਸ ਤੋਂ ਪਹਿਲਾਂ ਕੌਂਸਲ ਵੱਲੋਂ ਇਜ਼ਰਾਈਲ ਦੀ ਲਗਾਤਾਰ ਕੀਤੀ ਜਾ ਰਹੀ ਆਲੋਚਨਾ ਬਾਰੇ ਵੀ ਬਿਆਨ ਦੇ ਚੁੱਕੀ ਹੈ। ਹੇਲੀ ਨੇ ਕਿਹਾ ਕਿ ਆਲਮੀ ਪੱਧਰ 'ਤੇ ਸਭ ਤੋਂ ਵੱਧ ਅਣਮਨੁੱਖੀ ਕਾਰੇ ਕਰਨ ਵਾਲੇ ਰਾਜ ਜਾਂਚ ਤੋਂ ਬਚਦੇ ਆ ਰਹੇ ਹਨ ਜਦਕਿ ਸੁਥਰੇ ਮਨੁੱਖੀ ਅਧਿਕਾਰਾਂ ਵਾਲੇ ਮੁਲਕਾਂ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ। ਹੇਲੀ ਨੇ ਹਾਲਾਂਕਿ ਸਪੱਸ਼ਟ ਕੀਤਾ ਕਿ ਅਮਰੀਕਾ ਮਨੁੱਖੀ ਹੱਕਾਂ ਦੀ ਰਾਖੀ ਪ੍ਰਤੀ ਵਚਨਬੱਧ ਹੈ। ਰੂਸ ਨੇ ਅਮਰੀਕਾ ਦੀ ਇਸ ਕਾਰਵਾਈ ਨੂੰ ਆਲਮੀ ਮੁੱਦਿਆਂ ਪ੍ਰਤੀ ਉਸ ਦੀ ਇਕਪਾਸੜ ਪਹੁੰਚ ਕਰਾਰ ਦਿੱਤਾ ਹੈ।

# ਤਾਮਿਲ ਨਾਡੂ ਦੀ ਅਨੁਕ੍ਰਿਤੀ ਵਾਸ ਬਣੀ ਫੈਮਿਨਾ ਮਿਸ ਇੰਡੀਆ

**ਮੁੰਬਈ:** ਤਾਮਿਲਨਾਡੂ ਦੀ 19 ਸਾਲਾ ਵਿਦਿਆਰਥਣ ਅਨੁਕ੍ਰਿਤੀ ਵਾਸ ਦੇ ਸਿਰ ਐਫ.ਬੀ.ਬੀ. ਕਲਰਜ਼ ਫੈਮਿਨਾ ਮਿਸ ਇੰਡੀਆ 2018 ਦਾ ਤਾਜ ਸਜਿਆ ਹੈ। ਮੁੰਬਈ ਵਿਚ ਹੋਏ ਇਸ ਸਮਾਰੋਹ ਨੂੰ ਫਿਲਮਸਾਜ਼ ਕਰਨ ਜੌਹਰ ਅਤੇ ਬੌਲੀਵੁੱਡ ਅਦਾਕਾਰ ਆਯੁਸ਼ਮਾਨ ਖੁਰਾਣਾ ਸੰਚਾਲਤ ਕਰ ਰਹੇ ਸਨ, ਵਿਚ ਬਹੁਤ ਹੀ ਮਨਮੋਹਕ ਢੰਗ ਨਾਲ ਇਸ ਮੁਕਾਬਲੇ ਦੇ ਜੇਤੂਆਂ ਦਾ ਐਲਾਨ ਕੀਤਾ ਗਿਆ। ਇਸ ਮੁਕਾਬਲੇ ਵਿਚ ਹਰਿਆਣਾ ਦੀ 21 ਸਾਲਾ ਸੁੰਦਰੀ ਮੀਨਾਕਸ਼ੀ ਚੌਧਰੀ ਦੂਜੇ ਸਥਾਨ ਉਤੇ ਰਹੀ ਜਦੋਂ ਕਿ ਆਂਧਰਾ ਪ੍ਰਦੇਸ਼ ਦੀ 23 ਸਾਲ ਸ਼੍ਰੇਅ ਰਾਓ ਕਮਵਾਰਪੂ ਤੀਜੇ ਸਥਾਨ ਉਤੇ ਰਹੀ। ਸਮਾਰੋਹ ਵਿਚ ਬੌਲੀਵੁੱਡ ਸਟਾਰ ਕਰੀਨਾ ਕਪੂਰ ਖਾਨ, ਜੈਕੁਲਿਨ ਫਰਨਾਂਡੇਜ਼ ਅਤੇ ਮਾਧੁਰੀ ਦੀਕਸ਼ਤ ਸਮੇਤ 2017 ਦੀ ਮਿਸ ਵਰਲਡ ਰਹੀ ਮਾਨੁਸ਼ੀ ਛਿੱਲਰ ਵੀ ਮੌਜੂਦ ਸੀ। ਫੈਮਿਨਾ ਮਿਸ ਇੰਡੀਆ 2018 ਦੇ ਮੁਕਾਬਲੇ ਦੇ 55ਵੇਂ ਅਡੀਸ਼ਨ ਵਿਚ ਭਾਰਤ ਦੇ ਸਾਰੇ 30 ਸੂਬਿਆਂ (ਦਿੱਲੀ ਸਮੇਤ) ਨੂੰ ਸ਼ਾਮਲ ਕੀਤਾ ਗਿਆ ਸੀ।

ਅਨੁਕ੍ਰਿਤੀ ਵਾਸ ਨੇ ਕਿਹਾ ਕਿ ਉਸ ਦਾ ਨਿਸ਼ਾਨਾ ਮਿਸ ਵਰਲਡ ਮੁਕਾਬਲਾ ਹੈ ਜਿਸ ਦਾ ਖਿਤਾਬ ਘਰ ਲਿਆਉਣ ਲਈ ਉਹ ਹਰ ਸੰਭਵ ਯਤਨ ਕਰੇਗੀ। ਫੈਮਿਨਾ ਮੁਕਾਬਲੇ ਦੀ ਜੇਤੂ ਸੁੰਦਰੀ ਨੇ ਕਿਹਾ ਕਿ ਹੁਣ ਉਸ ਲਈ ਬੈਠਣ ਜਾਂ ਆਰਾਮ ਕਰਨ ਦਾ ਵੇਲਾ ਨਹੀਂ ਹੈ ਕਿਉਂਕਿ ਉਸ ਨੇ ਆਪਣੇ ਅਗਲਾ ਟੀਚਾ ਹਾਸਲ ਕਰਨ ਲਈ ਸਖਤ ਮਿਹਨਤ ਕਰਨ ਦਾ ਮਨ ਬਣਾਇਆ ਹੋਇਆ ਹੈ।

# ਸਾਊਦੀ ਅਰਬ 'ਚ ਔਰਤਾਂ ਨੂੰ ਮਿਲੀ ਡਰਾਈਵਿੰਗ ਦੀ ਆਜ਼ਾਦੀ

**ਰਿਆਦ:** ਸਾਊਦੀ ਅਰਬ ਵਿਚ ਔਰਤਾਂ ਨੂੰ ਡਰਾਈਵਿੰਗ ਕਰਨ ਦੀ ਆਜ਼ਾਦੀ ਦੇ ਦਿੱਤੀ ਗਈ ਹੈ। ਇਹ ਆਜ਼ਾਦੀ ਔਰਤਾਂ ਨੂੰ ਸ਼ਹਿਜ਼ਾਦਾ ਮੁਹੰਮਦ ਬਿਨ ਸਲਮਾਨ ਦੇ ਯਤਨਾਂ ਸਦਕਾ 60 ਸਾਲ ਬਾਅਦ ਨਸੀਬ ਹੋਈ ਹੈ। ਪਾਬੰਦੀ ਹਟਾਉਣ ਤੋਂ ਕੁਝ ਸਮਾਂ ਬਾਅਦ ਹੀ ਅਰਬ ਦੇਸ਼ ਦੀਆਂ ਔਰਤਾਂ ਗੱਡੀਆਂ ਲੈ ਕੇ ਸੜਕਾਂ ਉਤੇ ਨਿਕਲਣੀਆਂ ਸ਼ੁਰੂ ਹੋ ਗਈਆਂ।

ਪਾਬੰਦੀ ਹਟਾਏ ਜਾਣ ਨਾਲ ਸਾਊਦੀ ਅਰਬ ਦੁਨੀਆਂ ਵਿਚ ਔਰਤਾਂ ਨੂੰ ਡਰਾਈਵਿੰਗ ਦੀ ਆਜ਼ਾਦੀ ਦੇਣ ਵਾਲਾ ਆਖਰੀ ਦੇਸ਼ ਬਣ ਗਿਆ ਹੈ। ਹੁਣ ਸਾਊਦੀ ਅਰਬ ਦੀਆਂ ਔਰਤਾਂ ਆਪਣੇ ਪਿਤਾ, ਭਰਾ ਜਾਂ ਪਤੀ ਉਤੇ ਨਿਰਭਰ ਨਹੀਂ ਰਹੀਆਂ, ਹੁਣ ਸਾਰੇ ਆਪਣੇ ਕੰਮ ਉਹ ਆਪ ਕਰ ਸਕਣਗੀਆਂ। ਇਹ ਪਲ ਸਾਊਦੀ ਅਰਬ ਦੀਆਂ ਔਰਤਾਂ ਲਈ ਇਤਿਹਾਸਕ ਅਤੇ ਖੁਸ਼ੀ ਭਰਿਆ ਹੈ।




*ਬ੍ਰਹਮ ਗਿਆਨੀ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 68ਵੀਂ ਬਰਸੀ ਲੰਘੇ ਐਤਵਾਰ ਇਥੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਮਨਾਈ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਆਈਆਂ ਸੰਗਤਾਂ ਦਾ ਹੜ੍ਹ। ਸੰਗਤਾਂ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਸਭ ਨੂੰ ਸੰਤ ਮੁਰਾਲੇਵਾਲਿਆਂ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਬੇਨਤੀ ਕੀਤੀ।*

# ਪੰਜਾਬ ਦੇ ਬਿਜਲੀ ਖਪਤਕਾਰਾਂ ਨੂੰ ਵੱਡਾ ਝਟਕਾ

**ਪਟਿਆਲਾ:** ਪੰਜਾਬ ਸਰਕਾਰ ਨੇ ਸੂਬੇ ਦੇ ਦਿਹਾਤੀ ਖਪਤਕਾਰਾਂ ਲਈ ਬਿਜਲੀ ਦੋ ਫੀਸਦੀ ਮਹਿੰਗੀ ਕਰ ਦਿੱਤੀ ਹੈ। ਸਰਕਾਰ ਨੇ ਦਿਹਾਤੀ ਖੇਤਰਾਂ ਵਿਚ ਬਿਜਲੀ ਉਤੇ ਟੈਕਸ 13 ਤੋਂ ਵਧਾ ਕੇ 15 ਫੀਸਦੀ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਤਰ੍ਹਾਂ ਸਰਕਾਰ ਨੇ ਹੌਲੇ ਜਿਹੇ ਕਰੰਟ ਦਾ ਝਟਕਾ ਦਿੱਤਾ ਹੈ।

ਦੱਸਣਯੋਗ ਹੈ ਕਿ ਸੂਬੇ ਦੇ ਬਿਜਲੀ ਖਪਤਕਾਰਾਂ ਵਿਚ ਬਿਜਲੀ ਮਹਿੰਗੀ ਹੋਣ ਪ੍ਰਤੀ ਪਹਿਲਾਂ ਹੀ ਸਖਤ ਰੋਸ ਸੀ। ਲੋਕਾਂ ਦੇ ਅਜਿਹੇ ਸ਼ਿਕਵੇ ਨੂੰ ਇਕ ਵਾਰ ਫਿਰ ਦਰਕਿਨਾਰ ਕਰਦਿਆਂ ਸੂਬਾ ਸਰਕਾਰ ਨੇ ਦਿਹਾਤੀ ਖਪਤਕਾਰਾਂ ਉਤੇ ਹੋਰ ਵਿੱਤੀ ਬੋਝ ਪਾ ਦਿੱਤਾ ਹੈ। ਭਾਵੇਂ ਚੋਣਾਂ ਤੋਂ ਪਹਿਲਾਂ ਕਾਂਗਰਸ ਸਰਕਾਰ ਨੇ ਮਹਿੰਗੀ ਬਿਜਲੀ ਦਾ ਮੁੱਦਾ ਲੋਕਾਂ 'ਚ ਕਾਫੀ ਪ੍ਰਚਾਰਿਆ ਸੀ, ਪਰ ਸਰਕਾਰ ਦੀ ਸਥਾਪਤੀ ਮਗਰੋਂ ਅਜਿਹੇ ਮੁੱਦਿਆਂ ਨੂੰ ਵਿਸਾਰਨਾ ਆਰੰਭ ਦਿੱਤਾ ਸੀ।

ਦੱਸਿਆ ਜਾਂਦਾ ਹੈ ਕਿ ਕੈਪਟਨ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੌਰਾਨ ਬਿਜਲੀ ਮਹਿੰਗੀ ਹੋਣ ਸਬੰਧੀ ਇਹ ਚੌਥਾ ਫੈਸਲਾ ਹੈ। ਪੰਜਾਬ ਮੰਤਰੀ ਮੰਡਲ ਵੱਲੋਂ 13 ਮਾਰਚ 2018 ਨੂੰ ਹੋਈ ਮੀਟਿੰਗ ਵਿਚ ਬਿਜਲੀ ਟੈਕਸ ਵਿਚ ਇਹ ਵਾਧਾ ਕਰਨ ਦਾ ਫੈਸਲਾ ਲਿਆ ਸੀ। ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਮੁਤਾਬਕ ਇਹ ਵਾਧਾ ਪਹਿਲੀ ਅਪਰੈਲ 2018 ਤੋਂ ਲਾਗੂ ਹੋਵੇਗਾ, ਮਤਲਬ ਕਿ ਅਪਰੈਲ, ਮਈ ਤੇ ਜੂਨ ਮਹੀਨੇ ਦੇ ਬਿੱਲਾਂ ਦੀ ਬਣਦੀ ਵਾਧੇ ਦੀ ਰਕਮ ਵੀ ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ (ਪਾਵਰਕੌਮ) ਵੱਲੋਂ ਵਸੂਲੀ ਜਾਵੇਗੀ।

ਦੱਸਣਯੋਗ ਹੈ ਕਿ ਅਮਰਿੰਦਰ ਸਿੰਘ ਸਰਕਾਰ ਵੱਲੋਂ ਸੱਤਾ ਸੰਭਾਲਣ ਮਗਰੋਂ ਰਾਜ ਦੇ ਸ਼ਹਿਰੀ ਖੇਤਰਾਂ ਵਿਚ 2 ਫੀਸਦੀ ਸੈੱਸ ਲਗਾਇਆ ਗਿਆ ਸੀ। ਇਸ ਉਪਰੰਤ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਖਪਤਕਾਰਾਂ ਲਈ 9.3 ਫੀਸਦੀ ਦੇ ਵਾਧੇ ਦਾ ਫੈਸਲਾ ਲਿਆ ਗਿਆ ਸੀ। ਉਪਰੰਤ ਰਾਜ ਸਰਕਾਰ ਵੱਲੋਂ 5 ਫੀਸਦੀ ਸਰਚਾਰਜ ਵੀ ਥੋਪ ਦਿੱਤਾ ਗਿਆ ਸੀ।

ਪਾਵਰਕੌਮ ਵੱਲੋਂ ਪਹਿਲੀ ਅਪਰੈਲ 2017 ਦੇ ਬਿੱਲਾਂ ਦਾ ਬਕਾਇਆ ਘਰੇਲੂ ਬਿਜਲੀ ਦੇ ਬਿੱਲਾਂ ਵਿਚ ਕਿਸ਼ਤਾਂ ਬਣਾ ਕੇ ਪਹਿਲਾਂ ਹੀ ਜੋੜਿਆ ਜਾ ਰਿਹਾ ਹੈ ਤੇ ਹੁਣ ਫਿਰ ਮਹਿੰਗੀ ਹੋਈ ਬਿਜਲੀ ਨੂੰ ਪਹਿਲੀ ਅਪਰੈਲ 2018 ਤੋਂ ਇਕ ਵਾਰ ਜੋੜਨ ਨਾਲ ਬਿਜਲੀ ਖਪਤਕਾਰ ਦੋਹਰੀ ਮਾਰ ਦਾ ਵੀ ਸ਼ਿਕਾਰ ਹੋਣਗੇ।



*ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ (ਨਿਊ ਯਾਰਕ) ਦੇ ਜਨਰਲ ਸਕੱਤਰ ਸ. ਭੁਪਿੰਦਰ ਸਿੰਘ ਅਟਵਾਲ ਆਪਣੀ ਕੈਲੀਫੋਰਨੀਆ ਫੇਰੀ ਦੌਰਾਨ ਗੁਰਦੁਆਰਾ ਸੈਨ ਹੋਜ਼ੇ, ਕੈਲੀਫੋਰਨੀਆ ਨਤਮਸਤਕ ਹੋਣ ਪਹੁੰਚੇ ਤਾਂ ਪ੍ਰਬੰਧਕ ਕਮੇਟੀ ਵਲੋਂ ਗਿਆਨੀ ਜਸਵਿੰਦਰ ਸਿੰਘ ਨੇ ਸਿਰੋਪਾਓ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ। ਤਸਵੀਰ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਪ੍ਰੀਤਮ ਸਿੰਘ ਗਰੇਵਾਲ ਅਤੇ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ।*

## ਇੰਗਲੈਂਡ 'ਚ ਲੱਗੇਗਾ ਬਾਬਾ ਰਾਮਦੇਵ ਦਾ ਮੋਮ ਦਾ ਬੁੱਤ

**ਲੰਡਨ:** ਇੰਗਲੈਂਡ ਦੇ ਇਤਿਹਾਸਕ ਮੈਡਮ ਤੁਸਾਦ ਅਜਾਇਬ ਘਰ 'ਚ ਯੋਗ ਗੁਰੂ ਸਵਾਮੀ ਰਾਮਦੇਵ ਦੀ ਮੋਮ ਦਾ ਬੁੱਤ ਲੱਗਣ ਜਾ ਰਿਹਾ ਹੈ। ਅੰਤਰਰਾਸ਼ਟਰੀ ਯੋਗ ਦਿਵਸ ਦੇ ਵਿਸ਼ੇਸ਼ ਸਮਾਰੋਹ 'ਚ ਹਿੱਸਾ ਲੈਣ ਲੰਡਨ ਪਹੁੰਚੇ ਸਵਾਮੀ ਰਾਮਦੇਵ ਨੇ ਇਹ ਜਾਣਕਾਰੀ ਦਿੱਤੀ।

ਉਨ੍ਹਾਂ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਕੋਲ ਇਸ ਦਾ ਪ੍ਰਸਤਾਵ ਆਇਆ ਸੀ ਜਿਸ ਦੀ ਹੁਣ ਉਨ੍ਹਾਂ ਨੇ ਮਨਜ਼ੂਰੀ ਦੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਭਾਵੇਂ ਉਨ੍ਹਾਂ ਨੂੰ ਤਾਰੀਫ ਪਸੰਦ ਨਹੀਂ, ਜਿਸ ਕਰ ਕੇ ਅੱਜ ਤੱਕ ਇਸ ਦੀ ਮਨਜ਼ੂਰੀ ਨਹੀਂ ਦਿੱਤੀ ਸੀ ਪਰ ਮੈਡਮ ਤੁਸਾਦ ਮਿਊਜ਼ੀਅਮ 'ਚ ਦੁਨੀਆਂ ਦੇ ਕੋਨੇ-ਕੋਨੇ ਤੋਂ ਲੋਕ ਆਉਂਦੇ ਹਨ, ਇਥੇ ਆਉਣ ਵਾਲੇ ਸੈਲਾਨੀਆਂ ਨੂੰ ਯੋਗ ਤੇ ਯੋਗੀ ਬਾਰੇ ਜਾਣਨ ਦਾ ਮੌਕਾ ਦੇਣ ਲਈ ਉਹ ਸਹਿਮਤ ਹੋਏ ਹਨ।


**Bhaura Transport LLC**

*Noblesville, IN*

**ਡਰਾਈਵਰਾਂ ਦੀ ਲੋੜ ਹੈ**



- *ਵੈਲਿਡ ਸੀ ਡੀ ਐਲ ਏ ਲਾਈਸੈਂਸ
- *ਘੱਟੋ ਘੱਟ 6 ਮਹੀਨੇ ਦਾ ਤਜਰਬਾ
- *ਖਾਲੀ ਅਤੇ ਲੋਡ ਸਮੇਤ ਮੀਲ .52 ਸੈਂਟ
- *ਸਾਈਨ ਔਨ ਬੋਨਸ
- *ਹਰ ਵੀਕਐਂਡ 'ਤੇ ਪੱਕਾ ਘਰ
- *ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
- *ਹਫਤਾਵਾਰ ਮੀਲ 2800 ਤੋਂ 3500
- *ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
- *ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**ਅਵਤਾਰ ਸਿੰਘ, ਫੋਨ: 317-403-0493**

25-26

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਗੁਰਮਤਿ ਕੈਂਪ 2 ਜੁਲਾਈ ਤੋਂ

**ਰਿਚਮੰਡ ਹਿੱਲ, ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵਿਖੇ ਬੱਚਿਆਂ ਦਾ ਗੁਰਮਤਿ ਕੈਂਪ 2 ਜੁਲਾਈ ਤੋਂ 27 ਜੁਲਾਈ ਤੱਕ ਲੱਗੇਗਾ। ਕੈਂਪ ਦਾ ਸਮਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਤੋਂ ਬਾਅਦ ਦੁਪਹਿਰ 2:30 ਵਜੇ ਤੱਕ ਹੋਵੇਗਾ। ਕੈਂਪ ਵਿਚ 5 ਤੋਂ 15 ਸਾਲ ਤੱਕ ਦੇ ਬੱਚੇ ਹਿੱਸਾ ਲੈ ਸਕਦੇ ਹਨ। ਰਜਿਸਟਰੇਸ਼ਨ ਫਾਰਮ ਗੁਰਦੁਆਰਾ ਸਾਹਿਬ ਦੇ ਦਫਤਰ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਕੈਂਪ ਵਿਚ ਬੱਚਿਆਂ ਨੂੰ ਗੁਰਮੁਖੀ ਦੀ ਸਿੱਖਿਆ ਦੇਣ ਦੇ ਨਾਲ ਨਾਲ ਕੀਰਤਨ, ਤਬਲਾ ਅਤੇ ਦਸਤਾਰ ਸਜਾਉਣ ਦੀ ਸਿਖਲਾਈ ਵੀ ਦਿੱਤੀ ਜਾਵੇਗੀ। ਆਰਟ ਦੀਆਂ ਕਲਾਸਾਂ ਅਤੇ ਹੋਰ ਵੀ ਕਾਫੀ ਗਤੀਵਿਧੀਆਂ ਹੋਣਗੀਆਂ। ਹਰ ਰੋਜ਼ ਸਵੇਰੇ ਬੱਚਿਆਂ ਨੂੰ ਜਪੁਜੀ ਸਾਹਿਬ ਦਾ ਪਾਠ ਕਰਵਾ ਕੇ ਦਿਨ ਦੀ ਸ਼ੁਰੂਆਤ ਕੀਤੀ ਜਾਵੇਗੀ। ਸੁਲਝੇ ਤੇ ਨਿਪੁੰਨ ਅਧਿਆਪਕ ਬੱਚਿਆਂ ਨੂੰ ਗੁਰਮਤਿ ਗਿਆਨ ਦੇਣਗੇ। ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਸਮੋਕੀ ਪਾਰਕ ਵਿਚ ਖੇਡ ਮੁਕਾਬਲੇ ਵੀ ਕਰਵਾਏ ਜਾਣਗੇ।

ਇਸ ਤੋਂ ਇਲਾਵਾ 20 ਅਤੇ 21 ਜੁਲਾਈ ਨੂੰ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦਾ ਸਿੱਖ ਇਤਿਹਾਸ, ਗੁਰਬਾਣੀ ਅਤੇ ਗੁਰ ਇਤਿਹਾਸ ਬਾਰੇ ਸਵਾਲ-ਜਵਾਬ ਮੁਕਾਬਲਾ ਵੀ ਹੋਵੇਗਾ। ਸਹੀ ਉਤਰ ਦੇਣ ਵਾਲੇ ਬੱਚੇ ਨੂੰ ਇਨਾਮ ਦਿੱਤਾ ਜਾਵੇਗਾ। ਇਹ ਪ੍ਰੋਗਰਾਮ ਫਾਸਟਵੇਅ ਟੀ. ਵੀ. ਯੂ. ਐਸ. ਏ. ਵਲੋਂ ਉਲੀਕਿਆ ਗਿਆ ਹੈ। ਕੈਂਪ ਵਿਚ ਗੁਰਮਤਿ ਦੀ ਪੜ੍ਹਾਈ ਕਰਵਾਉਣ ਵਾਸਤੇ ਯੋਗ ਅਧਿਆਪਕ ਆਪਣਾ ਬਾਇਓ ਡਾਟਾ ਅਤੇ ਅਰਜੀ ਗੁਰਦੁਆਰਾ ਸਾਹਿਬ ਜਮਾ ਕਰਵਾ ਸਕਦੇ ਹਨ।

ਹੋਰ ਜਾਣਕਾਰੀ ਫੋਨ:718-846-3333 (ਗੁਰਦੁਆਰਾ ਸਾਹਿਬ), ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਫੋਨ:347-324-2405, ਜੋਗਿੰਦਰ ਸਿੰਘ ਮੱਲ੍ਹੀ (ਚੇਅਰਮੈਨ ਐਜੂਕਸ਼ਨ) ਫੋਨ:917-577-1365 ਜਾਂ ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਪਾਸੋਂ ਫੋਨ: 347-837-5615 ਰਾਹੀਂ ਲਈ ਜਾ ਸਕਦੀ ਹੈ।

## ਮੋਬਾਈਲ 'ਤੇ ਗੱਲਾਂ ਕਰਦੀ ਧੀ ਨੂੰ ਗਲ ਘੁੱਟ ਕੇ ਮਾਰਿਆ

**ਬੁਢਲਾਡਾ:** ਪਿੰਡ ਗੁਰਨੇ ਖੁਰਦ ਵਿਚ ਇਕ ਵਿਅਕਤੀ ਨੇ ਆਪਣੀ 19 ਸਾਲਾ ਕਾਲਜ ਵਿਦਿਆਰਥਣ ਧੀ ਦੀ ਗਲ ਘੁੱਟ ਕੇ ਹੱਤਿਆ ਕਰ ਦਿੱਤੀ। ਮ੍ਰਿਤਕ ਵਿਦਿਆਰਥਣ ਕੁਲਵੰਤ ਕੌਰ ਮਾਤਾ ਸੁੰਦਰੀ ਕਾਲਜ ਮਾਨਸਾ ਵਿਚ ਬੀ.ਸੀ.ਏ. ਭਾਗ ਦੂਜਾ ਦੀ ਵਿਦਿਆਰਥਣ ਸੀ। ਜਦੋਂ ਕੁਲਵੰਤ ਕੌਰ ਕਿਸੇ ਨਾਲ ਫੋਨ 'ਤੇ ਗੱਲਾਂ ਕਰ ਰਹੀ ਸੀ ਤਾਂ ਉਸ ਦੇ ਪਿਤਾ ਜੋਗਾ ਸਿੰਘ ਦੀ ਅੱਖ ਖੁੱਲ੍ਹ ਗਈ ਤਾਂ ਉਸ ਨੇ ਆਪਣੀ ਧੀ ਦਾ ਉਸੇ ਦੀ ਚੁੰਨੀ ਨਾਲ ਗਲ ਘੁੱਟ ਦਿੱਤਾ।

## ਮਮਤਾ ਨੇ ਭਾਜਪਾ ਨੂੰ ਆਖਿਆ ਅਤਿਵਾਦੀ ਸੰਗਠਨ

**ਕੋਲਕਾਤਾ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਮੁਖੀ ਮਮਤਾ ਬੈਨਰਜੀ ਨੇ ਭਾਜਪਾ ਨੂੰ ਇਕ 'ਅਤਿਵਾਦੀ ਸੰਗਠਨ' ਦੱਸਦਿਆਂ ਕਿਹਾ ਕਿ ਭਾਜਪਾ ਧਰਮ ਦੇ ਨਾਂ 'ਤੇ ਲੋਕਾਂ 'ਚ ਵੰਡ ਪਾਊ ਪਾਰਟੀ ਹੈ। ਉਨ੍ਹਾਂ ਕਿਹਾ, ਭਾਜਪਾ ਨੇ ਸੂਬੇ 'ਚ ਆਪਣੀਆਂ ਵੋਟਾਂ ਵਧਾਉਣ ਦੇ ਮੰਤਵ ਨਾਲ ਈ.ਵੀ.ਐਮ. ਮਸ਼ੀਨਾਂ ਨਾਲ ਛੇੜਛਾੜ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਘੱਟ ਗਿਣਤੀਆਂ ਨੂੰ ਪਸੰਦ ਨਹੀਂ ਕਰਦੀ, ਇਥੋਂ ਤੱਕ ਕਿ ਇਹ ਹਿੰਦੂਆਂ ਨਾਲ ਵੀ ਜਾਤ-ਪਾਤ ਦੇ ਆਧਾਰ 'ਤੇ ਫਰਕ ਰੱਖਦੀ ਹੈ। ਭਾਜਪਾ ਵਾਲੇ ਝੂਠੇ ਮੁਕਾਬਲੇ ਕਰਵਾਉਣ ਦੀਆਂ ਧਮਕੀਆਂ ਸਿਰਫ ਇਸ ਕਰ ਕੇ ਦਿੰਦੇ ਹਨ, ਕਿਉਂਕਿ ਕੇਂਦਰ ਵਿਚ ਉਨ੍ਹਾਂ ਦੀ ਸਰਕਾਰ ਹੈ।

## ਜੁਰਾਬਾਂ 'ਚ ਲੁਕੋ ਕੇ ਡਾਲਰ ਲਿਜਾਂਦਾ ਕਾਬੂ

**ਨਵੀਂ ਦਿੱਲੀ:** ਦਿੱਲੀ ਹਵਾਈ ਅੱਡੇ 'ਤੇ ਜੁਰਾਬਾਂ ਵਿਚ 34500 ਅਮਰੀਕੀ ਡਾਲਰ ਛੁਪਾ ਕੇ ਲਿਜਾ ਰਹੇ ਇਕ ਅਫਰੀਕੀ ਨੂੰ ਕਾਬੂ ਕੀਤਾ ਗਿਆ ਹੈ। ਇਹ ਰਕਮ ਸੀ.ਆਈ.ਐਸ.ਐਫ. ਜਵਾਨਾਂ ਵਲੋਂ ਕੀਤੀ ਚੈਕਿੰਗ ਮੌਕੇ ਬਰਾਮਦ ਹੋਈ।

# ਹਰ ਪਿੰਡ 'ਚੋਂ 10-10 ਬੇਰੁਜ਼ਗਾਰ ਲੱਭੇਗੀ ਸਰਕਾਰ

**ਚੰਡੀਗੜ੍ਹ:** ਘਰ-ਘਰ ਨੌਕਰੀ ਦੇਣ ਦੇ ਸੰਦਰਭ 'ਚ ਸਰਕਾਰ ਨੇ ਪਹਿਲਾਂ ਸਿੱਖਿਆ ਵਿਭਾਗ ਤੇ ਬਾਅਦ 'ਚ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਪੰਜਾਬ ਭਰ ਦੇ 13028 ਪਿੰਡਾਂ 'ਚੋਂ 130280 ਬੇਰੁਜ਼ਗਾਰਾਂ ਦੀ ਸੂਚੀ ਤਿਆਰ ਕਰਨ ਦੇ ਆਦੇਸ਼ ਦਿੱਤੇ ਹਨ। ਪੰਚਾਇਤ ਵਿਭਾਗ ਦਾ ਅਧਿਕਾਰੀ ਹਰ ਪਿੰਡ 'ਚ ਜਾ ਕੇ ਕਿਸੇ ਵੀ ਸ਼੍ਰੇਣੀ ਨਾਲ ਸਬੰਧਤ ਉਚ ਯੋਗਤਾ ਪ੍ਰਾਪਤ ਤੇ ਆਰਥਿਕ ਤੌਰ ਉਤੇ ਬੇਹੱਦ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ 10 ਬੇਰੁਜ਼ਗਾਰ ਲੜਕੇ-ਲੜਕੀਆਂ ਦੀ ਸ਼ਨਾਖਤ ਕਰ ਕੇ 30 ਸਤੰਬਰ ਤੱਕ ਸਰਕਾਰ ਨੂੰ ਭੇਜਣ ਲਈ ਪਾਬੰਦ ਹੋਵੇਗਾ।

ਪਤਾ ਲੱਗਾ ਹੈ ਕਿ ਪਹਿਲਾਂ 5 ਜਣਿਆਂ ਦੀ ਚੋਣ ਕਰਨ ਲਈ ਕਿਹਾ ਗਿਆ ਸੀ, ਪਰ ਬਾਅਦ 'ਚ ਇਹ ਗਿਣਤੀ ਵਧਾ ਕੇ 10 ਕਰ ਦਿੱਤੀ ਗਈ ਹੈ। ਨੌਕਰੀਆਂ ਵੰਡਣ ਦੇ ਵਾਅਦੇ ਦਾ ਵਿਧਾਨ ਸਭਾ ਚੋਣਾਂ ਦੌਰਾਨ ਚੰਗਾ ਲਾਭ ਮਿਲਣ ਉਪਰੰਤ ਅਗਾਮੀ ਪੰਚਾਇਤੀ ਚੋਣਾਂ ਨੂੰ ਮੁੱਖ ਰੱਖਦਿਆਂ ਹੁਣ ਮੁੜ ਖੇਡਿਆ ਗਿਆ ਪੈਂਤੜਾ ਸਰਕਾਰੀ ਬਾਬੂਆਂ ਲਈ ਕਸੂਤੀ ਸਥਿਤੀ ਪੈਦਾ ਕਰੇਗਾ ਕਿਉਂਕਿ ਹਰ ਪਿੰਡ 'ਚ ਬੇਰੁਜ਼ਗਾਰਾਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੀ ਇੰਨੀ ਲੰਮੀ ਕਤਾਰ ਹੈ ਕਿ ਯੋਗ ਉਮੀਦਵਾਰਾਂ ਦੀ ਸ਼ਨਾਖਤ ਕਰਨੀ ਉਨ੍ਹਾਂ ਦੇ ਗਲੇ ਦੀ ਹੱਡੀ ਬਣੇਗੀ।

ਸਮਾਜਿਕ ਆਰਥਿਕ ਵਿਕਾਸ ਲਈ ਸਭ ਸਕੀਮਾਂ ਅਤੇ ਪ੍ਰੋਗਰਾਮਾਂ ਦਾ ਲਾਭ ਗਰੀਬ ਲੋਕਾਂ ਤੱਕ ਪਹੁੰਚਾਉਣ ਲਈ ਸਰਕਾਰ ਵੱਲੋਂ ਸ਼ੁਰੂ ਕੀਤੀ ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ ਅੱਠ ਮਹੀਨਿਆਂ ਮਗਰੋਂ ਵੀ ਅਜੇ ਪਟੜੀ 'ਤੇ ਨਹੀਂ ਚੜ੍ਹ ਸਕੀ। ਇਸ ਯੋਜਨਾ ਤਹਿਤ ਵੱਖ-ਵੱਖ ਵਿਭਾਗਾਂ ਨਾਲ ਸਬੰਧਤ 23 ਸਕੀਮਾਂ ਦਾ ਲਾਭ ਗਰੀਬ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਤੱਕ ਪਹੁੰਚਾਉਣਾ ਹੈ, ਜਿਹੜੇ ਯੋਗ ਹੋਣ ਦੇ ਬਾਵਜੂਦ ਇਨ੍ਹਾਂ ਸਕੀਮਾਂ ਦੇ ਲਾਭ ਤੋਂ ਵਾਂਝੇ ਹਨ।


## Matrimonials

### ਵਰ ਦੀ ਲੋੜ ਹੈ

Wanted suitable US or Canadian citizen boy for a Punjabi Jatt Sikh beautiful girl 23 yrs, 5'-5", M.Sc. physics, currently working in a reputable college as a lecturer in Punjab. Contact, Ph: 916-840-8023, 91-97794-38835 (India) 25-28

### ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 26-29

ਇਕਲੌਤਾ ਜੱਟ ਸਿੱਖ, 28 ਸਾਲ, 5'-8", ਵੈਸ਼ਨੂੰ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਬੀ.ਐਸਸੀ ਐਗਰੀਕਲਚਰ ਆਨਰਜ਼, ਐਮ. ਬੀ. ਏ. ਬੈਂਕਿੰਗ ਤੇ ਫਾਇਨਾਂਸ ਅਤੇ ਸਰਕਾਰੀ ਬੈਂਕ ਵਿਚ ਹੈਡ ਮੈਨੇਜਰ ਹੈ ਤੇ ਵਿਜ਼ਿਟਰ ਵੀਜ਼ੇ 'ਤੇ ਅਮਰੀਕਾ ਵਿਚ ਹੈ। ਨਾਨਕਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ। ਸੰਪਰਕ ਕਰੋ, ਫੋਨ: 219-671-3442 22-

### ਲੜਕੀ ਦੀ ਲੋੜ ਹੈ

ਸੈਣੀ ਸਿੱਖ, ਉਮਰ 31 ਸਾਲ, 5'-8", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 25-28

Wanted suitable beautiful US/Canadian citizen Jatt/Khatri Sikh girl for a really handsome US citizen clean shaven Khatri Sikh boy 30, 6'-1", doing pharmacy. Father Kochhar Khatri and mother Kashmiri Jatt Sikh Kahlon. Pl. contact, Ph: 859-312-2450, e-mail: monicacat2001@yahoo.com 23-26

Wanted suitable US girl for Nai Sikh US citizen boy, Doctor of Pharmacy, 30, 5'10". The girl should be beautiful, tall, equally qualified. Cast No Bar. Serious inquires, email: kkaurusaca@gmail.com 24-27

*To Advertise with Punjab Times*
*Call: 847-359-0746*

*Visit us on the web:* ***wwwpunjabtimesusa.com***



# ਰੈਸਟੋਰੈਂਟ ਸਟਾਫ ਦੀ ਲੋੜ ਹੈ

ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 850-510-3466

26-27



# ਕਿਚਨ ਹੈਲਪਰ ਦੀ ਲੋੜ ਹੈ

ਲਿਟਲ ਰਾਕ, ਅਰਕਨਸਾਸ ਵਿਖੇ ਇੰਡੀਆਨ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਲੋੜ ਹੈ

ਤਨਖਾਹ ਚੰਗੀ, ਰਿਹਾਇਸ਼ ਤੇ ਖਾਣਾ ਮੁਫਤ

ਛੇ ਦਿਨ ਕੰਮ, ਇਕ ਦਿਨ ਛੁੱਟੀ

ਸੰਪਰਕ ਕਰੋ

ਫੋਨ: 501-309-4140

26-27



# ਨਵਾਂ ਸ਼ਹਿਰ ਵਿਚ ਕੋਠੀ ਵਿਕਾਊ ਹੈ

ਨਵਾਂ ਸ਼ਹਿਰ-ਚੰਡੀਗੜ੍ਹ ਰੋਡ ਉਤੇ ਅੰਗਦ ਨਗਰ ਵਿਚ 16 ਮਰਲੇ ਪਲਾਟ 'ਚ ਬਣੀ 10 ਬੈਡਰੂਮ ਦੀ ਕੋਠੀ ਵਿਕਾਊ ਹੈ।

ਕੀਮਤ: 95 ਲੱਖ ਰੁਪਏ

ਸੰਪਰਕ ਕਰੋ

ਫੋਨ: 608-886-2501

26 ਤੋਂ 28




# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਕਾਂਗਰਸੀ ਆਗੂਆਂ 'ਚ ਚੇਅਰਮੈਨੀਆਂ ਲਈ ਮਾਰੋ-ਮਾਰੀ

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ ਨੂੰ ਸੱਤਾ ਮਿਲਣ ਦੇ ਸਵਾ ਸਾਲ ਬੀਤਣ ਦੇ ਬਾਅਦ ਵੀ ਬਹੁਤੇ ਕਾਂਗਰਸੀਆਂ ਦੇ ਚਾਅ ਅਜੇ ਅਧੂਰੇ ਹੀ ਨਜ਼ਰ ਆ ਰਹੇ ਹਨ। ਵਿਧਾਨ ਸਭਾ ਚੋਣਾਂ ਮੌਕੇ ਟਿਕਟਾਂ ਨਾ ਲੈ ਸਕਣ ਵਾਲੇ ਆਗੂਆਂ ਸਮੇਤ ਸੈਂਕੜੇ ਕਾਂਗਰਸੀ ਸਰਕਾਰ 'ਚ ਚੇਅਰਮੈਨੀਆਂ ਦੀ ਕੁਰਸੀ ਵੱਲ ਨਿਗਾਹ ਟਿਕਾ ਕੇ ਬੈਠੇ ਹਨ। ਵਧੀਆ ਵਿਭਾਗ ਦੀ ਚੇਅਰਮੈਨੀ ਲੈਣ ਲਈ ਕਾਂਗਰਸੀਆਂ 'ਚ ਜ਼ੋਰ ਅਜ਼ਮਾਇਸ਼ ਹੋ ਰਹੀ ਹੈ। ਪੰਜਾਬ ਵਿਚਲੇ ਕਾਂਗਰਸੀ ਆਗੂ ਆਪੋ ਆਪਣੇ ਸਥਾਨਕ ਸਿਆਸੀ ਆਕਾਵਾਂ ਦੇ ਇਲਾਵਾ 'ਦਿੱਲੀ ਦਰਬਾਰ' ਵਿਚ ਬੈਠੇ ਦਿੱਗਜ ਕਾਂਗਰਸੀ ਆਗੂਆਂ ਤੋਂ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਿਫਾਰਸ਼ਾਂ ਲਗਵਾਉਣ ਦਾ ਜੁਗਾੜ ਜ਼ੋਰਾਂ 'ਤੇ ਚੱਲ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਸ਼ਾਹਕੋਟ ਉਪ-ਚੋਣ ਤੋਂ ਪਹਿਲਾਂ ਕਾਂਗਰਸੀ 'ਯੁਵਰਾਜ' ਰਾਹੁਲ ਗਾਂਧੀ ਵੱਲੋਂ ਵੀ ਕੈਪਟਨ ਨੂੰ ਕਈ ਕਾਂਗਰਸੀ ਆਗੂਆਂ ਦੀ ਸੂਚੀ ਭੇਜ ਕੇ ਕਿਤੇ ਨਾ ਕਿਤੇ 'ਐਡਜਸਟ' ਕਰਨ ਲਈ ਕਿਹਾ ਗਿਆ ਸੀ, ਪਰ ਚੇਅਰਮੈਨੀਆਂ ਵੰਡਣ ਦਾ ਕੰਮ ਕਿਸੇ ਨਾ ਕਿਸੇ ਕਾਰਨ ਲਟਕਦਾ ਰਿਹਾ। ਆਪਣੀ ਹੀ ਪਾਰਟੀ ਦੇ ਕੁਝ ਆਗੂਆਂ ਵੱਲੋਂ ਚੇਅਰਮੈਨੀਆਂ ਨੂੰ ਲੈ ਕੇ ਕੀਤੀ ਕਿੰਤੂ-ਪ੍ਰੰਤੂ ਦੇ ਚੱਲਦੇ ਕੈਪਟਨ ਚੇਅਰਮੈਨੀਆਂ ਦੀ ਵੰਡ 'ਚ ਕਿਸੇ ਕਿਸਮ ਦੀ




ਕਾਹਲੀ ਨਹੀਂ ਕਰਨਾ ਚਾਹੁੰਦੇ ਤੇ ਪਾਰਟੀ ਪ੍ਰਧਾਨ ਸੁਨੀਲ ਜਾਖੜ ਦੇ ਇਲਾਵਾ ਸਬੰਧਤ ਹਲਕਿਆਂ ਦੇ ਮੰਤਰੀਆਂ ਨਾਲ ਵੀ ਪੂਰੀ ਸਲਾਹ ਕੀਤੀ ਜਾ ਰਹੀ ਹੈ ਤਾਂ ਜੋ ਚੇਅਰਮੈਨੀਆਂ ਦੀ ਵੰਡ ਮਗਰੋਂ ਮੰਤਰੀ ਮੰਡਲ ਵਿਸਥਾਰ ਵਾਂਗ ਕੋਈ ਕਾਟੋ ਕਲੇਸ਼ ਨਾ ਖੜ੍ਹਾ ਹੋ ਜਾਵੇ। ਮੁੱਖ ਮੰਤਰੀ ਦੇ ਨੇੜਲੇ ਸੂਤਰਾਂ ਅਨੁਸਾਰ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਲਈ ਇਕ ਵਕਾਰੀ ਅਹੁਦਾ ਤਲਾਸ਼ ਕੇ ਉਨ੍ਹਾਂ ਦੀ ਨਿਯੁਕਤੀ ਜਲਦ ਕੀਤੀ ਜਾ ਰਹੀ ਹੈ, ਜਿਸ ਨੂੰ ਦਿੱਲੀ ਦਰਬਾਰ ਵੱਲੋਂ ਹਰੀ ਝੰਡੀ ਮਿਲੀ ਦੱਸੀ ਜਾ ਰਹੀ ਹੈ। ਕੁਝ ਵਿਧਾਇਕ ਹਾਲਾਂਕਿ ਮੰਤਰੀ ਮੰਡਲ 'ਚ ਸ਼ਾਮਲ ਨਾ ਕੀਤੇ ਜਾਣ ਦੀ ਨਾਰਾਜ਼ਗੀ ਦੇ ਚਲਦੇ ਅਜੇ ਵੀ ਕੋਈ ਚੇਅਰਮੈਨੀ ਲੈਣ 'ਚ ਦਿਲਚਸਪੀ ਨਹੀਂ ਦਿਖਾ ਰਹੇ, ਪਰ ਬੋਰਡ, ਕਾਰਪੋਰੇਸ਼ਨਾਂ ਤੇ ਹੋਰ ਵਿਭਾਗਾਂ 'ਚ ਕੁਰਸੀਆਂ ਲੈਣ ਦੇ ਚਾਹਵਾਨਾਂ ਦੀ ਸੂਚੀ ਲੰਮੀ ਦੱਸੀ ਜਾ ਰਹੀ ਹੈ।

ਸੂਚਨਾ ਅਨੁਸਾਰ ਸਰਕਾਰ ਚੇਅਰਮੈਨੀਆਂ ਦੇ ਨਾਲ-ਨਾਲ ਸਬੰਧਤ ਵਿਭਾਗਾਂ ਤੇ ਬੋਰਡ, ਕਾਰਪੋਰੇਸ਼ਨਾਂ 'ਚ ਮੈਂਬਰਾਂ ਦੀ ਨਿਯੁਕਤੀ ਦੀ ਪ੍ਰਕਿਰਿਆ ਸਬੰਧੀ ਵੀ ਤਿਆਰੀ ਕਰ ਰਹੀ ਹੈ। ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਮੈਨ ਦੀ ਨਿਯੁਕਤੀ ਵੇਲੇ ਜ਼ਿਆਦਾ ਤਜਰਬੇ ਵਾਲੀਆਂ ਮਹਿਲਾ ਆਗੂਆਂ ਨੂੰ ਅੱਖੋਂ ਪਰੋਖੇ ਕਰਨ ਨੂੰ ਲੈ ਕੇ ਭਾਵੇਂ ਵਿਵਾਦ ਖੜ੍ਹਾ ਹੋ ਗਿਆ ਸੀ, ਪਰ ਇਸ ਕਮਿਸ਼ਨ ਦੇ ਹੋਰ ਮੈਂਬਰ ਤੇ ਅਹੁਦੇਦਾਰਾਂ ਦੀ ਨਿਯੁਕਤੀ ਲਈ ਵੀ ਸਰਕਾਰ ਨੇ ਤਿਆਰੀ ਖਿੱਚ ਲਈ ਹੈ।

# ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣੀ ਗੁਰੂ ਕੀ ਨਗਰੀ

**ਪਟਿਆਲਾ:** ਪੰਜਾਬ ਦੀ ਅਮੀਰ ਵਿਰਾਸਤ ਨੂੰ ਦੇਖਣ ਲਈ ਪੁੱਜਣ ਵਾਲੇ ਸੈਲਾਨੀਆਂ ਲਈ ਗੁਰੂ ਕੀ ਨਗਰੀ ਅੰਮ੍ਰਿਤਸਰ ਸ਼ਰਧਾ ਭਾਵਨਾ ਤੇ ਵਿਰਾਸਤੀ ਸਮਾਰਕਾਂ ਕਾਰਨ ਸਭ ਤੋਂ ਵੱਧ ਖਿੱਚ ਦਾ ਕੇਂਦਰ ਬਣ ਗਈ ਹੈ। ਪੰਜਾਬ ਆਉਣ ਵਾਲੇ ਸੈਲਾਨੀਆਂ 'ਚੋਂ ਸਭ ਤੋਂ ਜ਼ਿਆਦਾ ਗਿਣਤੀ ਇਥੇ ਪਹੁੰਚਣ ਵਾਲਿਆਂ ਦੀ ਹੈ ਜਦਕਿ ਤਰਨ ਤਾਰਨ ਜ਼ਿਲ੍ਹਾ ਸੈਲਾਨੀਆਂ ਦੀ ਆਮਦ ਪੱਖੋਂ ਪੰਜਾਬ ਦੇ ਬਾਕੀ ਸਾਰਿਆਂ ਜ਼ਿਲ੍ਹਿਆਂ ਨਾਲੋਂ ਪਛੜ ਗਿਆ ਹੈ।



ਸੈਰ ਸਪਾਟਾ ਵਿਭਾਗ ਪੰਜਾਬ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਾਲ 2017 'ਚ 25,97,8,495 ਸੈਲਾਨੀ ਅੰਮ੍ਰਿਤਸਰ ਪੁੱਜੇ ਸਨ, ਜਿਨ੍ਹਾਂ 'ਚ 25,028,226 ਦੇਸੀ ਸੈਲਾਨੀ ਸਨ ਜਦਕਿ 95,0269 ਵਿਦੇਸ਼ੀ ਸਨ।

ਜ਼ਿਲ੍ਹਾ ਲੁਧਿਆਣਾ 'ਚ 54,53,147 ਸੈਲਾਨੀਆਂ ਦੀ ਆਮਦ ਹੋਈ, ਇਸ ਨਾਲ ਉਹ ਪੰਜਾਬ 'ਚ ਦੂਜੇ ਸਥਾਨ ਉਤੇ ਆਉਂਦਾ ਹੈ। ਜਦਕਿ ਐਸ.ਏ.ਐਸ. ਨਗਰ 'ਚ 31,77,663 ਦੇਸ ਵਿਦੇਸ਼ੀ ਸੈਲਾਨੀ ਪੁੱਜਣ ਨਾਲ ਉਹ ਤੀਸਰੇ ਸਥਾਨ ਉਤੇ ਹੈ। ਜਲੰਧਰ 'ਚ 21,34,073 ਸੈਲਾਨੀ ਪੁੱਜੇ।

ਬਠਿੰਡਾ 'ਚ 12,62,745, ਪਠਾਨਕੋਟ ਵਿਚ 11,34,496, ਸ਼ਾਹੀ ਸ਼ਹਿਰ ਪਟਿਆਲਾ 'ਚ 7,70,713 ਸੈਲਾਨੀ ਪੁੱਜੇ। ਰੂਪਨਗਰ ਵਿਚ 3,44,673, ਫਾਜ਼ਿਲਕਾ 'ਚ 20,8,154, ਹੁਸ਼ਿਆਰਪੁਰ 'ਚ 1,68,638, ਸ੍ਰੀ ਮੁਕਤਸਰ ਸਾਹਿਬ ਵਿਚ 1,10,765, ਮੋਗਾ 'ਚ 10,9003 ਸੈਲਾਨੀਆਂ ਦੀ ਆਮਦ ਹੋਈ।

# ਸਵੱਛ ਸਰਵੇਖਣ: ਪੰਜਾਬ 9ਵੇਂ ਤੇ ਹਰਿਆਣਾ 10ਵੇਂ ਸਥਾਨ 'ਤੇ

**ਚੰਡੀਗੜ੍ਹ:** ਸਵੱਛ ਸਰਵੇਖਣ-2018 ਦੇ ਨਤੀਜਿਆਂ 'ਚ ਪੰਜਾਬ ਨੂੰ ਸਮੂਹ ਭਾਰਤ ਦੀ ਦਰਜਾਬੰਦੀ 'ਚ 9ਵਾਂ ਤੇ ਹਰਿਆਣੇ ਨੂੰ 10ਵਾਂ ਸਥਾਨ ਮਿਲਿਆ ਹੈ, ਹਾਲਾਂਕਿ ਰਾਜ ਦੇ ਵੱਡੇ ਸ਼ਹਿਰਾਂ ਨੂੰ ਦੇਸ਼ ਦੇ ਟਾਪ-100 ਸਵੱਛ ਸ਼ਹਿਰਾਂ 'ਚ ਸ਼ਾਮਲ ਹੋਣ ਦਾ ਮੌਕਾ ਨਹੀਂ ਮਿਲਿਆ। ਰਾਜਾਂ ਦੀਆਂ ਵੱਖਰੀਆਂ ਦਰਜਾਬੰਦੀਆਂ 'ਚ ਪੰਜਾਬ ਗੁਆਂਢੀ ਸੂਬੇ ਹਰਿਆਣੇ ਤੋਂ ਇਕ ਕਦਮ ਅੱਗੇ ਬਾਜ਼ੀ ਮਾਰ ਗਿਆ ਹੈ। ਸ਼ਹਿਰੀ ਮੰਤਰਾਲੇ ਵੱਲੋਂ ਸਫਾਈ ਸਰਵੇਖਣ-2018 ਲਈ ਚਾਰ ਜਨਵਰੀ ਤੋਂ 10 ਮਾਰਚ ਤੱਕ ਦੇਸ਼ ਦੇ 4041 ਸ਼ਹਿਰਾਂ 'ਚ ਸਰਵੇਖਣ ਕਰਵਾਇਆ ਗਿਆ ਸੀ।

ਜਾਣਕਾਰੀ ਅਨੁਸਾਰ ਸ਼ਹਿਰਾਂ ਦੀ ਰਾਸ਼ਟਰੀ ਦਰਜਾਬੰਦੀ 'ਚ ਪੰਜਾਬ ਦਾ ਬਠਿੰਡਾ ਸ਼ਹਿਰ 104ਵੇਂ ਸਥਾਨ ਜਦਕਿ ਮੋਹਾਲੀ 109ਵੇਂ, ਲੁਧਿਆਣਾ 137ਵੇਂ, ਫਿਰੋਜ਼ਪੁਰ 168ਵੇਂ, ਪਟਿਆਲਾ 183ਵੇਂ, ਹੁਸ਼ਿਆਰਪੁਰ 191ਵੇਂ, ਅੰਮ੍ਰਿਤਸਰ 208ਵੇਂ, ਨਿਹਾਲ ਸਿੰਘ ਵਾਲਾ 213ਵੇਂ, ਜਲੰਧਰ 215ਵੇਂ, ਪਠਾਨਕੋਟ 224ਵੇਂ, ਖੰਨਾ 229ਵੇਂ, ਅਬੋਹਰ 232ਵੇਂ, ਮੋਗਾ 252ਵੇਂ, ਮਲੇਰਕੋਟਲਾ 254ਵੇਂ, ਬਰਨਾਲਾ 319ਵੇਂ, ਮੁਕਤਸਰ 365ਵੇਂ



ਤੇ ਬਟਾਲਾ 438ਵੇਂ ਸਥਾਨ ਉਤੇ ਰਹੇ ਹਨ। ਸਫਾਈ ਸਰਵੇਖਣ 2018 'ਚ ਇਕ ਲੱਖ ਦੇ ਅੰਦਰ ਦੀ ਆਬਾਦੀ ਵਾਲੇ ਸ਼ਹਿਰਾਂ 'ਚ ਨਵਾਂ ਸ਼ਹਿਰ ਨੂੰ ਨਾਰਥ ਜ਼ੋਨ 'ਚ 5ਵਾਂ ਰੈਂਕ ਮਿਲਿਆ ਹੈ। ਉਂਜ ਰਾਜ ਦੇ ਕੁੱਲ 150 ਸ਼ਹਿਰਾਂ ਨੂੰ ਨਾਰਥ ਜ਼ੋਨ 'ਚ ਸ਼ਾਮਲ ਕੀਤਾ ਗਿਆ ਸੀ। ਰਾਜ ਦੇ ਕਸਬਿਆਂ 'ਚ ਪਹਿਲੇ ਸਥਾਨ ਉਤੇ ਰਹੇ ਸ਼ਹਿਰ ਭਾਦਸੋਂ ਦੀ ਆਬਾਦੀ 60 ਹਜ਼ਾਰ ਦੇ ਕਰੀਬ ਹੈ। ਕਸਬਿਆਂ 'ਚ ਦੂਜੇ ਸਥਾਨ ਉਤੇ ਰਹੇ ਸ਼ਹਿਰ ਮੂਨਕ ਦੀ ਆਬਾਦੀ 18 ਹਜ਼ਾਰ ਦੇ ਕਰੀਬ ਹੈ।

ਨਾਰਥ ਜ਼ੋਨ 'ਚ ਪੰਜਾਬ ਦੇ ਹੋਰ ਕਸਬਿਆਂ ਦੀ ਰੈਂਕਿੰਗ ਇਸ ਪ੍ਰਕਾਰ ਰਹੀ-ਅਮਰਗੜ੍ਹ 7ਵੇਂ, ਦੀਨਾਨਗਰ 10ਵੇਂ, ਬਾਘਾ ਪੁਰਾਣਾ 11ਵੇਂ, ਗੜ੍ਹਸ਼ੰਕਰ 15ਵੇਂ, ਪੱਟੀ 17ਵੇਂ, ਜਲਾਲਾਬਾਦ 18ਵੇਂ, ਅਜਨਾਲਾ 21ਵੇਂ, ਤਲਵੰਡੀ ਸਾਬੋ 23ਵੇਂ, ਲੋਹੀਆਂ ਖਾਸ 24ਵੇਂ, ਕੁਰਾਲੀ 27ਵੇਂ, ਟਾਂਡਾ ਉੜਮੁੜ 29ਵੇਂ, ਨੂਰਮਹਿਲ 30ਵੇਂ, ਰਾਮਪੁਰਾ ਫੂਲ 33ਵੇਂ, ਭਵਾਨੀਗੜ੍ਹ 35ਵੇਂ, ਮਹਿਰਾਜ 36ਵੇਂ, ਮੋਰਿੰਡਾ 37ਵੇਂ ਤੇ ਮਲੌਦ 39ਵੇਂ ਸਥਾਨ ਉਤੇ ਰਹੇ। ਸਫਾਈ ਮਾਮਲੇ 'ਚ ਦੇਸ਼ ਦੇ ਛਾਉਣੀ ਖੇਤਰਾਂ 'ਚ ਪੰਜਾਬ ਦਾ ਫਿਰੋਜ਼ਪੁਰ ਕੈਂਟ ਚੌਥੇ ਸਥਾਨ ਉਤੇ ਰਿਹਾ ਜਦਕਿ ਜਲੰਧਰ ਕੈਂਟ 10ਵੇਂ ਤੇ ਅੰਮ੍ਰਿਤਸਰ ਕੈਂਟ 47ਵੇਂ ਸਥਾਨ ਉਤੇ ਰਿਹਾ।

# ਚੀਫ ਖਾਲਸਾ ਦੀਵਾਨ ਵੱਲੋਂ 149 ਕਰੋੜ ਰੁਪਏ ਦਾ ਬਜਟ ਪ੍ਰਵਾਨ

**ਅੰਮ੍ਰਿਤਸਰ:** ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਵੱਲੋਂ 2018-19 ਵਾਸਤੇ 149 ਕਰੋੜ ਰੁਪਏ ਦੇ ਸਾਲਾਨਾ ਬਜਟ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਤਹਿਤ ਅਗਲੇ ਵਿਦਿਅਕ ਵਰ੍ਹੇ ਤੋਂ ਸੰਸਥਾ ਦੇ ਪ੍ਰਬੰਧ ਹੇਠ ਚੱਲਦੇ ਸਾਰੇ ਸਕੂਲਾਂ ਵਿਚ ਨਰਸਰੀ ਜਮਾਤ ਤੱਕ ਬੱਚਿਆਂ ਨੂੰ ਮੁਫਤ ਕਿਤਾਬਾਂ ਅਤੇ ਅੱਠਵੀਂ ਤੱਕ ਕੁਝ ਸਿਕਿਊਰਿਟੀ ਰੱਖ ਕੇ ਮੁਫਤ ਕਿਤਾਬਾਂ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਵਾਸਤੇ ਵੱਖਰੀ ਰਾਖਵੀਂ ਰਕਮ ਵੀ ਰੱਖੀ ਗਈ ਹੈ।

ਦੀਵਾਨ ਦੇ 149 ਕਰੋੜ ਰੁਪਏ ਦੇ ਸਾਲਾਨਾ ਬਜਟ ਨੂੰ ਭਾਵੇਂ ਪ੍ਰਵਾਨਗੀ ਦੇ ਦਿੱਤੀ ਗਈ ਹੈ, ਪਰ ਇਸ ਵਿਚੋਂ 50 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ, ਜਿਸ ਨੂੰ ਸੱਤ ਮੈਂਬਰੀ ਬਜਟ ਕਮੇਟੀ ਵੱਲੋਂ ਮੁੜ ਵਿਚਾਰ ਕੇ 31 ਜੁਲਾਈ ਤੋਂ ਪਹਿਲਾਂ ਪ੍ਰਵਾਨਗੀ ਦਿੱਤੀ ਜਾਵੇਗੀ। ਇਸ ਸਬੰਧੀ ਚੀਫ ਖਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅਧੀਨ ਆਉਂਦੇ ਸਾਰੇ ਸਕੂਲਾਂ ਅਤੇ ਅਦਾਰਿਆਂ ਦਾ ਸਾਲਾਨਾ ਬਜਟ ਪ੍ਰਵਾਨ ਕਰਨ ਸਬੰਧੀ ਪਹਿਲਾਂ ਕਾਰਜਸਾਧਕ ਕਮੇਟੀ ਦੀ ਮੀਟਿੰਗ ਹੋਈ ਅਤੇ ਮਗਰੋਂ ਜਨਰਲ ਬਾਡੀ ਦੀ ਮੀਟਿੰਗ ਹੋਈ, ਜਿਸ ਵਿਚ ਇਸ ਸਾਲ ਬਜਟ ਕਮੇਟੀ ਵੱਲੋਂ ਸੋਧੇ ਬਜਟ ਨੂੰ ਪ੍ਰਵਾਨਗੀ ਦਿੱਤੀ ਗਈ।

# ਜੋਧਪੁਰ ਨਜ਼ਰਬੰਦਾਂ ਦੀ ਮਦਦ ਲਈ ਕਾਨੂੰਨੀ ਸੈੱਲ ਕਾਇਮ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੋਧਪੁਰ ਵਿਚ ਨਜ਼ਰਬੰਦ ਰਹੇ ਸਿੱਖਾਂ ਦੀ ਕਾਨੂੰਨੀ ਮਦਦ ਲਈ ਤਿੰਨ ਮੈਂਬਰੀ ਕਮੇਟੀ ਬਣਾ ਕੇ ਕਾਨੂੰਨੀ ਸੈੱਲ ਬਣਾਇਆ ਗਿਆ ਹੈ, ਜੋ ਉਨ੍ਹਾਂ ਦੀ ਹਰ ਲੋੜੀਂਦੀ ਕਾਨੂੰਨੀ ਮਦਦ ਕਰੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪਿਛਲੇ ਲੰਮੇ ਸਮੇਂ ਤੋਂ ਜੋਧਪੁਰ ਤੋਂ ਰਿਹਾ ਹੋ ਕੇ ਆਏ ਸਿੱਖਾਂ ਦੀ ਆਰਥਿਕ ਅਤੇ ਕਾਨੂੰਨੀ ਮਦਦ ਕਰਦੀ ਆ ਰਹੀ ਹੈ। ਕਈ ਨਜ਼ਰਬੰਦ ਸਿੱਖਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਨੇ ਨੌਕਰੀਆਂ ਦਿੱਤੀਆਂ ਹਨ ਤੇ ਇਕ-ਇਕ ਲੱਖ ਰੁਪਏ ਦੀ ਆਰਥਿਕ ਮਦਦ ਵੀ ਦਿੱਤੀ ਗਈ ਹੈ।



ਕੁੱਲ 365 ਸਿੱਖਾਂ ਵਿਚੋਂ 40 ਨੂੰ ਅਦਾਲਤੀ ਹੁਕਮਾਂ ਤਹਿਤ ਕੇਂਦਰ ਸਰਕਾਰ ਨੇ 4-4 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੇ 325 ਸਿੱਖਾਂ ਨੂੰ ਇਹ ਮੁਆਵਜ਼ਾ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਇਆ ਕਾਨੂੰਨੀ ਸੈੱਲ ਹਰ ਸੰਭਵ ਕਾਰਵਾਈ ਕਰੇਗਾ। ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਹੇਠਲੇ ਵਫਦ ਵੱਲੋਂ ਵੀ ਕੇਂਦਰੀ ਮੰਤਰੀਆਂ ਨੂੰ ਮਿਲ ਕੇ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ ਹੈ। ਤਿੰਨ ਮੈਂਬਰੀ ਕਮੇਟੀ ਵਿਚ ਭਾਈ ਗੁਰਚਰਨ ਸਿੰਘ ਗਰੇਵਾਲ, ਭਗਵੰਤ ਸਿੰਘ ਸਿਆਲਕਾ ਤੇ ਜਗਜੀਤ ਸਿੰਘ ਪੀਏ ਨੂੰ ਸ਼ਾਮਲ ਕੀਤਾ ਗਿਆ ਹੈ। ਗੁਰੂ ਰਾਮਦਾਸ ਲੰਗਰ ਲਈ ਜੀ.ਐਸ.ਟੀ. ਰਿਫੰਡ ਦੇ ਮਾਮਲੇ ਸਬੰਧੀ ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰੀ ਵਿੱਤ ਮੰਤਰੀ ਵੱਲੋਂ ਲੰਗਰ ਦੀ ਰਸਦ ਉਪਰ ਅਦਾ ਕੀਤੇ ਸਾਰੇ ਜੀ.ਐਸ.ਟੀ. ਨੂੰ ਰਿਫੰਡ ਕਰਨ ਦਾ ਵਾਅਦਾ ਕੀਤਾ ਗਿਆ ਹੈ। ਸ਼ਿਲਾਂਗ ਵਿਚ ਘੱਟ ਗਿਣਤੀਆਂ ਉਪਰ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਹਰਕਤ ਵਿਚ ਹੈ ਤੇ ਸ਼ਿਲਾਂਗ ਦੇ ਨੁਕਸਾਨੇ ਗੁਰਦੁਆਰੇ 10 ਲੱਖ ਰੁਪਏ ਦੀ ਮਦਦ ਦਿੱਤੀ ਗਈ ਹੈ, ਜਦੋਂਕਿ ਜਿਸ ਸਿੰਘ ਦੇ ਘਰ ਨੂੰ ਨੁਕਸਾਨ ਪੁੱਜਾ ਹੈ, ਉਸ ਨੂੰ ਵੀ 2 ਲੱਖ ਰੁਪਏ ਅਤੇ 21-21 ਹਜ਼ਾਰ ਰੁਪਏ ਦੀ ਹੋਰ ਕਈ ਲੋਕਾਂ ਨੂੰ ਮਦਦ ਦਿੱਤੀ ਹੈ।

ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਕਿ ਤਖਤ ਕੇਸਗੜ੍ਹ ਸਾਹਿਬ ਵਿਖੇ ਕਿਸੇ ਵੀ ਦਲਿਤ ਸਿੱਖ ਨੂੰ ਵੱਖਰਾ ਅੰਮ੍ਰਿਤ ਨਹੀਂ ਛਕਾਇਆ ਗਿਆ। ਸੋਸ਼ਲ ਮੀਡੀਆ ਉਤੇ ਚੱਲ ਰਹੀ ਚਰਚਾ ਦੀ ਪੜਤਾਲ ਕਰਵਾਈ ਜਾਵੇਗੀ। ਉਨ੍ਹਾਂ ਮੋਗਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਹੋਈ ਘਟਨਾ ਦੀ ਨਿੰਦਾ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਸਖਤ ਕਦਮ ਚੁੱਕੇ। ਉਨ੍ਹਾਂ ਪਾਕਿਸਤਾਨ ਸਰਕਾਰ ਵੱਲੋਂ ਭਾਰਤੀ ਹਾਈ ਕਮਿਸ਼ਨਰ ਨੂੰ ਪੰਜਾ ਸਾਹਿਬ ਵਿਖੇ ਜਾਣ ਤੋਂ ਰੋਕਣ ਦੀ ਨਿੰਦਾ ਕੀਤੀ।

## ਕੈਪਟਨ ਵੱਲੋਂ ਜੋਧਪੁਰ ਦੇ ਨਜ਼ਰਬੰਦਾਂ ਨੂੰ ਭਰੋਸਾ

**ਅੰਮ੍ਰਿਤਸਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜੋਧਪੁਰ ਨਜ਼ਰਬੰਦ ਰਹੇ ਸਿੱਖਾਂ ਨੂੰ ਭਰੋਸਾ ਦਿੱਤਾ ਹੈ ਕਿ ਹੇਠਲੀ ਅਦਾਲਤ ਵੱਲੋਂ ਐਲਾਨੇ ਮੁਆਵਜ਼ੇ ਦੀ ਰਕਮ ਦੀ ਅਦਾਇਗੀ ਵਿਚ ਜੇਕਰ ਕੇਂਦਰ ਸਰਕਾਰ ਵੱਲੋਂ ਸਹਿਯੋਗ ਨਾ ਦਿੱਤਾ ਗਿਆ ਤਾਂ ਇਹ ਮੁਆਵਜ਼ਾ ਇਕੱਲੇ ਪੰਜਾਬ ਸਰਕਾਰ ਵੱਲੋਂ ਦਿੱਤਾ ਜਾਵੇਗਾ। ਜੋਧਪੁਰ ਨਜ਼ਰਬੰਦ ਸਿੱਖਾਂ ਦਾ ਵਫਦ ਮੁੱਖ ਮੰਤਰੀ ਨੂੰ ਮਿਲਿਆ, ਜਿਸ ਮਗਰੋਂ ਮੁੱਖ ਮੰਤਰੀ ਨੇ ਇਹ ਭਰੋਸਾ ਦਿੱਤਾ।

## 2016 'ਚ ਹਵਾ ਪ੍ਰਦੂਸ਼ਣ ਕਾਰਨ ਹੋਈ 42 ਲੱਖ ਲੋਕਾਂ ਦੀ ਮੌਤ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ 2016 ਵਿਚ ਹਵਾ ਪ੍ਰਦੂਸ਼ਣ ਦੇ ਉਚ ਪੱਧਰ ਦੀ ਵਜ੍ਹਾ ਕਰ ਕੇ 42 ਲੱਖ ਲੋਕਾਂ ਦੀ ਮੌਤ ਹੋਈ ਗਈ ਸੀ। ਨਿਊ ਯਾਰਕ 'ਚ ਸੰਯੁਕਤ ਰਾਸ਼ਟਰ ਹੈਡਕੁਆਰਟਰ ਵਿਚ 2018 ਦੀ ਵਿਕਾਸ ਉਦੇਸ਼ਾਂ ਦੀ ਰਿਪੋਰਟ ਜਾਰੀ ਕੀਤੀ ਗਈ ਜਿਸ 'ਚ ਦੱਸਿਆ ਗਿਆ ਕਿ 2016 ਵਿਚ 91 ਫੀਸਦੀ ਸ਼ਹਿਰੀ ਆਬਾਦੀ ਜਿਸ



ਹਵਾ 'ਚ ਸਾਹ ਲੈ ਰਹੀ ਹੈ, ਉਸ ਦੀ ਗੁਣਵੱਤਾ ਵਿਸ਼ਵ ਸਿਹਤ ਸੰਗਠਨ ਦੇ ਹਵਾ ਗੁਣਵੱਤਾ ਦਿਸ਼ਾ ਨਿਰਦੇਸ਼ਾਂ 'ਤੇ ਖਰੀ ਨਹੀਂ ਉਤਰੀ।

# ਜੰਮੂ ਕਸ਼ਮੀਰ 'ਚ ਅੱਠਵੀਂ ਵਾਰ ਗਵਰਨਰੀ ਰਾਜ

**ਸ੍ਰੀਨਗਰ:** ਜੰਮੂ ਕਸ਼ਮੀਰ ਵਿਚ ਪੀ.ਡੀ.ਪੀ-ਭਾਜਪਾ ਗੱਠਜੋੜ ਟੁੱਟਣ ਤੋਂ ਬਾਅਦ ਗਵਰਨਰੀ ਰਾਜ ਲਾਗੂ ਹੋ ਗਿਆ ਹੈ। ਇਹ ਅੱਠਵੀਂ ਵਾਰ ਹੈ ਜਦੋਂ ਇਹ ਖਿੱਤਾ ਕੇਂਦਰੀ ਸ਼ਾਸਨ ਅਧੀਨ ਆਇਆ ਹੈ। ਸ੍ਰੀ ਐਨ.ਐਨ. ਵੋਹਰਾ ਦੇ ਰਾਜਪਾਲ ਵਜੋਂ ਕਾਰਜਕਾਲ ਦੌਰਾਨ ਰਾਜ ਵਿਚ ਕੇਂਦਰੀ ਰਾਜ ਲੱਗਣ ਦਾ ਇਹ ਚੌਥਾ ਮੌਕਾ ਹੈ। ਸਾਬਕਾ ਆਈ.ਏ.ਐਸ. ਅਫਸਰ ਵੋਹਰਾ 25 ਜੂਨ 2008 ਨੂੰ ਰਾਜਪਾਲ ਬਣੇ ਸਨ। ਪਿਛਲੀ ਵਾਰ ਜੰਮੂ ਕਸ਼ਮੀਰ ਵਿਚ 8 ਜਨਵਰੀ 2016 ਨੂੰ ਗਵਰਨਰੀ ਰਾਜ ਲਾਗੂ ਕੀਤਾ ਗਿਆ ਸੀ ਜਦੋਂ ਉਸ ਵੇਲੇ ਦੇ ਮੁੱਖ ਮੰਤਰੀ ਮੁਫਤੀ ਮੁਹੰਮਦ ਸਈਅਦ ਦੀ ਮੌਤ ਤੋਂ ਬਾਅਦ ਪੀ.ਡੀ.ਪੀ. ਤੇ ਭਾਜਪਾ ਨੇ ਸਰਕਾਰ ਬਣਾਉਣ ਦਾ ਅਮਲ ਕੁਝ ਦਿਨਾਂ ਲਈ ਰੋਕ ਦਿੱਤਾ ਸੀ। ਰਾਜ ਵਿਚ ਪਹਿਲੀ ਵਾਰ ਮਾਰਚ 1977 ਵਿਚ ਕੇਂਦਰੀ ਸ਼ਾਸਨ ਲਾਗੂ ਕੀਤਾ ਗਿਆ ਸੀ ਜਦੋਂ ਕਾਂਗਰਸ ਨੇ ਸ਼ੇਖ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਸਰਕਾਰ ਤੋਂ ਆਪਣੀ ਹਮਾਇਤ ਵਾਪਸ ਲੈ ਲਈ ਸੀ।

ਜੰਮੂ-ਕਸ਼ਮੀਰ ਵਿਚ ਭਾਰਤੀ ਜਨਤਾ ਪਾਰਟੀ ਵਲੋਂ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ.ਡੀ.ਪੀ.) ਨਾਲੋਂ ਨਾਤਾ ਤੋੜਨ ਦੇ ਐਲਾਨ ਨਾਲ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੂੰ ਅਸਤੀਫਾ ਦੇਣਾ ਪਿਆ ਅਤੇ ਇਕ ਵਾਰ ਫਿਰ ਪ੍ਰਾਂਤ ਵਿਚ 6 ਮਹੀਨੇ ਲਈ ਗਵਰਨਰੀ ਰਾਜ ਲਗਾਉਣ ਦਾ ਐਲਾਨ ਕਰ ਦਿੱਤਾ ਗਿਆ। ਚਾਹੇ ਇਨ੍ਹਾਂ ਦੋਵਾਂ ਹੀ ਪਾਰਟੀਆਂ ਵਿਚ ਮੁਢਲੇ ਸਿਧਾਂਤਕ ਮਤਭੇਦ ਰਹੇ ਹਨ ਪਰ ਸਾਲ 2015 ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਸੀ ਮਿਲ ਸਕਿਆ। ਇਸ ਲਈ ਕਾਫੀ ਹਿਚਕਿਚਾਹਟ ਤੋਂ ਬਾਅਦ ਪੀ.ਡੀ.ਪੀ. ਦੇ ਆਗੂ ਮੁਫ਼ਤੀ ਮੁਹੰਮਦ ਸਈਦ ਦੀ ਅਗਵਾਈ ਵਿਚ ਭਾਜਪਾ ਅਤੇ ਪੀ.ਡੀ.ਪੀ. ਨੂੰ ਮਜਬੂਰਨ ਸਰਕਾਰ ਬਣਾਉਣੀ ਪਈ ਸੀ। ਕਿਉਂਕਿ 87 ਮੈਂਬਰਾਂ ਵਾਲੀ ਵਿਧਾਨ ਸਭਾ ਵਿਚ ਪੀ.ਡੀ.ਪੀ. ਦੇ 28, ਭਾਰਤੀ ਜਨਤਾ ਪਾਰਟੀ ਦੇ 25 ਮੈਂਬਰ ਚੁਣੇ ਗਏ ਸਨ, ਜਦੋਂ ਕਿ ਨੈਸ਼ਨਲ ਕਾਨਫਰੰਸ ਦੇ 15 ਤੇ ਕਾਂਗਰਸ ਦੇ 12 ਵਿਧਾਇਕ ਚੁਣੇ ਗਏ ਸਨ। 7 ਹੋਰ ਆਜ਼ਾਦ ਅਤੇ ਛੋਟੀਆਂ ਪਾਰਟੀਆਂ ਦੇ ਮੈਂਬਰ ਸਨ।

ਮੁਫ਼ਤੀ ਮੁਹੰਮਦ ਸਈਦ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਬੇਟੀ ਮਹਿਬੂਬਾ ਮੁਫ਼ਤੀ ਨੇ ਭਾਜਪਾ ਨਾਲ ਲੰਮੀ ਗੱਲਬਾਤ ਤੋਂ ਬਾਅਦ ਇਹ ਅਹੁਦਾ ਸੰਭਾਲਿਆ ਸੀ। ਪਿਛਲੇ ਤਿੰਨ ਸਾਲ ਅਨੇਕਾਂ ਹੀ ਚੁਣੌਤੀਆਂ ਅਤੇ ਬੇਹੱਦ ਕਸ਼ਮਕਸ਼ ਦੌਰਾਨ ਇਹ ਸਰਕਾਰ ਚੱਲਦੀ ਰਹੀ। ਚਾਹੇ ਇਨ੍ਹਾਂ ਦੋਵਾਂ ਪਾਰਟੀਆਂ ਦੀ ਬਣੀ ਸਰਕਾਰ ਤੋਂ ਇਹ ਉਮੀਦ ਕੀਤੀ ਜਾਂਦੀ ਸੀ ਕਿ ਇਹ ਸਭ ਵਰਗਾਂ ਲਈ ਇਕ ਤਵਾਜ਼ਨ ਬਣਾ ਕੇ ਕਸ਼ਮੀਰ ਮਸਲੇ ਦਾ ਕੋਈ ਹੱਲ ਲੱਭਣ ਵਿਚ ਸਫਲ ਹੋਵੇਗੀ ਪਰ ਇਸ ਮਸਲੇ 'ਤੇ ਮਹਿਬੂਬਾ ਮੁਫ਼ਤੀ ਦੀ ਸਰਕਾਰ ਬੁਰੀ ਤਰ੍ਹਾਂ ਪੱਛੜ ਗਈ। ਨਾ ਸਿਰਫ ਪਾਕਿਸਤਾਨ ਤੋਂ ਸਿੱਖਿਅਕ ਅਤਿਵਾਦੀ ਇਧਰ ਕਾਰਵਾਈਆਂ ਕਰਦੇ ਰਹੇ, ਸਗੋਂ ਕਸ਼ਮੀਰ ਘਾਟੀ ਦੇ ਬਹੁਤ ਸਾਰੇ ਨੌਜਵਾਨਾਂ ਨੂੰ ਵੀ ਅਤਿਵਾਦੀ ਆਪਣੇ ਸੰਗਠਨਾਂ ਵਿਚ ਸ਼ਾਮਲ ਕਰਨ ਵਿਚ ਸਫਲ ਹੁੰਦੇ ਰਹੇ।

ਲੱਖ ਯਤਨਾਂ ਦੇ ਬਾਵਜੂਦ ਸਰਕਾਰ ਅਤਿਵਾਦ ਨੂੰ ਦਬਾਉਣ ਤੋਂ ਅਸਮਰੱਥ ਰਹੀ। ਮਹਿਬੂਬਾ ਮੁਫ਼ਤੀ ਅਤਿਵਾਦੀ ਸੰਗਠਨਾਂ ਅਤੇ ਪਾਕਿਸਤਾਨ ਨਾਲ ਗੱਲਬਾਤ ਨੂੰ ਤਰਜੀਹ ਦਿੰਦੀ ਰਹੀ ਪਰ ਦੂਜੇ ਪਾਸੇ ਪਾਕਿਸਤਾਨ ਕਸ਼ਮੀਰ ਵਿਚ ਗੜਬੜ ਫੈਲਾਈ ਰੱਖਣ ਦੀਆਂ ਆਪਣੀਆਂ ਕਾਰਵਾਈਆਂ 'ਤੇ ਚੱਲਦਾ ਰਿਹਾ। ਜੈਸ਼-ਏ-ਮੁਹੰਮਦ, ਲਸ਼ਕਰ-ਏ-ਤਾਇਬਾ ਅਤੇ ਹਿਜ਼ਬੁਲ ਮੁਜਾਹਦੀਨ ਵਰਗੇ ਸੰਗਠਨ ਪਾਕਿਸਤਾਨ ਤੋਂ ਆਪਣੀਆਂ ਕਾਰਵਾਈਆਂ ਚਲਾਉਂਦੇ ਰਹੇ। ਘਾਟੀ ਵਿਚ ਪੈਦਾ ਹੋਈ ਅਸ਼ਾਂਤੀ ਵਧਦੀ ਗਈ। ਇਕ ਤਰ੍ਹਾਂ ਨਾਲ ਇਹ ਸਰਕਾਰ ਅਤੇ ਫੌਜ ਲਈ ਵੱਡੀ ਚੁਣੌਤੀ ਬਣ ਗਈ ਹੈ। ਬਹੁਤ ਸਾਰੇ ਸਥਾਨਕ ਲੋਕ ਅਤਿਵਾਦੀਆਂ ਦੇ ਪ੍ਰਚਾਰ ਦੀ ਭਾਵਨਾ ਵਿਚ ਵਹਿ ਗਏ ਅਤੇ ਉਨ੍ਹਾਂ ਨੇ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਹਮਾਇਤ ਕਰਨੀ ਸ਼ੁਰੂ ਕਰ ਦਿੱਤੀ। ਪਿਛਲੇ ਚਾਰ ਦਹਾਕਿਆਂ ਤੋਂ ਰਾਜ ਦੇ ਹਾਲਾਤ ਵਿਚ ਸੁਧਾਰ ਨਹੀਂ ਹੋ ਸਕਿਆ। ਜੰਮੂ-ਕਸ਼ਮੀਰ ਦੇ ਗਵਰਨਰ ਐਨ.ਐਨ. ਵੋਹਰਾ ਲਗਭਗ ਪਿਛਲੇ 10 ਸਾਲ ਤੋਂ ਪ੍ਰਾਂਤ ਦੇ ਗਵਰਨਰ ਹਨ। ਇਸ ਸਮੇਂ ਵਿਚ ਚੌਥੀ ਵਾਰ ਹੁਣ ਗਵਰਨਰੀ ਰਾਜ ਲਾਗੂ ਕੀਤਾ ਗਿਆ ਹੈ।



## ਮਹਿਬੂਬਾ ਨੇ ਘੇਰਿਆ ਭਾਜਪਾ ਦਾ ਸ਼ਾਹ

**ਸ੍ਰੀਨਗਰ:** ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲੋਂ ਜੰਮੂ ਵਿਚ ਇਕ ਰੈਲੀ ਦੌਰਾਨ ਲਾਏ ਗਏ ਦੋਸ਼ਾਂ ਮਗਰੋਂ ਜਵਾਬੀ ਵਾਰ ਕਰਦਿਆਂ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਸ੍ਰੀ ਸ਼ਾਹ ਵੱਲੋਂ ਕੀਤੇ ਗਏ ਸਾਰੇ ਦਾਅਵੇ 'ਬੇਬੁਨਿਆਦ' ਹਨ। ਜੰਮੂ-ਕਸ਼ਮੀਰ ਗੱਠਜੋੜ ਸਰਕਾਰ ਦੀ ਅਗਵਾਈ ਕਰਨ ਵਾਲੀ ਸਾਬਕਾ ਮੁੱਖ ਮੰਤਰੀ ਨੇ ਲੜੀਵਾਰ ਟਵੀਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਮਿੱਥੇ ਗਏ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤੋਂ ਕਦੇ ਵੀ ਥਿੜਕੀ ਨਹੀਂ। ਮੁਫ਼ਤੀ ਨੇ ਕਿਹਾ ਕਿ ਭਾਜਪਾ ਵੱਲੋਂ ਖੁਦ ਹੀ ਬਣਾਏ ਗੱਠਜੋੜ ਦੀ ਜ਼ਿੰਮੇਵਾਰੀ ਤੋਂ ਪਿੱਛੇ ਹਟਣਾ ਅਫਸੋਸਜਨਕ ਹੈ।

## ਪੀ.ਡੀ.ਪੀ-ਭਾਜਪਾ ਤੋੜ-ਵਿਛੋੜਾ 'ਫਿਕਸਡ ਮੈਚ'?

**ਸ੍ਰੀਨਗਰ:** ਨੈਸ਼ਨਲ ਕਾਨਫਰੰਸ ਦੇ ਮੀਤ ਪ੍ਰਧਾਨ ਅਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਪੀ.ਡੀ.ਪੀ. ਤੇ ਭਾਜਪਾ ਦੇ ਹਾਲੀਆ ਤੋੜ-ਵਿਛੋੜੇ ਨੂੰ 'ਵਧੀਆ ਫਿਕਸਡ ਮੈਚ' ਕਰਾਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੋਵਾਂ ਪਾਰਟੀਆਂ ਨੇ ਇਹ ਤੋੜ-ਵਿਛੋੜਾ 'ਬੜਾ ਗਿਣ ਮਿੱਥ ਕੇ' ਕੀਤਾ ਹੈ, ਜਿਸ ਦੀ ਕਹਾਣੀ ਬੌਲੀਵੁੱਡ ਫਿਲਮਾਂ ਦੇਖ ਕੇ ਪਹਿਲਾਂ 'ਲਿਖੀ ਗਈ' ਸੀ।

## ਜੰਮੂ ਦੇ ਭਾਜਪਾ ਨੇਤਾ ਵੱਲੋਂ ਪੱਤਰਕਾਰਾਂ ਨੂੰ ਸੁਧਰਨ ਦੀ ਧਮਕੀ

**ਨਵੀਂ ਦਿੱਲੀ:** ਭਾਜਪਾ ਨੇਤਾ ਚੌਧਰੀ ਲਾਲ ਸਿੰਘ ਨੇ ਕਸ਼ਮੀਰ 'ਚ ਅਸ਼ਾਂਤੀ ਅਤੇ ਅਸਥਿਰਤਾ ਲਈ ਪੱਤਰਕਾਰਾਂ ਨੂੰ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ 'ਚ ਪੱਤਰਕਾਰਾਂ ਨੇ ਗਲਤ ਮਾਹੌਲ ਬਣਾਇਆ ਹੈ ਅਤੇ ਉਨ੍ਹਾਂ ਨੂੰ ਪੱਤਰਕਾਰੀ ਵਿਚ ਇਕ ਲਕੀਰ ਖਿੱਚਣੀ ਚਾਹੀਦੀ ਹੈ ਤਾਂ ਕਿ ਹਾਲਾਤ ਸੁਧਰਨ ਅਤੇ ਭਾਈਚਾਰਾ ਬਣਿਆ ਰਹੇ। ਉਹ ਕਠੂਆ ਜਬਰ ਜਨਾਹ ਅਤੇ ਹੱਤਿਆਕਾਂਡ ਦੀ ਰਿਪੋਰਟਿੰਗ ਲਈ ਪੱਤਰਕਾਰਾਂ ਨੂੰ ਕੋਸ ਰਹੇ ਸਨ। ਪੀ.ਡੀ.ਪੀ.-ਭਾਜਪਾ ਸਰਕਾਰ ਵਿਚ ਵਣ ਮੰਤਰੀ ਰਹੇ ਚੌਧਰੀ ਲਾਲ ਸਿੰਘ ਨੂੰ ਜਬਰ ਜਨਾਹ ਦੇ ਦੋਸ਼ੀਆਂ ਦੇ ਹੱਕ 'ਚ ਰੈਲੀ ਕਰਨ ਕਰਕੇ ਅਪਰੈਲ 'ਚ ਅਸਤੀਫਾ ਦੇਣਾ ਪਿਆ ਸੀ। ਉਨ੍ਹਾਂ ਕਿਹਾ ਕਿ ਉਕਤ ਮਾਮਲੇ 'ਤੇ ਪੱਤਰਕਾਰਾਂ ਨੇ ਗਲਤ ਮਾਹੌਲ ਬਣਾਇਆ ਹੈ।

## ਵਲੀ ਮਸੂਦ ਪਾਕਿ ਤਾਲਿਬਾਨ ਦਾ ਨਵਾਂ ਮੁਖੀ

**ਡੇਰਾ ਇਸਮਾਈਲ ਖਾਨ:** ਪਾਕਿਸਤਾਨੀ ਤਾਲਿਬਾਨ ਨੇ ਮੁੱਲਾ ਫਜ਼ਲਉੱਲਾ ਦੇ ਸਥਾਨ 'ਤੇ ਇਕ ਧਾਰਮਿਕ ਵਿਦਵਾਨ ਨੂੰ ਆਪਣਾ ਨਵਾਂ ਮੁਖੀ ਬਣਾ ਲਿਆ ਹੈ। ਪਾਕਿਸਤਾਨ ਤਾਲਿਬਾਨ ਦੇ ਬੁਲਾਰੇ ਮੁਹੰਮਦ ਖੁਰਾਸਾਨੀ ਨੇ ਦੱਸਿਆ ਕਿ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਕਾਰਜਕਾਰੀ ਕੌਂਸਲ ਨੇ ਮੁਫ਼ਤੀ ਨੂਰ ਵਲੀ ਮਸੂਦ ਨੂੰ ਆਪਣਾ ਨਵਾਂ ਮੁਖੀ ਅਤੇ ਮੁਫ਼ਤੀ ਮਾਜ਼ਿਮ ਉਰਫ ਹਫਜ਼ਉੱਲਾ ਨੂੰ ਨਵਾਂ ਉਪ ਮੁਖੀ ਨਿਯੁਕਤ ਕੀਤਾ ਹੈ। ਖੁਰਾਸਾਨੀ ਨੇ ਪਹਿਲੀ ਵਾਰ ਸਵੀਕਾਰਿਆ ਕਿ ਫਜ਼ਲਉੱਲਾ ਅਫਗਾਨ ਦੇ ਕੁਨਾਰ ਸੂਬੇ 'ਚ ਅਮਰੀਕੀ ਡਰੋਨ ਹਮਲੇ ਦੌਰਾਨ ਮਾਰਿਆ ਗਿਆ।

# ਪਾਕਿਸਤਾਨੀ ਲੀਡਰ ਭਾਰਤੀ ਲੀਡਰਾਂ ਤੋਂ ਵੱਧ ਅਮੀਰ

**ਇਸਲਾਮਾਬਾਦ:** ਪਾਕਿਸਤਾਨ ਦੇ ਲਹਿੰਦੇ ਪੰਜਾਬ ਦੇ ਇਕ ਆਜ਼ਾਦ ਉਮੀਦਵਾਰ ਮੁਹੰਮਦ ਹੁਸੈਨ ਸ਼ੇਖ ਨੇ ਚੋਣ ਕਮਿਸ਼ਨ ਨੂੰ ਦੱਸਿਆ ਹੈ ਕਿ ਉਸ ਕੋਲ 403 ਅਰਬ ਰੁਪਏ, ਮਤਲਬ ਭਾਰਤੀ ਕਰੰਸੀ ਮੁਤਾਬਕ 224 ਅਰਬ ਰੁਪਏ ਦੀ ਜਾਇਦਾਦ ਹੈ। ਮੁਹੰਮਦ ਹੁਸੈਨ ਸ਼ੇਖ ਦੇ ਮੁਕਾਬਲੇ ਕਿਸੇ ਭਾਰਤੀ ਲੀਡਰ ਕੋਲ ਇੰਨੀ ਜਾਇਦਾਦ ਨਹੀਂ ਹੈ। ਭਾਰਤ ਵਿਚ ਸਭ ਤੋਂ ਅਮੀਰ ਸਿਆਸੀ ਆਗੂ ਜਯਾ ਬੱਚਨ ਹੈ ਜਿਸ ਦੀ ਜਾਇਦਾਦ ਇਕ ਹਜ਼ਾਰ ਕਰੋੜ, ਮਤਲਬ 10 ਅਰਬ ਰੁਪਏ ਹੈ।

ਮੁਹੰਮਦ ਹੁਸੈਨ ਦੀ ਤੁਲਨਾ ਵਿਚ ਇਹ 22 ਗੁਣਾ ਘੱਟ ਹੈ। ਜਯਾ ਬੱਚਨ ਨੇ ਕਾਫੀ ਸਮੇਂ ਤੱਕ ਭਾਰਤੀ ਸਿਨੇਮਾ ਉਤੇ ਰਾਜ ਕੀਤਾ। ਖਾਸ ਗੱਲ ਇਹ ਹੈ ਕਿ ਉਹ ਅਮਿਤਾਭ ਬੱਚਨ ਦੀ ਪਤਨੀ ਤੇ ਸਮਾਜਵਾਦੀ ਪਾਰਟੀ (ਐਸਪੀ) ਦੇ ਕੋਟੇ ਤੋਂ ਰਾਜ ਸਭਾ ਦੀ ਸੰਸਦ ਮੈਂਬਰ ਹੈ। ਪਾਕਿਸਤਾਨੀ ਅਖਬਾਰ ਡਾਅਨ ਮੁਤਾਬਕ ਮੁਜ਼ੱਫਰਗੜ੍ਹ ਵਿਚ ਐਨਏ 182 ਤੇ ਪੀਪੀ-270 ਤੋਂ ਚੋਣ ਲੜ ਰਹੇ ਮੁਹੰਮਦ ਹੁਸੈਨ ਸ਼ੇਖ ਨੇ ਦਾਅਵਾ ਕੀਤਾ ਹੈ ਕਿ ਉਸ ਕੋਲ ਲੰਗ ਮਲਾਨਾ, ਤਲੀਰੀ ਤੇ ਲਟਕਾਰਨ ਇਲਾਕਿਆਂ ਦੇ ਨਾਲ-ਨਾਲ ਮੁਜ਼ੱਫਰਗੜ੍ਹ ਦੀ ਕਰੀਬ 40 ਫੀਸਦੀ ਜ਼ਮੀਨ ਦੀ ਮਲਕੀਅਤ ਦਾ ਹੱਕ ਹੈ। ਜ਼ਮੀਨ ਵਿਵਾਦਤ ਸੀ ਪਰ ਹਾਲ ਹੀ ਵਿਚ ਅਦਾਲਤ ਨੇ ਉਸ ਦੇ ਹੱਕ 'ਚ ਫੈਸਲਾ ਸੁਣਾਇਆ ਹੈ। ਸ਼ੇਖ ਨੇ ਕਿਹਾ ਕਿ ਉਸ ਕੋਲ ਜੋ ਜ਼ਮੀਨ ਹੈ, ਉਸ ਦੀ ਕੀਮਤ 402.11 ਅਰਬ ਪਾਕਿਸਤਾਨੀ ਰੁਪਏ ਹੈ।

ਉਸ ਦੇ ਨਾਮਜ਼ਦਗੀ ਪੱਤਰ ਵਿਚ ਵੀ ਵਿਵਾਦਿਤ ਜ਼ਮੀਨ ਦੀ ਕੀਮਤ 300 ਤੋਂ 400 ਅਰਬ ਪਾਕਿਸਤਾਨੀ ਰੁਪਏ ਦੱਸੀ ਗਈ ਹੈ। ਹੁਣ ਤੱਕ ਨਾਮਜ਼ਦਗੀ ਪੱਤਰ ਵਿਚ ਐਲਾਨੀ ਗਈ ਜਾਇਦਾਦ ਮੁਤਾਬਕ ਸ਼ੇਖ ਸਭ ਤੋਂ ਅਮੀਰ ਉਮੀਦਵਾਰ ਹੈ। ਪਾਕਿਸਤਾਨੀ ਮੁਸਲਿਮ ਲੀਗ-ਨਵਾਜ਼ (ਪੀਐਮਐਲ-ਐਨ) ਲੀਡਰ ਮਰੀਅਮ ਨਵਾਜ਼ ਸ਼ਰੀਫ ਤੇ ਪਾਕਿਸਤਾਨ ਪੀਪਲਜ਼ ਪਾਰਟੀ ਲੀਡਰ ਬਿਲਾਵਲ ਭੁੱਟੋ ਜਰਦਾਰੀ ਤੇ ਆਸਿਫ ਅਲੀ ਜਰਦਾਰੀ ਨੇ ਵੀ ਅਰਬਾਂ ਰੁਪਏ ਦੀ ਜਾਇਦਾਦ ਦਾ ਐਲਾਨ ਕੀਤਾ ਹੈ।

# ਭਾਰਤ 'ਚ ਰੋਜ਼ਾਨਾ 366 ਲੋਕ ਕਰਦੇ ਨੇ ਖੁਦਕੁਸ਼ੀ

**ਨਵੀਂ ਦਿੱਲੀ:** ਭਾਰਤੀਆਂ ਦੀ ਮਾਨਸਿਕ ਸਥਿਰਤਾ ਬਾਰੇ ਖਤਰਨਾਕ ਖੁਲਾਸਾ ਹੋਇਆ ਹੈ। ਹਰ ਚੌਥੇ ਮਿੰਟ ਵਿਚ ਇਕ ਭਾਰਤੀ ਖੁਦਕੁਸ਼ੀ ਕਰ ਰਿਹਾ ਹੈ। ਪਿਛਲੇ ਇਕ ਸਾਲ ਵਿਚ 1,33,623 ਲੋਕਾਂ ਨੇ ਖੁਦਕੁਸ਼ੀ ਕੀਤੀ ਹੈ। ਇਸ ਦਾ ਮਤਲਬ ਹੈ ਕਿ ਪਿਛਲੇ ਸਾਲ ਰੋਜ਼ਾਨਾ 366 ਤੇ ਹਰ ਘੰਟੇ 'ਚ 15 ਲੋਕਾਂ ਨੇ ਆਤਮ ਹੱਤਿਆ ਕੀਤੀ ਹੈ।

ਕੌਮੀ ਸਿਹਤ ਪ੍ਰੋਫਾਈਲ 2018 ਵੱਲੋਂ ਪੇਸ਼ ਕੀਤੇ ਅੰਕੜੇ ਖਤਰੇ ਦੀ ਘੰਟੀ ਹਨ। ਅੰਕੜੇ ਸਿੱਧ ਕਰਦੇ ਹਨ ਕਿ ਔਰਤਾਂ ਦੇ ਮੁਕਾਬਲੇ ਭਾਰਤੀ ਮਰਦ ਛੇਤੀ ਹਿੰਮਤ ਹਾਰ ਜਾਂਦੇ ਹਨ ਤੇ ਖੁਦਕੁਸ਼ੀ ਦਾ ਕਦਮ ਚੁੱਕ ਬਹਿੰਦੇ ਹਨ। ਭਾਰਤ ਵਿਚ ਹੋਈਆਂ ਖੁਦਕੁਸ਼ੀਆਂ ਵਿਚ ਤਕਰੀਬਨ 70 ਫੀਸਦੀ ਮਰਦ ਹਨ। ਪਿਛਲੇ ਸਾਲ ਵਿਚ 1,33,623 ਲੋਕਾਂ ਨੇ ਆਪਣੀ ਜਾਨ ਲੈ ਲਈ ਤੇ ਇਨ੍ਹਾਂ ਵਿਚ 91,528 (68.49 ਫੀਸਦੀ) ਮਰਦ ਤੇ 42,088 ਔਰਤਾਂ ਸਨ।

ਸਾਲ 2000 ਵਿਚ 66,032 ਪੁਰਸ਼ਾਂ ਨੇ ਖੁਦਕੁਸ਼ੀ ਕੀਤੀ ਸੀ ਤੇ 2008 ਵਿਚ ਇਹ ਅੰਕੜਾ 80,544 ਤੱਕ ਪਹੁੰਚ ਗਿਆ, ਜਦਕਿ ਹੁਣ 91,528 ਮਰਦਾਂ ਨੇ ਖੁਦਕੁਸ਼ੀ ਕੀਤੀ। ਮਰਦਾਂ ਵਿਚ ਖੁਦਕੁਸ਼ੀ ਦਾ ਰੁਝਾਨ ਔਰਤਾਂ ਨਾਲੋਂ ਦੁੱਗਣਾ ਹੋ ਗਿਆ ਹੈ। ਭਾਰਤ ਦੇ ਤਿੰਨ ਸੂਬਿਆਂ ਵਿਚ ਖੁਦਕੁਸ਼ੀ ਦਾ ਰੁਝਾਨ ਸਭ ਤੋਂ ਜ਼ਿਆਦਾ ਵੇਖਣ ਨੂੰ ਮਿਲਿਆ ਹੈ। ਮਹਾਰਾਸ਼ਟਰ ਵਿਚ 16,970 ਲੋਕਾਂ ਨੇ ਆਤਮ ਹੱਤਿਆ ਕੀਤੀ, ਤਾਮਿਲਨਾਡੂ ਵਿਚ 15,777 ਤੇ ਬੰਗਾਲ ਵਿਚ 14,602 ਲੋਕਾਂ ਨੇ ਖੁਦਕੁਸ਼ੀ ਕੀਤੀ। ਅੰਕੜੇ ਦੱਸਦੇ ਹਨ ਕਿ 30 ਤੋਂ 45 ਸਾਲ ਦੇ ਲੋਕਾਂ ਵਿਚ ਖੁਦਕੁਸ਼ੀ ਦਾ ਰੁਝਾਨ ਵੱਧ ਹੈ। ਇਹ ਖਤਰਨਾਕ ਰੁਝਾਨ ਸਰਕਾਰ ਦੀਆਂ ਨੀਤੀਆਂ ਵਿਚ ਤੁਰਤ ਤਬਦੀਲੀ ਦੀ ਮੰਗ ਕਰਦੇ ਹਨ। ਲੋਕਾਂ ਦੀ ਮਾਨਸਿਕ ਸਿਹਤ ਵਿਗੜ ਰਹੀ ਹੈ ਤੇ ਇਸ ਤਰ੍ਹਾਂ ਲੋਕ ਵੱਡੀ ਗਿਣਤੀ ਵਿਚ ਇਸ ਬਿਮਾਰੀ ਦੀ ਲਪੇਟ ਵਿਚ ਆ ਰਹੇ ਹਨ।

# ਰੋਹਿੰਗੀਆ ਬੱਚਿਆਂ ਦੀ ਹਮਾਇਤ 'ਚ ਡਟੀ ਪ੍ਰਿਅੰਕਾ

**ਮੁੰਬਈ:** ਸਾਲ ਦੇ ਸ਼ੁਰੂ ਵਿਚ ਰੋਹਿੰਗੀਆ ਸ਼ਰਨਾਰਥੀ ਕੈਂਪਾਂ ਦਾ ਦੌਰਾ ਕਰਨ ਵਾਲੀ ਅਦਾਕਾਰਾ ਪ੍ਰਿਅੰਕਾ ਚੋਪੜਾ ਦਾ ਕਹਿਣਾ ਹੈ ਕਿ ਇਨ੍ਹਾਂ ਕੈਂਪਾਂ 'ਚ ਰਹਿਣ ਵਾਲੇ ਬੱਚਿਆਂ ਦੀ ਕਹਾਣੀ ਦਿਲ ਕੰਬਾਊ ਹੈ। ਯੂਨੀਸੈੱਫ ਗੁੱਡਵਿਲ ਅੰਬੈਸਡਰ ਨੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਬੱਚਿਆਂ ਨੂੰ ਉਨ੍ਹਾਂ ਦੇ ਹੱਕ ਮਿਲਣਗੇ।




ਪ੍ਰਿਅੰਕਾ ਯੂਨੀਸੈੱਫ ਵਿਚ ਪਿਛਲੇ 12 ਸਾਲ ਤੋਂ ਯੋਗਦਾਨ ਪਾ ਰਹੀ ਹੈ। ਇਹ ਅਦਾਕਾਰਾ ਜੋ ਹੁਣ ਅਮਰੀਕਾ ਵਿਚ ਹੈ, ਨੇ ਵਿਸ਼ਵ ਸ਼ਰਨਾਰਥੀ ਦਿਵਸ ਮੌਕੇ ਸੋਸ਼ਲ ਮੀਡੀਆ 'ਤੇ ਇਹ ਸੰਦੇਸ਼ ਪੋਸਟ ਕੀਤਾ। ਉਸ ਨੇ ਇਸ ਸੰਦੇਸ਼ ਨਾਲ ਜੌਰਡਨ ਅਤੇ ਬੰਗਲਾਦੇਸ਼ ਦੇ ਸ਼ਰਨਾਰਥੀ ਕੈਂਪਾਂ ਵਿਚ ਬੱਚਿਆਂ ਨਾਲ ਬਿਤਾਏ ਸਮੇਂ ਦੇ ਵੀਡੀਓ ਵੀ ਸਾਂਝੇ ਕੀਤੇ। ਉਸ ਨੇ ਕਿਹਾ ਸੰਸਾਰ ਭਰ ਦੇ 6.5 ਕਰੋੜ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਜਬਰੀ ਘਰੋਂ ਬੇਘਰ ਕਰ ਦਿੱਤਾ ਗਿਆ ਹੈ।

ਉਸ ਨੇ ਦੱਸਿਆ ਕਿ ਉਹ ਜੌਰਡਨ ਅਤੇ ਬੰਗਲਾਦੇਸ਼ ਵਿਚ ਅਜਿਹੇ ਕਈ ਬੱਚਿਆਂ ਨੂੰ ਮਿਲੀ ਹੈ। ਬਹੁਤੇ ਬੱਚਿਆਂ ਨੇ ਉਸ ਨਾਲ ਆਪਣੇ ਪਰਿਵਾਰ ਅਤੇ ਦੋਸਤਾਂ ਮਿੱਤਰਾਂ ਤੋਂ ਵਿਛੜਨ ਦਾ ਦੁੱਖ ਸਾਂਝਾ ਕੀਤਾ ਹੈ। ਬਹੁਤ ਸਾਰੇ ਬੱਚੇ ਖਾਣੇ, ਛੱਤ, ਸਿਹਤ ਸੇਵਾਵਾਂ ਅਤੇ ਸਿੱਖਿਆ ਤੋਂ ਵਾਂਝੇ ਹਨ ਜਿਨ੍ਹਾਂ ਦੀ ਕਹਾਣੀ ਦਿਲ ਕੰਬਾਊ ਹੈ। ਉਸ ਨੇ ਕਿਹਾ ਕਿ ਉਹ ਵਿਸ਼ਵ ਸ਼ਰਨਾਰਥੀ ਦਿਵਸ 'ਤੇ ਇਨ੍ਹਾਂ ਸ਼ਰਨਾਰਥੀ ਬੱਚਿਆਂ ਨੂੰ ਬਚਾਉਣ ਅਤੇ ਉਨ੍ਹਾਂ ਦੇ ਅਧਿਕਾਰ ਦਿਵਾਉਣ ਲਈ ਉਨ੍ਹਾਂ ਦੀ ਹਮਾਇਤ ਕਰਦੀ ਹੈ। ਇਹ ਸੰਦੇਸ਼ ਉਸ ਨੇ ਸੋਸ਼ਲ ਮੀਡੀਆ ਉਤੇ ਪੋਸਟ ਕੀਤੀਆਂ ਵੀਡੀਓਜ਼ ਨਾਲ ਸਾਂਝਾ ਕੀਤਾ।

## ਇੰਟਰਨੈਟ ਦੀ ਵਰਤੋਂ 'ਚ ਭਾਰਤੀ ਫਾਡੀ

**ਸੈਨ ਫਰਾਂਸਿਸਕੋ:** ਮੋਦੀ ਸਰਕਾਰ ਭਾਵੇਂ ਡਿਜੀਟਲ ਇੰਡੀਆ ਦੇ ਦਾਅਵੇ ਕਰ ਰਹੀ ਹੈ ਪਰ ਪਿਊਵ (ਪੀ.ਈ.ਡਬਲਿਊ.) ਖੋਜ ਕੇਂਦਰ ਨੇ ਅੰਕੜਿਆਂ ਸਮੇਤ ਦੱਸਿਆ ਹੈ ਕਿ ਭਾਰਤ ਸਭ ਤੋਂ ਘੱਟ ਇੰਟਰਨੈੱਟ ਖਪਤ ਵਾਲਾ ਦੇਸ਼ ਹੈ। ਖੋਜ ਮੁਤਾਬਕ ਦੱਖਣੀ ਕੋਰੀਆ ਇਸ ਮਾਮਲੇ ਵਿਚ ਅੱਵਲ ਹੈ, ਜਿਥੇ 96 ਫੀਸਦੀ ਬਾਲਗ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਭਾਰਤ ਵਿਚ ਚਾਰ ਵਿਚੋਂ ਸਿਰਫ ਇਕ ਹੀ ਇੰਟਰਨੈੱਟ ਵਰਤਦਾ ਹੈ। ਪਿਊਵ ਨੇ 37 ਦੇਸ਼ਾਂ 'ਤੇ ਕੀਤੀ ਖੋਜ ਵਿਚ ਇਹ ਪਤਾ ਲਾਇਆ ਹੈ। ਜਿਥੇ ਵਿਸ਼ਵ ਦੇ ਜ਼ਿਆਦਾਤਰ ਹਿੱਸਿਆਂ ਵਿਚ ਇੰਟਰਨੈੱਟ ਕਾਫੀ ਵਰਤਿਆ ਜਾਂਦਾ ਹੈ, ਉਥੇ ਭਾਰਤ ਤੇ ਅਫਰੀਕੀ ਮਹਾਂਦੀਪ ਦੇ ਸਹਾਰਾ ਮਾਰੂਥਲ ਵਾਲੇ ਦੇਸ਼ਾਂ ਵਿਚ ਇੰਟਰਨੈੱਟ ਦੀ ਵਰਤੋਂ ਸਭ ਤੋਂ ਘੱਟ ਹੈ।

ਖੋਜ ਕੇਂਦਰ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਦੇ ਸਾਲ 2017 ਤੱਕ 22 ਫੀਸਦੀ ਬਾਲਗਾਂ ਕੋਲ ਸਮਾਰਟਫੋਨ ਸਨ। ਸਾਲ 2013 ਵਿਚ ਇਹ ਅੰਕੜਾ ਸਿਰਫ 12 ਫੀਸਦੀ ਸੀ। ਇਸੇ ਵਕਫੇ ਦੌਰਾਨ ਸੋਸ਼ਲ ਮੀਡੀਆ ਦੀ ਵਰਤੋਂ 8 ਫੀਸਦੀ ਤੋਂ ਵਧ ਕੇ 20 ਫੀਸਦੀ ਤੱਕ ਪੁੱਜ ਗਈ। ਭਾਵ 78 ਫੀਸਦੀ ਭਾਰਤੀ ਬਾਲਗਾਂ ਕੋਲ ਸਮਾਰਟਫੋਨ ਹੀ ਨਹੀਂ ਤੇ ਭਾਰਤ ਦੀ 80 ਫੀਸਦੀ ਆਬਾਦੀ ਫੇਸਬੁੱਕ ਜਾਂ ਟਵਿੱਟਰ ਦੀ ਵਰਤੋਂ ਨਹੀਂ ਕਰਦੀ। ਹਾਲਾਂਕਿ, ਰਿਪੋਰਟ ਵਿਚ ਇਹ ਦੱਸਿਆ ਗਿਆ ਹੈ ਕਿ ਅੱਗੇ ਵਧ ਰਹੇ ਮੁਲਕਾਂ ਵਿਚ ਇੰਟਰਨੈੱਟ ਦੀ ਵਰਤੋਂ ਇਕ ਸਹੀ ਤਰੀਕੇ ਨਾਲ ਵਧ ਰਹੀ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਔਰਤਾਂ ਲਈ ਭਾਰਤ ਵਿਸ਼ਵ ਦਾ ਸਭ ਤੋਂ ਖਤਰਨਾਕ ਮੁਲਕ

**ਲੰਡਨ:** ਆਲਮੀ ਮਾਹਿਰਾਂ ਦੇ ਇਕ ਪੈਨਲ ਵੱਲੋਂ ਕੀਤੇ ਸਰਵੇਖਣ ਦੀ ਮੰਨੀਏ ਤਾਂ ਜਿਨਸੀ ਹਿੰਸਾ ਦੇ ਵਧੇਰੇ ਜੋਖ਼ਮ ਕਰ ਕੇ ਭਾਰਤ ਮਹਿਲਾਵਾਂ ਲਈ ਵਿਸ਼ਵ ਦੇ ਸਭ ਤੋਂ ਖਤਰਨਾਕ ਮੁਲਕਾਂ ਵਿਚ ਸਿਖਰ ਉਤੇ ਹੈ। ਇਸ ਸੂਚੀ ਵਿਚ ਦੂਜਾ ਤੇ ਤੀਜਾ ਨੰਬਰ ਜੰਗ ਦੇ ਝੰਬੇ ਅਫ਼ਗਾਨਿਸਤਾਨ ਤੇ ਸੀਰੀਆ ਦਾ ਹੈ।

ਥੌਮਸਨ ਰਾਇਟਰਜ਼ ਫਾਊਂਡੇਸ਼ਨ ਦੇ 550 ਮਾਹਿਰਾਂ ਵੱਲੋਂ ਕੀਤੇ ਇਸ ਸਰਵੇਖਣ ਵਿਚ ਸੋਮਾਲੀਆ ਤੇ ਸਾਊਦੀ ਅਰਬ ਨੂੰ ਕ੍ਰਮਵਾਰ ਚੌਥਾ ਤੇ ਪੰਜਵਾਂ ਥਾਂ ਦਿੱਤਾ ਗਿਆ ਹੈ। ਇਨ੍ਹਾਂ ਮਾਹਿਰਾਂ ਦੀ ਮਹਿਲਾਵਾਂ ਦੇ ਮੁੱਦਿਆਂ 'ਤੇ ਖਾਸੀ ਪਕੜ ਦੱਸੀ ਜਾਂਦੀ ਹੈ। 548 ਲੋਕਾਂ ਉਤੇ ਅਧਾਰਿਤ ਇਹ ਸਰਵੇਖਣ 26 ਮਾਰਚ ਤੋਂ 4 ਮਈ ਦੇ ਅਰਸੇ ਦੌਰਾਨ ਆਨਲਾਈਨ, ਫੋਨ ਤੇ ਆਹਮੋ ਸਾਹਮਣੇ ਹੋ ਕੇ ਕੀਤਾ ਗਿਆ ਸੀ। ਸਰਵੇਖਣ ਵਿਚ ਯੂਰੋਪ, ਅਫ਼ਰੀਕਾ, ਅਮਰੀਕਾ, ਦੱਖਣ ਪੂਰਬੀ ਏਸ਼ੀਆ, ਦੱਖਣੀ ਏਸ਼ੀਆ ਤੇ ਪ੍ਰਸ਼ਾਂਤ ਖਿੱਤੇ ਦੇ ਲੋਕਾਂ ਤੋਂ ਸਵਾਲ ਪੁੱਛੇ ਗਏ।

ਫਾਊਂਡੇਸ਼ਨ ਮੁਤਾਬਕ, ਇਸ ਸੂਚੀ ਵਿਚ ਪਹਿਲੇ ਦਸ ਮੁਲਕਾਂ 'ਚ ਪੱਛਮੀ ਮੁਲਕਾਂ 'ਚੋਂ ਸਿਰਫ ਅਮਰੀਕਾ ਸ਼ਾਮਲ ਹੈ। ਉਂਜ ਜਦੋਂ ਜਿਨਸੀ ਹਿੰਸਾ ਤੇ ਤਸ਼ੱਦਦ ਦੇ ਵਧੇਰੇ ਜੋਖ਼ਮ ਨੂੰ ਲੈ ਕੇ ਸਵਾਲ ਪੁੱਛੇ ਗਏ ਤਾਂ ਲੋਕਾਂ ਨੇ ਜਿਹੜੇ ਜਵਾਬ ਦਿੱਤੇ ਉਸ ਆਧਾਰ 'ਤੇ ਅਮਰੀਕਾ ਨੂੰ ਸਾਂਝੇ ਤੀਜੇ ਸਥਾਨ ਉਤੇ ਰੱਖਿਆ ਗਿਆ।

ਇਸ ਤੋਂ ਪਹਿਲਾਂ ਸਾਲ 2011 ਵਿਚ ਵੀ ਅਫ਼ਗਾਨਿਸਤਾਨ, ਕਾਂਗੋ ਗਣਰਾਜ, ਪਾਕਿਸਤਾਨ, ਭਾਰਤ ਤੇ ਸੋਮਾਲੀਆ ਵਿਚ ਅਜਿਹਾ ਸਰਵੇਖਣ ਕੀਤਾ ਜਾ ਚੁੱਕਾ ਹੈ। ਸਰਵੇ ਦੌਰਾਨ ਲੋਕਾਂ ਨੂੰ ਪੁੱਛਿਆ ਗਿਆ ਸੀ ਕਿ ਉਹ ਸੰਯੁਕਤ ਰਾਸ਼ਟਰ ਦੇ 193 ਮੈਂਬਰ ਮੁਲਕਾਂ 'ਚੋਂ ਕਿਹੜੇ ਪੰਜ ਮੁਲਕਾਂ ਨੂੰ ਮਹਿਲਾਵਾਂ ਲਈ ਸਭ ਤੋਂ ਖ਼ਤਰਨਾਕ ਮੰਨਦੇ ਹਨ। ਸਰਵੇ ਦਾ ਦੂਜਾ ਸਵਾਲ ਸੀ ਕਿ ਸਿਹਤ ਸੇਵਾਵਾਂ, ਆਰਥਿਕ ਵਸੀਲਿਆਂ, ਸਭਿਆਚਾਰਕ ਤੇ ਰਵਾਇਤੀ ਰੀਤੀ ਰਿਵਾਜਾਂ, ਜਿਨਸੀ ਹਿੰਸਾ ਤੇ ਤਸ਼ੱਦਦ, ਗੈਰ ਜਿਨਸੀ ਹਿੰਸਾ ਤੇ ਮਨੁੱਖੀ ਤਸਕਰੀ ਦੀ ਗੱਲ ਕਰੀਏ ਤਾਂ ਕਿਹੜੇ ਮੁਲਕ 'ਚ ਹਾਲਾਤ ਬਦ ਤੋਂ ਬਦਤਰ ਹਨ।

ਫਾਊਂਡੇਸ਼ਨ ਨੇ ਇਕ ਬਿਆਨ ਵਿਚ ਕਿਹਾ ਕਿ ਲੋਕਾਂ ਨੇ ਸਰਵੇਖਣ ਦੌਰਾਨ ਮਨੁੱਖੀ ਤਸਕਰੀ, ਜਿਨਸੀ ਸ਼ੋਸ਼ਣ ਤੇ ਘਰੇਲੂ ਕੰਮਕਾਜ ਲਈ ਗੁਲਾਮ ਬਣਾਉਣਾ, ਜਬਰੀ ਵਿਆਹ ਤੇ ਭਰੂਣ ਹੱਤਿਆ ਜਿਹੇ ਪੈਮਾਨਿਆਂ ਦੇ ਆਧਾਰ ਉਤੇ ਭਾਰਤ ਨੂੰ ਮਹਿਲਾਵਾਂ ਲਈ ਸਭ ਤੋਂ ਖਤਰਨਾਕ ਮੁਲਕ ਦੱਸਿਆ ਹੈ।

# ਕੁਰਸੀਆਂ 'ਤੇ ਬੈਠ ਕੇ ਲੰਗਰ ਛਕਣ ਦਾ ਸਖਤ ਨੋਟਿਸ

**ਅੰਮ੍ਰਿਤਸਰ:** ਆਸਟਰੇਲੀਆ ਦੇ ਸ਼ਹਿਰ ਸਿਡਨੀ 'ਚ ਗੁਰਦੁਆਰਾ ਆਸਟਰਲ ਦੇ ਪ੍ਰਬੰਧਕਾਂ ਵੱਲੋਂ ਲੰਗਰ ਘਰ ਵਿਚ ਕੁਰਸੀਆਂ ਉਤੇ ਬਿਠਾ ਕੇ ਲੰਗਰ ਛਕਾਉਣ ਦੀ ਸ਼ੁਰੂ ਕੀਤੀ ਪ੍ਰਥਾ ਦਾ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਖਤ ਨੋਟਿਸ ਲੈਂਦਿਆਂ ਹਦਾਇਤ ਕੀਤੀ ਹੈ ਕਿ ਇਸ ਸਬੰਧੀ ਗੁਰਦੁਆਰੇ ਦੇ ਬਾਹਰ ਲਿਖ ਕੇ ਲਾਏ ਗਏ ਨੋਟਿਸ ਨੂੰ ਤੁਰਤ ਹਟਾਇਆ ਜਾਵੇ। ਇਸ ਦੌਰਾਨ ਸਿੱਖ ਸੰਗਤ ਨੂੰ ਵੀ ਇਸ ਸਿੱਖ ਵਿਰੋਧੀ ਸਿਧਾਂਤ ਪ੍ਰਤੀ ਸੁਚੇਤ ਕੀਤਾ ਹੈ।

ਇਸ ਸਬੰਧੀ ਛਪੀਆਂ ਖਬਰਾਂ ਦਾ ਨੋਟਿਸ ਲੈਂਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿਡਨੀ ਦੇ ਇਕ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਸਿੱਖ ਸਿਧਾਂਤ ਦੀ ਉਲੰਘਣਾ ਕੀਤੀ ਜਾ ਰਹੀ ਹੈ। ਗੁਰੂ ਕਾਲ ਤੋਂ ਚੱਲੀ ਆ ਰਹੀ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਪ੍ਰਥਾ ਨੂੰ ਢਾਹ ਲਾਈ ਜਾ ਰਹੀ ਹੈ। ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਇਸ ਸਬੰਧੀ ਗੁਰਦੁਆਰੇ ਦੇ ਨੋਟਿਸ ਬੋਰਡ ਉਤੇ ਲਿਖ ਕੇ ਲਾਇਆ ਗਿਆ ਹੈ ਕਿ ਲੰਗਰ ਸਿਰਫ ਕੁਰਸੀਆਂ 'ਤੇ ਬੈਠ ਕੇ ਹੀ ਛਕਿਆ ਜਾਵੇ। ਉਨ੍ਹਾਂ ਆਖਿਆ ਕਿ ਇਹ ਢੰਗ ਸਿੱਖ ਸਿਧਾਂਤਾਂ ਦੀ ਉਲੰਘਣਾ ਹੈ। ਗੁਰੂ ਕਾਲ ਦੇ ਵੇਲੇ ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਸੀ। ਉਨ੍ਹਾਂ ਆਖਿਆ ਕਿ ਅਕਾਲ ਤਖ਼ਤ ਵੱਲੋਂ ਪਹਿਲਾਂ ਵੀ ਇਸ ਸਬੰਧੀ ਹੁਕਮਨਾਮਾ ਜਾਰੀ ਹੋ ਚੁੱਕਾ ਹੈ ਕਿ ਲੰਗਰ ਸਿਰਫ ਪੰਗਤ ਵਿਚ ਬੈਠ ਕੇ ਹੀ ਛਕਿਆ ਜਾਵੇ ਪਰ ਜੇਕਰ ਕੋਈ ਅਪਾਹਜ ਹੈ ਜਾਂ ਬੈਠਣ ਤੋਂ ਅਸਮਰਥ ਹੈ ਤਾਂ ਉਸ ਵਾਸਤੇ ਵੱਖਰਾ ਪ੍ਰਬੰਧ ਕੀਤਾ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਗੁਰਦੁਆਰਾ ਆਸਟਰਲ ਦੇ ਪ੍ਰਬੰਧਕਾਂ ਵੱਲੋਂ ਲਾਇਆ ਗਿਆ ਨੋਟਿਸ ਪੂਰੀ ਤਰ੍ਹਾਂ ਸਿੱਖ ਸਿਧਾਂਤਾਂ ਦੀ ਉਲੰਘਣਾ ਹੈ। ਉਨ੍ਹਾਂ ਆਖਿਆ ਕਿ ਗੁਰੂ ਪਰੰਪਰਾ ਨੂੰ ਕਿਸੇ ਵੀ ਤਰ੍ਹਾਂ ਢਾਹ ਲਾਉਣ ਦੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਆਦੇਸ਼ ਰਾਹੀਂ ਕੁਝ ਲੋਕ ਸਿੱਖ ਭਾਈਚਾਰੇ ਨੂੰ ਇਸ ਪਰੰਪਰਾ ਤੋਂ ਦੂਰ ਹੋਣ ਲਈ ਆਖ ਰਹੇ ਹਨ। ਉਨ੍ਹਾਂ ਸਬੰਧਤ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਹੈ ਕਿ ਇਸ ਸਬੰਧੀ ਬੋਰਡ 'ਤੇ ਲਾਏ ਨੋਟਿਸ ਨੂੰ ਤੁਰਤ ਹਟਾਇਆ ਜਾਵੇ। ਉਨ੍ਹਾਂ ਸੰਗਤ ਨੂੰ ਵੀ ਸੁਚੇਤ ਕੀਤਾ ਹੈ ਕਿ ਗੁਰ ਮਰਿਆਦਾ ਅਨੁਸਾਰ ਪ੍ਰਸ਼ਾਦਾ ਪੰਗਤ ਵਿਚ ਬੈਠ ਕੇ ਹੀ ਛਕਿਆ ਜਾਵੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਿਡਨੀ ਦੇ ਗੁਰਦੁਆਰੇ ਦੇ ਕਮੇਟੀ ਦੇ ਫੈਸਲੇ ਨੂੰ ਨਕਾਰਦਿਆਂ ਕਿਹਾ ਪੰਥਕ ਰਵਾਇਤਾਂ ਨੂੰ ਬਦਲਣ ਦੀ ਇਹ ਹਰਕਤ ਪੰਥ ਅੰਦਰ ਦੁਬਿਧਾ ਪਾਉਣ ਵਾਲੀ ਹੈ।

# ਪਰਵਾਸੀਆਂ ਲਈ ਮੁੰਬਈ ਸਭ ਤੋਂ ਮਹਿੰਗਾ ਸ਼ਹਿਰ

**ਨਿਊ ਯਾਰਕ:** ਭਾਰਤ ਵਿਚ ਰਹਿ ਰਹੇ ਪਰਵਾਸੀ ਲੋਕਾਂ ਲਈ ਮੁੰਬਈ ਸਭ ਤੋਂ ਮਹਿੰਗਾ ਸ਼ਹਿਰ ਹੈ। ਉਂਜ ਜੇਕਰ ਆਲਮੀ ਪੱਧਰ 'ਤੇ ਖਾਣ ਪੀਣ ਤੇ ਰਹਿਣ ਦੀ ਗੱਲ ਕਰੀਏ ਤਾਂ ਮਹਿੰਗੇ ਸ਼ਹਿਰਾਂ ਦੀ ਸੂਚੀ ਹਾਂਗਕਾਂਗ ਸਿਖਰ 'ਤੇ ਹੈ। ਇਹ ਦਾਅਵਾ ਆਲਮੀ ਸਲਾਹਕਾਰ ਫਰਮ ਕੌਸਟ ਆਫ ਲਿਵਿੰਗ ਵੱਲੋਂ ਕੀਤੇ ਇਕ ਸਰਵੇਖਣ 'ਚ ਕੀਤਾ ਗਿਆ ਹੈ। ਮੁੰਬਈ ਨੇ ਇਸ ਸੂਚੀ ਵਿਚ ਦੋ ਸਥਾਨਾਂ ਦੀ ਉਡਾਰੀ ਨਾਲ 55ਵੇਂ ਨੰਬਰ ਉਤੇ ਹੈ। ਭਾਰਤ ਦੀ ਕਾਰੋਬਾਰੀ ਰਾਜਧਾਨੀ ਕਹੇ ਜਾਂਦੇ ਮੁੰਬਈ ਨੇ ਇਸ ਸੱਜਰੀ ਦਰਜਾਬੰਦੀ ਨਾਲ ਵਿਸ਼ਵ ਦੇ ਕਈ ਮਕਬੂਲ ਸ਼ਹਿਰਾਂ ਜਿਵੇਂ ਮੈਲਬਰਨ(58), ਫਰੈਂਕਫਰਟ (68), ਬਿਊਨਸ ਆਇਰਸ (76), ਸਟਾਕਹੋਮ(89) ਤੇ ਐਟਲਾਂਟਾ ਨੂੰ ਪਿੱਛੇ ਧੱਕਿਆ ਹੈ।

ਨਿਊ ਯਾਰਕ ਅਧਾਰਤ ਸਿਹਤ, ਸੰਪਤੀ ਤੇ ਕਰੀਅਰ ਦੇ ਖੇਤਰ ਵਿਚ ਗਲੋਬਲ ਸਲਾਹਕਾਰ ਫਰਮ ਵੱਲੋਂ ਕੀਤੇ ਸਰਵੇ ਮੁਤਾਬਕ ਇਸ ਸੂਚੀ ਵਿਚ ਨਵੀਂ ਦਿੱਲੀ ਨੂੰ 103ਵਾਂ, ਬੰਗਲੌਰ 170, ਚੇਨਈ 144 ਤੇ ਕੋਲਕਾਤਾ 182 ਵੀਂ ਪਾਇਦਾਨ ਉਤੇ ਰੱਖਿਆ ਗਿਆ ਹੈ। ਸਰਵੇ ਰਿਪੋਰਟ ਮੁਤਾਬਕ ਇਸ ਸੂਚੀ ਵਿਚ ਜਿਥੇ ਮੈਲਬਰਨ ਤੇ ਬਿਊਨਸ ਆਇਰਸ ਵਰਗੇ ਸ਼ਹਿਰਾਂ ਦੀ ਦਰਜਾਬੰਦੀ 'ਚ ਨਿਘਾਰ ਆਇਆ ਹੈ, ਉਥੇ ਖੁਰਾਕ, ਸ਼ਰਾਬ ਤੇ ਘਰੇਲੂ ਸਪਲਾਈ ਦੀ ਕੀਮਤਾਂ 'ਚ ਆਏ ਉਛਾਲ ਨਾਲ ਮੁੰਬਈ ਨੇ ਦਰਜਾਬੰਦੀ ਵਿਚ ਵੱਡੀ ਪੁਲਾਂਘ ਪੁੱਟੀ ਹੈ।

# ਜਸਵੰਤ ਸਿੰਘ ਕੰਵਲ ਨੂੰ 'ਪੰਜਾਬ ਗੌਰਵ ਪੁਰਸਕਾਰ'

**ਚੰਡੀਗੜ੍ਹ:** ਪੰਜਾਬ ਕਲਾ ਪ੍ਰੀਸ਼ਦ ਵੱਲੋਂ ਉਘੇ ਪੰਜਾਬੀ ਸਾਹਿਤਕਾਰ ਜਸਵੰਤ ਸਿੰਘ ਕੰਵਲ ਦੇ ਸ਼ਤਾਬਦੀ ਜਨਮ ਦਿਨ ਦੀ ਪੂਰਵ-ਸੰਧਿਆ ਮੌਕੇ 'ਪੰਜਾਬ ਗੌਰਵ ਪੁਰਸਕਾਰ' ਨਾਲ ਸਨਮਾਨਤ ਕੀਤਾ ਗਿਆ। ਪੰਜਾਬ ਦੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ, ਪ੍ਰੀਸ਼ਦ ਦੇ ਚੇਅਰਪਰਸਨ ਡਾ. ਸੁਰਜੀਤ ਪਾਤਰ ਤੇ ਸਕੱਤਰ ਜਨਰਲ ਡਾ. ਲਖਵਿੰਦਰ ਜੌਹਲ ਨੇ ਕੰਵਲ ਦੇ ਜੱਦੀ ਪਿੰਡ ਢੁੱਡੀਕੇ (ਮੋਗਾ) 'ਚ ਉਨ੍ਹਾਂ ਦੇ ਘਰ ਪਹੁੰਚ ਕੇ ਇਹ ਸਨਮਾਨ ਦਿੱਤਾ।

ਡਾ. ਪਾਤਰ ਨੇ ਕਿਹਾ ਕਿ ਪੰਜਾਬੀ ਸਾਹਿਤ ਜਗਤ ਲਈ ਇਹ ਖੁਸ਼ੀ ਦਾ ਮੌਕਾ ਹੈ ਜਦੋਂ ਪੰਜਾਬੀ ਦੇ ਚੋਟੀ ਦੇ ਸਾਹਿਤਕਾਰ ਜਸਵੰਤ ਕੰਵਲ ਦੇ 100ਵੇਂ ਜਨਮ ਦਿਨ ਨੂੰ ਮਨਾਉਣ ਦਾ ਮੌਕਾ ਮਿਲਿਆ ਹੈ। ਮੋਗਾ ਜ਼ਿਲ੍ਹੇ ਦੇ ਪਿੰਡ ਢੁੱਡੀਕੇ ਵਿਚ 27 ਜੂਨ 1919 ਨੂੰ ਸ. ਮਾਹਲਾ ਸਿੰਘ ਦੇ ਘਰ ਜਨਮ ਲੈਣ ਵਾਲੇ ਜਸਵੰਤ ਸਿੰਘ ਕੰਵਲ ਲਗਪਗ 90 ਕਿਤਾਬਾਂ ਲਿਖ ਚੁੱਕੇ ਹਨ। 1997 ਵਿਚ 'ਤੌਸ਼ਾਲੀ ਦੀ ਹੰਸੋ' ਨਾਵਲ ਉੱਤੇ ਭਾਰਤੀ ਸਹਿਤ ਅਕਾਦਮੀ ਦਾ ਪੁਰਸਕਾਰ ਹਾਸਲ ਕਰਨ ਤੋਂ ਬਿਨਾਂ ਸਾਹਿਤ ਰਤਨ, ਸ਼੍ਰੋਮਣੀ ਸਾਹਿਤਕਾਰ, ਸਰਵਸ੍ਰੇਸ਼ਟ ਸਹਿਤਕਾਰ ਅਤੇ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਵਰਗੇ ਅਨੇਕਾਂ ਪੁਰਸਕਾਰਾਂ ਨਾਲ ਉਨ੍ਹਾਂ ਦਾ ਸਨਮਾਨ ਕੀਤਾ ਜਾ ਚੁੱਕਾ ਹੈ। 'ਸੱਚ ਨੂੰ ਫਾਸੀ', 'ਰਾਤ ਬਾਕੀ ਹੈ', 'ਪੂਰਨਮਾਸ਼ੀ', 'ਲਹੂ ਦੀ ਲੋਅ' ਅਤੇ 'ਐਨਿਆ 'ਚੋਂ ਉਠੋ ਸੂਰਮਾ' ਉਨ੍ਹਾਂ ਦੇ ਚਰਚਿਤ ਨਾਵਲ ਹਨ।

# ਨਮਕੀਨ ਦੇ ਪੈਕਟ 'ਤੇ ਹਰਿਮੰਦਰ ਸਾਹਿਬ ਦੀ ਤਸਵੀਰ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਖਾਣ ਪੀਣ ਵਾਲੀਆਂ ਵਸਤਾਂ ਤਿਆਰ ਕਰਨ ਵਾਲੀ ਨਾਮੀ ਕੰਪਨੀ ਵੱਲੋਂ ਆਪਣੇ ਨਮਕੀਨ ਦੇ ਪੈਕਟ ਉਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਬਣਾਉਣ ਦਾ ਸ਼੍ਰੋਮਣੀ ਕਮੇਟੀ ਨੇ ਸਖਤ ਨੋਟਿਸ ਲਿਆ ਅਤੇ ਇਸ ਸਬੰਧੀ ਕੰਪਨੀ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਸਿੱਖ ਸੰਗਤ ਨੂੰ ਅਪੀਲ ਕੀਤੀ ਗਈ ਹੈ ਕਿ ਹਰਿਮੰਦਰ ਸਾਹਿਬ ਦੀ ਤਸਵੀਰ ਵਾਲਾ ਇਹ ਪੈਕਟ ਨਾ ਖਰੀਦ ਕੇ ਇਸ ਦਾ ਵਿਰੋਧ ਕੀਤਾ ਜਾਵੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਹਲਦੀਰਾਮ ਨਾਂ ਦੀ ਕੰਪਨੀ ਵੱਲੋਂ ਆਪਣੇ ਇਕ ਨਮਕੀਨ ਦੇ ਪੈਕਟ 'ਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਛਾਪੀ ਗਈ ਹੈ। ਇਹ ਮਾਮਲਾ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ। ਸੋਸ਼ਲ ਮੀਡੀਆ ਉਤੇ ਪੈਕਟ ਦੀ ਤਸਵੀਰ ਵਾਇਰਲ ਹੋਈ ਹੈ, ਜਿਸ ਉਪਰ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਛਾਪੀ ਹੋਈ ਹੈ। ਹੇਠਾਂ ਕੰਪਨੀ ਦਾ ਨਾਂ ਅਤੇ ਪਤਾ ਆਦਿ ਲਿਖਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧੀ ਸਿੱਖ ਸੰਗਤ ਨੇ ਸਖਤ ਇਤਰਾਜ਼ ਜਤਾਇਆ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਇਸ ਕੰਪਨੀ ਨੂੰ ਕਾਨੂੰਨੀ ਨੋਟਿਸ ਵੀ ਭੇਜਿਆ ਹੈ।

ਉਨ੍ਹਾਂ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਿੱਖ ਕੌਮ ਹੀ ਨਹੀਂ ਸਗੋਂ ਸਮੁੱਚੀ ਮਨੁੱਖਤਾ ਦਾ ਸਾਂਝਾ ਧਾਰਮਿਕ ਅਸਥਾਨ ਹੈ, ਜਿਥੇ ਹਰ ਵਰਗ ਦੇ ਲੋਕ ਨਤਮਸਤਕ ਹੁੰਦੇ ਹਨ। ਸਿੱਖ ਕੌਮ ਲਈ ਇਹ ਕੇਂਦਰੀ ਧਾਰਮਿਕ ਅਸਥਾਨ ਹੈ। ਇਸ ਲਈ ਇਸ ਦੀ ਪਵਿੱਤਰਤਾ ਅਤੇ ਸਤਿਕਾਰ ਨੂੰ ਢਾਹ ਲਾਉਣ ਵਾਲੀ ਕੋਈ ਵੀ ਕਾਰਵਾਈ ਬਰਦਾਸ਼ਤਯੋਗ ਨਹੀਂ ਹੈ। ਉਨ੍ਹਾਂ ਕੰਪਨੀ ਦੀ ਇਸ ਕਾਰਵਾਈ ਨੂੰ ਗਲਤ ਕਰਾਰ ਦਿੱਤਾ ਅਤੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਮਾਹਿਰਾਂ ਰਾਹੀਂ ਕੰਪਨੀ ਨੂੰ ਕਾਨੂੰਨੀ ਨੋਟਿਸ ਵੀ ਭੇਜਿਆ ਹੈ। ਉਨ੍ਹਾਂ ਸਿੱਖ ਸੰਗਤ ਨੂੰ ਵੀ ਅਪੀਲ ਕੀਤੀ ਹੈ ਕਿ ਇਸ ਕੰਪਨੀ ਦੇ ਹਰਿਮੰਦਰ ਸਾਹਿਬ ਦੀ ਤਸਵੀਰ ਵਾਲੇ ਨਮਕੀਨ ਦੇ ਪੈਕਟ ਨੂੰ ਰੋਸ ਵਜੋਂ ਨਾ ਖਰੀਦਿਆ ਜਾਵੇ।

# ਅਮਰੀਕਾ ਦੀ 'ਜ਼ੀਰੋ ਟੌਲਰੈਂਸ ਪਾਲਿਸੀ' ਨੇ ਪੰਜਾਬੀ ਘੇਰੇ

*(ਸਫਾ ਇਕ ਦੀ ਬਾਕੀ)*

ਪੰਜਾਬੀ ਐਸੋਸੀਏਸ਼ਨ (ਨਾਪਾ) ਦਾ ਦਾਅਵਾ ਹੈ ਕਿ ਹਜ਼ਾਰਾਂ ਭਾਰਤੀ ਜਿਨ੍ਹਾਂ ਵਿਚੋਂ ਬਹੁਤੇ ਪੰਜਾਬ ਨਾਲ ਸਬੰਧਤ ਅਮਰੀਕਾ ਦੀਆਂ ਜੇਲ੍ਹਾਂ ਵਿਚ ਸੜ ਰਹੇ ਹਨ। 'ਨਾਪਾ' ਵੱਲੋਂ 2013, 2014 ਅਤੇ 2015 ਦੇ ਤਿੰਨ ਸਾਲਾਂ ਵਿਚਕਾਰ ਫਰੀਡਮ ਇਨਫਰਮੇਸ਼ਨ ਐਕਟ ਤਹਿਤ ਹਾਸਲ ਕੀਤੀ ਜਾਣਕਾਰੀ ਮੁਤਾਬਕ, 27000 ਤੋਂ ਵੀ ਵੱਧ ਭਾਰਤੀ ਅਮਰੀਕੀ ਸਰਹੱਦ 'ਤੇ ਫੜੇ ਗਏ ਜਿਨ੍ਹਾਂ ਵਿਚੋਂ 4000 ਔਰਤਾਂ ਅਤੇ 350 ਬੱਚੇ ਹਨ। 2015 ਵਿਚ ਇਨਫਰਮੇਸ਼ਨ ਐਕਟ ਤਹਿਤ ਮਿਲੀ ਜਾਣਕਾਰੀ ਮੁਤਾਬਕ 900 ਤੋਂ ਵੀ ਵੱਧ ਭਾਰਤੀ ਅਮਰੀਕਾ ਵਿਚ ਗੈਰਕਾਨੂੰਨੀ ਤੌਰ ਉਤੇ ਠਹਿਰਨ ਦੇ ਦੋਸ਼ਾਂ ਤਹਿਤ ਕੇਂਦਰੀ ਜੇਲ੍ਹਾਂ ਵਿਚ ਬੰਦ ਹਨ।

# ਟਰੰਪ ਦੀਆਂ ਸਫਰ ਬੰਦਿਸ਼ਾਂ ਨੂੰ ਸੁਪਰੀਮ ਕੋਰਟ ਦੀ ਹਰੀ ਝੰਡੀ

**ਵਾਸ਼ਿੰਗਟਨ:** ਵੱਖ-ਵੱਖ ਮੁਸਲਿਮ ਮੁਲਕਾਂ ਦੇ ਬਾਸ਼ਿੰਦਿਆਂ ਦੇ ਅਮਰੀਕਾ ਵਿਚ ਦਾਖਲੇ ਉਤੇ ਅਮਰੀਕੀ ਸਦਰ ਡੋਨਲਡ ਟਰੰਪ ਵੱਲੋਂ ਲਾਈ ਵਿਵਾਦਗ੍ਰਸਤ ਪਾਬੰਦੀ ਨੂੰ ਅਮਰੀਕੀ ਸੁਪਰੀਮ ਕੋਰਟ ਨੇ ਸਹੀ ਕਰਾਰ ਦੇ ਦਿੱਤਾ ਹੈ। ਸੁਪਰੀਮ ਕੋਰਟ ਨੇ ਇਹ ਫੈਸਲਾ 5-4 ਦੇ ਬਹੁਮਤ ਨਾਲ ਸੁਣਾਇਆ, ਜਿਸ ਨੂੰ ਟਰੰਪ ਨੇ ਆਪਣੀ ਟਵੀਟ 'ਸ਼ਾਨਦਾਰ' ਫੈਸਲਾ ਕਰਾਰ ਦਿੱਤਾ ਹੈ।

# ਆਨਲਾਈਨ ਰਜਿਸਟਰੀਆਂ ਕਰਨ ਵਾਲਾ ਪਹਿਲਾ ਸੂਬਾ ਬਣਿਆ ਪੰਜਾਬ

**ਚੰਡੀਗੜ੍ਹ:** ਪੰਜਾਬ ਆਨਲਾਈਨ ਰਜਿਸਟਰੀਆਂ ਕਰਨ ਵਾਲਾ ਪਹਿਲਾ ਸੂਬਾ ਬਣ ਗਿਆ ਹੈ। ਕਲਾਊਡ-ਬੇਸਡ ਐਨ.ਜੀ.ਡੀ.ਆਰ.ਐਸ (ਨੈਸ਼ਨਲ ਜੈਨਰਿਕ ਡਾਕੂਮੈਂਟ ਰਜਿਸਟ੍ਰੇਸ਼ਨ ਸਿਸਟਮ) ਪ੍ਰਣਾਲੀ ਰਾਹੀਂ ਹੋਣ ਵਾਲੀਆਂ ਆਨਲਾਈਨ ਰਜਿਸਟਰੀਆਂ ਨਾਲ ਆਮ ਲੋਕਾਂ ਨੂੰ ਖੱਜਲ-ਖੁਆਰੀ ਅਤੇ ਦਫਤਰਾਂ ਦੇ ਵਾਧੂ ਚੱਕਰਾਂ ਤੋਂ ਨਿਜਾਤ ਮਿਲੇਗੀ।

ਮੁੱਖ ਮੰਤਰੀ ਨੇ ਆਨਲਾਈਨ ਰਜਿਸਟਰੀਆਂ ਦੇ ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ ਪਿਛਲੇ ਸਾਲ ਨਵੰਬਰ ਮਹੀਨੇ ਮੋਗਾ ਅਤੇ ਆਦਮਪੁਰ ਤੋਂ ਕੀਤੀ ਸੀ ਅਤੇ ਅੱਠ ਮਹੀਨਿਆਂ ਦੇ ਸਮੇਂ ਵਿਚ ਇਸ ਪ੍ਰੋਜੈਕਟ ਨੂੰ 21 ਜ਼ਿਲ੍ਹਿਆਂ ਦੇ 162 ਸਬ-ਰਜਿਸਟਰਾਰ ਦਫ਼ਤਰਾਂ ਵਿਚ ਲਾਗੂ ਕੀਤਾ ਜਾ ਚੁੱਕਾ ਹੈ। ਮਾਲ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਨੇ ਕਿਹਾ ਕਿ ਕਾਗਜ਼ ਮੁਕਤ ਅਤੇ ਲੋਕ ਪੱਖੀ ਇਸ ਪ੍ਰੋਜੈਕਟ ਨਾਲ ਪਾਰਦਰਸ਼ਤਾ ਆਈ ਹੈ। ਉਨ੍ਹਾਂ ਦੱਸਿਆ ਕਿ ਜਾਇਦਾਦ ਦੀ ਰਜਿਸਟਰੀ ਲਈ ਸਮਾਂ ਲੈਣ ਦੀ 'ਤਤਕਾਲ' ਸੁਵਿਧਾ ਵੀ ਜਲਦ ਸ਼ੁਰੂ ਕੀਤੀ ਜਾਵੇਗੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਪਰਵਾਸੀਆਂ ਖਿਲਾਫ ਸ਼ਿਕੰਜਾ ਕੱਸਣ ਦੇ ਰਾਹ ਪਏ ਵਿਕਾਸਸ਼ੀਲ ਦੇਸ਼

**ਚੰਡੀਗੜ੍ਹ:** ਵਿਕਾਸਸ਼ੀਲ ਮੁਲਕ ਹੁਣ ਪਰਵਾਸੀਆਂ ਵਿਰੁੱਧ ਸ਼ਿਕੰਜਾ ਕੱਸਣ ਵਿਚ ਜੁਟੇ ਹੋਏ ਹਨ। ਨਿਊਜ਼ੀਲੈਂਡ, ਅਮਰੀਕਾ, ਬ੍ਰਿਟੇਨ, ਕੈਨੇਡਾ ਤੇ ਆਸਟਰੇਲੀਆ ਅਜਿਹੇ ਮੁਲਕ ਹਨ ਜਿਥੋਂ ਦੀਆਂ ਸਰਕਾਰ ਲਗਾਤਾਰ ਅਜਿਹੀਆਂ ਨੀਤੀਆਂ ਬਣਾ ਰਹੀਆਂ ਹਨ ਜੋ ਵਿਦੇਸ਼ਾਂ ਵਿਚ ਜਾ ਕੇ ਪੜ੍ਹਨ ਜਾਂ ਕੰਮ ਕਰਨ ਵਾਲੇ ਲੋਕਾਂ ਦੇ ਰੋਹ ਬੰਦ ਕਰ ਰਹੀਆਂ ਹਨ। ਭਾਵੇਂ ਅਜਿਹੀ ਰਣਨੀਤੀ ਸਭ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਨੇ ਬਣਾਈ ਸੀ ਪਰ ਹੁਣ ਹੋਰ ਵਿਕਾਸਸ਼ੀਲ ਦੇਸ਼ ਵੀ ਇਸੇ ਰਾਹ ਤੁਰ ਪਏ ਹਨ।

ਡੋਨਲਡ ਟਰੰਪ ਨੇ ਚੋਣਾਂ ਵਿਚ ਮੁੱਖ ਮੁੱਦਾ ਹੀ ਪਰਵਾਸੀਆਂ ਦਾ ਰਾਹ ਡੱਕਣ ਦਾ ਬਣਾਇਆ ਸੀ। ਇਸ ਦਾ ਮਕਸਦ ਅਮਰੀਕਾ ਦੇ ਬੇਰੁਜ਼ਗਾਰ ਲੋਕਾਂ ਦੀ ਹਮਦਰਦੀ ਹਾਸਲ ਕਰਨਾ ਸੀ। ਜਿਸ ਪਿੱਛੋਂ ਕਈ ਸਖਤ ਨਿਯਮ ਬਣਾਏ ਗਏ। ਅਮਰੀਕਾ ਪਿੱਛੋਂ ਹੋਰ ਵਿਕਾਸਸ਼ੀਲ ਮੁਲਕ ਵੀ ਇਸੇ ਰਾਹ ਤੁਰ ਪਏ ਹਨ। ਅਮਰੀਕਾ ਸਰਕਾਰ ਦੀ ਜ਼ੀਰੋ ਟੌਲਰੈਂਸ ਪਾਲਿਸੀ ਨੇ ਪਰਵਾਸੀਆਂ ਲਈ ਵੱਡੀਆਂ ਮੁਸੀਬਤਾਂ ਖੜ੍ਹੀਆਂ ਕਰ ਦਿੱਤੀਆਂ ਹਨ। ਅਮਰੀਕਾ 'ਚ ਤਿੰਨ ਲੱਖ ਤੋਂ ਵੱਧ ਭਾਰਤੀ ਪੱਕੀ ਰਿਹਾਇਸ਼ ਦਾ ਦਰਜਾ ਹਾਸਲ ਕਰਨ ਦੀ ਉਡੀਕ ਵਿਚ ਹਨ। ਉਚ ਹੁਨਰਮੰਦ ਮਾਹਿਰਾਂ ਵਿਚੋਂ ਤਿੰਨ ਚੌਥਾਈ ਹਿੱਸਾ ਭਾਰਤੀਆਂ ਦਾ ਹੀ ਬਣਦਾ ਹੈ। ਮੌਜੂਦਾ ਕਾਨੂੰਨ ਮੁਤਾਬਕ ਇਕ ਵਿੱਤੀ ਵਰ੍ਹੇ 'ਚ ਕਿਸੇ ਵੀ ਮੁਲਕ ਦੇ ਸੱਤ ਫੀਸਦੀ ਤੋਂ ਵਧ ਨਾਗਰਿਕਾਂ ਨੂੰ ਗਰੀਨ ਕਾਰਡ ਨਹੀਂ ਦਿੱਤਾ ਜਾ ਸਕਦਾ।

ਕੈਨੇਡਾ ਵੀ ਅਮਰੀਕਾ ਦੇ ਰਾਹ ਤੁਰਿਆ ਹੋਇਆ ਹੈ। ਕੈਨੇਡਾ ਦੇ ਐਲਬਰਟਾ ਸੂਬੇ ਨੇ ਇਮੀਗ੍ਰੈਂਟ ਨੌਮਿਨੀ ਪ੍ਰੋਗਰਾਮ (ਏ. ਆਈ. ਐਨ. ਪੀ.) ਵਿਚ ਤਬਦੀਲੀ ਕਰ ਕੇ ਇਸ ਨੂੰ ਅਮਰੀਕਾ ਦੀ ਤਰਜ਼ ਉਤੇ 'ਐਲਬਰਟਾ ਫਰਸਟ' ਵਾਂਗ ਬਣਾ




ਦਿੱਤਾ ਹੈ। ਇਸ ਦੀ ਵੱਡੀ ਮਾਰ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਉਤੇ ਪਵੇਗੀ, ਜੋ ਕਿਸੇ ਹੋਰ ਸੂਬੇ ਤੋਂ ਪੜ੍ਹੇ ਹੋਣ ਜਾਂ ਕੰਮ ਕੀਤਾ ਹੋਵੇ ਤੇ ਐਲਬਰਟਾ 'ਚ ਪੀਆਰ ਹਾਸਲ ਕਰਨਾ ਚਾਹੁੰਦੇ ਹੋਣ। ਜਿਨ੍ਹਾਂ ਵਿਦਿਆਰਥੀਆਂ ਕੋਲ ਪੋਸਟ ਗ੍ਰੈਜੂਏਟ ਵਰਕ ਪਰਮਿਟ (ਪੀਜੀਡਬਲਿਊਪੀ) ਹੋਵੇਗਾ, ਉਨ੍ਹਾਂ ਨੂੰ ਘੱਟੋ-ਘੱਟ 6 ਮਹੀਨਿਆਂ ਤੱਕ ਐਲਬਰਟਾ ਵਿਚ ਕਿਸੇ ਕੋਲ ਕੰਮ ਕਰਨ ਦਾ ਤਜਰਬਾ ਹੋਣਾ ਲਾਜ਼ਮੀ ਕਰ ਦਿੱਤਾ ਗਿਆ ਹੈ।

ਇਹ ਰੁਜ਼ਗਾਰ ਵੀ ਵਿਦਿਆਰਥੀ ਦੀ ਪੜ੍ਹਾਈ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਹੈ। ਜਿਵੇਂ ਕਿ ਕਿਸੇ ਵਿਦਿਆਰਥੀ ਨੇ ਬਿਜ਼ਨੈੱਸ ਐਡਮਿਨਿਸਟ੍ਰੇਸ਼ਨ ਦੀ ਪੜ੍ਹਾਈ ਕੀਤੀ ਹੈ ਪਰ ਕੰਮ ਕਿਸੇ ਰਿਟੇਲ ਸਟੋਰ ਜਾਂ ਰੈਸਟੋਰੈਂਟ ਵਿਚ ਸੁਪਰਵਾਈਜ਼ਰ ਵਜੋਂ ਕੀਤਾ ਹੈ, ਉਹ ਪੀਆਰ ਲਈ ਯੋਗ ਨਹੀਂ ਮੰਨੇ ਜਾਣਗੇ। ਕਾਰਨ ਇਹ ਕਿ ਉਨ੍ਹਾਂ ਦਾ ਕੰਮ ਉਨ੍ਹਾਂ ਦੀ ਪੜ੍ਹਾਈ ਨਾਲ ਮੇਲ ਨਹੀਂ ਖਾਂਦਾ।

ਇਸ ਸਮੇਂ ਆਸਟਰੇਲੀਆ ਸਰਕਾਰ ਪੱਕੀ ਨਾਗਰਿਕਤਾ ਲੈਣ ਵਾਲੇ ਹਰ ਵਿਅਕਤੀ ਉਤੇ ਅੰਗਰੇਜ਼ੀ ਦਾ ਇਮਤਿਹਾਨ ਪਾਸ ਕਰਨ ਦੀ ਸ਼ਰਤ ਲਾਉਣ 'ਤੇ ਵਿਚਾਰ ਕਰ ਰਹੀ ਹੈ। ਸਰਕਾਰ ਮੁਤਾਬਕ ਆਸਟਰੇਲੀਆ ਆਉਣ ਵਾਲੇ ਵਿਅਕਤੀਆਂ 'ਤੇ ਹਰ ਸਾਲ ਤਕਰੀਬਨ 300 ਮਿਲੀਅਨ ਡਾਲਰ ਮੁਫਤ ਅੰਗਰੇਜ਼ੀ ਸਿੱਖਿਆ ਉਤੇ ਖਰਚੇ ਜਾ ਰਹੇ ਹਨ, ਪਰ ਇਹ ਸਿੱਖਿਆ ਲੈਣ ਵਾਲਿਆਂ ਦੀ ਗਿਣਤੀ ਪੂਰੀ ਨਹੀਂ ਹੋਈ। ਜ਼ਿਕਰਯੋਗ ਹੈ ਕਿ ਹੁਣ ਤੱਕ ਹੁਨਰਮੰਦ ਆਵਾਸੀਆਂ ਤੇ ਵਿਦਿਆਰਥੀ ਵੀਜ਼ਿਆਂ ਦੇ ਮੁੱਖ ਵੀਜ਼ਾ ਧਾਰਕਾਂ ਲਈ ਅੰਗਰੇਜ਼ੀ ਵਿਚ ਮੁਹਾਰਤ ਲਾਜ਼ਮੀ ਹੈ, ਪਰ ਇਨ੍ਹਾਂ ਵੀਜ਼ਿਆਂ 'ਤੇ ਨਾਲ ਆ ਰਹੇ ਜੀਵਨ ਸਾਥੀ ਜਾਂ ਪਰਿਵਾਰਕ ਮੈਂਬਰਾਂ 'ਤੇ ਸ਼ਰਤ ਲਾਗੂ ਨਹੀਂ ਹੁੰਦੀ। ਸਰਕਾਰ ਹੁਣ ਸਾਰਿਆਂ ਲਈ ਅੰਗਰੇਜ਼ੀ ਲਾਜ਼ਮੀ ਕਰਨ ਦਾ ਪ੍ਰੋਗਰਾਮ ਤਿਆਰ ਕਰ ਰਹੀ ਹੈ।

ਬ੍ਰਿਟੇਨ ਦੀਆਂ ਯੂਨੀਵਰਸਿਟੀਆਂ 'ਚ ਵੀਜ਼ਾ ਅਰਜ਼ੀ ਪ੍ਰਕਿਰਿਆ ਨੂੰ ਸੌਖਾ ਬਣਾਉਣ ਲਈ ਬਣਾਈ ਨਵੀਂ ਸੂਚੀ ਵਿਚੋਂ ਭਾਰਤੀ ਵਿਦਿਆਰਥੀਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਸਰਕਾਰ ਦੇ ਇਸ ਫੈਸਲੇ ਨਾਲ ਭਾਰਤੀ ਵਿਦਿਆਰਥੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਏਗਾ। ਬ੍ਰਿਟੇਨ ਦੇ ਗ੍ਰਹਿ ਮੰਤਰਾਲੇ ਨੇ ਕਰੀਬੀ 25 ਮੁਲਕਾਂ ਦੇ ਵਿਦਿਆਰਥੀਆਂ ਲਈ ਟਿਅਰ-4 ਵੀਜ਼ਾ ਵਰਗ 'ਚ ਢਿੱਲ ਦਾ ਐਲਾਨ ਕੀਤਾ ਹੈ। ਇਸ ਸੂਚੀ 'ਚ ਅਮਰੀਕਾ, ਕੈਨੇਡਾ ਤੇ ਨਿਊਜ਼ੀਲੈਂਡ ਵਰਗੇ ਮੁਲਕ ਪਹਿਲਾਂ ਤੋਂ ਹੀ ਸ਼ਾਮਲ ਸਨ। ਹੁਣ ਚੀਨ, ਬਹਿਰੀਨ ਤੇ ਸਰਬੀਆ ਨੂੰ ਇਸ 'ਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਮੁਲਕਾਂ ਦੇ ਵਿਦਿਆਰਥੀਆਂ ਨੂੰ ਬ੍ਰਿਟੇਨ ਦੀਆਂ ਯੂਨੀਵਰਸਿਟੀਆਂ 'ਚ ਦਾਖਲੇ ਲਈ ਸਿੱਖਿਆ, ਵਿੱਤ ਤੇ ਅੰਗਰੇਜ਼ੀ ਭਾਸ਼ਾ ਜਿਹੇ ਮਾਪਦੰਡਾਂ 'ਚੋਂ ਲੰਘਣਾ ਪਏਗਾ।

## ਯੋਗ ਲੋਕ ਹੀ ਅਮਰੀਕਾ ਆਉਣ: ਟਰੰਪ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕਾ ਦੀਆਂ ਕੌਮੀ ਸਰਹੱਦਾਂ ਦੀ ਸੁਰੱਖਿਆ ਕਰਨ ਤੇ ਅਮਰੀਕਾ ਵਿਚ ਹੋ ਰਹੇ ਨਾਜਾਇਜ਼ ਦਾਖਲੇ ਰੋਕਣ ਦਾ ਅਹਿਦ ਲੈਂਦਿਆਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਅਮਰੀਕਾ ਵਿਚ ਲੋਕ ਸਿਰਫ ਮੈਰਿਟ ਦੇ ਆਧਾਰ 'ਤੇ ਹੀ ਦਾਖਲ ਹੋਣ। ਟਰੰਪ ਨੇ ਸਖਤ ਆਲੋਚਨਾਵਾਂ ਵਿਚਾਲੇ ਇਸ ਹਫਤੇ ਦੇ ਸ਼ੁਰੂਆਤ ਵਿਚ ਪਰਵਾਸੀ ਪਰਿਵਾਰਾਂ ਨੂੰ ਬੱਚਿਆਂ ਤੋਂ ਵੱਖ ਕਰਨ ਦੀ ਵਿਵਾਦਤ ਨੀਤੀ ਵਾਪਸ ਲੈ ਲਈ ਸੀ। ਟਰੰਪ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਅਮਰੀਕਾ ਵਿਚ ਸਿਰਫ ਉਹੀ ਲੋਕ ਆਉਣ ਜੋ ਯੋਗ ਹੋਣ ਨਾ ਕਿ ਅਜਿਹੇ ਲੋਕ ਜਿਨ੍ਹਾਂ ਨੂੰ ਹੋਰ ਲੋਕ ਕੂੜੇ ਦੇ ਡੱਬੇ 'ਚ ਪਾ ਦਿੰਦੇ ਹਨ।

# ਟਰੰਪ ਨੇ ਪਰਵਾਸੀਆਂ ਬਾਰੇ ਪਲਟਿਆ ਫੈਸਲਾ

**ਨਿਊ ਯਾਰਕ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੀ ਵਿਵਾਦਗ੍ਰਸਤ ਇਮੀਗ੍ਰੇਸ਼ਨ ਨੀਤੀ ਤਹਿਤ ਮਾਪਿਆਂ ਨੂੰ ਬੱਚਿਆਂ ਤੋਂ ਵੱਖ ਕਰਨ ਦਾ ਫੈਸਲਾ ਵਾਪਸ ਲੈ ਲਿਆ। ਇਹ ਪਹਿਲੀ ਵਾਰ ਹੈ ਜਦੋਂ ਟਰੰਪ ਆਪਣੇ ਕਿਸੇ ਫੈਸਲੇ ਤੋਂ ਪਿੱਛੇ ਹਟਿਆ ਹੈ। ਟਰੰਪ ਵੱਲੋਂ ਆਪਣੇ ਫੈਸਲੇ ਤੋਂ ਪਿੱਛੇ ਹਟਣ ਦੀ ਵੱਡੇ ਪੱਧਰ ਉਤੇ ਚਰਚਾ ਹੋ ਰਹੀ ਹੈ। ਇਹ ਵੀ ਚਰਚਾ ਹੈ ਕਿ ਟਰੰਪ ਆਪਣੀ ਧੀ ਅਤੇ ਪਤਨੀ ਵੱਲੋਂ ਪਾਏ ਦਬਾਅ ਕਾਰਨ ਫੈਸਲੇ ਤੋਂ ਪਿੱਛੇ ਹਟਿਆ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਅਮਰੀਕਾ-ਮੈਕਸਿਕੋ ਸਰਹੱਦ ਉੱਤੇ ਪਰਵਾਸੀਆਂ ਦੇ ਪਰਿਵਾਰਾਂ ਵਿਰੁੱਧ ਕਾਰਵਾਈ ਦੌਰਾਨ ਬੱਚਿਆਂ ਨੂੰ ਪਿੰਜਰਿਆਂ ਵਿਚ ਪਾਉਣ ਦੀਆਂ ਤਸਵੀਰਾਂ ਤੇ ਉਨ੍ਹਾਂ ਦੇ ਰੋਣ ਦੀਆਂ ਆਵਾਜ਼ਾਂ ਦੀਆਂ ਆਡੀਓਜ਼ ਸਾਹਮਣੇ ਆਉਣ ਪਿੱਛੋਂ ਵਿਸ਼ਵ ਭਰ ਵਿਚ ਅਮਰੀਕੀ ਇਮੀਗ੍ਰੇਸ਼ਨ ਨੀਤੀ ਦਾ ਵਿਰੋਧ ਹੋਣ ਲੱਗਾ ਸੀ, ਜਿਸ ਪਿੱਛੋਂ ਟਰੰਪ ਨੇ ਫੈਸਲਾ ਵਾਪਸ ਲੈਣ ਵਿਚ ਹੀ ਭਲਾਈ ਸਮਝੀ।

ਅਮਰੀਕੀ ਮੀਡੀਆ ਦਾ ਕਹਿਣਾ ਹੈ ਕਿ ਇਹ ਪਹਿਲੀ ਵਾਰ ਹੈ ਜਦੋਂ ਟਰੰਪ ਆਪਣੇ ਕਿਸੇ ਫੈਸਲੇ ਤੋਂ ਪਿੱਛੇ ਹਟਿਆ ਹੈ। ਦੱਸ ਦਈਏ ਕਿ ਫੈਸਲਾ ਪਲਟਣ ਤੋਂ ਇਕ ਦਿਨ ਪਹਿਲਾਂ ਟਰੰਪ ਦੇ ਦਾਅਵਾ ਕੀਤਾ ਸੀ ਕਿ ਪਰਵਾਸੀ ਲੋਕ ਹਤਿਆਰੇ ਜਾਂ ਚੋਰ ਵੀ ਹੋ ਸਕਦੇ ਹਨ। ਪਰ ਇਸ ਨੀਤੀ ਦਾ ਪੂਰੇ ਦੇਸ਼ ਵਿਚ ਵਿਰੋਧ ਸ਼ੁਰੂ ਹੋ ਗਿਆ। ਇਥੋਂ ਤੱਕ ਕੀ ਟਰੰਪ ਦੀ ਧੀ ਤੇ ਪਤਨੀ ਵੀ ਇਸ ਦੇ ਵਿਰੋਧ ਵਿਚ ਖੜ੍ਹ ਗਈਆਂ। ਟਰੰਪ ਦੀ ਪਤਨੀ ਨੇ ਤਾਂ ਇਥੋਂ ਤੱਕ ਆਖ ਦਿੱਤਾ ਸੀ ਕਿ ਇਸ ਨਾਲ ਨਫਰਤ ਹੀ ਫੈਲੇਗੀ।

ਟਰੰਪ ਦੀ ਪਾਰਟੀ ਦੇ ਕਈ ਸੰਸਦ ਮੈਂਬਰਾਂ ਨੇ ਵੀ ਇਸ ਨੀਤੀ ਦਾ ਵਿਰੋਧ ਕੀਤਾ ਸੀ। ਭਾਰਤੀ ਮੂਲ ਦੀ ਅਮਰੀਕੀ ਸੰਸਦ ਮੈਂਬਰ ਅਤੇ ਮਨੁੱਖੀ ਅਧਿਕਾਰਾਂ ਦੀ ਕਾਰਕੁਨ ਪ੍ਰੋਮਿਲਾ ਜੈਪਾਲ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪਾਸ ਕੀਤੇ ਨਵੇਂ ਪ੍ਰਸ਼ਾਸਕੀ ਹੁਕਮਾਂ ਦੀ ਨਿਖੇਧੀ ਕੀਤੀ ਸੀ। ਇੰਨੇ ਵਿਆਪਕ ਵਿਰੋਧ ਪਿੱਛੋਂ ਵਾਈਟ ਹਾਊਸ ਵਿਚ ਪ੍ਰਸ਼ਾਸਕੀ ਹੁਕਮਾਂ ਉਤੇ ਸਹੀ ਪਾਉਂਦਿਆਂ ਰਾਸ਼ਟਰਪਤੀ ਨੇ ਆਖ ਦਿੱਤਾ ਕਿ ਪਰਿਵਾਰਾਂ ਨੂੰ ਵੱਖ ਹੁੰਦੇ ਦੇਖਣਾ ਉਨ੍ਹਾਂ ਨੂੰ ਪਸੰਦ ਨਹੀਂ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਰਹੱਦ ਪਾਰ ਕਰਦਾ ਜੇ ਕੋਈ ਫੜਿਆ ਜਾਂਦਾ ਹੈ ਤਾਂ ਉਸ ਦੇ ਵਿਰੁੱਧ ਫੌਜਦਾਰੀ ਕਾਰਵਾਈ ਹੋਵੇਗੀ ਅਤੇ ਸਰਹੱਦ ਪਾਰ ਤੋਂ ਪਰਵਾਸੀਆਂ ਦੀ ਗੈਰਕਾਨੂੰਨੀ ਆਮਦ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਦੱਸ ਦਈਏ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਅਪਣਾਈ ਪਰਵਾਸ ਨੀਤੀ ਤਹਿਤ ਅਧਿਕਾਰੀਆਂ ਵੱਲੋਂ ਸਰਹੱਦ ਪਾਰ ਤੋਂ ਆਏ ਪਰਵਾਸੀਆਂ ਨਾਲੋਂ ਉਨ੍ਹਾਂ ਦੇ ਬੱਚੇ ਵੱਖ ਕਰ ਦਿੱਤੇ ਗਏ ਸਨ। ਇਸ ਤੋਂ ਵਿਸ਼ਵ ਭਰ ਵਿਚ ਰੋਹ ਪੈਦਾ ਹੋ ਗਿਆ ਸੀ। ਪਿਛਲੇ ਕੁਝ ਮਹੀਨਿਆਂ ਵਿਚ ਇਸ ਨੀਤੀ ਤਹਿਤ ਕਰੀਬ 2500 ਬੱਚੇ ਮਾਪਿਆਂ ਨਾਲੋਂ ਵੱਖ ਕੀਤੇ ਜਾ ਚੁੱਕੇ ਹਨ।


## ਜਦੋਂ ਪਰਵਾਸੀ ਬੱਚਿਆਂ ਨੂੰ ਮਿਲਣ ਪਹੁੰਚੀ ਮੇਲਾਨੀਆ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਪਤਨੀ ਮੇਲਾਨੀਆ ਟਰੰਪ ਨੇ ਅਮਰੀਕਾ ਮੈਕਸੀਕੋ ਸਰਹੱਦ 'ਤੇ ਪਰਵਾਸੀ ਬੱਚਿਆਂ ਨਾਲ ਮੁਲਾਕਾਤ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਵਿਚੋਂ ਖਾਸ ਗੱਲ ਜੋ ਇੰਟਰਨੈੱਟ 'ਤੇ ਛਾਈ ਹੋਈ ਹੈ, ਜਦੋਂ ਮੇਲਾਨੀਆ ਪਰਵਾਸੀ ਬੱਚਿਆਂ ਨੂੰ ਮਿਲਣ ਪਹੁੰਚੀ ਤਾਂ ਉਸ ਦੀ ਜੈਕਟ ਉਪਰ 'ਮੈਨੂੰ ਕਿਸੇ ਦੀ ਬਿਲਕੁਲ ਵੀ ਪਰਵਾਹ ਨਹੀਂ ਹੈ, ਕੀ ਤੁਹਾਨੂੰ ਹੈ?' ਲਿਖਿਆ ਹੋਇਆ ਸੀ। ਸਵਾਲ ਇਹ ਉੱਠ ਰਹੇ ਹਨ ਕਿ ਇਹ ਜੈਕਟ ਸੋਚ ਸਮਝ ਕੇ ਪਾਈ ਹੋਈ ਸੀ ਜਾਂ ਫਿਰ ਇਹ ਪ੍ਰਮੁੱਖ ਔਰਤ ਵੱਲੋਂ ਲੁਕਿਆ ਹੋਇਆ ਕੋਈ ਸੁਨੇਹਾ ਸੀ। ਉਨ੍ਹਾਂ ਦੀ ਇਹ ਤਸਵੀਰ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਟੇਕਸਾਸ ਪਹੁੰਚਣ ਤੋਂ ਬਾਅਦ ਮੇਲਾਨੀਆ ਨੇ ਉਸ ਜੈਕਟ ਦੀ ਜਗ੍ਹਾ ਦੂਜੀ ਜੈਕਟ ਪਾ ਲਈ ਸੀ।



# ਕੈਨੇਡਾ 'ਚ ਪੰਜਾਬੀ ਵਿਦਿਆਰਥੀਆਂ ਦੀ ਲੜਾਈ ਵਾਲੇ ਮਾਮਲੇ 'ਚ ਨਵਾਂ ਮੋੜ

**ਬਰੈਂਪਟਨ:** ਬੀਤੇ ਦਿਨੀਂ ਪੰਜਾਬੀ ਵਿਦਿਆਰਥੀਆਂ ਦੀ ਸਥਾਨਕ ਲੋਕਾਂ ਨਾਲ ਹੋਈ ਖੂਨੀ ਝੜਪ ਤੋਂ ਬਾਅਦ ਇਕ ਕੁੜੀ ਦੀ ਵੀਡੀਓ ਨੇ ਮਾਮਲੇ 'ਚ ਨਵਾਂ ਮੋੜ ਲਿਆਂਦਾ ਹੈ। ਵੀਡੀਓ ਵਿਚਲੀ ਕੁੜੀ ਖੁਦ ਨੂੰ ਮੁੱਖ ਮੁਲਜ਼ਮ ਦੀ ਦੋਸਤ ਹੋਣ ਦਾ ਦਾਅਵਾ ਕਰ ਰਹੀ ਹੈ। ਉਸ ਕੁੜੀ ਨੇ ਦੱਸਿਆ ਕਿ ਉਹ ਆਪਣੀ ਸਹੇਲੀਆਂ ਨਾਲ ਰਹਿਣ ਪਵੇਗਾ। ਉਸ ਨੇ ਇਹ ਵੀ ਦੱਸਿਆ ਕਿ ਜਦ ਜਸਕਰਨ ਦੇ ਇਸ ਵਤੀਰੇ ਬਾਰੇ ਉਸ ਨੇ ਰਣਕੀਰਤ ਨੂੰ ਦੱਸਿਆ ਤਾਂ ਉਨ੍ਹਾਂ ਦੋਵਾਂ ਦੀ ਫੋਨ 'ਤੇ ਕਾਫੀ ਬਹਿਸ ਹੋ ਗਈ। ਕੁੜੀ ਨੇ ਦੱਸਿਆ ਕਿ ਏਜੰਟ ਨੇ ਉਨ੍ਹਾਂ ਦੀ ਨਵੇਂ ਮਕਾਨ ਵਾਲੇ ਇਕਰਾਰਨਾਮੇ ਨੂੰ ਰੱਦ ਕਰ ਦਿੱਤਾ ਤੇ ਸਾਨੂੰ ਆਪਣੇ ਪੈਸੇ ਵਾਪਸ ਲੈ ਕੇ ਜਾਣ ਲਈ ਤੁਰਤ



ਲਈ ਨਵਾਂ ਘਰ ਲੱਭ ਰਹੀ ਸੀ ਤੇ ਰਣਕੀਰਤ ਉਸ ਦੀ ਮਦਦ ਕਰ ਰਿਹਾ ਸੀ। ਉਸ ਮੁਤਾਬਕ ਰੀਅਲ ਅਸਟੇਟ ਏਜੰਟ ਜਸਕਰਨ ਮਾਂਗਟ ਨੇ ਉਨ੍ਹਾਂ ਨੂੰ ਘਰ ਦਿਵਾ ਦਿੱਤਾ ਤੇ ਕਾਗਜ਼ੀ ਕਾਰਵਾਈ ਪੂਰੀ ਕਰ ਲਈ ਅਤੇ ਉਨ੍ਹਾਂ ਚੈੱਕ ਵੀ ਦੇ ਦਿੱਤਾ।

ਇਕੱਲੀਆਂ ਕੁੜੀਆਂ ਵੇਖ ਏਜੰਟ ਨੇ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਤੇ ਕਿਹਾ ਕਿ ਜੇਕਰ ਉਹ ਉਸ ਦੀ ਗੱਲ ਮੰਨੇਗੀ ਤਾਂ ਉਸ ਨੂੰ ਪਹਿਲੇ ਮਹੀਨੇ ਦਾ ਕਿਰਾਇਆ ਵੀ ਨਹੀਂ ਦੇਣਾ ਮਿਲਣ ਨੂੰ ਕਿਹਾ। ਉਸ ਨੇ ਦੱਸਿਆ ਕਿ ਰਣਕੀਰਤ ਨੂੰ ਏਜੰਟ ਨੇ ਕਈ ਵਾਰ ਉਕਸਾਇਆ ਤੇ ਰਾਤ ਨੂੰ ਘਟਨਾ ਵਾਲੀ ਥਾਂ 'ਤੇ ਮਿਲਣ ਲਈ ਕਿਹਾ।

ਕੁੜੀ ਨੇ ਆਪਣੇ ਪ੍ਰੇਮੀ ਦੇ ਪੱਖ ਵਿਚ ਸਫਾਈ ਦਿੰਦਿਆਂ ਕਿਹਾ ਕਿ ਰਣਕੀਰਤ ਲੜਨਾ ਨਹੀਂ ਸੀ ਚਾਹੁੰਦਾ ਪਰ ਏਜੰਟ ਨੇ ਉਸ ਨੂੰ ਭੜਕਾ ਦਿੱਤਾ ਸੀ। ਉਸ ਨੇ ਸੋਸ਼ਲ ਮੀਡੀਆ 'ਤੇ ਪਾਈ ਆਪਣੀ ਵੀਡੀਓ ਵਿਚ ਇਹ ਵੀ ਕਿਹਾ ਕਿ ਜੇਕਰ ਕਿਸੇ ਦੀ ਧੀ-ਭੈਣ ਨਾਲ ਕੋਈ ਇਸ ਤਰ੍ਹਾਂ ਵਤੀਰਾ ਕਰ ਰਿਹਾ ਹੈ ਤਾਂ ਉਹ ਕੀ ਕਰੇ।

ਕੈਨੇਡਾਈ ਮੀਡੀਆ ਮੁਤਾਬਕ ਚਾਰ ਵਿਦਿਆਰਥੀਆਂ ਉਪਰ ਕਤਲ ਦੀਆਂ ਧਾਰਾਵਾਂ ਦਰਜ ਕੀਤੀਆਂ ਗਈਆਂ ਹਨ। ਮਾਮਲੇ ਵਿਚ ਕੁੱਲ 23 ਨੌਜਵਾਨਾਂ ਨੂੰ ਬਲੈਕਲਿਸਟ ਕੀਤਾ ਗਿਆ ਹੈ, ਇਨ੍ਹਾਂ ਵਿਚੋਂ ਜ਼ਿਆਦਾਤਰ ਵਿਦਿਆਰਥੀ ਹੀ ਹਨ। ਇਹ ਪਹਿਲੀ ਵਾਰ ਨਹੀਂ ਹੈ ਕਿ ਪੰਜਾਬੀ ਵਿਦਿਆਰਥੀ ਲੜਾਈ ਝਗੜੇ ਕਾਰਨ ਵਿਵਾਦਾਂ ਵਿਚ ਆਏ ਹੋਣ। ਇਸ ਖੂਨੀ ਝੜਪ ਨੇ ਇਕ ਵਾਰ ਫਿਰ ਪਰਵਾਸੀ ਪੰਜਾਬੀ ਵਿਦਿਆਰਥੀਆਂ ਨੂੰ ਜਿਥੇ ਸਵਾਲਾਂ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ, ਉਥੇ ਕਿਰਾਏ ਉਤੇ ਮਕਾਨ ਲੈਣ ਸਬੰਧੀ ਬਹੁਤ ਮੁਸ਼ਕਲਾਂ ਆ ਰਹੀਆਂ ਹਨ। ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਪੰਜਾਬੀ ਵਿਦਿਆਰਥੀਆਂ ਨੂੰ ਵੀ ਕਾਫੀ ਭੰਡਿਆ ਜਾ ਰਿਹਾ ਹੈ। ਮੁੱਖ ਮੁਲਜ਼ਮ ਰਣਕੀਰਤ ਸਿੰਘ ਨੂੰ ਖਲਨਾਇਕ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ।

# ਜੈਸਿੰਡਾ ਤੋਂ ਪਹਿਲਾਂ ਭੁੱਟੋ ਨੇ ਵੀ ਦਿੱਤਾ ਸੀ ਪ੍ਰਧਾਨ ਮੰਤਰੀ ਹੁੰਦਿਆਂ ਧੀ ਨੂੰ ਜਨਮ

**ਵੈਲਿੰਗਟਨ:** ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੇ ਅਹੁਦੇ ਉਤੇ ਰਹਿੰਦਿਆਂ ਧੀ ਨੂੰ ਜਨਮ ਦਿੱਤਾ ਹੈ। ਉਹ ਦੁਨੀਆਂ ਦੀ ਦੂਜੀ ਅਜਿਹੀ ਮਹਿਲਾ ਪ੍ਰਧਾਨ ਮੰਤਰੀ ਬਣ ਗਈ ਹੈ ਜਿਸ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਉਤੇ ਰਹਿੰਦੇ ਹੋਏ ਬੱਚੇ ਨੂੰ ਜਨਮ ਦਿੱਤਾ। ਜ਼ਿਕਰਯੋਗ ਹੈ ਕਿ ਤਿੰਨ ਦਹਾਕੇ ਪਹਿਲਾਂ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਨੇ ਵੀ ਅਹੁਦੇ ਉਤੇ ਰਹਿੰਦੇ ਹੋਏ ਧੀ ਨੂੰ ਜਨਮ ਦਿੱਤਾ ਸੀ। ਭੁੱਟੋ ਹੁਣ ਤੱਕ ਇਕੱਲੀ ਅਜਿਹੀ ਪ੍ਰਧਾਨ ਮੰਤਰੀ ਸੀ ਜਿਸ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਉਤੇ ਰਹਿੰਦੇ ਹੋਏ ਬੱਚੀ ਨੂੰ ਜਨਮ ਦਿੱਤਾ ਸੀ। ਹਾਲਾਂਕਿ ਉਦੋਂ ਦੇ ਹਾਲਾਤ ਹੋਣ ਨਾਲੋਂ ਵੱਖਰੇ ਸਨ।

25 ਜਨਵਰੀ 1990 ਨੂੰ ਜਦੋਂ ਭੁੱਟੋ ਨੇ ਬਖਤਾਵਰ ਨੂੰ ਜਨਮ ਦਿੱਤਾ ਸੀ, ਤਾਂ ਉਦੋਂ ਬਹੁਤ ਘੱਟ ਲੋਕ ਜਾਣਦੇ ਸਨ ਕਿ ਉਹ ਗਰਭਵਤੀ ਸੀ। ਉਥੇ ਜੈਸਿੰਡਾ ਆਰਡਨ ਨੇ ਇਸ ਸਾਲ ਜਨਵਰੀ ਵਿਚ ਫੇਸਬੁੱਕ ਉਤੇ ਆਪਣੇ ਗਰਭਵਤੀ ਹੋਣ ਬਾਰੇ ਜਾਣਕਾਰੀ ਦਿੱਤੀ ਸੀ। ਜਦੋਂ ਜੈਸਿੰਡਾ ਨੂੰ ਮਾਂ ਬਣਨ ਲਈ ਵਿਰੋਧੀ ਧਿਰ ਦੇ ਆਗੂ ਵੀ ਵਧਾਈ ਦੇ ਰਹੇ ਹਨ, ਉਥੇ ਭੁੱਟੋ ਉਤੇ ਵਿਰੋਧੀ ਧਿਰ ਦੇ ਆਗੂਆਂ ਨੇ ਲਾਲਚੀ ਹੋਣ ਦਾ ਦੋਸ਼ ਲਾਇਆ ਸੀ। ਭੁੱਟੋ ਮਾਂ ਬਣਨ ਦੇ ਅਗਲੇ ਦਿਨ ਹੀ ਕੰਮ ਉਥੇ ਪਰਤ ਆਈ ਸੀ। ਕਿਉਂਕਿ ਉਸ ਨੂੰ ਸੱਤਾ ਤੋਂ ਬੇਦਖਲ ਹੋਣ ਦਾ ਡਰ ਸੀ। ਦੂਜੇ ਪਾਸੇ ਜੈਸਿੰਡਾ ਆਰਡਨ ਅਗਲੇ ਛੇ ਹਫਤੇ ਛੁੱਟੀ ਉਤੇ ਰਹਿਣਗੇ। 37 ਸਾਲਾ ਜੈਸਿੰਡਾ ਤੇ 40 ਸਾਲਾ ਉਸ ਦੇ ਪਤੀ ਕਲਾਰਕ ਗੇਅਫਰਡ ਦੀ ਇਹ ਪਹਿਲੀ ਔਲਾਦ ਹੈ। ਨਵਜੰਮੀ



ਬੱਚੀ ਦਾ ਵਜ਼ਨ 3.3 ਕਿਲੋਗ੍ਰਾਮ ਹੈ। ਪ੍ਰਧਾਨ ਮੰਤਰੀ ਨੇ ਇੰਸਟਾਗ੍ਰਾਮ 'ਤੇ ਦੱਸਿਆ ਕਿ ਉਸ ਦੀ ਬੱਚੀ ਬਿਲਕੁਲ ਤੰਦਰੁਸਤ ਹੈ।

ਦੱਸ ਦਈਏ ਕਿ ਆਰਡਨ ਨੂੰ ਡਿਲਿਵਰੀ ਲਈ 17 ਜੂਨ ਦੀ ਤਰੀਕ ਦਿੱਤੀ ਗਈ ਸੀ। 37 ਸਾਲਾ ਜੈਸਿੰਡਾ ਪਿਛਲੇ ਸਾਲ ਅਕਤੂਬਰ 'ਚ ਦੇਸ਼ ਦੀ ਪ੍ਰਧਾਨ ਮੰਤਰੀ ਬਣੀ ਸੀ। ਉਨ੍ਹਾਂ ਜਨਵਰੀ ਵਿਚ ਇੰਸਟਾ ਜ਼ਰੀਏ ਹੀ ਆਪਣੇ ਗਰਭਵਤੀ ਹੋਣ ਦੀ ਜਾਣਕਾਰੀ ਦਿੱਤੀ ਸੀ। ਉਨ੍ਹਾਂ ਦੇ ਪਤੀ ਕਲਾਰਕ ਗੇਫੋਰਡ ਨੇ ਆਪਣੀ ਬੇਟੀ ਦੇ ਪਾਲਣ-ਪੋਸ਼ਣ ਲਈ ਆਪਣਾ ਕੰਮ ਛੱਡਣ ਦਾ ਐਲਾਨ ਕੀਤਾ। ਉਨ੍ਹਾਂ ਦੇ ਪਤੀ ਟੀਵੀ ਸ਼ੋਅ ਹੋਸਟ ਕਰਦੇ ਹਨ। ਜਦਕਿ ਹੁਣ ਉਹ ਇਹ ਟੀਵੀ ਸ਼ੋਅ ਛੱਡ ਆਪਣੀ ਬੇਟੀ ਦੀ ਪਰਵਰਿਸ਼ 'ਤੇ ਧਿਆਨ ਦੇਣਗੇ।

# ਗੈਂਗਸਟਰਾਂ ਨੇ ਬੇਅਦਬੀ ਮਾਮਲੇ ਦੇ ਹਵਾਲਾਤੀ ਦੀਆਂ ਲੱਤਾਂ ਤੋੜੀਆਂ

**ਲੁਧਿਆਣਾ:** ਕੇਂਦਰੀ ਜੇਲ੍ਹ ਲੁਧਿਆਣਾ 'ਚ ਬੰਦ ਗੈਂਗਸਟਰਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਲੁਧਿਆਣਾ ਜੇਲ੍ਹ ਵਿਚ ਬੰਦ ਇਕ ਹਵਾਲਾਤੀ ਉਤੇ ਹਮਲਾ ਕਰ ਦਿੱਤਾ। ਗੈਂਗਸਟਰ ਦਵਿੰਦਰ ਬੰਬੀਹਾ ਗਰੁੱਪ ਤੇ ਹੋਰ ਤੇ ਉਸ ਨੇ ਆਪਣੀ ਮਾਂ ਦੀ ਮੌਤ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਸੀ। ਸਿਵਲ ਹਸਪਤਾਲ ਵਿਚ ਜ਼ੇਰੇ ਇਲਾਜ ਜਗਜੀਤ ਸਿੰਘ ਨੇ ਦੱਸਿਆ ਸੀ ਕਿ ਉਸ ਨੂੰ ਬਲਾਚੌਰ ਪੁਲਿਸ ਨੇ ਗ੍ਰਿਫਤਾਰ ਕਰ ਕੇ ਕੇਂਦਰੀ ਜੇਲ੍ਹ ਲੁਧਿਆਣਾ



ਗਰੁੱਪਾਂ ਨਾਲ ਸਬੰਧਤ ਪੰਜ ਕੈਦੀਆਂ ਨੇ ਹਵਾਲਾਤੀ ਜਗਜੀਤ ਸਿੰਘ ਦੀ ਲੋਹੇ ਦੀ ਰਾਡ ਨਾਲ ਕੁੱਟਮਾਰ ਕਰ ਕੇ ਉਸ ਦੀਆਂ ਲੱਤਾਂ-ਬਾਹਾਂ ਦੀਆਂ ਹੱਡੀਆਂ ਤੋੜ ਦਿੱਤੀਆਂ। ਘਟਨਾ ਤੋਂ ਬਾਅਦ ਜਦੋਂ ਬੰਬੀਹਾ ਗਰੁੱਪ ਦੇ ਇਕ ਮੈਂਬਰ ਨੇ ਫੇਸਬੁੱਕ ਉਤੇ ਪੋਸਟ ਪਾ ਕੇ ਇਸ ਦੀ ਜ਼ਿੰਮੇਵਾਰੀ ਲਈ ਤਾਂ ਜੇਲ੍ਹ ਪ੍ਰਸ਼ਾਸਨ 'ਚ ਭਾਜੜਾਂ ਪੈ ਗਈਆਂ। ਲੜਾਈ ਦੇ ਮਾਮਲੇ 'ਚ ਜਾਂਚ ਲਈ ਜੇਲ੍ਹ ਦੀਆਂ ਬੈਰਕਾਂ ਅੰਦਰ ਗਏ ਇਕ ਮੁਲਾਜ਼ਮ ਨੂੰ ਵੀ ਸੱਟਾਂ ਲੱਗੀਆਂ ਹਨ।

ਫੇਸਬੁੱਕ ਪੋਸਟ 'ਚ ਦਾਅਵਾ ਕੀਤਾ ਗਿਆ ਹੈ ਕਿ ਜਗਜੀਤ ਸਿੰਘ ਡੇਰਾ ਸਿਰਸਾ ਦਾ ਪ੍ਰੇਮੀ ਹੈ ਭੇਜਿਆ ਸੀ। ਉਹ ਆਪਣੀ ਬੈਰਕ ਨੰਬਰ 13 'ਚ ਗਿਆ ਤਾਂ ਪਿੱਛੋਂ ਆਏ ਪੰਜ ਹਵਾਲਾਤੀਆਂ ਨੇ ਲੋਹੇ ਦੀ ਰਾਡ ਨਾਲ ਉਸ ਉਤੇ ਹਮਲਾ ਕਰ ਦਿੱਤਾ। ਉਸ ਮੁਤਾਬਕ ਪਹਿਲਾਂ ਵੀ ਉਸ ਨਾਲ ਦੋ ਵਾਰ ਕੁੱਟਮਾਰ ਹੋ ਚੁੱਕੀ ਹੈ। ਹਮਲਾਵਰਾਂ ਵਿਚ ਬਹਿਬਲ ਕਲਾਂ ਵਾਸੀ ਹਰਸਿਮਰਨ ਸਿੰਘ, ਅੰਮ੍ਰਿਤਸਰ ਦਾ ਸਿਮਰਜੀਤ ਸਿੰਘ ਬੱਬਲੂ, ਕਿਲਾ ਰਾਇਪੁਰ ਦਾ ਅਮਨਿੰਦਰ ਸਿੰਘ, ਹੁਸ਼ਿਆਰਪੁਰ ਦਾ ਗੁਰਪ੍ਰੀਤ ਸਿੰਘ ਗੋਪੀ ਤੇ ਲੁਧਿਆਣਾ ਦਾ ਮਨਦੀਪ ਸਿੰਘ ਸ਼ਾਮਲ ਹਨ। ਇਨ੍ਹਾਂ ਸਾਰਿਆਂ 'ਤੇ ਕਤਲਾਂ ਤੇ ਲੁੱਟਾਂ ਖੋਹਾਂ ਦੇ ਕੇਸ ਚੱਲ ਰਹੇ ਹਨ।

# ਕੈਨੇਡਾ ਭੇਜਣ ਦੇ ਨਾਮ 'ਤੇ ਮਾਰੀ 15 ਲੱਖ ਦੀ ਠੱਗੀ

**ਲਹਿਰਾਗਾਗਾ:** ਕੈਨੇਡਾ ਭੇਜਣ ਦੇ ਨਾਮ ਉਤੇ ਇਕ ਲੜਕੀ ਨਾਲ ਧੋਖਾਧੜੀ ਦੇ ਦੋਸ਼ ਹੇਠ ਪੁਲਿਸ ਨੇ ਤਿੰਨ ਜਣਿਆਂ ਖਿਲਾਫ਼ ਕੇਸ ਦਰਜ ਕੀਤਾ ਹੈ। ਥਾਣਾ ਸਦਰ ਪੁਲਿਸ ਨੇ ਪਿੰਡ ਸੰਗਤੀਵਾਲਾ ਦੇ ਭੋਲਾ ਸਿੰਘ ਦੀ ਲੜਕੀ ਸਰਬਜੀਤ ਕੌਰ ਨੂੰ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਕਰੀਬ 15 ਲੱਖ ਦੀ ਠੱਗੀ ਮਾਰਨ ਦੇ ਦੋਸ਼ ਹੇਠ ਤਿੰਨ ਜਣਿਆਂ ਖਿਲਾਫ਼ ਕੇਸ ਦਰਜ ਕਰਕੇ ਜਾਂਚ ਸਹਾਇਕ ਥਾਣੇਦਾਰ ਨੂੰ ਸੌਂਪ ਦਿੱਤੀ ਹੈ।

ਸਰਬਜੀਤ ਕੌਰ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਹੈ ਕਿ ਗੁਰਦੀਪ ਸਿੰਘ, ਉਸ ਦੇ ਭਰਾ ਗਿੰਦਰੀ ਗੁਰਜਿੰਦਰ ਸਿੰਘ ਪੁੱਤ ਅੱਛਰਾ ਸਿੰਘ ਵਾਸੀ ਜ਼ਿਲ੍ਹਾ ਪਟਿਆਲਾ ਅਤੇ ਗੁਰੀ ਸਿੰਘ ਨਾਭਾ ਨੇ ਉਸ ਨੂੰ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ 15 ਲੱਖ ਰੁਪਏ ਲੈ ਲਏ। ਸਰਬਜੀਤ ਕੌਰ ਨੂੰ ਪਹਿਲਾਂ ਬੈਂਕਾਕ ਲਿਜਾਇਆ ਗਿਆ ਤੇ ਉਥੇ ਇਕ ਹੋਟਲ ਵਿਚ ਰੱਖਿਆ ਗਿਆ। ਉਸ ਨੇ ਦੱਸਿਆ ਕਿ ਜਾਅਲਸਾਜ਼ਾਂ ਨੇ ਬਾਅਦ ਵਿਚ ਉਸ ਨੂੰ ਕੈਨੇਡਾ ਦਾ ਜਾਅਲੀ ਵੀਜ਼ਾ ਫੜਾ ਦਿੱਤਾ। ਸਰਬਜੀਤ ਕੌਰ ਨੂੰ ਇਸ ਬਾਰੇ ਪਤਾ ਲੱਗਣ 'ਤੇ ਗੁਰਦੀਪ ਉਸ ਨੂੰ ਭਾਰਤ ਵਾਪਸ ਲੈ ਆਇਆ ਅਤੇ ਉਸ ਦੇ ਭਰਾ ਗਿੰਦਰੀ ਤੇ ਜੀਜੇ ਗੁਰੀ ਨੇ ਉਸ ਨੂੰ ਪਟਿਆਲਾ ਦੇ ਇਕ ਪੀਜੀ ਵਿਚ ਇਹ ਲਾਲਚ ਦੇ ਕੇ ਰੱਖਿਆ ਕਿ ਉਸ ਦਾ ਕੈਨੇਡਾ ਦਾ ਵੀਜ਼ਾ ਮੁੜ ਅਪਲਾਈ ਕਰਨਗੇ। ਸਰਬਜੀਤ ਕੌਰ ਨੇ ਦੱਸਿਆ ਕਿ ਨਾ ਤਾਂ ਉਸ ਦਾ ਕੈਨੇਡਾ ਦੀ ਵੀਜ਼ਾ ਲਵਾਇਆ ਅਤੇ ਨਾ ਹੀ 15 ਲੱਖ ਰੁਪਏ ਵਾਪਸ ਕੀਤੇ ਤੇ ਉਸ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ।

# ਫਾਂਸੀ ਦੇ ਸਜ਼ਾਯਾਫਤਾ 15 ਪੰਜਾਬੀ ਵਤਨ ਪਰਤੇ

**ਜਲੰਧਰ:** ਸਰਬੱਤ ਦਾ ਭਲਾ ਟਰੱਸਟ ਦੇ ਮੁਖੀ ਐਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਦੁਬਈ ਵਿਚ ਮੌਤ ਦੇ ਮੂੰਹ ਫਸੇ 14 ਪੰਜਾਬੀਆਂ ਸਮੇਤ 15 ਜਣਿਆਂ ਨੂੰ ਬਲੱਡ ਮਨੀ ਦੇ ਕੇ ਸਹੀ ਸਲਾਮਤ ਵਾਪਸ ਭਾਰਤ ਲਿਆਂਦਾ ਗਿਆ ਹੈ। ਡਾ. ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਅੱਠ-ਨੌਂ ਸਾਲ ਪਹਿਲਾਂ ਜੇਲ੍ਹਾਂ ਵਿਚ ਫਸੇ ਇਨ੍ਹਾਂ ਨੌਜਵਾਨਾਂ ਦੇ ਮਾਪੇ ਉਨ੍ਹਾਂ ਨੂੰ ਮਿਲੇ ਸਨ, ਜਿਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਹ ਸਾਰੇ ਜਣੇ ਦੋ ਵੱਖ-ਵੱਖ ਕਤਲ ਕੇਸਾਂ ਵਿਚ ਫਸੇ ਹੋਏ ਸਨ। ਅਦਾਲਤੀ ਕੇਸਾਂ ਦੌਰਾਨ ਅਤੇ



ਪੀੜਤ ਧਿਰਾਂ ਨਾਲ ਰਾਜ਼ੀਨਾਮਾ ਕਰ ਕੇ ਬਨਦੀ ਬਲੱਡ ਮਨੀ 60 ਲੱਖ ਰੁਪਏ ਦਾ ਭੁਗਤਾਨ ਕਰ ਕੇ ਇਨ੍ਹਾਂ ਨੌਜਵਾਨਾਂ ਦੀ ਜਾਨ ਬਚਾਈ ਗਈ ਹੈ।

ਸ੍ਰੀ ਓਬਰਾਏ ਨੇ ਦੱਸਿਆ ਕਿ ਇਨ੍ਹਾਂ ਨੌਜਵਾਨਾਂ 'ਤੇ ਦਰਜ ਕੇਸਾਂ ਵਿਚੋਂ ਇਕ ਕੇਸ ਸ਼ਾਰਜਾਹ ਤੇ ਇਕ ਅਲ-ਇਨ (ਆਬੂਧਾਬੀ) 'ਚ ਦਰਜ ਸੀ। ਉਥੋਂ ਦੀਆਂ ਅਦਾਲਤਾਂ ਨੇ ਕਤਲ ਕੇਸਾਂ ਵਿਚ ਇਨ੍ਹਾਂ ਨੌਜਵਾਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। 2015 ਵਿਚ ਹੋਏ ਪਾਕਿਸਤਾਨ ਦੇ ਪਿਸ਼ਾਵਰ ਵਾਸੀ ਮੁਹੰਮਦ ਫਰਹਾਨ ਦੇ ਕਤਲ ਸਬੰਧੀ 10 ਪੰਜਾਬੀਆਂ ਨੂੰ ਦੋਸ਼ੀ ਮੰਨਿਆ ਗਿਆ ਸੀ। ਅਲ-ਇਨ ਅਦਾਲਤ ਨੇ ਅਕਤੂਬਰ 2016 ਵਿਚ ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ, ਜਿਨ੍ਹਾਂ ਵਿਚ ਠੀਕਰੀਵਾਲ (ਬਰਨਾਲਾ) ਦਾ ਸਤਮਿੰਦਰ ਸਿੰਘ, ਨਵਾਂ ਸ਼ਹਿਰ ਦਾ ਚੰਦਰ ਸ਼ੇਖਰ, ਮਾਲੇਰਕੋਟਲਾ ਦਾ ਚਮਕੌਰ ਸਿੰਘ, ਲੁਧਿਆਣਾ ਦਾ ਕੁਲਵਿੰਦਰ ਸਿੰਘ, ਚੌਲਾਂਗ (ਲੁਧਿਆਣਾ) ਦਾ ਬਲਵਿੰਦਰ, ਸਮਰਾਲਾ ਦਾ ਧਰਮਵੀਰ ਸਿੰਘ, ਮੁਹਾਲੀ ਦਾ ਹਰਜਿੰਦਰ ਸਿੰਘ, ਮੁੱਧ (ਅੰਮ੍ਰਿਤਸਰ) ਦਾ ਤਰਸੇਮ ਸਿੰਘ, ਪਟਿਆਲਾ ਦਾ ਗੁਰਪ੍ਰੀਤ ਸਿੰਘ, ਗੁਰਦਾਸਪੁਰ ਦਾ ਜਗਜੀਤ ਸਿੰਘ ਅਤੇ ਤਰਨ ਤਾਰਨ ਦਾ ਕੁਲਦੀਪ ਸਿੰਘ ਸ਼ਾਮਲ ਸਨ।

ਉਨ੍ਹਾਂ ਦੱਸਿਆ ਕਿ 14 ਭਾਰਤੀ ਨੌਜਵਾਨ ਦੁਬਈ ਦੀਆਂ ਜੇਲ੍ਹਾਂ ਵਿਚ ਬੰਦ ਹਨ, ਜਿਨ੍ਹਾਂ ਨੂੰ ਛੁਡਾਉਣ ਲਈ ਕਾਰਵਾਈ ਚੱਲ ਰਹੀ ਹੈ। ਇਸ ਕੇਸ ਦੀ ਅਗਲੀ ਤਰੀਕ 9 ਜੁਲਾਈ ਹੈ। ਉਨ੍ਹਾਂ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਲੇਬਰ ਵਜੋਂ ਆਪਣੇ ਮੁੰਡਿਆਂ ਨੂੰ ਅਰਬ ਦੇਸ਼ਾਂ ਵਿਚ ਨਾ ਭੇਜਣ।

# *ਜੱਜ ਨੂੰ ਇਨਸਾਫ ਲਈ ਲੜਨੀ ਪਈ 19 ਸਾਲ ਲੜਾਈ*

**ਚੰਡੀਗੜ੍ਹ:** ਇਕ ਸੇਵਾ ਮੁਕਤ ਜੱਜ ਨੂੰ ਆਪਣੀ ਪਦਉਨਤੀ ਨਾ ਹੋਣ ਵਿਰੁੱਧ 19 ਸਾਲ ਦੀ ਲੰਬੀ ਕਾਨੂੰਨੀ ਲੜਾਈ ਲੜਨੀ ਪਈ ਅਤੇ ਆਖਰ ਨੂੰ ਸੇਵਾ ਮੁਕਤੀ ਤੋਂ ਤਿੰਨ ਸਾਲ ਬਾਅਦ ਇਨਸਾਫ ਮਿਲਿਆ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਉਸ ਨੂੰ ਤਰੱਕੀ ਦਾ ਹੱਕਦਾਰ ਮੰਨਦਿਆਂ ਸਾਲ 1999 ਤੋਂ ਤਰੱਕੀ ਅਤੇ ਹੋਰ ਵਿੱਤੀ ਲਾਭ ਦੇ ਦਿੱਤੇ।

ਸੇਵਾ ਮੁਕਤ ਜੱਜ ਜੇ.ਐਸ. ਖੁਸ਼ਦਿਲ ਨੇ ਵਿਭਾਗ 'ਚ ਲੜੀ 10 ਸਾਲ ਲੰਮੀ ਲੜਾਈ ਅਤੇ 9 ਸਾਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਕੀਤੀ ਕਾਨੂੰਨੀ ਜਦੋਜਹਿਦ ਬਾਅਦ 19 ਸਾਲ ਮਗਰੋਂ ਲੜਾਈ ਜਿੱਤ ਲਈ। ਸ੍ਰੀ ਖੁਸ਼ਦਿਲ 2015 ਵਿਚ ਮਾਨਸਾ ਤੋਂ ਜ਼ਿਲ੍ਹਾ ਤੇ ਸੈਸ਼ਨ ਜੱਜ ਵਜੋਂ ਸੇਵਾ ਮੁਕਤ ਹੋਏ ਸਨ। ਜੇ ਉਨ੍ਹਾਂ ਨੂੰ ਰੁਟੀਨ ਵਿਚ ਤਰੱਕੀ ਮਿਲਦੀ ਤਾਂ ਉਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚੋਂ ਸੇਵਾ ਮੁਕਤ ਹੁੰਦੇ ਅਤੇ ਉਹ ਤਕਰੀਬਨ 40 ਜੱਜਾਂ ਤੋਂ ਸੀਨੀਅਰ ਹੁੰਦੇ। ਉਹ ਅੱਜ ਕੱਲ੍ਹ ਪੰਜਾਬ ਰੀਅਲ ਸਟੇਟ ਰੈਗੂਲੇਟਰੀ ਅਥਾਰਟੀ ਦੇ ਮੈਂਬਰ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇਕ ਦੋ ਜੱਜਾਂ ਦੇ ਬੈਂਚ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਪਟੀਸ਼ਨਰ (ਖੁਸ਼ਦਿਲ) ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੀ ਅਸਾਮੀ ਲਈ ਚੋਥੇ ਉਮੀਦਵਾਰ ਜਸਟਿਸ ਇੰਦਰਜੀਤ ਸਿੰਘ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੇ ਹੋਰਨਾਂ ਦੇ ਬਰਾਬਰ ਵਿਚਾਰੇ ਜਾਣ ਦਾ ਹੱਕਦਾਰ ਹੈ।

# *ਸਾਊਥਾਲ 'ਚ ਸੁਖਜਿੰਦਰ ਸਿੰਘ ਦੇ ਕਾਤਲ 5 ਪੰਜਾਬੀਆਂ ਨੂੰ ਸਜ਼ਾ*

**ਲੰਡਨ:** ਸੁਖਜਿੰਦਰ ਸਿੰਘ ਗੁਰੀ ਉਰਫ ਗੁਰਜਿੰਦਰ ਸਿੰਘ ਦੇ ਕਤਲ ਮਾਮਲੇ 'ਚ ਅਦਾਲਤ ਵੱਲੋਂ 5 ਪੰਜਾਬੀਆਂ ਨੂੰ ਕੈਦ ਦੀ ਸਜ਼ਾ ਸੁਣਾਈ ਗਈ। 30 ਜੁਲਾਈ 2016 ਨੂੰ ਗੁਰੀ ਉਤੇ ਦੋ ਕਾਰਾਂ 'ਚ ਆਏ ਨਕਾਬਪੋਸ਼ਾਂ ਵੱਲੋਂ ਕਿਰਪਾਨਾਂ ਅਤੇ ਚਾਕੂਆਂ ਨਾਲ ਹਮਲਾ ਕਰ ਕੇ ਕਤਲ ਕਰ ਦਿੱਤਾ ਸੀ। ਸੁਖਜਿੰਦਰ ਦੇ ਸਰੀਰ 'ਤੇ ਕਰੀਬ 48 ਵਾਰ ਹੋਏ ਸਨ। ਸੁਖਜਿੰਦਰ ਨੇ ਬਚਾਅ ਵਿਚ ਆਪਣੀਆਂ ਬਾਂਹਾਂ ਫੈਲਾਈਆਂ, ਜਿਸ ਨਾਲ ਉਸ ਦੀਆਂ ਦੋ ਉਂਗਲਾਂ ਵੀ ਕੱਟੀਆਂ ਗਈਆਂ ਸਨ।

ਸਰਕਾਰੀ ਵਕੀਲ ਨੇ ਅਦਾਲਤ 'ਚ ਦੱਸਿਆ ਕਿ ਇਹ ਬਹੁਤ ਹੀ ਬੇਰਹਿਮੀ ਨਾਲ ਕੀਤਾ ਗਿਆ ਕਤਲ ਸੀ। ਸਾਊਥਾਲ ਦੇ ਅਮਨਦੀਪ ਸੰਧੂ (30) ਨੂੰ ਇਸ ਕਤਲ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਤੇ ਘੱਟੋ-ਘੱਟ ਸਾਢੇ 26 ਸਾਲ ਜੇਲ੍ਹ 'ਚ ਰਹਿਣਾ ਹੋਵੇਗਾ। ਵੈਸਟ ਮਿਡਲੈਂਡ ਦੇ ਟਿਪਟਨ ਦੇ ਰਵਿੰਦਰ ਸਿੰਘ ਸ਼ੇਰਗਿੱਲ (31) ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਦਕਿ ਸਾਊਥਾਲ ਵਾਸੀ ਵਿਸ਼ਾਲ ਸੋਭਾ (30) ਅਤੇ ਵੈਸਟ ਲੰਡਨ ਦੇ ਨੌਰਥਹੋਲਟ ਦੇ ਕੁਲਦੀਪ ਸਿੰਘ ਢਿੱਲੋਂ (27) ਨੂੰ ਮਾਨਵ ਹੱਤਿਆ ਦੇ ਦੋਸ਼ਾਂ 'ਚ 16-16 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।

# ਪੁਲਿਸ ਦਾ ਦਾਅਵਾ: ਸ਼ਿਲਾਂਗ ਹਿੰਸਾ ਸੀ 'ਯੋਜਨਾਬੱਧ ਭੜਕਾਹਟ'

**ਸ਼ਿਲਾਂਗ:** ਮੇਘਾਲਿਆ ਪੁਲਿਸ ਨੇ ਸੂਬੇ ਦੇ ਮੁੱਖ ਮੰਤਰੀ ਕੋਨਰਾਡ ਕੇ. ਸੰਗਮਾ ਦੇ ਦਾਅਵਿਆਂ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਹਾਲ ਹੀ ਵਿਚ ਸ਼ਿਲਾਂਗ ਵਿੱਚ ਹੋਈਆਂ ਹਿੰਸਕ ਘਟਨਾਵਾਂ ਯੋਜਨਾਬੱਧ ਤਰੀਕੇ ਨਾਲ ਕੀਤੀਆਂ ਗਈਆਂ ਸਨ। ਪੁਲਿਸ ਦਾ ਕਹਿਣਾ ਹੈ ਕਿ ਭੜਕਾਹਟ ਪੈਦਾ ਕਰਨ ਵਾਲੇ ਕੁਝ ਵਿਅਕਤੀਆਂ ਦੀ ਸ਼ਨਾਖਤ ਵੀ ਕਰ ਲਈ ਗਈ ਹੈ।

ਪੂਰਬੀ ਖਾਸੀ ਹਿੱਲਜ਼ ਦੇ ਐਸ.ਪੀ. ਡੇਵਿਸ ਮਾਰਕ ਨੇ ਦੱਸਿਆ ਕਿ ਜੂਨ ਦੇ ਪਹਿਲੇ ਹਫਤੇ ਵਾਪਰੀਆਂ ਹਿੰਸਕ ਘਟਨਾਵਾਂ ਸਬੰਧੀ ਹੋਈ ਜਾਂਚ ਵਿਚ ਗ੍ਰਿਫਤਾਰ ਲੋਕਾਂ ਦੇ ਬਿਆਨਾਂ ਦੇ ਆਧਾਰ ਉਤੇ ਕੁਝ ਭੜਕਾਹਟ ਪੈਦਾ ਕਰਨ ਵਾਲੇ ਅਨਸਰਾਂ ਦੀ ਪਛਾਣ ਕਰ ਲਈ ਗਈ ਹੈ। ਇਨ੍ਹਾਂ ਵਿਅਕਤੀਆਂ ਨੂੰ ਨੋਟਿਸ ਜਾਰੀ ਕੀਤੇ ਜਾਣਗੇ। ਵੀਡੀਓ ਸਬੂਤਾਂ ਦੇ ਆਧਾਰ 'ਤੇ ਪੁਲਿਸ ਉਤੇ ਹਮਲਾ ਕਰਨ ਵਾਲੇ ਕੁਝ ਹੋਰ ਪ੍ਰਦਰਸ਼ਨਕਾਰੀਆਂ ਨੂੰ ਵੀ ਗ੍ਰਿਫਤਾਰ ਕੀਤਾ ਜਾ ਸਕਦਾ ਹੈ।

# ਗੈਂਗਸਟਰ ਦਿਲਪ੍ਰੀਤ ਨੇ ਖੋਲ੍ਹੇ ਫਿਰੌਤੀ ਮਾਮਲੇ ਬਾਰੇ ਰਾਜ਼

**ਨੂਰਪੁਰ ਬੇਦੀ:** ਬਲਾਕ ਨੂਰਪੁਰ ਬੇਦੀ ਦੇ ਪਿੰਡ ਢਾਹਾਂ ਦੇ ਨਾਮੀ ਗੈਂਗਸਟਰ ਦਿਲਪ੍ਰੀਤ ਬਾਬਾ ਨੇ ਉਘੇ ਪੰਜਾਬੀ ਅਦਾਕਾਰ ਤੇ ਗਾਇਕ ਗਿੱਪੀ ਗਰੇਵਾਲ ਤੋਂ ਫਿਰੌਤੀ ਮੰਗਣ ਦੇ ਮਾਮਲੇ 'ਚ ਵੱਡਾ ਖੁਲਾਸਾ ਕੀਤਾ ਹੈ। 10 ਜੂਨ ਨੂੰ ਫੇਸਬੁੱਕ ਉਤੇ ਸ਼ੇਅਰ ਕੀਤੀ ਪੋਸਟ ਵਿਚ ਉਸ ਨੇ ਲਿਖਿਆ ਕਿ ਉਸ ਨੇ ਗਿੱਪੀ ਗਰੇਵਾਲ ਤੋਂ ਕੋਈ ਫਿਰੌਤੀ ਨਹੀਂ ਮੰਗੀ ਬਲਕਿ ਫੋਨ ਕਰਕੇ ਗੈਂਗਸਟਰ ਸਭਿਆਚਾਰ ਨੂੰ ਪ੍ਰਮੋਟ ਕਰਨਾ ਬੰਦ ਕਰਨ ਅਤੇ ਪੰਜਾਬ ਦੇ ਹਾਲਾਤ ਨੂੰ ਦਰਸਾਉਂਦੀਆਂ ਤੇ ਨੌਜਵਾਨਾਂ ਨੂੰ ਸੇਧ ਦਿੰਦੀਆਂ ਫਿਲਮਾਂ ਬਣਾਉਣ ਲਈ ਕਿਹਾ ਸੀ, ਕਿਉਂਕਿ ਅਸੀਂ ਨਹੀਂ ਚਾਹੁੰਦੇ ਕਿ ਜਿਹੜੀ ਜ਼ਿੰਦਗੀ ਅਸੀਂ ਜੀਅ ਰਹੇ ਹਾਂ ਕਿਸੇ ਹੋਰ ਮਾਂ ਦਾ ਪੁੱਤ ਵੀ ਇਸ ਰਸਤੇ ਉਤੇ ਚੱਲੇ। ਉਸ ਨੇ ਲਿਖਿਆ ਕਿ ਸਾਡੀ ਗੱਲ ਇਸ ਦੇ ਮੈਨੇਜਰ ਨਾਲ ਹੋਈ ਸੀ ਅਤੇ ਉਸ ਨੂੰ ਕਿਹਾ ਸੀ ਕਿ ਗਿੱਪੀ ਨਾਲ ਗੱਲ ਕਰਵਾਏ।



ਅਗਲੇ ਦਿਨ ਅਖਬਾਰ 'ਚ ਪੜ੍ਹ ਕੇ ਪਤਾ ਲੱਗਾ ਕਿ ਇਸ ਮਾਮਲੇ ਨੂੰ ਗਿੱਪੀ ਵੱਲੋਂ ਫਿਰੌਤੀ ਵਜੋਂ ਪੇਸ਼ ਕੀਤਾ ਗਿਆ। ਨੂਰਪੁਰ ਬੇਦੀ ਦੇ ਇਕ ਡਾਕਟਰ ਤੋਂ ਫਿਰੌਤੀ ਮੰਗਣ ਦੀ ਉਡੀ ਗੱਲ ਸਬੰਧੀ ਉਸ ਨੇ ਦੱਸਿਆ ਕਿ ਇਹ ਡਾਕਟਰ 8ਵੀਂ ਫੇਲ੍ਹ ਹੈ। ਇਹ ਜਾਅਲੀ ਡਿਗਰੀ ਲੈ ਕੇ ਡਾਕਟਰ ਬਣਿਆ ਫਿਰਦਾ ਹੈ। ਲੋਕਾਂ ਦੀਆਂ ਬਹੁਤ ਸ਼ਿਕਾਇਤਾਂ ਆ ਰਹੀਆਂ ਹਨ ਕਿ ਗਰੀਬਾਂ ਤੋਂ ਬਹੁਤ ਪੈਸਾ ਲੁੱਟਦਾ ਹੈ ਅਤੇ ਇਸ ਨੇ ਬਹੁਤ ਕੇਸ ਖਰਾਬ ਕੀਤੇ ਹਨ। ਇਸ ਨੂੰ ਸਮਝਾਉਣ ਲਈ ਫੋਨ ਕੀਤਾ ਸੀ ਜਦੋਂ ਕਿ ਇਸ ਨੇ ਸਾਡੀ ਫੋਨ ਕਾਲ ਨੂੰ ਫਿਰੌਤੀ ਦਾ ਰੂਪ ਦੇ ਦਿੱਤਾ ਤਾਂ ਇਸ ਨੂੰ ਦੂਜੀ ਵਾਰ ਫੋਨ ਕਰਕੇ ਕਿਹਾ ਕਿ ਸਾਡੇ ਕੋਲ ਅਕਾਲ ਪੁਰਖ ਦਾ ਦਿੱਤਾ ਬਹੁਤ ਕੁਝ ਹੈ ਪਰ ਤੂੰ ਢਾਈ ਲੱਖ ਰੁਪਏ ਕਿਸੇ ਅਨਾਥ ਆਸ਼ਰਮ ਜਾਂ ਪਿੰਗਲਵਾੜੇ ਜਮਾਂ ਕਰਵਾ ਦੇ। ਇਸ ਤੋਂ ਇਲਾਵਾ ਨੰਗਲ ਦੇ ਇਕ ਵਪਾਰੀ ਤੋਂ 35 ਲੱਖ ਦੀ ਫਿਰੌਤੀ ਮੰਗਣ ਸਬੰਧੀ ਚੱਲ ਰਹੀਆਂ ਚਰਚਾਵਾਂ 'ਤੇ ਵੀ ਵਿਰਾਮ ਲਾਉਂਦਿਆਂ ਉਸ ਨੇ ਦੱਸਿਆ ਕਿ ਉਹ ਸਾਡਾ ਯਾਰ ਸੀ। ਅਸੀਂ ਉਸ ਨੂੰ ਮਿੱਤਰ ਦੇ ਤੌਰ ਉਤੇ ਫੋਨ ਕੀਤਾ ਸੀ ਨਾ ਕਿ ਫਿਰੌਤੀ ਜਾਂ ਧਮਕੀ ਵਜੋਂ।

# ਗੱਠਜੋੜ ਵੱਲੋਂ ਅੰਮ੍ਰਿਤਸਰ ਤੇ ਲੁਧਿਆਣਾ ਸੀਟਾਂ ਦੇ ਤਬਾਦਲੇ ਬਾਰੇ ਵਿਚਾਰਾਂ

**ਅਨੰਦਪੁਰ ਸਾਹਿਬ:** ਪੰਜਾਬ ਵਿਚ ਖੁਸ ਚੁੱਕੇ ਸਿਆਸੀ ਵੱਕਾਰ ਨੂੰ ਮੁੜ ਤੋਂ ਹਾਸਲ ਕਰਨ ਵਿਚ ਲੱਗਿਆ ਸ਼੍ਰੋਮਣੀ ਅਕਾਲੀ ਦਲ ਇਸ ਵਾਰ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਇਤਿਹਾਸਕ ਤੇ ਪੰਥਕ ਪਿਛੋਕੜ ਵਾਲੀ ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਆਪਣਾ ਉਮੀਦਵਾਰ ਖੜ੍ਹਾ ਕਰ ਸਕਦਾ ਹੈ। ਅਕਾਲੀ ਦਲ ਵੱਲੋਂ ਸ਼ਹਿਰੀ ਵੋਟ ਬੈਂਕ ਵਾਲੀ ਲੁਧਿਆਣਾ ਲੋਕ ਸਭਾ ਸੀਟ ਦਾ ਭਾਜਪਾ ਦੀ ਅੰਮ੍ਰਿਤਸਰ ਵਾਲੀ ਸੀਟ ਨਾਲ ਤਬਾਦਲਾ ਕੀਤੇ ਜਾਣ ਦੀ ਸੰਭਾਵਨਾ ਹੈ।

ਇਸ ਦੀ ਪੁਸ਼ਟੀ ਕਰਦਿਆਂ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਹਾਲਾਂਕਿ ਲੋਕ ਸਭਾ ਚੋਣਾਂ ਸਬੰਧੀ ਕੋਈ ਗੰਭੀਰ ਵਿਚਾਰਾਂ ਤਾਂ ਨਹੀਂ ਹੋਈਆਂ ਹਨ ਪਰ ਦੋਵਾਂ ਪਾਰਟੀਆਂ ਵਿਚ ਲੁਧਿਆਣਾ ਅਤੇ ਅੰਮ੍ਰਿਤਸਰ ਦੀ ਸੀਟ ਦਾ ਤਬਾਦਲਾ ਕਰਨ ਦੀ ਗੱਲਬਾਤ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਅੰਤਿਮ ਫੈਸਲਾ ਤਾਂ ਦੋਵੇਂ ਪਾਰਟੀਆਂ ਦੇ ਸੀਨੀਅਰ ਆਗੂਆਂ ਵੱਲੋਂ ਮੌਕੇ ਉਤੇ ਹੀ ਲਿਆ ਜਾਵੇਗਾ। ਆਪਣੇ ਬਾਰੇ ਸ੍ਰੀ ਆਨੰਦਪੁਰ ਸਾਹਿਬ ਤੋਂ ਹੀ ਚੋਣ ਲੜਨ ਦੀ ਗੱਲ ਕਰਦਿਆਂ ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਜਦੋਂ ਉਹ ਪਹਿਲਾਂ ਇਥੇ ਆਏ ਸੀ ਤਾਂ ਰਵਨੀਤ ਬਿੱਟੂ ਲੁਧਿਆਣਾ ਭੱਜ ਗਿਆ ਸੀ। ਉਨ੍ਹਾਂ ਕਿਹਾ ਕਿ ਉਹ ਤਾਂ ਆਨੰਦਪੁਰ ਲੋਕ ਸਭਾ ਹਲਕੇ ਤੋਂ ਹੀ ਚੋਣ ਲੜਨਗੇ ਭਾਵੇਂ ਵਿਰੋਧੀ ਉਮੀਦਵਾਰ ਕੋਈ ਵੀ ਹੋਵੇ।

# ਲੰਗਰ ਘਰ ਦੀ ਨਵੀਂ ਇਮਾਰਤ ਨੂੰ ਪੁਰਾਤਨ ਦਿੱਖ ਦੇਵੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸਥਾਪਤ ਗੁਰੂ ਰਾਮਦਾਸ ਲੰਗਰ ਘਰ ਦੇ ਵਿਸਥਾਰ ਤਹਿਤ ਨਵੀਂ ਤਿਆਰ ਕੀਤੀ ਗਈ ਇਮਾਰਤ ਦੇ ਬਾਹਰੀ ਹਿੱਸੇ ਨੂੰ ਪਹਿਲਾਂ ਬਣੀ ਇਮਾਰਤ ਵਾਂਗ ਪੁਰਾਤਨ ਦਿੱਖ ਦੇਣ ਲਈ ਸ਼੍ਰੋਮਣੀ ਕਮੇਟੀ ਨੇ ਕਾਰ ਸੇਵਾ ਆਰੰਭ ਦਿੱਤੀ ਹੈ। ਇਹ ਕਾਰ ਸੇਵਾ ਬਾਬਾ ਬਚਨ ਸਿੰਘ ਤੇ ਬਾਬਾ ਮਹਿੰਦਰ ਸਿੰਘ ਦਿੱਲੀ ਵਾਲਿਆਂ ਨੂੰ ਸੌਂਪੀ ਗਈ ਹੈ।

ਨਵੀਂ ਇਮਾਰਤ ਦੇ ਸ਼ੁਰੂ ਹੋਣ ਨਾਲ ਇਥੇ ਲੰਗਰ ਛਕਣ ਵਾਲੇ ਸ਼ਰਧਾਲੂਆਂ ਦੀ ਸਮਰੱਥਾ ਵਧ ਸਕੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਹਰਿਮੰਦਰ ਸਾਹਿਬ ਵਿਖੇ ਸੰਗਤ ਦੀ ਆਮਦ ਦਿਨੋਂ ਦਿਨ ਵਧ ਰਹੀ



ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਘਰ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਕੰਮ ਕਾਰ ਸੇਵਾ ਦੀ ਥਾਂ ਠੇਕੇਦਾਰਾਂ ਨੂੰ ਸੌਂਪਿਆ ਗਿਆ ਸੀ। ਜਦਕਿ ਹੁਣ ਇਸ ਇਮਾਰਤ ਦੀ ਬਾਹਰੀ ਦਿੱਖ ਦੀ ਉਸਾਰੀ ਦਾ ਕੰਮ ਮੁੜ ਕਾਰ ਸੇਵਾ ਰਾਹੀਂ ਕਰਵਾਇਆ ਜਾ ਰਿਹਾ ਹੈ।

ਹੈ, ਇਸ ਲਈ ਗੁਰੂ ਰਾਮਦਾਸ ਲੰਗਰ ਘਰ ਦੀ ਇਮਾਰਤ ਦਾ ਵਿਸਥਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਲਗਭਗ ਪੰਜ ਹਜ਼ਾਰ ਸੰਗਤ ਇਕੋ ਸਮੇਂ ਲੰਗਰ ਛਕ ਸਕੇਗੀ। ਉਪਰਲੀਆਂ ਮੰਜ਼ਲਾਂ ਉਤੇ ਜਾਣ ਲਈ ਸੰਗਤ ਦੀ ਸਹੂਲਤ ਲਈ ਨਵੀਂ ਇਮਾਰਤ ਵਿਚ ਲਿਫਟਾਂ ਵੀ ਲਾਈਆਂ ਜਾਣਗੀਆਂ। ਲੰਗਰ ਘਰ ਦੀ ਰਸੋਈ ਦਾ ਆਕਾਰ ਵੀ ਪਹਿਲਾਂ ਨਾਲੋਂ ਦੋ ਗੁਣਾ ਕਰ ਦਿੱਤਾ ਗਿਆ ਹੈ ਤੇ ਇਹ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗੀ।

# ਜਮੀਨ ਖਾਤਰ ਬਜ਼ੁਰਗ ਮਾਂ ਨੂੰ ਟਰੈਕਟਰ ਸਾਹਮਣੇ ਸੁੱਟਿਆ



**ਵਾਸ਼ਿਮ:** ਮਹਾਂਰਾਸ਼ਟਰ ਦੇ ਵਾਸ਼ਿਮ ਵਿਚ ਇਕ ਸ਼ਰਮਨਾਕ ਮਾਮਲਾ ਸਾਹਮਣੇ ਆਇਆ ਹੈ ਜਿਥੇ ਇਕ ਮੁੰਡੇ ਨੇ ਜ਼ਮੀਨ ਦਾ ਕੇਸ ਹਾਰਨ ਤੋਂ ਬਾਅਦ ਆਪਣੀ ਬਜ਼ੁਰਗ ਮਾਂ ਨੂੰ ਟਰੈਕਟਰ ਸਾਹਮਣੇ ਸੁੱਟ ਦਿੱਤਾ। ਮਾਮਲਾ ਵਾਸ਼ਿਮ ਜ਼ਿਲ੍ਹੇ ਦੇ ਮੁੰਗਲਾ ਪਿੰਡ ਦਾ ਹੈ। ਦਰਅਸਲ, ਮਾਲੇਗਾਂਵ ਤਹਿਸੀਲ ਦੇ ਪਿੰਡ ਮੁੰਗਲਾ ਵਿਚ ਰਾਊਤ ਪਰਿਵਾਰ ਤੇ ਦਲਵੀ ਪਰਿਵਾਰ ਵਿਚਾਲੇ ਜ਼ਮੀਨ ਸਬੰਧੀ ਕੇਸ ਚੱਲ ਰਿਹਾ ਸੀ।

ਤਹਿਸੀਲ ਕੋਰਟ ਨੇ ਜ਼ਮੀਨ ਦਾ ਫੈਸਲਾ ਰਾਊਤ ਪਰਿਵਾਰ ਦੇ ਹੱਕ ਵਿਚ ਸੁਣਾ ਦਿੱਤਾ ਸੀ। ਅਦਾਲਤ ਦੇ ਫੈਸਲੇ ਤੋਂ ਬਾਅਦ ਰਾਊਤ ਪਰਿਵਾਰ ਦਾ ਇਕ ਮੈਂਬਰ ਜਦੋਂ ਖੇਤ ਵਾਹੁਣ ਲੱਗਾ ਤਾਂ ਦਲਵੀ ਪਰਿਵਾਰ ਦਾ ਮੈਂਬਰ ਵੀ ਉਥੇ ਪੁੱਜ ਗਿਆ। ਖੇਤ ਵਾਹੁਣ ਤੋਂ ਰੋਕਣ ਲਈ ਉਸ ਨੇ ਆਪਣੀ ਬਜ਼ੁਰਗ ਮਾਂ ਨੂੰ ਹੀ ਟਰੈਕਟਰ ਦੇ ਸਾਹਮਣੇ ਸੁੱਟ ਦਿੱਤਾ ਤਾਂ ਕਿ ਰਾਊਤ ਪਰਿਵਾਰ ਵਾਲੇ ਜ਼ਮੀਨ ਨਾ ਵਾਹ ਸਕਨ।

# ਮੁਕਾਬਲੇ 'ਚ ਮਾਰੇ ਗਏ ਅਤਿਵਾਦੀਆਂ ਨੂੰ ਸੁਰੱਖਿਆ ਬਲ ਹੀ ਕਰਨਗੇ ਦਫਨ

**ਸ੍ਰੀਨਗਰ:** ਵਾਦੀ ਵਿਚ ਅਤਿਵਾਦੀਆਂ ਦੇ ਜਨਾਜ਼ਿਆਂ ਦੌਰਾਨ ਲੋਕਾਂ ਦੇ ਭਾਰੀ ਗਿਣਤੀ 'ਚ ਸ਼ਾਮਲ ਹੋਣਾ ਸੁਰੱਖਿਆ ਏਜੰਸੀਆਂ ਲਈ ਨਵੀਂ ਚੁਣੌਤੀ ਬਣ ਕੇ ਉਭਰੀ ਹੈ। ਰਾਜਪਾਲ ਸ਼ਾਸਨ ਲੱਗਣ ਦੇ ਬਾਅਦ ਹੁਣ ਸੁਰੱਖਿਆ ਏਜੰਸੀਆਂ ਨੇ ਵਾਦੀ 'ਚ ਅਤਿਵਾਦੀਆਂ ਦੇ ਜਨਾਜ਼ਿਆਂ 'ਚ ਨੌਜਵਾਨਾਂ ਨੂੰ ਸ਼ਾਮਲ ਹੋਣ ਤੋਂ ਰੋਕਣ ਲਈ ਮੁਕਾਬਲੇ ਤੋਂ ਬਾਅਦ ਅਤਿਵਾਦੀ ਦੀਆਂ ਲਾਸ਼ਾਂ ਨੂੰ ਖੁਦ ਦਫਨਾਉਣ ਦਾ ਫੈਸਲਾ ਲਿਆ ਹੈ। ਸੁਰੱਖਿਆ ਏਜੰਸੀਆਂ ਨੇ ਕੇਂਦਰ ਤੇ ਸਥਾਨਕ ਅਤਿਵਾਦੀਆਂ ਦੇ ਮੁਕਾਬਲੇ 'ਚ ਮਾਰੇ ਜਾਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਾਂ ਨੂੰ ਲਾਸ਼ਾਂ ਸੌਂਪਣ ਦੀ ਰਵਾਇਤ ਨੂੰ ਖਤਮ ਕਰਨ ਲਈ ਨਵੀਂ ਨੀਤੀ ਘੜਨ ਦੀ ਅਪੀਲ ਕੀਤੀ ਸੀ।

ਸੁਰੱਖਿਆ ਏਜੰਸੀਆਂ ਦਾ ਮੰਨਣਾ ਹੈ ਕਿ ਸਥਾਨਕ ਨੌਜਵਾਨ ਜਨਾਜ਼ਿਆਂ ਦੌਰਾਨ ਦਿੱਤੇ ਜਾਂਦੇ ਭਾਸ਼ਣ ਅਤੇ ਨਾਅਰੇਬਾਜ਼ੀ ਤੋਂ ਭਾਵੁਕ ਹੋ ਕੇ ਬੰਦੂਕ ਚੁੱਕ ਲੈਂਦੇ ਹਨ। ਸੂਤਰਾਂ ਅਨੁਸਾਰ ਮੁਕਾਬਲੇ 'ਚ ਮਾਰੇ ਜਾਣ ਵਾਲੇ ਅਤਿਵਾਦੀਆਂ ਦੀਆਂ ਲਾਸ਼ਾਂ ਨੂੰ ਦਫਨਾਉਣ ਮੌਕੇ ਹਜ਼ਾਰਾਂ ਦੀ ਗਿਣਤੀ 'ਚ ਲੋਕ ਸ਼ਾਮਲ ਹੁੰਦੇ ਹਨ ਅਤੇ ਇਨ੍ਹਾਂ 'ਚ ਜ਼ਿਆਦਾਤਰ ਨੌਜਵਾਨ ਹੁੰਦੇ ਹਨ। ਪਿਛਲੇ ਸਾਲ ਦੌਰਾਨ ਪੁਲਿਸ ਦੇ ਖੁਫੀਆ ਵਿਭਾਗ ਨੇ ਅਤਿਵਾਦੀਆਂ ਦੇ ਜਨਾਜ਼ਿਆਂ 'ਚ ਲੋਕਾਂ ਦੇ ਸ਼ਾਮਲ ਹੋਣ 'ਤੇ ਰੋਕ ਲਗਾਉਣ ਅਤੇ ਸਥਾਨਕ ਅਤਿਵਾਦੀਆਂ ਦੀਆਂ ਲਾਸ਼ਾਂ ਪਰਿਵਾਰਾਂ ਨੂੰ ਨਾ ਸੌਂਪਣ ਲਈ ਨੀਤੀ ਤਿਆਰ ਕਰਨ ਬਾਰੇ ਲਿਖਿਆ ਸੀ। ਵਿਦੇਸ਼ੀ ਅਤਿਵਾਦੀਆਂ ਦੀਆਂ ਲਾਸ਼ਾਂ ਆਖਰੀ ਰਸਮਾਂ ਲਈ ਪਹਿਲਾਂ ਸਥਾਨਕ ਔਕਾਫ ਦੇ ਹਵਾਲੇ ਕਰ ਦਿੱਤੀਆਂ ਜਾਂਦੀਆਂ ਸਨ ਪਰ 2015 'ਚ ਲਸ਼ਕਰ ਦੇ ਉਪਰੇਸ਼ਨ ਕਮਾਂਡਰ ਅਬੂ ਕਾਸਿਮ ਦੇ ਮੁਕਾਬਲੇ 'ਚ ਮਾਰੇ ਜਾਣ ਦੇ ਬਾਅਦ ਕੁਲਗਾਮ ਵਿਚ ਭਾਰੀ ਗਿਣਤੀ 'ਚ ਲੋਕਾਂ ਨੂੰ ਸ਼ਾਮਲ ਹੁੰਦਿਆਂ ਦੇਖ ਪੁਲਿਸ ਨੇ ਇਹ ਸਿਲਸਿਲਾ ਬੰਦ ਕਰ ਦਿੱਤਾ ਸੀ। ਮੁਕਾਬਲੇ ਦੌਰਾਨ ਕਸ਼ਮੀਰ ਵਾਦੀ 'ਚ ਮਾਰੇ ਜਾਂਦੇ ਵਿਦੇਸ਼ੀ ਅਤਿਵਾਦੀਆਂ ਦੀਆਂ ਲਾਸ਼ਾਂ ਨੂੰ ਪੁਲਿਸ ਨਿਗਰਾਨੀ 'ਚ ਬਾਰਾਮੂਲਾ-ਮੁਜ਼ੱਫਰਾਬਾਦ ਹਾਈਵੇ ਸਥਿਤ ਗਾਂਟਮੂਲਾ ਨੇੜੇ ਦਫਨਾਇਆ ਜਾਂਦਾ ਹੈ।

ਕੇਂਦਰ ਸਰਕਾਰ ਦੀ ਇਕ ਰਿਪੋਰਟ 'ਚ ਪਤਾ ਲੱਗਿਆ ਹੈ ਕਿ ਇਸ ਸਾਲ ਦੇ 5 ਮਹੀਨਿਆਂ ਦੌਰਾਨ 75 ਅਤਿਵਾਦੀ ਮਾਰੇ ਗਏ ਹਨ, ਜਦਕਿ ਇਸ ਸਮੇਂ ਦੌਰਾਨ 65 ਸਥਾਨਕ ਨੌਜਵਾਨ ਅਤਿਵਾਦੀ ਸੰਗਠਨਾਂ 'ਚ ਸ਼ਾਮਲ ਹੋਏ ਹਨ। ਪਿਛਲੇ ਸਾਲ ਦੌਰਾਨ ਸੁਰੱਖਿਆ ਬਲਾਂ ਦੀਆਂ ਅਤਿਵਾਦੀ ਵਿਰੋਧੀ ਕਾਰਵਾਈਆਂ ਦੌਰਾਨ 217 ਅਤਿਵਾਦੀਆਂ ਹਲਾਕ ਹੋ ਗਏ ਸਨ। ਬੀਤੇ ਦਿਨੀਂ ਆਈ.ਐਸ. ਦੇ ਮਾਰੇ ਗਏ 4 ਅਤਿਵਾਦੀਆਂ ਦੇ ਜਨਾਜ਼ਿਆਂ 'ਚ ਸ਼ੋਪੀਆਂ, ਪੁਲਵਾਮਾ, ਅਨੰਤਨਾਗ ਅਤੇ ਸ੍ਰੀਨਗਰ ਵਿਚ ਭਾਰੀ ਗਿਣਤੀ 'ਚ ਲੋਕ, ਔਰਤਾਂ ਤੇ ਬੱਚੇ ਵੀ ਸ਼ਾਮਲ ਹੋਏ ਸਨ।

# ਪਾਕਿਸਤਾਨ ਤੋਂ ਆਏ 90 ਹਿੰਦੂਆਂ ਨੂੰ ਮਿਲੀ ਭਾਰਤੀ ਨਾਗਰਿਕਤਾ

**ਅਹਿਮਦਾਬਾਦ:** ਕਈ ਸਾਲ ਪਹਿਲਾਂ ਪਾਕਿਸਤਾਨ ਤੋਂ ਭਾਰਤ ਆਏ 90 ਹਿੰਦੂਆਂ ਨੂੰ ਭਾਰਤੀ ਨਾਗਰਿਕਤਾ ਦੇ ਦਿੱਤੀ ਗਈ। 90 ਬਿਨੇਕਾਰਾਂ ਨੂੰ ਸਿਟੀਜ਼ਨ ਐਕਟ 1955 ਦੇ ਪ੍ਰਬੰਧ ਅਨੁਸਾਰ ਜ਼ਿਲ੍ਹਾ ਕੁਲੈਕਟਰ ਵਿਕਰਾਂਤ ਪਾਂਡੇ ਨੇ ਭਾਰਤੀ ਨਾਗਰਿਕਤਾ ਦੇ ਸਰਟੀਫਿਕੇਟ ਸੌਂਪੇ। ਪਾਂਡੇ ਨੇ ਕਿਹਾ ਕਿ 2016 'ਚ ਕੇਂਦਰ ਸਰਕਾਰ ਨੇ ਵਿਕੇਂਦਰੀਕਰਨ ਕਰਦੇ ਹੋਏ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਦੇ ਘੱਟ ਗਿਣਤੀ ਵਾਲੇ ਭਾਈਚਾਰੇ ਜਿਵੇਂ ਹਿੰਦੂ ਅਤੇ ਸਿੱਖਾਂ ਲਈ ਇਹ ਪ੍ਰਬੰਧ ਸ਼ੁਰੂ ਕੀਤਾ ਗਿਆ ਸੀ।

ਦਸੰਬਰ 2016 'ਚ ਜਾਰੀ ਕੀਤੇ ਗਏ ਗਜਟ ਨੋਟੀਫਿਕੇਸ਼ਨ ਦੁਆਰਾ ਗੁਜਰਾਤ 'ਚ ਅਹਿਮਦਾਬਾਦ, ਗਾਂਧੀਨਗਰ ਅਤੇ ਕੱਛ ਦੇ ਕੁਲੈਕਟਰਾਂ ਨੂੰ ਇਥੇ ਰਹਿੰਦੇ ਘੱਟ ਗਿਣਤੀ ਵਾਲੇ ਇਨ੍ਹਾਂ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣ ਦੀ ਮਨਜ਼ੂਰੀ ਦਿੱਤੀ ਸੀ। 2016 ਤੋਂ ਹੁਣ ਤੱਕ ਅਹਿਮਦਾਬਾਦ ਜ਼ਿਲ੍ਹੇ ਦੇ ਕੁਲੈਕਟਰਾਂ ਨੇ 320 ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇ ਸਰਟੀਫਿਕੇਟ ਦਿੱਤੇ ਹਨ। ਇਸ ਤੋਂ ਬਿਨਾਂ ਅਜੇ ਤੱਕ ਇਸ ਦੇਸ਼ 'ਚ ਹੋਰ ਕਿਸੇ ਜ਼ਿਲ੍ਹੇ ਨੇ ਇਹ ਸਰਟੀਫਿਕੇਟ ਨਹੀਂ ਦਿੱਤੇ। ਇਨ੍ਹਾਂ 320 ਬਿਨੇਕਾਰਾਂ ਵਿਚੋਂ 90 ਫੀਸਦੀ ਗਿਣਤੀ ਪਾਕਿਸਤਾਨ ਤੋਂ ਹੈ ਜਦਕਿ ਬਾਕੀ ਦੇ ਬੰਗਲਾਦੇਸ਼ ਤੋਂ ਹਨ।

# ਪ੍ਰਧਾਨ ਮੰਤਰੀ ਟਰੂਡੋ ਵੱਲੋਂ ਕਨਿਸ਼ਕ ਕਾਂਡ ਦੇ ਪੀੜਤਾਂ ਨੂੰ ਸ਼ਰਧਾਂਜਲੀ

**ਓਟਾਵਾ:** ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 1985 'ਚ ਏਅਰ ਇੰਡੀਆ ਦੀ ਉਡਾਣ ਨੂੰ ਬੰਬ ਧਮਾਕੇ ਨਾਲ ਉਡਾਉਣ ਦੀ ਘਟਨਾ ਨੂੰ ਦੇਸ਼ ਦੇ ਇਤਿਹਾਸ ਦਾ ਸਭ ਤੋਂ



ਘਿਨਾਉਣਾ ਦਹਿਸ਼ਤੀ ਹਮਲਾ ਕਰਾਰ ਦਿੰਦਿਆਂ ਇਸ ਹਮਲੇ 'ਚ ਮਾਰੇ ਗਏ 329 ਵਿਅਕਤੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਹਰ ਕਿਸਮ ਦੇ ਅਤਿਵਾਦ ਦੀ ਨਿੰਦਾ ਕਰਦਾ ਹੈ ਤੇ ਹਰ ਕਿਤੇ ਕੱਟੜਵਾਦ ਤੇ ਅਤਿਵਾਦ ਖਿਲਾਫ਼ ਲੜਾਈ ਵਿਚ ਸਾਥ ਦੇਣ ਦਾ ਅਹਿਦ ਦ੍ਰਿੜ੍ਹਾਉਂਦਾ ਹੈ।

ਜ਼ਿਕਰਯੋਗ ਹੈ ਕਿ ਏਅਰ ਇੰਡੀਆ ਦੀ ਉਡਾਣ 182 ਲੰਡਨ ਜਾ ਰਹੀ ਸੀ, ਇਸ ਨੇ ਟੋਰਾਂਟੋ ਅਤੇ ਮੌਂਟਰੀਅਲ ਤੋਂ ਸਵਾਰੀਆਂ ਲਈਆਂ ਸਨ। ਇਸ ਜਹਾਜ਼ ਵਿਚ 329 ਵਿਅਕਤੀ ਸਵਾਰ ਸਨ। ਜੂਨ 23, 1985 ਨੂੰ ਇਹ ਜਹਾਜ਼ ਕੋਸਟ ਆਫ ਆਇਰਲੈਂਡ ਦੇ ਰਾਡਾਰ ਤੋਂ ਗਾਇਬ ਹੋ ਗਿਆ। ਕੈਨੇਡਾ ਵਿਚ ਇਸ ਜਹਾਜ਼ ਵਿਚ ਬੰਬ ਰੱਖਿਆ ਗਿਆ ਸੀ ਜੋ ਉਡਾਣ ਭਰਦੇ ਹੀ ਫਟ ਗਿਆ ਤੇ ਇਸ ਵਿਚ ਸਾਰੇ ਸਵਾਰ 329 ਮਾਰੇ ਗਏ ਜਿਨ੍ਹਾਂ ਵਿਚੋਂ 280 ਕੈਨੇਡਾ ਦੇ ਵਾਸੀ ਸਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੰਬ ਧਮਾਕੇ ਦੀ ਇਸ ਘਟਨਾ ਨੂੰ ਦੇਸ਼ ਦੇ ਇਤਿਹਾਸ ਦਾ ਸਭ ਤੋਂ ਘਿਨਾਉਣਾ ਦਹਿਸ਼ਤੀ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਭਿਆਨਕ, ਘਿਣਾਉਣੀ ਅਤੇ ਤਬਾਹਕੁਨ ਘਟਨਾ ਨੇ ਪਰਿਵਾਰਾਂ ਅਤੇ ਦੋਸਤਾਂ ਨੂੰ ਉਨ੍ਹਾਂ ਦੇ ਆਪਣਿਆਂ ਦੇ ਜਾਣ ਦਾ ਦਰਦ ਦੇ ਕੇ ਦੁਖੀ ਕੀਤਾ, ਇਹ ਦਰਦ ਕਦੇ ਪੂਰੀ ਤਰ੍ਹਾਂ ਖਤਮ ਨਹੀਂ ਹੋ ਸਕਦਾ।

## ਯੂ.ਪੀ. ਭੇਜੇ ਜਾਣਗੇ ਪੰਜਾਬੀ ਦੇ ਨਾਲ ਹਿੰਦੀ ਜਾਣਨ ਵਾਲੇ ਧਰਮ ਪ੍ਰਚਾਰਕ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਤਰ ਪ੍ਰਦੇਸ਼ ਵਿਚ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਵਾਸਤੇ ਪੰਜਾਬੀ ਭਾਸ਼ਾ ਦੇ ਨਾਲ-ਨਾਲ ਹਿੰਦੀ ਭਾਸ਼ਾ ਦਾ ਗਿਆਨ ਰੱਖਣ ਵਾਲੇ ਧਰਮ ਪ੍ਰਚਾਰਕ, ਢਾਡੀ ਤੇ ਕਵੀਸ਼ਰੀ ਜਥੇ ਭੇਜੇ ਜਾਣਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਪੰਜਾਬ ਦੇ ਨਾਲ-ਨਾਲ ਦੇਸ਼ ਦੇ ਹੋਰ ਸੂਬਿਆਂ ਵਿਚ ਵੀ ਧਰਮ ਪ੍ਰਚਾਰ ਦੇ ਵਿਸ਼ੇਸ਼ ਯਤਨ ਵਿੱਢੇ ਗਏ ਹਨ। ਸ਼੍ਰੋਮਣੀ ਕਮੇਟੀ ਨੇ ਇਸ ਇਤਿਹਾਸਕ ਮੌਕੇ ਗੁਰਮਤਿ ਫਲਸਫ਼ੇ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਦਾ ਟੀਚਾ ਮਿਥਿਆ ਹੈ।

ਸ. ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਤਰ ਪ੍ਰਦੇਸ਼ ਵਿਚ ਧਰਮ ਪ੍ਰਚਾਰ ਦੇ ਕਾਰਜਾਂ ਨੂੰ ਹੋਰ ਸੁਚਾਰੂ ਢੰਗ ਨਾਲ ਅੱਗੇ ਤੋਰਨ ਲਈ ਯੂ. ਪੀ. ਸਿੱਖ ਮਿਸ਼ਨ ਹਾਪੁੜ ਦਾ ਨਵਾਂ ਦਫਤਰ ਤਿਆਰ ਕਰਨ ਦੇ ਨਾਲ ਇਸ ਦਾ ਲਖਨਊ ਵਿਚ ਉਪ-ਦਫਤਰ ਵੀ ਖੋਲ੍ਹਿਆ ਗਿਆ ਹੈ। ਇਨ੍ਹਾਂ ਮਿਸ਼ਨ ਦਫਤਰਾਂ ਵਿਚ ਛੇਤੀ ਹੀ ਪੰਜਾਬੀ ਦੇ ਨਾਲ-ਨਾਲ ਹਿੰਦੀ ਭਾਸ਼ਾ ਦੀ ਜਾਣਕਾਰੀ ਰੱਖਣ ਵਾਲੇ ਧਰਮ ਪ੍ਰਚਾਰਕ, ਢਾਡੀ ਤੇ ਕਵੀਸ਼ਰੀ ਜਥੇ ਭੇਜੇ ਜਾਣਗੇ।

## ਚਾਰ ਸ਼ਹਿਰਾਂ ਦੁਆਲੇ ਰਿੰਗ ਰੋਡ ਬਣਾਉਣ ਦੀ ਤਜਵੀਜ਼

**ਚੰਡੀਗੜ੍ਹ:** ਪੰਜਾਬ ਦੇ ਲੋਕ ਨਿਰਮਾਣ ਵਿਭਾਗ ਨੇ ਲੁਧਿਆਣਾ, ਪਟਿਆਲਾ, ਜਲੰਧਰ ਅਤੇ ਮੋਹਾਲੀ ਦੁਆਲੇ ਰਿੰਗ ਰੋਡ ਬਣਾਉਣ ਦੀ ਤਜਵੀਜ਼ ਤਿਆਰ ਕੀਤੀ ਹੈ। ਇਨ੍ਹਾਂ ਸੜਕਾਂ ਦੀ ਕੁੱਲ ਲੰਬਾਈ ਤਕਰੀਬਨ 200 ਕਿਲੋਮੀਟਰ ਹੋਵੇਗੀ। ਰਿੰਗ ਰੋਡ ਬਣਾਉਣ ਲਈ ਜ਼ਮੀਨ ਐਕਵਾਇਰ ਅਤੇ ਸੜਕਾਂ ਬਣਾਉਣ ਲਈ ਪੰਜਾਹ ਫੀਸਦੀ ਪੈਸਾ ਕੇਂਦਰ ਸਰਕਾਰ ਤੇ ਪੰਜਾਹ ਫੀਸਦੀ ਪੰਜਾਬ ਸਰਕਾਰ ਨੂੰ ਦੇਣਾ ਹੋਵੇਗਾ।

## ਵਿਦੇਸ਼ਾਂ 'ਚੋਂ ਪੈਸਾ ਭੇਜਣ 'ਚ ਭਾਰਤੀਆਂ ਨੇ ਤੋੜੇ ਰਿਕਾਰਡ

**ਨਵੀਂ ਦਿੱਲੀ:** ਵਿਦੇਸ਼ਾਂ ਤੋਂ ਆਪਣੇ ਘਰੀਂ ਪੈਸਾ ਭੇਜਣ ਵਾਲਿਆਂ 'ਚ ਭਾਰਤੀਆਂ ਦਾ ਪਹਿਲਾ ਨੰਬਰ ਹੈ। ਪਿਛਲੇ 26 ਸਾਲਾਂ 'ਚ ਭਾਰਤੀਆਂ ਵੱਲੋਂ ਆਪਣੇ ਦੇਸ਼ ਭੇਜਿਆ ਗਿਆ ਪੈਸਾ 22 ਗੁਣਾ ਵਧ ਗਿਆ ਹੈ। ਵਰਲਡ ਬੈਂਕ ਦੀ ਤਾਜ਼ਾ ਮਾਈਗ੍ਰੇਸ਼ਨ ਰਿਪੋਰਟ ਮੁਤਾਬਕ 2017 ਵਿਚ ਦੇਸ਼ ਤੋਂ ਬਾਹਰ ਰਹਿ ਰਹੇ ਭਾਰਤੀਆਂ ਨੇ ਕੁੱਲ 69 ਅਰਬ ਡਾਲਰ, ਮਤਲਬ 4.68 ਲੱਖ ਕਰੋੜ ਰੁਪਏ ਆਪਣੇ ਘਰ ਭੇਜੇ। ਕੁੱਲ ਭੇਜੀ ਗਈ ਰਕਮ ਵਿਚੋਂ 40 ਫੀਸਦੀ ਇਕੱਲੇ ਕੇਰਲ 'ਚ ਆਈ। ਜਿੰਨਾ ਪੈਸਾ ਭਾਰਤੀ ਵਿਦੇਸ਼ਾਂ 'ਚੋਂ ਘੱਲਦੇ ਹਨ, ਉਹ ਭਾਰਤ ਦੇ 2018-19 ਦੇ ਰੱਖਿਆ ਬਜਟ ਦਾ 1.5 ਗੁਣਾ ਹੈ। ਭਾਰਤ ਤੋਂ ਬਾਅਦ ਚੀਨ, ਫਿਲਪਾਈਨਜ਼, ਮੈਕਸੀਕੋ, ਨਾਈਜੀਰੀਆ ਤੇ ਮਿਸਰ ਦਾ ਨੰਬਰ ਆਉਂਦਾ ਹੈ।

ਇੰਟਰਨੈਸ਼ਨਲ ਫੰਡ ਫਾਰ ਐਗਰੀਕਲਚਰ ਡਿਵੈਲਪਮੈਂਟ ਦੇ ਮੁਖੀ ਗਿਲਬਰਟ ਹੋਉਂਗਬੋ ਕਹਿੰਦੇ ਹਨ ਕਿ ਹੈਰਾਨੀ ਦੀ ਗੱਲ ਇਹ ਹੈ ਕਿ 2015 ਦੇ ਮੁਕਾਬਲੇ 2018 'ਚ ਕੰਮ ਲਈ ਵਿਦੇਸ਼ ਜਾਣ ਵਾਲੇ ਭਾਰਤੀਆਂ ਦੀ ਗਿਣਤੀ 34 ਫੀਸਦੀ ਘੱਟ ਗਈ ਹੈ ਪਰ ਭਾਰਤ ਭੇਜੇ ਜਾ ਰਹੇ ਪੈਸਿਆਂ 'ਚ ਵਾਧਾ ਹੋ ਰਿਹਾ ਹੈ।

## ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਜੁਰਮਾਨਾ

**ਟੋਰਾਂਟੋ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਦੇਸ਼ ਦੇ ਐਥਿਕਸ ਕਮਿਸ਼ਨਰ ਵੱਲੋਂ 100 ਡਾਲਰ ਜੁਰਮਾਨਾ ਕੀਤਾ ਗਿਆ, ਜੋ ਉਨ੍ਹਾਂ ਨੇ ਅਦਾ ਕਰ ਦਿੱਤਾ ਹੈ। ਮਾਮਲਾ ਸਾਲ ਪਹਿਲਾਂ ਜੂਨ 2017 ਵਿਚ ਸੂਬੇ ਪ੍ਰਿੰਸ ਐਡਵਰਡ ਆਈਲੈਂਡ ਦੇ ਸਰਕਾਰੀ ਦੌਰੇ ਮੌਕੇ ਉਥੋਂ ਦੇ ਮੁੱਖ ਮੰਤਰੀ ਵੇਡ ਮਕਲਾਕਲੇਨ ਤੋਂ ਤੋਹਫੇ ਵਜੋਂ ਦੋ ਮਹਿੰਗੀਆਂ ਐਨਕਾਂ ਲੈਣ ਤੇ ਇਸ ਬਾਰੇ ਜਾਣਕਾਰੀ ਜਨਤਕ ਨਾ ਕਰਨ ਦਾ ਹੈ। ਐਨਕਾਂ ਦੀ ਕੀਮਤ 300 ਡਾਲਰ ਦੱਸੀ ਗਈ ਹੈ, ਜਦਕਿ ਦੇਸ਼ ਦੇ ਹਿੱਤਾਂ ਦੇ ਟਕਰਾਅ ਵਾਲੇ ਕਾਨੂੰਨ ਤਹਿਤ 200 ਡਾਲਰ ਤੋਂ ਮਹਿੰਗਾ ਤੋਹਫਾ ਸਵੀਕਾਰ ਕਰਨ ਵਾਲੇ ਸਰਕਾਰੀ ਆਗੂ/ਅਧਿਕਾਰੀ ਨੂੰ 30 ਦਿਨਾਂ 'ਚ ਫਾਰਮ ਭਰ ਕੇ ਜਨਤਕ ਤੌਰ 'ਤੇ ਇਸ ਬਾਰੇ ਦੱਸਣਾ ਜ਼ਰੂਰੀ ਹੈ। ਸ੍ਰੀ ਟਰੂਡੋ ਦੇ ਪ੍ਰੈਸ ਸਕੱਤਰ ਨੇ ਮੰਨਿਆ ਕਿ ਇਸ ਮਾਮਲੇ 'ਚ ਕੁਤਾਹੀ ਹੋਈ ਸੀ।

## ਬਹਿਬਲ ਕਲਾਂ ਕਾਂਡ: ਕਾਟਜੂ ਕਮਿਸ਼ਨ ਦੀ ਰਿਪੋਰਟ ਰਣਜੀਤ ਸਿੰਘ ਕਮਿਸ਼ਨ ਨੂੰ ਸੌਂਪੀ

**ਚੰਡੀਗੜ੍ਹ:** ਬਰਗਾੜੀ ਵਿਚ ਬੇਅਦਬੀ ਦੀ ਘਟਨਾ ਖਿਲਾਫ਼ ਰੋਸ ਪ੍ਰਗਟਾਵੇ ਦੌਰਾਨ ਬਹਿਬਲ ਕਲਾਂ ਗੋਲੀ ਕਾਂਡ ਵਿਚ ਕਿਸ਼ਨ ਭਗਵਾਨ ਸਿੰਘ ਤੇ ਗੁਰਜੀਤ ਸਿੰਘ ਦੀ ਹੋਈ ਮੌਤ ਸਬੰਧੀ 'ਸਿੱਖਜ਼ ਫਾਰ ਹਿਊਮਨ ਰਾਈਟਸ' ਵੱਲੋਂ ਸੁਪਰੀਮ ਕੋਰਟ ਦੇ ਸਾਬਕਾ ਜੱਜ ਮਾਰਕੰਡੇ ਕਾਟਜੂ ਦੀ ਅਗਵਾਈ ਹੇਠ ਬਣਾਏ ਜਾਂਚ ਕਮਿਸ਼ਨ ਦੀ ਰਿਪੋਰਟ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਸੌਂਪੀ ਗਈ ਹੈ। ਜਾਂਚ ਲਈ ਮੌਜੂਦਾ ਸਰਕਾਰ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾਇਆ ਗਿਆ ਹੈ। ਇਹ ਰਿਪੋਰਟ 'ਸਿੱਖਜ਼ ਫਾਰ ਹਿਊਮਨ ਰਾਈਟਸ' ਦੇ ਐਡਵੋਕੇਟ ਅਮਰ ਸਿੰਘ ਚਹਿਲ ਤੇ ਐਡਵੋਕੇਟ ਹਰਪਾਲ ਸਿੰਘ ਚੀਮਾ ਵੱਲੋਂ ਸੌਂਪੀ ਗਈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ


**National Truck Driving School**

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

## ਸਿੰਗਾਪੁਰ ਦੇ ਰਾਸ਼ਟਰਪਤੀ ਵੱਲੋਂ ਸਿੱਖਾਂ ਦੀ ਸ਼ਲਾਘਾ

**ਸਿੰਗਾਪੁਰ:** ਸਿੰਗਾਪੁਰ ਦੇ ਰਾਸ਼ਟਰਪਤੀ ਹਲੀਮਾਹ ਯਾਕੋਬ ਨੇ ਸਥਾਨਕ ਸਿੱਖ ਭਾਈਚਾਰੇ ਦੀ ਰਾਜ ਦੇ ਹੋਰਨਾਂ ਫਿਰਕਿਆਂ ਨਾਲ ਮਜ਼ਬੂਤ ਸਾਂਝ ਪਾਉਣ ਬਦਲੇ ਸ਼ਲਾਘਾ ਕੀਤੀ ਹੈ। ਇਥੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ 100ਵੇਂ ਸਥਾਪਨਾ ਦਿਵਸ ਮੌਕੇ ਰਾਸ਼ਟਰਪਤੀ ਨੇ ਕਿਹਾ ਕਿ ਸਿੱਖ ਭਾਈਚਾਰੇ ਨੇ ਇਕ ਸਹਿਨਸ਼ੀਲ, ਮੇਲ-ਜੋਲ ਵਧਾਉਣ ਵਾਲੇ ਅਤੇ ਹਰ ਪੱਖੋਂ ਸਹਿਯੋਗ ਕਰਨ ਵਾਲੇ ਸਮਾਜ ਦੀ ਉਸਾਰੀ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਗੁਰਦੁਆਰੇ ਦੇ ਪ੍ਰਧਾਨ ਮੁਤਾਬਕ ਸਿੰਗਾਪੁਰ ਵਿਚ ਕਰੀਬ 13,000 ਸਿੱਖ ਰਹਿ ਰਹੇ ਹਨ। ਗੁਰਦੁਆਰੇ ਵਿਚ ਲੰਗਰ ਲਾਉਣ ਤੋਂ ਇਲਾਵਾ ਹੋਰ ਕਈ ਸਮਾਜ ਸੇਵੀ ਕਾਰਜ ਕੀਤੇ ਜਾਂਦੇ ਹਨ।

# ਆਈਫਾ ਪੁਰਸਕਾਰ: ਸ੍ਰੀਦੇਵੀ ਤੇ ਇਰਫਾਨ ਖਾਨ ਸਰਬੋਤਮ ਅਦਾਕਾਰ

**ਬੈਂਕਾਕ:** 19ਵਾਂ ਅੰਤਰਰਾਸ਼ਟਰੀ ਭਾਰਤੀ ਫਿਲਮ ਅਕੈਡਮੀ (ਆਈਫਾ) ਪੁਰਸਕਾਰ ਸਮਾਰੋਹ 2018 ਬੈਂਕਾਕ ਵਿਚ ਸਿਆਮ ਨਿਰਾਮਿਟ ਥੀਏਟਰ ਵਿਚ ਕਰਵਾਇਆ ਗਿਆ। ਇਸ ਮੌਕੇ ਦਿੱਤੇ ਪੁਰਸਕਾਰਾਂ 'ਚ ਸਰਬੋਤਮ ਅਦਾਕਾਰ ਦਾ ਪੁਰਸਕਾਰ ਅਦਾਕਾਰ ਇਰਫਾਨ ਖਾਨ ਨੂੰ ਫਿਲਮ 'ਹਿੰਦੀ ਮੀਡੀਅਮ' ਵਿਚ ਨਿਭਾਈ ਭੂਮਿਕਾ ਲਈ ਦਿੱਤਾ ਗਿਆ ਅਤੇ ਸਰਬੋਤਮ ਅਦਾਕਾਰਾ ਦਾ ਪੁਰਸਕਾਰ ਸਵ. ਸ੍ਰੀਦੇਵੀ ਨੂੰ ਉਨ੍ਹਾਂ ਵੱਲੋਂ ਫਿਲਮ 'ਮੌਮ' ਵਿਚ ਨਿਭਾਏ ਦਮਦਾਰ ਕਿਰਦਾਰ ਲਈ ਦਿੱਤਾ ਗਿਆ। ਇਰਫਾਨ ਦਾ ਪੁਰਸਕਾਰ ਨਿਰਮਾਤਾ ਦਿਨੇਸ਼ ਵਿਜਨ ਨੇ ਪ੍ਰਾਪਤ ਕੀਤਾ ਅਤੇ ਸ੍ਰੀਦੇਵੀ ਦਾ ਪੁਰਸਕਾਰ ਉਨ੍ਹਾਂ ਦੇ ਪਤੀ ਬੋਨੀ ਕਪੂਰ ਨੇ ਪ੍ਰਾਪਤ ਕੀਤਾ। ਸਰਬੋਤਮ



ਫਿਲਮ ਦਾ ਪੁਰਸਕਾਰ 'ਤੁਮਾਰੀ ਸੁਲੂ' ਨੂੰ ਦਿੱਤਾ ਗਿਆ। ਸਰਬੋਤਮ ਨਿਰਦੇਸ਼ਕ ਦਾ ਪੁਰਸਕਾਰ 'ਹਿੰਦੀ ਮੀਡੀਅਮ' ਫਿਲਮ ਲਈ ਸਾਕੇਤ ਚੌਧਰੀ ਨੂੰ ਦਿੱਤਾ ਗਿਆ।

ਭਾਰਤੀ ਸਿਨੇਮਾ 'ਚ ਬਿਹਤਰੀਨ ਪ੍ਰਾਪਤੀਆਂ ਲਈ ਅਨੁਪਮ ਖੇਰ ਨੂੰ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ। ਸਰਬੋਤਮ ਫਿਲਮ ਕਹਾਣੀ ਦਾ ਪੁਰਸਕਾਰ ਫਿਲਮ 'ਨਿਊਟਨ' ਲਈ ਅਮਿਤ ਵੀ ਮਸੂਰਕਾ ਨੂੰ ਦਿੱਤਾ ਗਿਆ। ਇਸ ਵਾਰ ਸਰਬੋਤਮ ਸਹਾਇਕ ਅਦਾਕਾਰ ਦਾ ਪੁਰਸਕਾਰ ਨਵਾਜ਼ੁਦੀਨ ਸਿੱਦੀਕੀ ਅਤੇ ਸਰਬੋਤਮ ਸਹਾਇਕ ਅਦਾਕਾਰਾ ਦਾ ਪੁਰਸਕਾਰ ਮੇਹਰ ਵਿੱਜ ਨੂੰ ਫਿਲਮ 'ਸੀਕ੍ਰੇਟ ਸੁਪਰਸਟਾਰ' ਵਿਚ ਨਿਭਾਈ ਅਦਾਕਾਰੀ ਲਈ ਮਿਲਿਆ। ਸਰਬੋਤਮ ਸੰਗੀਤਕਾਰ ਦਾ ਪੁਰਸਕਾਰ ਅਮਾਲ ਮਲਿਕ, ਅਖਿਲ ਸਚਦੇਵਾ, ਤਨਿਸ਼ਕ ਨੂੰ 'ਬਦਰੀਨਾਥ ਕੀ ਦੁਲਹਨੀਆ' ਲਈ ਦਿੱਤਾ ਗਿਆ। ਸਰਬੋਤਮ ਗੀਤਕਾਰ ਮਨੋਜ ਮੁਤਾਸਰ ਨੂੰ ਬਾਦਸ਼ਾਹੋ ਦੇ ਗਾਣੇ 'ਰਸ਼ਕੇ ਕਮਰ' ਲਈ ਦਿੱਤਾ ਗਿਆ। ਸਰਬੋਤਮ ਗੀਤ ਲਈ ਪੁਰਸਕਾਰ ਫਿਲਮ ਬਾਦਸ਼ਾਹੋ ਦੇ ਗੀਤ 'ਮੇਰੇ ਰਸ਼ਕੇ ਕਮਰ' ਲਈ ਨੁਸਰਤ ਫ਼ਤਿਹ ਅਲੀ ਖਾਨ, ਏ 1 ਮੈਲੋਡੀ ਫੰਨਾ ਅਤੇ ਮਨੋਜ ਮੁੰਤਸ਼ੀਰ ਨੂੰ ਦਿੱਤਾ ਗਿਆ।

ਸਰਬੋਤਮ ਪਿੱਠਵਰਤੀ ਗਾਇਕ ਦਾ ਪੁਰਸਕਾਰ 'ਜਬ ਹੈਰੀ ਮੈੱਟ ਸੇਜ਼ਲ' ਫਿਲਮ ਦੇ 'ਹਵਾਏਂ' ਲਈ ਅਰੀਜੀਤ ਸਿੰਘ ਨੂੰ ਦਿੱਤਾ ਗਿਆ। ਸਰਬੋਤਮ ਪਿੱਠਵਰਤੀ ਗਾਇਕਾ ਦਾ ਪੁਰਸਕਾਰ ਮੇਘਨਾ ਮਿਸ਼ਰਾ ਨੂੰ ਫਿਲਮ 'ਸੀਕ੍ਰੇਟ ਸੁਪਰਸਟਾਰ' ਦੇ ਗਾਣੇ 'ਮੈਂ ਕੌਣ ਹੂੰ' ਲਈ ਦਿੱਤਾ ਗਿਆ। ਸਰਬੋਤਮ ਪਲੇਠੀ ਨਿਰਦੇਸ਼ਕਾ ਦਾ ਪੁਰਸਕਾਰ ਕੋਂਕਣਾ ਸੇਨ ਸ਼ਰਮਾ ਨੂੰ ਦਿੱਤਾ ਗਿਆ। ਸਭ ਤੋਂ ਵੱਧ ਸਟਾਈਲਿਸ਼ ਆਈਕੋਨ ਦਾ ਖ਼ਿਤਾਬ ਕਰਿਤੀ ਸੈਨਨ ਨੂੰ ਦਿੱਤਾ ਗਿਆ। ਇਸ ਮੌਕੇ ਬੋਨੀ ਕਪੂਰ ਸ੍ਰੀ ਦੇਵੀ ਦਾ ਪੁਰਸਕਾਰ ਲੈਂਦੇ ਹੋਏ ਕਾਫੀ ਭਾਵੁਕ ਹੋ ਗਏ। ਭਾਰਤੀ ਸਿਨੇਮੇ ਲਈ ਪਾਏ ਯੋਗਦਾਨ ਲਈ ਸ਼ਸ਼ੀ ਕਪੂਰ ਨੂੰ ਪੁਰਸਕਾਰ ਦਿੱਤਾ ਗਿਆ। ਇਹ ਪੁਰਸਕਾਰ ਉਨ੍ਹਾਂ ਦੇ ਭਤੀਜੇ ਸ਼ਸ਼ੀ ਕਪੂਰ ਅਤੇ ਰਣਬੀਰ ਕਪੂਰ ਨੇ ਪ੍ਰਾਪਤ ਕੀਤਾ।

# ਗੁਰਪ੍ਰੀਤ ਸਹਜੀ ਨੂੰ ਯੁਵਾ ਲੇਖਕ ਤੇ ਤਰਸੇਮ ਨੂੰ ਬਾਲ ਸਾਹਿਤ ਐਵਾਰਡ

**ਨਵੀਂ ਦਿੱਲੀ:** ਸਾਹਿਤ ਅਕਾਦਮੀ ਵੱਲੋਂ ਸਾਲ 2018 ਦਾ ਯੁਵਾ ਲੇਖਕ ਦਾ ਪੁਰਸਕਾਰ ਨੌਜਵਾਨ ਲੇਖਕ ਗੁਰਪ੍ਰੀਤ ਸਹਜੀ ਦੇ ਨਾਵਲ 'ਬਲੋਰਾ' ਨੂੰ ਦੇਣ ਦਾ ਫੈਸਲਾ ਲਿਆ ਗਿਆ ਹੈ। ਯੁਵਾ ਲੇਖਕ ਦੀ ਰਚਨਾ ਦੀ ਚੋਣ ਕਰਨ ਵਾਲੀ ਜਿਊਰੀ ਵਿਚ ਡਾ. ਅਮਰਜੀਤ ਸਿੰਘ ਕੌਂਕੇ, ਡਾ. ਹਰਦਿਲਜੀਤ ਸਿੰਘ ਗੋਸਲ ਅਤੇ ਡਾ. ਮਹਿਲ ਸਿੰਘ ਸ਼ਾਮਲ ਸਨ।

ਬਾਲ ਸਾਹਿਤ ਪੁਰਸਕਾਰ ਤਰਸੇਮ ਦੇ ਬਾਲ ਨਾਵਲ 'ਟਾਹਲੀ ਵਾਲੀ ਗਲੀ' ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਤਰਸੇਮ ਨੂੰ ਇਸ ਤੋਂ ਪਹਿਲਾਂ ਅਨੁਵਾਦ ਲਈ ਵੀ ਸਾਹਿਤ ਅਕਾਦਮੀ ਇਨਾਮ ਮਿਲ ਚੁੱਕਾ ਹੈ। ਅਕਾਦਮੀ ਵੱਲੋਂ ਮੌਜੂਦਾ ਸਾਲ ਲਈ ਬਾਲ ਸਾਹਿਤ ਪੁਰਸਕਾਰ ਦੇ 23 ਅਤੇ ਯੁਵਾ ਪੁਰਸਕਾਰ ਦੇ 21 ਜੇਤੂਆਂ ਦੀ ਸੂਚੀ ਜਾਰੀ ਕੀਤੀ ਗਈ ਹੈ। ਬਾਲ ਪੁਰਸਕਾਰ 14 ਨਵੰਬਰ ਨੂੰ ਬਾਲ ਦਿਵਸ ਮੌਕੇ ਦਿੱਤੇ ਜਾਣਗੇ ਜਦੋਂਕਿ ਯੁਵਾ ਪੁਰਸਕਾਰ ਲਈ ਦਿਨ ਤੈਅ ਕੀਤਾ ਜਾਣਾ ਅਜੇ ਬਾਕੀ ਹੈ।

ਐਵਾਰਡ ਜੇਤੂਆਂ ਦੀ ਇਹ ਸੂਚੀ ਭਾਰਤ ਦੀਆਂ 22 ਭਾਸ਼ਾਵਾਂ ਦੀ ਨੁਮਾਇੰਦਗੀ ਕਰਦੇ ਮੈਂਬਰਾਂ ਦੀ ਜਿਊਰੀ ਦੀ ਸਿਫਾਰਸ਼ 'ਤੇ ਪ੍ਰਧਾਨ ਚੰਦਰਸ਼ੇਖਰ ਕਾਂਬਰ ਤੇ ਸਕੱਤਰ ਕੇ ਸ੍ਰੀਨਿਵਾਸਰਾਓ ਦੀ ਪ੍ਰਧਾਨਗੀ ਹੇਠ ਮਿਲੇ ਸਾਹਿਤ ਅਕਾਦਮੀ ਦੇ ਕਾਰਜਕਾਰੀ ਬੋਰਡ ਵੱਲੋਂ ਮਨਜ਼ੂਰ ਕੀਤੀ ਗਈ ਹੈ।

# ਆਰਥਿਕ ਸੰਕਟ ਦੇ ਲਪੇਟੇ 'ਚ ਆਉਣਗੇ ਚੀਨ ਤੇ ਹਾਂਗਕਾਂਗ

**ਸਿੰਗਾਪੁਰ:** ਵਿਕਸਤ ਦੇਸ਼ਾਂ ਦੀ ਤੁਲਨਾ ਵਿਚ ਉਭਰਦੀ ਅਰਥਵਿਵਸਥਾ ਵਾਲੇ ਦੇਸ਼ਾਂ ਉਤੇ ਵਿੱਤੀ ਸੰਕਟ ਦੀ ਮਾਰ ਵੱਧ ਪਵੇਗੀ। ਸਭ ਤੋਂ ਵੱਧ ਸੰਕਟ ਦੇ ਬੱਦਲ ਹਾਂਗਕਾਂਗ ਉਤੇ ਰਹਿਣਗੇ। ਚੀਨ ਅਤੇ ਹਾਂਗਕਾਂਗ ਅਗਲੇ ਤਿੰਨ ਸਾਲਾਂ ਵਿਚ ਵਿੱਤੀ ਸੰਕਟ ਵਿਚ ਘਿਰੇ ਰਹਿਣਗੇ। ਇਸ ਦੌਰਾਨ ਏਸ਼ੀਆਈ ਦੇਸ਼ਾਂ ਵਿਚੋਂ ਸਿਰਫ ਭਾਰਤ ਅਤੇ ਦੱਖਣੀ ਕੋਰੀਆ ਦੀ ਅਰਥਵਿਵਸਥਾ ਹੀ ਸੁਰੱਖਿਅਤ ਰਹੇਗੀ। ਬਲੂਮਬਰਗ ਨੋਮੁਰਾ ਸਿੰਗਾਪੁਰ ਲਿਮਟਿਡ ਦੀ ਸਟੱਡੀ ਦੇ ਹਵਾਲੇ ਨਾਲ ਇਹ ਰਿਪੋਰਟ ਦਿੱਤੀ ਗਈ ਹੈ। ਇਸ ਵਿਚ ਆਖਿਆ ਗਿਆ ਹੈ ਕਿ ਵਿਕਸਤ ਦੇਸ਼ਾਂ ਦੀ ਤੁਲਨਾ ਵਿਚ ਉਭਰਦੀ ਅਰਥਵਿਵਸਥਾ ਵਾਲੇ ਦੇਸ਼ਾਂ ਉਤੇ ਆਰਥਿਕ ਮੰਦੀ ਦਾ ਵੱਧ ਅਸਰ ਪਵੇਗਾ।

ਨੋਮੁਰਾ ਦੇ ਰਾਬ ਸੁਬਾਰਮੈਨ ਅਤੇ ਮਾਈਕਲ ਲੂ ਕੀ ਦੀ ਰਿਸਰਚ ਉਤੇ ਜਾਰੀ ਕੀਤੀ ਗਈ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਗਲੇ ਤਿੰਨ ਸਾਲਾਂ ਵਿਚ ਹਾਂਗਕਾਂਗ ਅਤੇ ਚੀਨ ਦੀ ਅਰਥਵਿਵਸਥਾ ਡੂੰਘੇ ਸੰਕਟ ਵਿਚ ਫਸੀ ਨਜ਼ਰ ਆਵੇਗੀ। ਸਭ ਤੋਂ ਵੱਡਾ ਖਤਰਾ ਹਾਂਗਕਾਂਗ ਉਤੇ ਹੈ, ਜੋ 1997 ਦੇ ਏਸ਼ੀਆਈ ਸੰਕਟ ਤੋਂ ਵੀ ਵੱਡਾ ਹੈ। ਖੋਜ ਵਿਚ ਅੱਗੇ ਆਖਿਆ ਗਿਆ ਹੈ ਕਿ ਨਤੀਜੇ ਦੱਸ ਰਹੇ ਹਨ ਕਿ ਕ੍ਰੈਡਿਟ ਤੇ ਵਿੱਤੀ ਦਬਾਅ ਦੇ ਸਾਹਮਣੇ ਉਭਰਦੇ ਹੋਏ ਦੇਸ਼ ਜ਼ਿਆਦਾ ਕਮਜ਼ੋਰ ਹਨ।

## ਭਾਰਤ ਤੇ ਕਿਊਬਾ ਵੱਲੋਂ ਆਪਸੀ ਸਹਿਯੋਗ ਵਧਾਉਣ 'ਤੇ ਸਹਿਮਤੀ

**ਹਵਾਨਾ:** ਭਾਰਤ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਕਿਊਬਾ ਵਿਚਲੇ ਆਪਣੇ ਹਮਰੁਤਬਾ ਮਿਗੁਏਲ ਡਿਆਜ਼-ਕੈਨੇਲ ਨਾਲ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਤੇ ਦੋਵਾਂ ਦੇਸ਼ਾਂ ਨੇ ਦੁਵੱਲੇ ਸਬੰਧਾਂ ਨੂੰ ਮਜ਼ਬੂਤੀ ਦੇਣ ਲਈ ਬਾਇਓ ਤਕਨਾਲੋਜੀ, ਨਵਿਆਉਣਯੋਗ ਊਰਜਾ ਤੇ ਪਰੰਪਰਿਕ ਦਵਾਈਆਂ ਦੇ ਖੇਤਰਾਂ ਵਿਚ ਆਪਸੀ ਸਹਿਯੋਗ ਵਧਾਉਣ ਦੀ ਰਜ਼ਾਮੰਦੀ ਜਤਾਈ।

ਸ੍ਰੀ ਕੋਵਿੰਦ ਤਿੰਨ ਦੇਸ਼ਾਂ ਦੇ ਦੌਰੇ ਦੇ ਆਖਰੀ ਪੜਾਅ ਵਜੋਂ ਯੂਨਾਨ ਤੇ ਸੂਰੀਨਾਮ ਤੋਂ ਬਾਅਦ ਹਵਾਨਾ ਪੁੱਜੇ ਸਨ। ਇਥੇ ਉਨ੍ਹਾਂ ਮਹਾਤਮਾ ਗਾਂਧੀ ਦੇ ਬੁੱਤ 'ਤੇ ਫੁੱਲ ਚੜ੍ਹਾਏ। ਬਾਅਦ ਵਿਚ ਉਨ੍ਹਾਂ ਕਿਊਬਾ ਦੇ ਰਾਸ਼ਟਰਪਤੀ ਡਿਆਜ਼-ਕੈਨੇਲ ਨਾਲ ਮੁਲਾਕਾਤ ਕੀਤੀ।

# ਕੈਨੇਡਾ 'ਚ ਭੰਗ ਤੇ ਸੁੱਖੇ ਦੀ ਮਿਲੀ ਖੁੱਲ੍ਹ

**ਓਟਾਵਾ:** ਕੈਨੇਡਾ ਵਿਚ ਹੁਣ ਭੰਗ ਸੁੱਖਾ ਆਮ ਮਿਲੇਗਾ। ਕੈਨੇਡਾ ਦੀ ਸੰਸਦ ਨੇ ਇਤਿਹਾਸਕ ਬਿਲ ਪਾਸ ਕਰਦਿਆਂ ਪੂਰੇ ਦੇਸ਼ ਵਿਚ ਮਾਰੀਜੁਆਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕੈਨੇਡਾ ਦੁਨੀਆਂ ਦਾ



ਦੂਜਾ ਦੇਸ਼ ਬਣਿਆ ਹੈ ਜਿਸ ਨੇ ਭੰਗ ਜਾਂ ਸੁੱਖੇ ਦੇ ਰੂਪ ਵਿਚ ਵਰਤੇ ਜਾਣ ਵਾਲੇ ਨਸ਼ੇ ਮਾਰੀਜੁਆਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕੈਨੇਡਾ ਵਾਸੀ ਹੁਣ ਭੰਗ ਦੇ ਬੂਟਿਆਂ ਨੂੰ ਕਾਨੂੰਨੀ ਤੌਰ 'ਤੇ ਉਗਾ ਤੇ ਵਰਤ ਸਕਣਗੇ।


ਸੈਨੇਟ ਨੇ 52-29 ਵੋਟਾਂ ਦੇ ਫਰਕ ਨਾਲ ਮਾਰੀਜੁਆਨਾ ਨੂੰ ਪ੍ਰਵਾਨਗੀ ਦੇਣ ਦੇ ਪੱਖ ਵਿਚ ਫੈਸਲਾ ਦੇ ਦਿੱਤਾ ਹੈ। ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਕੈਨੇਡੀਅਨ ਲੋਕ ਭੰਗ ਜਾਂ ਸੁੱਖੇ ਦਾ 'ਸੁਆਦ' ਇਸ ਸਤੰਬਰ ਤੋਂ ਲੈ ਸਕਣਗੇ। ਪੂਰੀ ਦੁਨੀਆਂ ਵਿਚ ਦੱਖਣੀ ਅਮਰੀਕਾ ਦੇ ਦੇਸ਼ ਦਸੰਬਰ 2013 ਵਿਚ ਯੂਰੂਗੁਆਏ ਵੱਲੋਂ ਵਿਕਰੀ ਲਈ ਹਰੀ ਝੰਡੀ ਦਿੱਤੇ ਜਾਣ ਤੋਂ ਬਾਅਦ ਕੈਨੇਡਾ ਦੂਜਾ ਮੁਲਕ ਹੈ ਜਿਸ ਨੇ ਮਾਰੀਜੁਆਨਾ ਨੂੰ ਕਾਨੂੰਨੀ ਰੂਪ ਵਿਚ ਮਨਜ਼ੂਰੀ ਦਿੱਤੀ ਹੈ। ਹਾਲਾਂਕਿ, ਅਮਰੀਕਾ ਦੇ 30 ਸੂਬੇ ਅਜਿਹੇ ਹਨ ਜਿਥੇ ਮੈਡੀਕਲ ਖੇਤਰ 'ਚ ਮਾਰੀਜੁਆਨਾ ਵਰਤਿਆ ਜਾਂਦਾ ਹੈ। ਕੈਨੇਡਾ ਸਰਕਾਰ ਦੇ ਇਸ ਫੈਸਲੇ ਨਾਲ ਹੁਣ ਕੋਈ ਵੀ 30 ਗ੍ਰਾਮ ਤੱਕ ਦਾ ਮਾਰੀਜੁਆਨਾ ਜਨਤਕ ਖੇਤਰ 'ਤੇ ਆਪਣੇ ਕੋਲ ਰੱਖ ਸਕਦਾ ਹੈ।

ਘਰ ਵਿਚ ਚਾਰ ਬੂਟੇ ਲਾਉਣ ਦੀ ਖੁੱਲ੍ਹ ਹੋਵੇਗੀ ਤੇ ਇਸ ਨੂੰ ਨਿੱਜੀ ਵਰਤੋਂ ਵਿਚ ਲਿਆਂਦਾ ਜਾਵੇਗਾ। ਸਰਕਾਰ ਮੁਤਾਬਕ ਮਾਰੀਜੁਆਨਾ ਦੀ ਖਰੀਦੋ-ਫਰੋਖਤ ਲਈ ਸਖਤ ਨਿਯਮ ਲਾਗੂ ਰਹਿਣਗੇ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟਵਿੱਟਰ 'ਤੇ ਇਸ ਬਿੱਲ ਦੀ ਸ਼ਲਾਘਾ ਕੀਤੀ ਤੇ ਇਸ ਨੂੰ ਕੈਨੇਡਾ ਦੇ ਨੌਜਵਾਨ ਪੱਖੀ ਕਰਾਰ ਦਿੱਤਾ। ਸਰਕਾਰ ਨੂੰ ਆਸ ਹੈ ਕਿ ਆਉਣ ਵਾਲੇ ਅੱਠ ਤੋਂ ਬਾਰਾਂ ਮਹੀਨਿਆਂ ਦੌਰਾਨ ਸੂਬਿਆਂ ਤੋਂ ਲੈ ਕੇ ਨਗਰ ਨਿਗਮ ਪ੍ਰਸ਼ਾਸਨ ਮਾਰੀਜੁਆਨਾ ਵਿਕਰੀ ਕੇਂਦਰਾਂ ਦੀ ਸਥਾਪਨਾ ਕਰ ਲੈਣਗੇ।

# ਡਿਪਰੈਸ਼ਨ ਘਟਾਉਣ ਲਈ ਮਦਦਗਾਰ ਹੈ ਯੋਗ

**ਨਵੀਂ ਦਿੱਲੀ:** ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼) ਦੇ ਇਕ ਤਾਜ਼ਾ ਸਰਵੇਖਣ ਵਿਚ ਖੁਲਾਸਾ ਹੋਇਆ ਹੈ ਕਿ ਯੋਗ ਡਿਪਰੈਸ਼ਨ ਦੀ ਗੰਭੀਰਤਾ ਨੂੰ ਘਟਾਉਣ 'ਚ ਮਦਦ ਕਰਦਾ ਹੈ। ਏਮਜ਼ ਵਿਚ ਐਨਾਟੋਮੀ ਵਿਭਾਗ, ਐਲੀਮੈਂਟਰੀ ਰੀਪ੍ਰੋਡਿਊਸ਼ਨ ਐਂਡ ਜੈਨੇਟਿਕਸ ਵਿਭਾਗ ਦੇ ਰੀਮਾ ਦਾਦਾ ਤੇ ਪ੍ਰੋ. ਇੰਚਾਰਜ ਨੇ ਕਿਹਾ ਕਿ ਅਧਿਐਨ ਵਿਚ ਪਾਇਆ ਗਿਆ ਕਿ ਯੋਗ ਨਾਲ ਜੀਵਨ ਢੰਗ ਦੇ ਨਤੀਜਿਆਂ ਵਿਚ ਕੋਰਟੀਓਸੋਲ, ਸਰੀਰ ਅਤੇ ਦਿਮਾਗ 'ਚ ਕੁਝ ਖਾਸ ਅਣੂਆਂ ਦੇ ਪੱਧਰ ਨੂੰ ਘਟਾਉਣ ਵਿਚ ਸਹਾਈ ਹੁੰਦੀ ਹੈ। ਯੋਗ ਨਾਲ ਆਕਸੀਟੇਟਿਵ ਤਣਾਅ ਘਟਾਇਆ ਜਾ ਸਕਦਾ ਹੈ।

ਮਾਹਿਰਾਂ ਨੇ ਕਿਹਾ ਕਿ ਇਹ ਆਕਸੀਟੇਟਿਵ



ਅਤੇ ਮਨੋਵਿਗਿਆਨਿਕ ਤਣਾਅ ਦੇ ਪੱਧਰ ਨੂੰ ਘਟਾ ਕੇ ਉਮਰ ਦੇ ਪੱਧਰ ਨੂੰ ਘਟਾਉਂਦਾ ਹੈ ਅਤੇ ਟੈਲੋਮੀਰੇ ਦੀ ਲੰਬਾਈ ਨੂੰ ਕਾਇਮ ਰੱਖਣ ਵਿਚ ਮਦਦ ਕਰਦਾ ਹੈ। ਅਧਿਐਨ ਵਿਚ ਪਾਇਆ ਗਿਆ ਕਿ ਸਿਮਰਨ ਅਤੇ ਯੋਗ ਡਿਪਰੈਸ਼ਨ ਦੀ ਗੰਭੀਰਤਾ ਨੂੰ ਘਟਾ ਸਕਦਾ ਹੈ ਅਤੇ ਨਾਈਰੋਪਲੇਸਟੀ ਦੇ ਪ੍ਰਣਾਲੀਗਤ ਬਾਇਓਮਾਰਕਰਸ 'ਚ ਸੁਧਾਰ ਲਿਆ ਸਕਦਾ ਹੈ। ਅਧਿਐਨ ਮਨੋਵਿਗਿਆਨ ਵਿਭਾਗ ਅਤੇ ਜੈਨੇਟਿਕਸ ਲਈ ਲੈਬਾਰਟਰੀ ਦੁਆਰਾ ਕੀਤਾ ਗਿਆ ਸੀ। ਲਗਭਗ 236 ਵਿਸ਼ਿਆਂ ਉਤੇ 12-ਹਫਤੇ ਦੇ ਯੋਗ ਤੋਂ ਬਾਅਦ ਡਿਪਰੈਸ਼ਨ ਤੇ ਯੋਗ ਦੇ ਪ੍ਰਭਾਵ ਦਾ ਅਧਿਐਨ ਕੀਤਾ ਕਿ ਉਦਾਸੀ ਇਕ ਪ੍ਰਮੁੱਖ ਸਿਹਤ ਸਮੱਸਿਆ ਹੈ ਜੋ ਮਹੱਤਵਪੂਰਣ ਰੋਗ, ਅਪਾਹਜਤਾ ਅਤੇ ਬੁਢਾਪੇ ਦੀ ਸ਼ੁਰੂਆਤ ਅਤੇ ਸਬੰਧਤ ਬਿਮਾਰੀਆਂ ਉਤੇ ਉਮਰ ਭਰ ਲਈ ਅਸਰ ਪਾਉਂਦੀ ਹੈ।

# ਭਾਰਤੀ ਹਾਈ ਕਮਿਸ਼ਨਰ ਨੂੰ ਪੰਜਾ ਸਾਹਿਬ ਜਾਣ ਤੋਂ ਰੋਕਿਆ

**ਨਵੀਂ ਦਿੱਲੀ:** ਪਿਛਲੇ ਤਿੰਨ ਮਹੀਨਿਆਂ ਵਿਚ ਦੂਜੀ ਵਾਰ ਪਾਕਿਸਤਾਨ ਵਿਚ ਭਾਰਤ ਦੇ ਹਾਈ ਕਮਿਸ਼ਨਰ ਅਜੈ ਬਿਸਾਰੀਆ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਗੁਰਦੁਆਰਾ ਪੰਜਾ ਸਾਹਿਬ ਵਿਚ ਜਾਣ ਲਈ ਅਜੈ ਬਿਸਾਰੀਆ ਨੇ ਇਸਲਾਮਾਬਾਦ ਵਿਚ ਵਿਦੇਸ਼ ਵਿਭਾਗ ਤੋਂ ਮਨਜ਼ੂਰੀ ਵੀ ਲਈ ਸੀ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਦਿੱਤੀ ਗਈ। 21 ਜੂਨ ਤੋਂ 30 ਜੂਨ ਤੱਕ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਪੰਜਾਬ (ਭਾਰਤ) ਤੋਂ ਸਿੱਖਾਂ ਦਾ ਜਥਾ ਪਾਕਿਸਤਾਨ ਗਿਆ ਹੋਇਆ ਹੈ। ਆਪਣੀ ਡਿਊਟੀ ਅਨੁਸਾਰ ਹਾਈ ਕਮਿਸ਼ਨਰ ਨੇ ਭਾਰਤ ਤੋਂ ਆਏ ਸ਼ਰਧਾਲੂਆਂ ਨੂੰ ਮਿਲਣਾ ਸੀ ਪਰ ਪਾਕਿਸਤਾਨ ਦੇ ਪੁਲਿਸ ਅਧਿਕਾਰੀਆਂ ਨੇ ਉਨ੍ਹਾਂ ਨੂੰ ਗੁਰਦੁਆਰੇ ਵਿਚ ਦਾਖਲ ਨਾ ਹੋਣ ਦਿੱਤਾ।

ਪਾਕਿਸਤਾਨ ਦੀ ਇਸ ਕਾਰਵਾਈ ਤੋਂ ਖਫ਼ਾ ਭਾਰਤ ਨੇ ਪਾਕਿਸਤਾਨ ਦੇ ਇਥੇ ਤਾਇਨਾਤ ਡਿਪਟੀ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਅਤੇ ਇਸ ਮੁੱਦੇ ਉਤੇ ਸਖਤ ਇਤਰਾਜ਼ ਦਰਜ ਕਰਵਾਇਆ। ਪਾਕਿਸਤਾਨ ਦੇ ਡਿਪਟੀ ਹਾਈ ਕਮਿਸ਼ਨਰ ਸੱਯਦ ਹੈਦਰ ਸ਼ਾਹ ਨੂੰ ਦੱਸਿਆ ਗਿਆ ਕਿ ਭਾਰਤੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਸਫਾਰਤੀ ਜ਼ਿੰਮੇਵਾਰੀਆਂ ਨਿਭਾਉਣ ਤੋਂ ਰੋਕਣਾ ਸਫ਼ਾਰਤੀ ਸਬੰਧਾਂ ਬਾਰੇ 1961 ਦੀ ਵਿਆਨਾ ਕਨਵੈਨਸ਼ਨ ਦੀ ਉਲੰਘਣਾ ਹੈ। ਇਸ ਦੇ ਨਾਲ ਹੀ 1974 ਵਿਚ ਕਾਇਮ ਕੀਤੇ ਧਾਰਮਿਕ ਸਥਾਨਾਂ ਸਬੰਧੀ ਦੁਵੱਲੇ ਪ੍ਰੋਟੋਕੋਲ ਤਹਿਤ ਨਿਰਧਾਰਤ ਨਿਯਮਾਂ ਦੀ ਵੀ ਉਲੰਘਣਾ ਹੈ।




ਇਸ ਤੋਂ ਪਹਿਲਾਂ ਜਦੋਂ ਸ੍ਰੀ ਬਿਸਾਰੀਆ ਵਿਸਾਖੀ ਮੌਕੇ ਗੁਰਦੁਆਰਾ ਪੰਜਾ ਸਾਹਿਬ ਪੁੱਜੇ ਸਨ ਤਾਂ ਵੀ ਉਨ੍ਹਾਂ ਨੂੰ ਗੁਰਦੁਆਰੇ ਵਿਚ ਦਾਖਲ ਹੋਣ ਤੋਂ ਇਹ ਕਹਿ ਕੇ ਰੋਕ ਦਿੱਤਾ ਸੀ ਕਿ ਸਿੱਖ ਸ਼ਰਧਾਲੂਆਂ ਦੇ ਮਨਾਂ ਵਿਚ ਭਾਰਤ ਵਿਰੁੱਧ ਰੋਸ ਹੈ। ਭਾਰਤ ਨੇ ਪਾਕਿਸਤਾਨ ਵਿਰੁੱਧ ਭੜਕਾਹਟ ਪੈਦਾ ਕਰਨ ਅਤੇ ਭਾਰਤ ਵਿਚ ਵੱਖਵਾਦੀ ਦੀ ਲਹਿਰ ਨੂੰ ਸ਼ਹਿ ਦੇਣ ਦੇ ਬਿਆਨ ਜਾਰੀ ਕਰਨ ਦਾ ਦੋਸ਼ ਲਾਏ ਸਨ। ਇਸ ਸਬੰਧੀ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਪਾਕਿਸਤਾਨ ਨੂੰ ਸਾਵਧਾਨ ਕੀਤਾ ਸੀ ਕਿ ਉਹ ਆਪਣੀ ਧਰਤੀ ਤੋਂ ਭਾਰਤ ਵਿਰੁੱਧ ਕਾਰਵਾਈਆਂ ਦੀ ਆਗਿਆ ਨਾ ਦੇਵੇ।

## ਸ਼੍ਰੋਮਣੀ ਕਮੇਟੀ ਨੇ ਕੀਤਾ ਇਤਰਾਜ਼

**ਅੰਮ੍ਰਿਤਸਰ:** ਪਾਕਿਸਤਾਨ ਸਰਕਾਰ ਦੀ ਇਸ ਕਾਰਵਾਈ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਖੇਧੀ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਭਾਰਤੀ ਹਾਈ ਕਮਿਸ਼ਨਰ ਨੇ ਸ਼ਰਧਾਲੂਆਂ ਨੂੰ ਮਿਲਣ ਦਾ ਯਤਨ ਕੀਤਾ ਹੈ ਪਰ ਉਨ੍ਹਾਂ ਨੂੰ ਮੁਲਾਕਾਤ ਕਰਨ ਤੋਂ ਰੋਕ ਦਿੱਤਾ ਗਿਆ ਹੈ, ਜੋ ਕਿ ਨਿੰਦਣਯੋਗ ਹੈ। ਉਨ੍ਹਾਂ ਆਖਿਆ ਕਿ ਪਾਕਿਸਤਾਨ ਗਏ ਸਿੱਖ ਸ਼ਰਧਾਲੂਆਂ ਨੂੰ ਉਥੇ ਭਾਰਤੀ ਹਾਈ ਕਮਿਸ਼ਨਰ ਨਾਲ ਮਿਲਣ ਵਿੱਚ ਪਾਕਿਸਤਾਨ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।

# ਜੰਮੂ-ਕਸ਼ਮੀਰ ਪਿਛੋਂ ਸੰਘ ਪਰਿਵਾਰ ਦੇ ਏਜੰਡੇ 'ਤੇ ਨਿਤੀਸ਼ ਵੀ ਅਤੇ ਅਕਾਲੀ ਵੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਜਦੋਂ ਪਿਛਲੇ ਹਫਤੇ ਨਾਗਪੁਰ ਵਿਚ ਆਰ. ਐਸ. ਐਸ. ਦੇ ਮੁੱਖ ਕੇਂਦਰ ਵਿਚ ਗਏ ਤਾਂ ਬਹੁਤ ਜ਼ਿਆਦਾ ਸਿਆਸੀ ਬਹਿਸ ਹੁੰਦੀ ਰਹੀ। ਇਸ ਬਹਿਸ ਦੌਰਾਨ ਇਸ ਗੱਲ ਦੀ ਵੀ ਚਰਚਾ ਸੀ ਕਿ ਪ੍ਰਣਬ ਮੁਖਰਜੀ ਨੇ ਉਸ ਨੂੰ ਅਣਗੌਲਿਆ ਕਰ ਰਹੀ ਕਾਂਗਰਸ ਹਾਈ ਕਮਾਂਡ ਨੂੰ ਸ਼ੀਸ਼ਾ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ, ਕਿਉਂਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਕਦੀ ਮਿਲਣ ਤੱਕ ਨਹੀਂ ਸੀ ਜਾਂਦਾ। ਕਿਸੇ ਨੇ ਇਹ ਵੀ ਕਹਿ ਦਿੱਤਾ ਕਿ ਇਸ ਦਾ ਬਾਪ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣ ਕੇ ਉਨਾ ਆਕੜ ਵਿਚ ਆ ਗਿਆ ਸੀ ਕਿ ਮੌਕੇ ਦੇ ਰਾਸ਼ਟਰਪਤੀ ਨੂੰ ਮਿਲਣਾ ਛੱਡ ਗਿਆ ਸੀ ਤੇ ਗਿਆਨੀ ਜ਼ੈਲ ਸਿੰਘ ਨੇ ਅੰਦਰੂਨੀ ਗੱਲਾਂ ਬਾਹਰ ਕੱਢ ਦਿੱਤੀਆਂ ਸਨ।



*ਪ੍ਰਣਬ ਮੁਖਰਜੀ*

ਇਹ ਮੁੰਡਾ ਗੱਦੀ ਮਿਲੇ ਤੋਂ ਬਿਨਾ ਹੀ ਆਕੜ ਵਿਚ ਆਉਂਦਾ ਵੇਖ ਕੇ ਪ੍ਰਣਬ ਮੁਖਰਜੀ ਵੀ ਗਿਆਨੀ ਜ਼ੈਲ ਸਿੰਘ ਬਣਨ ਲੱਗੇ ਹਨ।

ਫਿਰ ਇਹ ਸੁਣਨ ਨੂੰ ਮਿਲਿਆ ਕਿ ਅਗਲੀਆਂ ਚੋਣਾਂ ਵਿਚ ਆਰ. ਐਸ. ਐਸ. ਵਾਲੇ ਪ੍ਰਣਬ ਮੁਖਰਜੀ ਨੂੰ ਭਾਜਪਾ ਦੇ ਬਦਲਵੇਂ ਪਲੇਟਫਾਰਮ ਦੀ ਜ਼ਿੰਮੇਵਾਰੀ ਸੌਂਪਣ ਲੱਗੇ ਹਨ ਤੇ ਪ੍ਰਣਬ ਮੁਖਰਜੀ ਦਾ ਉਥੇ ਜਾਣਾ ਇਸ ਗੱਲ ਦੀ ਸਹਿਮਤੀ ਦਾ ਸਬੂਤ ਹੈ। ਮਸਾਂ ਦੋ ਦਿਨਾਂ ਬਾਅਦ ਪ੍ਰਣਬ ਮੁਖਰਜੀ ਜਦੋਂ ਰਾਹੁਲ ਗਾਂਧੀ ਦੇ ਘਰ ਇਫਤਾਰ ਪਾਰਟੀ ਵਿਚ ਪਹੁੰਚ ਗਏ ਤੇ ਦੋਵੇਂ ਪਿਓ-ਪੁੱਤ ਵਾਂਗ ਜੱਫੀ ਪਾ ਕੇ ਮਿਲੇ ਤਾਂ ਪ੍ਰਣਬ ਮੁਖਰਜੀ ਦੀ ਆਰ. ਐਸ. ਐਸ. ਨਾਲ ਸਹਿਮਤੀ ਵਾਲੀ ਗੱਲ ਕੱਟੀ ਗਈ। ਇਸ ਪਿੱਛੋਂ ਭਾਜਪਾ ਅਤੇ ਆਰ. ਐਸ. ਐਸ. ਦੇ ਸਬੰਧਾਂ ਦੀ ਕਹਾਣੀ ਫਿਰ ਉਦੋਂ ਅੱਗੇ ਵਧੀ, ਜਦੋਂ ਜੰਮੂ-ਕਸ਼ਮੀਰ ਦੀ ਸਰਕਾਰ ਤੋੜੀ ਗਈ।

ਜੰਮੂ-ਕਸ਼ਮੀਰ ਦੀ ਸਰਕਾਰ ਜਿਸ ਤਰ੍ਹਾਂ ਚੱਲ ਰਹੀ ਸੀ, ਬਹੁਤ ਸਾਰੇ ਲੋਕਾਂ ਲਈ ਉਹ ਹੁੰਦੀ ਹੋਈ ਵੀ ਅਣਹੋਈ ਬਰਾਬਰ ਸੀ। ਜਦੋਂ ਉਹ ਸਰਕਾਰ ਟੁੱਟ ਗਈ ਤਾਂ ਭਾਜਪਾ ਤੋਂ ਬਿਨਾ ਕਿਸੇ ਨੂੰ ਬਾਹਲੀ ਖੁਸ਼ੀ ਨਹੀਂ ਹੋਈ ਹੋਣੀ ਤੇ ਹਕੂਮਤ ਚਲਾ ਰਹੀ ਪੀ. ਡੀ. ਪੀ. ਪਾਰਟੀ ਦੇ ਆਗੂਆਂ ਤੋਂ ਬਿਨਾ ਕਿਸੇ ਨੂੰ ਬਹੁਤਾ ਦੁੱਖ ਨਹੀਂ ਹੋਇਆ ਹੋਣਾ। ਜਿੰਨੀ ਕੁ ਗੱਲ ਬਾਹਰ ਆਈ, ਉਹ ਇਹ ਸੀ ਕਿ ਇਸ ਫੈਸਲੇ ਉਤੇ ਭਾਜਪਾ ਲੀਡਰਸ਼ਿਪ ਨੇ ਸਿਰਫ ਮੋਹਰ ਲਾਈ ਹੈ, ਅਸਲ ਵਿਚ ਇਸ ਬਾਰੇ ਨੀਤੀ ਆਰ. ਐਸ. ਐਸ. ਦੀ ਹਾਈ ਕਮਾਨ ਨੇ ਘੜੀ ਸੀ। ਕਿਸੇ ਸਮੇਂ ਆਰ. ਐਸ. ਐਸ. ਵਾਲੇ ਰਾਜਸੀ ਬਹਿਸ ਵਿਚ ਪੈਣ ਦੀ ਥਾਂ ਕਹਿੰਦੇ ਹੁੰਦੇ ਸਨ ਕਿ ਇਹ ਕੰਮ ਭਾਜਪਾ ਕਰੇਗੀ, ਅਸੀਂ ਸੱਭਿਆਚਾਰਕ ਸੰਗਠਨ ਹਾਂ, ਪਰ ਅੱਜ-ਕੱਲ੍ਹ ਉਹ ਰਾਜਸੀ ਬਹਿਸ ਤੋਂ ਕਿਨਾਰਾ ਕਰਨ ਦੀ ਥਾਂ ਬਾਕਾਇਦਾ ਡਿਊਟੀ ਵੰਡ ਕੇ ਹਰ ਰਾਤ, ਹਰ ਕਿਸੇ ਚੈਨਲ ਉਤੇ ਬਹਿਸ ਲਈ ਆਪਣੇ ਖਾਸ ਬੁਲਾਰੇ ਭੇਜਦੇ ਅਤੇ ਰਾਜਸੀ ਫਾਰਮੂਲਿਆਂ ਦੀ ਖੁੱਲ੍ਹੀ ਚਰਚਾ ਕਰਦੇ ਹਨ। ਸਾਫ ਹੈ ਕਿ ਜਦੋਂ ਆਰ. ਐਸ. ਐਸ. ਇਸ ਤਰ੍ਹਾਂ ਰਾਜਨੀਤੀ ਵਿਚ ਖੁੱਲ੍ਹ ਕੇ ਆ ਚੁਕਾ ਹੈ ਤਾਂ ਉਸ ਨੂੰ ਇਸ ਗੱਲ ਦੀ ਕੌੜ ਨਹੀਂ ਸੀ ਲੱਗਣੀ ਕਿ ਇੱਕ ਰਾਜ ਦੀ ਸਰਕਾਰ ਨੂੰ ਤੋੜੇ ਜਾਣ ਦੀ ਕਹਾਣੀ ਉਸ ਦੀ ਲੀਡਰਸ਼ਿਪ ਦੇ ਸਿਰ ਮੜ੍ਹੀ ਜਾ ਰਹੀ ਹੈ।

ਦੱਸਿਆ ਇਹ ਜਾ ਰਿਹਾ ਹੈ ਕਿ ਜੰਮੂ-ਕਸ਼ਮੀਰ ਵਿਚ ਜੋ ਵੀ ਕੁਝ ਹੋਇਆ, ਉਹ ਆਰ. ਐਸ. ਐਸ. ਦੀ ਇੱਕ ਲੰਮੀ ਸਿਆਸੀ ਚਾਲ ਦਾ ਹਿੱਸਾ ਹੈ। ਉਹ ਸੰਗਠਨ ਸਮਝਦਾ ਸੀ ਕਿ ਅਬਦੁੱਲਾ ਘਰਾਣੇ ਦੀ ਨੈਸ਼ਨਲ ਕਾਨਫਰੰਸ ਤਾਂ ਪਾਇਆ ਚੋਗਾ ਚੁਗ ਕੇ ਖਾਣ ਵਾਲੇ ਪੰਛੀਆਂ ਦੀ ਡਾਰ ਹੋ ਗਈ ਹੈ, ਜਿਹੜੀ ਕਦੇ ਵੀ ਸੱਤਾ ਦੇ ਚੋਗੇ ਨਾਲ ਪਲੋਸੀ ਜਾ ਸਕਦੀ ਹੈ ਤੇ ਉਸ ਰਾਜ ਦੀ ਕਾਂਗਰਸ ਪਾਰਟੀ ਭਾਨਮਤੀ ਦਾ ਇਹੋ ਜਿਹਾ ਕੁਨਬਾ ਬਣ ਚੁਕੀ ਹੈ, ਜਿੱਥੇ ਦਿੱਲੀ ਨੂੰ ਦੇਖਣ ਵਾਲੇ ਵੀ ਤੁਰੇ ਫਿਰਦੇ ਹਨ ਤੇ ਕੰਟਰੋਲ ਰੇਖਾ ਤੋਂ ਪਾਰ ਝਾਕਣ ਵਾਲੇ ਵੀ। ਸੈਫੂਦੀਨ ਸੋਜ਼ ਦੇ ਤਾਜ਼ਾ ਬਿਆਨ ਨੇ ਇਹ ਸੋਚ ਸੱਚੀ ਮੰਨੇ ਜਾਣ ਦਾ ਆਧਾਰ ਵੀ ਖੜ੍ਹੇ ਪੈਰ ਪੇਸ਼ ਕਰ ਦਿੱਤਾ ਹੈ। ਇੱਕੋ ਪਾਰਟੀ ਪੀ. ਡੀ. ਪੀ. ਉਸ ਰਾਜ ਅੰਦਰ ਦਹਿਸ਼ਤਗਰਦੀ ਦੇ ਨੇੜ ਵਾਲੀ ਮੰਨੀ ਜਾਂਦੀ ਸੀ ਤੇ ਉਸ ਨੂੰ ਸੱਤਾ ਦੀ ਅਗਵਾਈ ਦਾ ਮੌਕਾ ਦੇ ਕੇ ਕਿਸੇ ਦੇ ਲਾਗੇ ਲੱਗਣ-ਜੁੜਨ ਜੋਗੀ ਨਹੀਂ ਰਹਿਣ ਦਿੱਤਾ ਗਿਆ।

ਜਿਹੜੀ ਮਹਿਬੂਬਾ ਮੁਫਤੀ ਉਥੇ ਫੌਜ ਦੀ ਗੋਲੀ ਨਾਲ ਮਾਰੇ ਗਏ ਪੱਥਰਬਾਜ਼ਾਂ ਬਾਰੇ ਇਹ ਕਹਿ ਚੁਕੀ ਹੈ ਕਿ ਇਹ ਕਿਹੜਾ ਉਥੇ ਟਾਫੀਆਂ ਅਤੇ ਦੁੱਧ ਦੀ ਬੋਤਲ ਲੈਣ ਲਈ ਗਏ ਸਨ, ਉਹ




ਸਰਕਾਰ ਟੁੱਟਣ ਪਿੱਛੋਂ ਉਨ੍ਹਾਂ ਨਾਲ ਜੋੜ ਜੋੜਨ ਦੇ ਸਮਰੱਥ ਨਹੀਂ ਰਹੀ। ਹੋਰਨਾਂ ਪਾਰਟੀਆਂ ਨੇ ਵੀ ਉਸ ਨੂੰ ਨੇੜੇ ਨਹੀਂ ਲਾਉਣਾ, ਕਿਉਂਕਿ ਉਹ ਭਾਜਪਾ ਦੇ ਨਾਲ ਸੱਤਾ ਦੀ ਸਾਂਝ ਪਾ ਚੁਕੀ ਹੈ, ਇਸ ਤਰ੍ਹਾਂ ਇੱਕ ਵੱਡੀ ਸਿਆਸੀ ਧਿਰ ਉਥੋਂ ਦੀ ਰਾਜਨੀਤੀ ਵਿਚੋਂ ਉਦਾਂ ਬਾਹਰ ਧੱਕ ਦਿੱਤੀ ਹੈ, ਜਿਵੇਂ ਕਿਸੇ ਵਕਤ ਪੰਜਾਬ 'ਚ ਸੁਰਜੀਤ ਸਿੰਘ ਬਰਨਾਲਾ ਨੂੰ ਰਾਜਸੀ ਅਖਾੜੇ ਤੋਂ ਲਾਂਭੇ ਬਿਠਾਇਆ ਗਿਆ ਸੀ।

ਜਿਹੜੀ ਰਾਜਸੀ ਚਾਲ ਆਰ. ਐਸ. ਐਸ. ਦੇ ਨਾਂ ਲੱਗਦੀ ਪਈ ਹੈ, ਉਸ ਵਿਚ ਦੋ ਉਤਰ-ਪੂਰਬੀ ਰਾਜਾਂ ਦੇ ਨਾਂ ਵੀ ਹਨ ਤੇ ਅੱਗੇ ਬਿਹਾਰ ਦਾ ਨੰਬਰ ਵੀ ਹੈ। ਬਿਹਾਰ ਵਿਚ ਸਭ ਤੋਂ ਵੱਡਾ ਮੋਦੀ-ਵਿਰੋਧੀ ਨਿਤੀਸ਼ ਕੁਮਾਰ ਹੋਇਆ ਕਰਦਾ ਸੀ ਤੇ ਇੱਕ ਵੇਲੇ ਉਸ ਰਾਜ ਵਿਚ ਭਾਜਪਾ ਦੀ ਕੌਮੀ



*ਮਹਿਬੂਬਾ ਮੁਫਤੀ*

ਕਾਰਜਕਾਰਨੀ ਮੀਟਿੰਗ ਸਮੇਂ ਸਾਰੀ ਲੀਡਰਸ਼ਿਪ ਲਈ ਰਾਤ ਦੇ ਖਾਣੇ ਦਾ ਸੱਦਾ ਦੇਣ ਪਿੱਛੋਂ ਉਸ ਨੇ ਇਹ ਇਸ ਲਈ ਰੱਦ ਕਰ ਦਿੱਤਾ ਸੀ ਕਿ ਨਰਿੰਦਰ ਮੋਦੀ ਨੇ ਨਾਲ ਆਉਣਾ ਸੀ। ਪਿਛਲੇ ਸਾਲ ਉਹੀ ਆਗੂ ਜਦੋਂ ਭਾਜਪਾ ਨਾਲ ਸਾਂਝੀ ਸਰਕਾਰ ਬਣਾਉਣ ਤੁਰ ਪਿਆ ਤੇ ਆਪ ਖਾਣਾ ਖੁਆਉਣ ਤੋਂ ਨਾਂਹ ਕਰਨ ਵਾਲਾ ਨਿਤੀਸ਼ ਕੁਮਾਰ ਦਿੱਲੀ ਵਿਚ ਨਰਿੰਦਰ ਮੋਦੀ ਦੇ ਘਰ ਖਾਣਾ ਖਾਣ ਚੱਲ ਪਿਆ ਤਾਂ ਬਾਕੀ ਧਿਰਾਂ ਤੋਂ ਦੂਰ ਹੋ ਗਿਆ ਸੀ।

ਫਿਰ ਅਗਲੇ ਦਿਨੀਂ ਜਦੋਂ ਬਿਹਾਰ ਵਿਚ ਕੁਝ ਉਪ ਚੋਣਾਂ ਵਿਚ ਹਰ ਥਾਂ ਭਾਜਪਾ ਅਤੇ ਨਿਤੀਸ਼ ਦੇ ਗੱਠਜੋੜ ਦੀ ਹਾਰ ਹੋਣ ਲੱਗ ਪਈ ਤਾਂ ਨਿਤੀਸ਼ ਕੁਮਾਰ ਨੂੰ ਭਾਜਪਾ ਵਾਲਿਆਂ ਨੇ ਕੋਸਣਾ ਸ਼ੁਰੂ ਕਰ ਦਿੱਤਾ। ਉਹ ਵੀ ਦੂਰੀ ਵਿਖਾਉਣ ਲਈ ਪੁਰਾਣੇ ਯਾਰਾਂ ਦੇ ਨੰਬਰ ਘੁਮਾਉਣ ਲੱਗ ਪਿਆ। ਅੱਗੋਂ ਉਹ ਪੁਰਾਣੇ ਯਾਰ ਗੱਲ ਕਰਨ ਲਈ ਨਾ ਮੰਨੇ। ਵੇਲਾ ਇਹ ਆ ਗਿਆ ਕਿ ਬਿਹਾਰ ਬਾਰੇ ਕਿਹਾ ਜਾਣ ਲੱਗ ਪਿਆ ਹੈ ਕਿ ਆਰ. ਐਸ. ਐਸ. ਇਸ ਸਿੱਟੇ ਉਤੇ ਪਹੁੰਚ ਗਿਆ ਹੈ ਕਿ ਨਿਤੀਸ਼ ਕੁਮਾਰ ਚੱਲਿਆ ਕਾਰਤੂਸ ਹੈ ਤੇ ਜੰਮੂ-ਕਸ਼ਮੀਰ ਵਿਚ ਮਹਿਬੂਬਾ ਮੁਫਤੀ ਵਾਂਗ ਬਿਹਾਰ ਵਿਚ ਇਹ ਵੀ ਕਿਸੇ ਨਾਲ ਜੁੜਨ ਜੋਗਾ ਨਹੀਂ ਰਹਿ ਗਿਆ। ਇੰਜ ਇੱਕ ਹੋਰ ਰਾਜ ਵਿਚ ਵਿਰੋਧ ਦੇ ਵੱਡੇ ਲੀਡਰ ਨੂੰ ਲਾਂਭੇ ਕਰ ਦਿੱਤਾ ਗਿਆ ਹੈ।

ਤੀਸਰੇ, ਚੌਥੇ ਜਾਂ ਕਿਸੇ ਪੰਜਵੇਂ ਰਾਜ ਦੀ ਗੱਲ ਕਰਨ ਦੀ ਥਾਂ ਅਸੀਂ ਸਿੱਧਾ ਪੰਜਾਬ ਵੱਲ ਆਈਏ ਤਾਂ ਜ਼ਿਆਦਾ ਠੀਕ ਰਹੇਗਾ। ਜਿਹੜੀਆਂ ਗੱਲਾਂ ਸੁਣ ਰਹੀਆਂ ਹਨ, ਉਨ੍ਹਾਂ ਮੁਤਾਬਕ ਉਥੇ ਆਰ. ਐਸ. ਐਸ. ਅੱਗੇ ਤੋਂ ਕਾਂਗਰਸ ਨਾਲ ਸਿੱਧੇ ਭੇੜ ਵਾਲੇ ਸਿਆਸੀ ਹਾਲਾਤ ਪੈਦਾ ਕਰਨ ਲੱਗ ਪਿਆ ਹੈ। ਸੰਵਿਧਾਨਕ ਪੱਖ ਤੋਂ ਇਸ ਰਾਜ ਵਿਚ ਭਾਵੇਂ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਹੈ, ਪਰ ਉਹਨੂੰ ਬਹੁਤੀ ਟਿਕਾਊ ਨਹੀਂ ਕਿਹਾ ਜਾਂਦਾ ਤੇ ਪੌਣੀ ਸਦੀ ਤੋਂ ਪੰਜਾਬ ਦੀ ਰਾਜਨੀਤੀ ਦੀ ਅਸਲੀ ਮੁੱਖ ਵਿਰੋਧੀ ਧਿਰ ਅਕਾਲੀ ਦਲ ਦਾ ਬਾਹੂਨੂੰ ਬੰਨ੍ਹਣ ਦੀ ਰਣਨੀਤੀ ਸ਼ੁਰੂ ਕਰ ਦਿੱਤੀ ਗਈ ਹੈ।

ਚਾਰ ਸਾਲ ਪਹਿਲਾਂ ਦੀਆਂ ਪਾਰਲੀਮੈਂਟ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਜਾਣ ਪਿੱਛੋਂ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਪੰਜਾਬ ਵਿਚ ਉਦਾਂ ਦਾ ਮੋਰਚਾ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ, ਜਿਹੜਾ ਅਸਲ ਵਿਚ ਅਕਾਲੀ ਆਗੂਆਂ ਦੇ ਵਿਰੁਧ ਲੱਗਦਾ ਸੀ ਤੇ ਇਸ ਦੀ ਸ਼ੁਰੂਆਤ ਅੰਮ੍ਰਿਤਸਰ ਵਿਚ ਰੈਲੀ ਕਰਨ ਨਾਲ ਕੀਤੀ ਜਾ ਰਹੀ ਸੀ। ਅਕਾਲੀਆਂ ਦੀ ਖੁਸ਼ਕਿਸਮਤੀ ਕਿ ਇਸ ਚੁਣੌਤੀ ਨੂੰ ਉਨ੍ਹਾਂ ਦੀ ਥਾਂ ਕੈਪਟਨ ਅਮਰਿੰਦਰ ਸਿੰਘ ਨੇ ਕਬੂਲ ਲਿਆ ਤੇ ਉਸੇ ਦਿਨ ਅੰਮ੍ਰਿਤਸਰ ਵਿਚ ਬਰਾਬਰ ਦੀ ਰੈਲੀ ਕਰਨ ਦਾ ਐਲਾਨ ਕਰ ਦਿੱਤਾ ਤੇ ਜਦੋਂ ਯਰਕ ਕੇ ਅਮਿਤ ਸ਼ਾਹ ਨੇ ਰੈਲੀ ਰੱਦ ਕਰ ਦਿੱਤੀ ਤਾਂ ਉਸੇ ਮੈਦਾਨ ਵਿਚ ਉਸੇ ਵਾਲੇ ਤੰਬੂ-ਕਾਨਾਤਾਂ ਕਿਰਾਏ ਉਤੇ ਲੈ ਕੇ ਰੈਲੀ ਜਾ ਕੀਤੀ। ਆਰ. ਐਸ. ਐਸ. ਵੱਲੋਂ ਅੱਜ ਅਪਨਾਈ ਜਾਣ ਵਾਲੀ ਰਣਨੀਤੀ ਉਦੋਂ ਵਾਲੀ ਦੱਬੀ ਕੌੜ ਦੀ ਭੜਾਸ ਵਿਚੋਂ ਨਿਕਲ ਰਹੀ ਹੈ ਤੇ ਇਸ ਵਿਚ ਇਸ ਰਾਜ ਦੇ ਇੱਕ ਬੜੇ ਵੱਡੇ ਸਿਆਸੀ ਪਰਿਵਾਰ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਸੁਣੀ ਜਾਣ ਲੱਗ ਪਈ ਹੈ। ਦਿੱਲੀ ਤੋਂ ਮਿਲੀਆਂ ਕਨਸੋਆਂ ਕਹਿੰਦੀਆਂ ਹਨ ਕਿ ਆਰ. ਐਸ. ਐਸ. ਵੱਲੋਂ ਪੰਜਾਬ ਦੇ ਮਾਮਲੇ ਵੇਖਣ ਵਾਲੀ ਟੀਮ ਇਸ ਵੇਲੇ ਇੱਕ ਪਰਿਵਾਰ ਵੱਲੋਂ ਸਾਰੇ ਪੰਜਾਬ ਦੀ ਬੱਸ ਸਰਵਿਸ ਕਬਜ਼ੇ ਵਿਚ ਕਰਨ ਅਤੇ ਕੁਝ ਹੋਰ ਵੱਡੇ ਕਾਰੋਬਾਰਾਂ ਵਿਚੋਂ ਹਰ ਕਿਸਮ ਦੇ ਕਾਰੋਬਾਰੀ ਲੋਕਾਂ ਨੂੰ ਬਾਹਰ ਧੱਕਦੇ ਜਾਣ ਨੂੰ ਗੰਭੀਰਤਾ ਨਾਲ ਲੈ ਕੇ, ਉਦਾਂ ਦੀ ਅਜਾਰੇਦਾਰੀ ਤੋੜਨ ਲਈ ਸਿਆਸੀ ਝਟਕਾ ਦੇਣ ਦੇ ਮੂਡ ਵਿਚ ਹੈ। ਇਹ ਝਟਕਾ ਜੰਮੂ-ਕਸ਼ਮੀਰ ਵਰਗਾ ਹੋ ਸਕਦਾ ਹੈ ਤੇ ਬਿਹਾਰ ਦੇ ਨਿਤੀਸ਼ ਕੁਮਾਰ ਜਾਂ ਕਿਸੇ ਹੋਰ ਵਰਗਾ ਵੀ, ਪਰ ਇਸ ਦਾ ਜ਼ਿਕਰ ਹੋਵੇ ਤਾਂ ਆਰ. ਐਸ. ਐਸ. ਆਗੂ ਕਿਸੇ ਵੀ ਕਿਸਮ ਦੀ ਝਿਜਕ ਨਹੀਂ ਵਿਖਾਉਂਦੇ। ਸ਼ਾਇਦ ਇਹੀ ਕਾਰਨ ਹੈ ਕਿ ਪਿਛਲੇ ਵੀਰਵਾਰ ਜਦੋਂ ਦੇਸ਼ ਤੇ ਦੁਨੀਆਂ ਵਿਚ ਭਾਜਪਾ ਲੀਡਰਸ਼ਿਪ ਨੇ ਯੋਗ ਕਰਨ ਲਈ ਸੱਦੇ ਦੇਣੇ ਸ਼ੁਰੂ ਕੀਤੇ ਤਾਂ ਇੱਕ ਵੀ ਕੈਂਪ ਲਈ ਅਕਾਲੀ ਦਲ ਦੇ ਕਿਸੇ ਆਗੂ ਨੂੰ ਆਉਣ ਲਈ ਨਹੀਂ ਕਿਹਾ ਗਿਆ ਅਤੇ ਆਪਣੇ ਆਪ ਬਿਨ-ਬੁਲਾਏ ਮਹਿਮਾਨ ਵਾਂਗ ਉਹ ਆਉਣ ਤੋਂ ਅਕਾਲੀ ਆਗੂ ਇਹ ਕਹਿ ਕੇ ਕੰਨੀ ਕਤਰਾ ਗਏ ਕਿ 'ਖਾਲਸਾ ਚੜ੍ਹਦੀ ਕਲਾ ਵਿਚ ਹੈ, ਯੋਗ ਕਰਨ ਦੀ ਲੋੜ ਨਹੀਂ ਸੀ।'

ਜਿਹੜੀ ਸਿਆਸੀ ਉਥਲ-ਪੁੱਥਲ ਦੀਆਂ ਖਬਰਾਂ ਬਾਕੀ ਸਾਰੇ ਦੇਸ਼ ਵੱਲੋਂ ਆ ਰਹੀਆਂ ਸਨ, ਉਸ ਦੇ ਪੰਜਾਬ ਵਾਲੇ ਚੈਪਟਰ ਦੇ ਲੁਕਵੇਂ ਖਾਤੇ ਦਾ ਖੁਲਾਸਾ ਇਸ ਵਾਰੀ ਦੇ ਯੋਗ ਦਿਵਸ ਨਾਲ ਹੋ ਗਿਆ ਹੈ, ਬਾਕੀ ਕਦੇ ਫਿਰ ਸਹੀ।

# ਲੰਗਰ ਸ਼ਬਦ ਦੀ ਤੌਹੀਨ

ਪੰਜਾਬ ਦੀ ਅਸਲ ਗਰੀਬੀ, ਬੌਧਿਕ ਕੰਗਾਲੀ ਅਤੇ ਰੂਹਾਨੀ ਸੋਕੇ ਦੇ ਦਰਸ਼ਨ ਕਰਨੇ ਹੋਣ ਤਾਂ ਸ਼ਹਿਰਾਂ ਵਿਚ ਕਿਸੇ ਵੀ ਧਾਰਮਿਕ ਪੁਰਬ ਉਤੇ ਨਿਕਲਦੇ ਜਲੂਸਾਂ ਵਿਚ ਕੀਤੇ ਜਾ ਸਕਦੇ ਹਨ। ਇਨ੍ਹਾਂ ਜਲੂਸਾਂ ਦੀ ਸਮੁਚੀ ਅੱਖਰੀ ਤਸਵੀਰ ਖਿਚਣੀ ਤਾਂ ਸ਼ਾਇਦ ਮੁਸ਼ਕਿਲ ਹੋਵੇ, ਪਰ ਇਨ੍ਹਾਂ ਜਲੂਸਾਂ ਦੌਰਾਨ ਸੜਕਾਂ ਉਤੇ ਥਾਂ-ਥਾਂ ਲੱਗੇ ਲੰਗਰਾਂ ਵਿਚ ਹੁੰਦੀ ਖੋਹ-ਖਿੰਜ ਦੀ ਜੇ ਝਲਕ ਵੇਖ ਲਈ ਜਾਵੇ ਤਾਂ ਮਨੁਖੀ ਰਿਸ਼ਤਿਆਂ ਦਾ ਖੋਖਲਾਪਣ, ਧਾਰਮਿਕ ਸ਼ਰਧਾ ਦਾ ਨਕਲੀਪਣ ਅਤੇ ਸਮਾਜਕ ਰਿਸ਼ਤਿਆਂ ਦੀ ਗਰੀਬੀ ਸਪਸ਼ਟ ਦਿਸ ਪੈਂਦੀ ਹੈ।


ਗੁਰਬਚਨ ਸਿੰਘ, ਜਲੰਧਰ
ਫੋਨ: 91-98156-98451

ਇਨ੍ਹਾਂ ਲੰਗਰਾਂ ਨੂੰ ਲਾਉਣ ਵਾਲੇ, ਇਨ੍ਹਾਂ ਨੂੰ ਵੰਡਣ ਵਾਲੇ ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਵਾਲੇ ਜਿਨ੍ਹਾਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹਨ, ਉਹ ਕਈ ਵਾਰੀ ਅਸਹਿਣਯੋਗ ਅਤੇ ਪੀੜਾਦਾਇਕ ਹੁੰਦਾ ਹੈ।

ਅਜਿਹੇ ਲੰਗਰ ਲਾਉਣ ਵਾਲੇ ਵੱਡੇ-ਵੱਡੇ ਬੋਰਡਾਂ ਰਾਹੀਂ ਜਿਵੇਂ ਆਪਣੀ ਹੋਂਦ ਦਾ ਹੋਛਾ ਪ੍ਰਗਟਾਵਾ ਕਰਦੇ ਹਨ, ਜਿਵੇਂ ਉਹ ਇਨ੍ਹਾਂ ਲੰਗਰਾਂ ਵਾਸਤੇ ਸਮਾਜਕ ਰੋਹਬ ਨਾਲ ਮਾਇਆ ਇਕੱਠੀ ਕਰਦੇ ਹਨ, ਜਿਵੇਂ ਇਨ੍ਹਾਂ ਲੰਗਰਾਂ ਦਾ ਪ੍ਰਬੰਧ ਕਰਨ ਲਈ ਉਹੀ ਧੜੇਬੰਦੀ ਕਰਦੇ ਹਨ, ਇਹ ਸਾਰਾ ਕੁਝ ਅਜੀਬ ਕਿਸਮ ਦਾ ਹੁੰਦਾ ਹੈ। ਫਿਰ ਜਿਵੇਂ ਇਨ੍ਹਾਂ ਲੰਗਰਾਂ ਦੀ ਤਿਆਰੀ ਕੀਤੀ ਜਾਂਦੀ ਹੈ, ਉਹ ਏਦੂੰ ਵੀ ਗਈ ਗੁਜਰੀ ਹੁੰਦੀ ਹੈ। ਠੇਕੇ ਦੇ ਹਲਵਾਈਆਂ ਕੋਲੋਂ ਇਹ ਲੰਗਰ ਤਿਆਰ ਕਰਵਾਏ ਜਾਂਦੇ ਹਨ। ਸੜਕਾਂ ਉਤੇ ਖਿਲਰੇ ਕੂੜੇ ਅਤੇ ਮਿੱਟੀ ਦੀਆਂ ਉਡਦੀਆਂ ਧੂੜਾਂ ਵਿਚ ਖੁੱਲ੍ਹੇ ਕੜਾਹਿਆਂ ਅੰਦਰ ਇਹ ਲੰਗਰ ਤਿਆਰ ਕੀਤੇ ਜਾਂਦੇ ਹਨ। ਕਿਸੇ ਨੂੰ ਕੋਈ ਪ੍ਰਵਾਹ ਨਹੀਂ ਹੁੰਦੀ ਕਿ ਇਸ ਸਮੇਂ ਲੋੜੀਂਦੀ ਸਫਾਈ ਦਾ ਖਿਆਲ ਰੱਖਿਆ ਗਿਆ ਹੈ ਜਾਂ ਨਹੀਂ। ਫਿਰ ਇਹ ਲੰਗਰ ਠੀਕ ਰੂਪ ਵਿਚ ਤਿਆਰ ਹੋਇਆ ਹੈ ਜਾਂ ਨਹੀਂ, ਇਸ ਦੀ ਵੀ ਕਿਸੇ ਨੂੰ ਕੋਈ ਪ੍ਰਵਾਹ ਨਹੀਂ ਹੁੰਦੀ। ਅਕਸਰ ਪ੍ਰਸ਼ਾਦੇ ਸੜੇ ਹੋਏ ਅਤੇ ਸਬਜੀਆਂ ਅੱਧ-ਕੱਚੀਆਂ ਹੁੰਦੀਆਂ ਹਨ। ਬਹੁਤੀ ਵਾਰੀ ਮਿਰਚਾਂ ਅਤੇ ਹੋਰ ਮਸਾਲੇ ਲੋੜੋਂ ਵੱਧ ਹੁੰਦੇ ਹਨ। ਲੰਗਰ ਵਾਲੀਆਂ ਥਾਂਵਾਂ ਉਤੇ ਦੂਜੇ ਦਿਨ ਡੂਨਿਆਂ ਆਦਿ ਦੇ ਲੱਗੇ ਢੇਰ ਅਤੇ ਉਨ੍ਹਾਂ ਵਿਚ ਅੱਧ-ਪਚੱਧੇ ਖਾਧੇ ਭੋਜਨ ਦੀ ਰਹਿੰਦ-ਖੂੰਹਦ ਇਸ ਸਮਾਜੀ ਹਾਲਤ ਦੀ ਮੂੰਹ ਬੋਲਦੀ ਤਸਵੀਰ ਹੁੰਦੀ ਹੈ।

ਲੰਗਰ ਵੰਡਣ ਵੇਲੇ ਵਰਤਾਵਿਆਂ ਵਿਚ ਇਹ ਭਾਵਨਾ ਬਹੁਤ ਹੀ ਘੱਟ ਵੇਖਣ ਨੂੰ ਮਿਲਦੀ ਹੈ ਕਿ ਉਹ ਲੰਗਰ ਸਤਿਕਾਰ ਨਾਲ ਵਰਤਾਉਣ। ਜਿਸ ਕਿਸਮ ਦਾ ਭਿੰਨ-ਭੇਦ ਲੰਗਰ ਵਰਤਾਉਣ ਸਮੇਂ ਕੀਤਾ ਜਾਂਦਾ ਹੈ, ਉਹ ਲੰਗਰ ਦੀ ਸਾਰੀ ਭਾਵਨਾ ਨੂੰ ਹੀ ਮਾਰ ਦਿੰਦਾ ਹੈ। ਮੱਧਵਰਗੀ ਵਰਤਾਵਿਆਂ ਦੀ ਸਭ ਤੋਂ ਪਹਿਲੀ ਭਾਵਨਾ ਇਹ ਹੁੰਦੀ ਹੈ ਕਿ ਲੰਗਰ ਵੱਧ ਤੋਂ ਵੱਧ ਆਪਣੇ ਘਰਾਂ ਵਿਚ ਪਹੁੰਚਾਇਆ ਜਾਏ ਜਾਂ ਆਪਣੇ ਜਾਣਕਾਰਾਂ ਨੂੰ ਸੱਦ ਕੇ ਦਿੱਤਾ ਜਾਏ। ਇਹ ਕੋਈ ਪ੍ਰਵਾਹ ਨਹੀਂ ਕਰਦਾ ਕਿ ਲੰਗਰ ਬਣਾਉਣ ਅਤੇ ਵਰਤਾਉਣ ਦਾ ਮੰਤਵ ਕੀ ਹੈ?

ਫਿਰ ਲੰਗਰ ਛਕਣ ਵਾਲਿਆਂ ਦੀਆਂ ਅੱਡ-ਅੱਡ ਜਮਾਤਾਂ ਹਨ। ਸਾਰਾ ਦਿਨ ਬੜੀ ਮਿਹਨਤ ਨਾਲ ਰਿਕਸ਼ੇ ਚਲਾਉਂਦੇ, ਰੇਹੜੀਆਂ ਵਾਹੁੰਦੇ, ਘਰਾਂ-ਬਾਰਾਂ ਵਿਚ ਮਜ਼ਦੂਰੀ ਕਰਦੇ ਅਤੇ ਹੋਰ ਅਨੇਕਾਂ ਤਰ੍ਹਾਂ ਦਾ ਗਰੀਬ-ਗੁਰਬਾ ਲੰਗਰ ਵਾਸਤੇ ਸੜਕਾਂ ਉਤੇ ਲਾਈਨਾਂ ਬਣਾ ਕੇ ਖੜ੍ਹਾ ਹੁੰਦਾ ਹੈ। ਇਹ ਲੰਗਰ ਉਨ੍ਹਾਂ ਦੀ ਲੋੜ ਤਾਂ ਹੁੰਦੀ ਹੈ, ਪਰ ਜਿਵੇਂ ਲਾਈਨਾਂ ਵਿਚ ਲੱਗ ਕੇ ਜਾਂ ਇਕ-ਦੂਜੇ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕਰਦਿਆਂ ਵਰਤਾਵਿਆਂ ਦੀਆਂ ਗਾਲ੍ਹਾਂ ਦੀ ਜੋ ਜਲਾਲਤ ਉਹ ਭੋਗਦੇ ਹਨ ਅਤੇ ਜਿਸ ਤਰ੍ਹਾਂ ਇਹ ਲੰਗਰ ਪ੍ਰਾਪਤ ਕਰਦੇ ਹਨ, ਉਹ ਤਰਸਯੋਗ ਹੁੰਦਾ ਹੈ। ਫਿਰ ਜਿਵੇਂ ਲੰਗਰ ਵਰਤਾਵੇ ਇਨ੍ਹਾਂ ਗਰੀਬ-ਗੁਰਬਿਆਂ ਨੂੰ ਮੰਦੀ ਭਾਸ਼ਾ ਬੋਲਦੇ ਹਨ ਅਤੇ ਜਿਵੇਂ ਉਹ ਉਥੇ ਖੜ੍ਹੇ-ਖੜ੍ਹੇ ਹੀ ਲੰਗਰ ਨੂੰ ਮੂੰਹ ਵਿਚ ਸੁੱਟਣ ਦੀ ਕੋਸ਼ਿਸ਼ ਕਰਦੇ ਹਨ, ਉਹ ਅਸਹਿਣਯੋਗ ਹੁੰਦਾ ਹੈ। ਅਕਸਰ ਵਰਤਾਵਿਆਂ ਦੇ ਵਿਹਾਰ ਉਤੇ ਗੁੱਸਾ ਆਉਂਦਾ ਹੈ ਅਤੇ ਲੰਗਰ ਲੈਣ ਵਾਲਿਆਂ ਦੀ ਹਾਲਤ ਵੇਖ ਕੇ ਮਨ ਵਿਚ ਪੀੜਾ ਪੈਦਾ ਹੁੰਦੀ ਹੈ। ਮੱਧਵਰਗੀ ਲੋਕ ਜਿਵੇਂ ਇਸ ਲੰਗਰ ਦੀ ਖੋਹ-ਖਿੰਜ ਕਰਦੇ ਹਨ, ਉਸ ਨੂੰ ਵੇਖ ਕੇ ਕਈ ਵਾਰੀ ਉਨ੍ਹਾਂ ਦੀ ਮਾਨਸਿਕ ਦਸ਼ਾ ਉਤੇ ਤਰਸ ਆਉਂਦਾ ਹੈ।



ਛੋਟੇ ਹੁੰਦਿਆਂ ਅਸੀਂ ਮਾਪਿਆਂ ਕੋਲੋਂ ਸਾਖੀਆਂ ਸੁਣਦੇ ਹੁੰਦੇ ਸਾਂ, ਜਿਨ੍ਹਾਂ ਵਿਚ ਦੱਸਿਆ ਜਾਂਦਾ ਸੀ ਕਿ ਜਦੋਂ ਬਾਦਸ਼ਾਹ ਅਕਬਰ ਗੁਰੂ ਅਮਰਦਾਸ ਜੀ ਦੇ ਹਜ਼ੂਰ ਆਇਆ ਤਾਂ ਗੁਰੂ ਸਾਹਿਬ ਨੇ ਉਸ ਨੂੰ ਇਸ ਲਈ ਦਰਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਪਹਿਲਾਂ ਸੰਗਤ ਤੇ ਪੰਗਤ ਵਿਚ ਬੈਠ ਕੇ ਲੰਗਰ ਛਕ ਕੇ ਆਵੇ ਅਤੇ ਬਾਦਸ਼ਾਹ ਅਕਬਰ ਨੇ ਗੁਰੂ ਸਾਹਿਬ ਦਾ ਇਹ ਹੁਕਮ ਮੰਨਿਆ। ਛੋਟੇ ਹੁੰਦਿਆਂ ਸਾਡੀ ਨਾਨੀ ਸਾਨੂੰ ਆਪਣੇ ਨਾਲ ਹਰ ਐਤਵਾਰ ਸਵੇਰੇ-ਸਵੇਰੇ ਤਿਆਰ ਕਰਕੇ ਦਰਬਾਰ ਸਾਹਿਬ ਲੈ ਕੇ ਜਾਂਦੀ ਹੁੰਦੀ ਸੀ। ਇਹ ਉਸ ਦਾ ਨੇਮ ਸੀ ਕਿ ਹਰ ਵਾਰ ਉਹ ਆਪਣੇ ਮਲਮਲ ਦੇ ਦੁਪੱਟੇ ਵਿਚ ਇਕ ਪਾਸੇ ਆਟਾ ਅਤੇ ਦੂਜੇ ਪਾਸੇ ਦਾਲ ਬੰਨ੍ਹ ਕੇ ਘਰੋਂ ਤੁਰਦੀ ਸੀ, ਤਾਂ ਕਿ ਜੋ ਲੰਗਰ ਛਕਣਾ ਹੈ, ਉਸ ਵਿਚ ਹਿੱਸਾ ਵੀ ਪਾਇਆ ਜਾਵੇ, ਭਾਵੇਂ ਥੋੜ੍ਹਾ ਹੀ ਸਹੀ।

ਸੰਗਤ, ਪੰਗਤ ਅਤੇ ਲੰਗਰ ਇਕ ਸਾਂਝੀ ਲੜੀ ਵਿਚ ਪਰੋਏ ਹੋਏ ਸੰਕਲਪ ਹਨ, ਜਿਨ੍ਹਾਂ ਦਾ ਬਹੁਤ ਵੱਡਾ ਸਮਾਜੀ ਮੰਤਵ ਹੈ। ਪਰ ਜੋ ਲੰਗਰ ਦੀ ਦੁਰਦਸ਼ਾ ਹੁਣ ਨਜ਼ਰ ਆ ਰਹੀ ਹੈ, ਇਹ ਬੜੀ ਦਰਦਨਾਕ ਹੈ। ਇਹ ਪੰਜਾਬ ਦੀ ਸਮਾਜੀ ਅਤੇ ਰਾਜਸੀ ਹਾਲਤ ਦੀ ਮੂੰਹ ਬੋਲਦੀ ਤਸਵੀਰ ਹੈ।

ਕੀ ਇਸ ਸਮੱਸਿਆ ਦਾ ਕੋਈ ਹੱਲ ਵੀ ਹੋ ਸਕਦਾ ਹੈ? ਸਾਡੀ ਤੁੱਛ ਬੁੱਧੀ ਅਨੁਸਾਰ ਇਸ ਦਾ ਹੱਲ ਕੋਈ ਬਹੁਤ ਔਖਾ ਨਹੀਂ। ਧਾਰਮਿਕ ਪੁਰਬਾਂ ਉਤੇ ਜਲੂਸ ਕੱਢਣ ਵਾਲੇ ਪ੍ਰਬੰਧਕ ਜੇ ਸੜਕਾਂ ਉਤੇ ਇਨ੍ਹਾਂ ਲੰਗਰਾਂ ਦਾ ਪ੍ਰਬੰਧ ਕਰਨ ਵਾਲਿਆਂ ਨੂੰ ਇਸ ਸੁਝਾਅ ਉਤੇ ਅਮਲ ਕਰਨ ਲਈ ਮਨਾ ਲੈਣ ਕਿ ਉਹ ਆਪਣਾ ਸਾਰਾ ਰਸਦ-ਪਾਣੀ ਜਲੂਸ ਨਿਕਲਣ ਅਤੇ ਖਤਮ ਹੋਣ ਵਾਲੀ ਥਾਂ ਉਤੇ ਭੇਜ ਦੇਣ। ਉਥੇ ਇਨ੍ਹਾਂ ਲੰਗਰਾਂ ਦੀ ਠੀਕ ਤਰ੍ਹਾਂ ਤਿਆਰੀ ਕਰਕੇ ਜੇ ਲੋਕਾਂ ਨੂੰ ਪਿਆਰ ਨਾਲ ਅਤੇ ਖਾਸ ਕਰਕੇ ਗਰੀਬਾਂ ਨੂੰ ਸਤਿਕਾਰ ਨਾਲ ਛਕਾਇਆ ਜਾਵੇ ਤਾਂ ਸ਼ਾਇਦ ਇਨ੍ਹਾਂ ਲੰਗਰਾਂ ਦਾ ਕੋਈ ਸਮਾਜੀ ਜਾਂ ਧਾਰਮਿਕ ਮੰਤਵ ਪੂਰਾ ਹੋ ਸਕੇ।

ਪੰਜਾਬ ਟਾਈਮਜ਼

*ਸਨਿਚਰਵਾਰ, 30 ਜੂਨ 2018*

# ਨਸ਼ਿਆਂ ਦੀ ਦਲ-ਦਲ ਅਤੇ ਪੰਜਾਬ

ਪੰਜਾਬ ਵਿਚ ਨਸ਼ਿਆਂ ਦਾ ਕਹਿਰ ਇਸ ਕਰ ਕੇ ਰੁਕਣ ਦਾ ਨਾਂ ਨਹੀਂ ਲੈ ਰਿਹਾ ਕਿਉਂਕਿ ਸਿਆਸੀ ਲੀਡਰਾਂ ਦੀਆਂ ਤਰਜੀਹਾਂ ਕੁਝ ਹੋਰ ਹਨ। ਜੱਗ ਜਾਣਦਾ ਹੈ ਕਿ ਜੇ ਸਰਕਾਰ ਚਾਹੇ ਤਾਂ ਸੱਚਮੁੱਚ ਚਾਰ ਹਫਤਿਆਂ ਦੇ ਅੰਦਰ-ਅੰਦਰ ਨਸ਼ਿਆਂ ਦੀ ਤਸਕਰੀ ਕਰਨ ਵਾਲਿਆਂ ਦਾ ਫਸਤਾ ਵੱਢ ਸਕਦੀ ਹੈ, ਜਿਸ ਤਰ੍ਹਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਗੁਟਕੇ ਉਤੇ ਹੱਥ ਰੱਖ ਕੇ ਐਲਾਨ ਵੀ ਕੀਤਾ ਸੀ। ਸੱਤਾ ਸੰਭਾਲਣ ਤੋਂ ਬਾਅਦ ਉਨ੍ਹਾਂ ਨਸ਼ਿਆਂ ਦਾ ਰਾਹ ਰੋਕਣ ਲਈ ਸਪੈਸ਼ਲ ਟਾਸਕ ਫੋਰਸ ਬਣਾਈ ਤਾਂ ਜ਼ਰੂਰ, ਪਰ ਇਸ ਵਲੋਂ ਤਿਆਰ ਕੀਤੀ ਰਿਪੋਰਟ ਹੁਣ ਤੱਕ ਦੱਬੀ ਬੈਠੇ ਹਨ। 'ਮਾਮਲਾ ਹਾਈ ਕੋਰਟ ਵਿਚ ਹੈ' ਦਾ ਬਹਾਨਾ ਲਾ ਕੇ ਇਸ ਮਸਲੇ ਤੋਂ ਟਾਲਾ ਵੱਟ ਲਿਆ ਗਿਆ ਹੈ ਹਾਲਾਂਕਿ ਅਦਾਲਤ ਨੇ ਇਸ ਰਿਪੋਰਟ ਉਤੇ ਕਾਰਵਾਈ ਕਰਨ ਲਈ ਕੋਈ ਸਟੇਅ ਵਗੈਰਾ ਨਹੀਂ ਦਿੱਤਾ ਹੈ। ਇਸ ਰਿਪੋਰਟ ਬਾਰੇ ਜਿੰਨੇ ਕੁ ਤੱਥ ਲੀਕ ਹੋ ਕੇ ਬਾਹਰ ਆਏ ਹਨ, ਉਨ੍ਹਾਂ ਤੋਂ ਸੂਹ ਮਿਲਦੀ ਹੈ ਕਿ ਸ਼ੱਕ ਦੀ ਸੂਈ ਵੱਡੇ ਸਿਆਸੀ ਲੀਡਰਾਂ ਵੱਲ ਘੁੰਮ ਰਹੀ ਹੈ। ਸ਼ਾਇਦ ਇਸੇ ਕਰ ਕੇ ਚੁੱਪ-ਚੁਪੀਤੇ ਰਿਪੋਰਟ ਉਤੇ ਕੋਈ ਕਾਰਵਾਈ ਨਾ ਕਰਨ ਦੀ ਸਹਿਮਤੀ ਬਣਾ ਲਈ ਗਈ ਹੈ। ਇਸੇ ਮਸਲੇ ਦਾ ਇਕ ਦੂਜਾ ਪੱਖ ਵੀ ਸਾਹਮਣੇ ਆਇਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ-ਪਹਿਲ ਚਲਾਈ ਇਸ ਮੁਹਿੰਮ ਦਾ ਅਸਰ ਇਹ ਹੋਇਆ ਸੀ ਕਿ ਨਸ਼ਿਆਂ ਦੇ ਭਾਅ ਚੜ੍ਹ ਗਏ ਸਨ, ਇਉਂ ਇਨ੍ਹਾਂ ਦੀ ਵਰਤੋਂ ਵਿਚ ਕਮੀ ਨਾਂ-ਮਾਤਰ ਹੀ ਆਈ। ਨਸ਼ਿਆਂ ਦੇ ਭਾਅ ਚੜ੍ਹਨ ਨਾਲ ਫਾਇਦਾ ਜਾਂ ਨਸ਼ਾ ਵੇਚਣ ਵਾਲਿਆਂ ਨੂੰ ਹੋਇਆ ਜਾਂ ਉਨ੍ਹਾਂ ਦੀ ਸਰਪ੍ਰਸਤੀ ਕਰਨ ਵਾਲੇ ਸਿਆਸਤਦਾਨਾਂ ਤੇ ਪੁਲਿਸ ਅਫਸਰਾਂ ਨੂੰ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਵਿਚ ਹਰ ਤਰ੍ਹਾਂ ਦੇ ਫੌਜਦਾਰੀ ਅਪਰਾਧਾਂ ਦੀ ਕੁਲ ਗਿਣਤੀ ਵਿਚ ਨਸ਼ਿਆਂ ਤੋਂ ਉਪਜੇ ਅਪਰਾਧਾਂ ਦੀ ਦਰ ਅਜੇ ਵੀ ਬਹੁਤ ਉਚੀ ਹੈ ਅਤੇ ਅਜਿਹੀ ਔਸਤ, ਸਾਲਾਨਾ ਕੌਮੀ ਦਰ ਤੋਂ ਕਈ ਗੁਣਾ ਵੱਧ ਹੈ।

ਅੱਜ ਨਸ਼ਿਆਂ ਕਾਰਨ ਨੌਜਵਾਨ ਮਰ ਰਹੇ ਹਨ ਪਰ ਇਹ ਮੌਤਾਂ ਕਿਤੇ ਦਰਜ ਨਹੀਂ ਹੋ ਰਹੀਆਂ। ਇਸ ਬਾਬਤ ਅੰਕੜੇ ਵੀ ਕੋਈ ਨਹੀਂ ਜੋੜ ਰਿਹਾ ਅਤੇ ਨਾ ਕੋਈ ਸਰਵੇਖਣ ਵਗੈਰਾ ਹੀ ਹੋ ਰਿਹਾ ਹੈ। ਇਸ ਹਫਤੇ ਤਿੰਨ ਨੌਜਵਾਨਾਂ ਦੀ ਮੌਤ ਨਸ਼ਿਆਂ ਦੀ ਓਵਰਡੋਜ਼ ਕਾਰਨ ਹੋਣ ਬਾਰੇ ਅਖਬਾਰਾਂ ਅਤੇ ਟੈਲੀਵਿਜ਼ਨ ਉਤੇ ਖਬਰਾਂ ਆਉਣ ਤੋਂ ਬਾਅਦ ਇਕ ਵਾਰ ਫਿਰ ਹਲਚਲ ਹੋਈ ਹੈ। ਇਨ੍ਹਾਂ ਵਿਚੋਂ ਦੋ ਜਾਨਾਂ ਤਰਨ ਤਾਰਨ ਜ਼ਿਲ੍ਹੇ ਵਿਚ ਗਈਆਂ ਅਤੇ ਇਕ ਮੌਤ ਲੁਧਿਆਣਾ ਜ਼ਿਲ੍ਹੇ ਵਿਚ ਹੋਈ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਇਕ ਮਹੀਨੇ ਦੌਰਾਨ ਸਿਰਫ ਮਾਝੇ ਦੇ ਦੋ ਜ਼ਿਲ੍ਹਿਆਂ ਅੰਮ੍ਰਿਤਸਰ ਤੇ ਤਰਨ ਤਾਰਨ ਵਿਚ ਨਸ਼ਿਆਂ ਦੀ ਓਵਰਡੋਜ਼ ਕਾਰਨ 10 ਮੌਤਾਂ ਹੋ ਚੁਕੀਆਂ ਹਨ। ਪੁਲਿਸ ਅਕਸਰ ਹੀ ਮੌਤਾਂ ਨਸ਼ਿਆਂ ਕਾਰਨ ਹੋਣ ਸਬੰਧੀ ਰਿਪੋਰਟ ਦਰਜ ਨਹੀਂ ਕਰਦੀ। ਕਰਜ਼ੇ ਕਾਰਨ ਹੋ ਰਹੀਆਂ ਕਿਸਾਨਾਂ ਦੀ ਖੁਦਕੁਸ਼ੀਆਂ ਬਾਰੇ ਵੀ ਪੁਲਿਸ ਦਾ ਇਹੀ ਵਿਹਾਰ ਹੁੰਦਾ ਹੈ। ਇਨ੍ਹਾਂ ਮਾਮਲਿਆਂ ਵਿਚ ਪੁਲਿਸ ਆਪਣਾ ਫਰਜ਼ ਉਕਾ ਨਹੀਂ ਨਿਭਾ ਰਹੀ ਸਗੋਂ ਖਾਨਾਪੂਰਤੀ ਹੀ ਕਰਦੀ ਹੈ। ਇਹ ਸਾਰਾ ਕੁਝ ਸਿਰਫ ਤੇ ਸਿਰਫ ਸਿਆਸੀ ਸਰਪ੍ਰਸਤੀ ਹੇਠ ਹੋ ਰਿਹਾ ਹੈ। ਅਜਿਹੀਆਂ ਹੋਰ ਬਥੇਰੀਆਂ ਰਿਪੋਰਟਾਂ ਹਨ ਜਿਨ੍ਹਾਂ ਤੋਂ ਸਾਫ ਪਤਾ ਲੱਗਦਾ ਹੈ ਕਿ ਸਿਆਸੀ ਦਬਾਅ ਹੇਠ ਨਸ਼ਾ ਤਸਕਰਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਜੇ ਕਿਤੇ ਕੋਈ ਕੇਸ ਦਰਜ ਹੋ ਵੀ ਜਾਂਦਾ ਹੈ ਤਾਂ ਪੁਲਿਸ ਦੀ ਮਿਲੀਭੁਗਤ ਕਾਰਨ ਅਦਾਲਤ ਵਿਚ ਕੇਸ ਖੜ੍ਹਦਾ ਹੀ ਨਹੀਂ ਅਤੇ ਇਹ ਲੋਕ ਛੇਤੀ ਹੀ ਬਾਹਰ ਆ ਜਾਂਦੇ ਹਨ। ਜਾਹਰ ਹੈ ਕਿ ਜਿੰਨਾ ਚਿਰ ਸਿਆਸੀ ਆਗੂਆਂ, ਪੁਲਿਸ ਅਤੇ ਤਸਕਰਾਂ ਵਿਚਕਾਰ ਇਹ ਕਥਿਤ ਤਾਲਮੇਲ ਨਹੀਂ ਟੁੱਟਦਾ, ਉਦੋਂ ਤਕ ਨਸ਼ਿਆਂ ਦਾ ਮੱਕੜਜਾਲ ਟੁੱਟਣਾ ਬਹੁਤ ਮੁਸ਼ਕਿਲ ਹੈ। ਇਸ ਲਈ ਇਸ ਮਰਜ਼ ਦੀਆਂ ਅਸਲ ਜੜ੍ਹਾਂ ਤਾਂ ਉਸ ਸਿਸਟਮ ਵਿਚ ਪਈਆਂ ਹਨ ਜਿਸ ਨੂੰ ਅੱਜ ਦੇ ਲੀਡਰਾਂ ਨੇ ਅਗਵਾ ਕਰ ਲਿਆ ਹੋਇਆ ਹੈ।

ਨਸ਼ਿਆਂ ਨੂੰ ਟੱਕਰ ਦੇਣ ਲਈ ਸਿਹਤਮੰਦ ਸਮਾਜਿਕ ਮਾਹੌਲ ਬਣਾਉਣਾ ਅਤੇ ਨੌਜਵਾਨਾਂ ਦੀ ਉਪਜਾਊ ਸ਼ਕਤੀ ਨੂੰ ਸਹੀ ਦਿਸ਼ਾ ਵਿਚ ਲਾਉਣਾ ਜ਼ਰੂਰੀ ਹੈ। ਸਰਕਾਰ ਜਾਂ ਕੋਈ ਵੀ ਹੋਰ ਸਿਆਸੀ ਪਾਰਟੀ ਇਹ ਕਾਰਜ ਨਹੀਂ ਕਰ ਰਹੀ ਅਤੇ ਕਾਰਜ ਕਿਸੇ ਵੀ ਸਿਆਸੀ ਪਾਰਟੀ ਦੇ ਏਜੰਡੇ ਉਤੇ ਵੀ ਨਹੀਂ ਹਨ। ਸਾਰੀਆਂ ਸਿਆਸੀ ਪਾਰਟੀਆਂ ਨੂੰ ਆਪਣਾ ਸਿਆਸੀ ਆਧਾਰ ਬਣਾਉਣ ਜਾਂ ਵਧਾਉਣ ਦੀ ਪਈ ਹੋਈ ਹੈ। ਇਸੇ ਕਰ ਕੇ ਚੋਣਾਂ ਦੇ ਦਿਨਾਂ ਦੌਰਾਨ ਵੋਟਰਾਂ ਨੂੰ ਆਪਣੇ ਪਾਸੇ ਕਰਨ ਲਈ ਪੈਸੇ ਅਤੇ ਬਾਹੂਬਲ ਦੇ ਨਾਲ-ਨਾਲ ਬਹੁਤ ਵੱਡੀ ਪੱਧਰ ਉਤੇ ਨਸ਼ੇ ਵੰਡੇ ਜਾਂਦੇ ਹਨ। ਨੌਜਵਾਨਾਂ ਨੂੰ ਤਾਂ ਢੁਕਵਾਂ ਵਿਦਿਅਕ ਮਾਹੌਲ ਵੀ ਨਹੀਂ ਮਿਲ ਰਿਹਾ ਹੈ ਅਤੇ ਨਾ ਹੀ ਬਹੁਗਿਣਤੀ ਨੌਜਵਾਨਾਂ ਕੋਲ ਕੋਈ ਰੁਜ਼ਗਾਰ ਹੈ। ਖੇਡਾਂ ਦੇ ਖੇਤਰ ਵਿਚ ਵੀ ਸਹੂਲਤਾਂ ਵਧਣ ਦੀ ਥਾਂ ਸੁੰਗੜ ਰਹੀਆਂ ਹਨ। ਖੇਡ ਮੈਦਾਨ ਤੇਜ਼ੀ ਨਾਲ ਗਾਇਬ ਹੋ ਰਹੇ ਹਨ। ਅਜਿਹੀ ਸੂਰਤ ਵਿਚ ਕੁਝ ਨੌਜਵਾਨਾਂ ਵੱਲੋਂ ਕੀਤੇ ਉਦਮ ਧਿਆਨ ਖਿੱਚਦੇ ਹਨ। ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਉਤੇ ਪਹਿਲੀ ਜੁਲਾਈ ਤੋਂ ਸੱਤ ਜੁਲਾਈ ਤੱਕ ਨਸ਼ਿਆਂ ਖਿਲਾਫ ਕਾਲਾ ਹਫਤਾ ਮਨਾਉਣ ਦਾ ਹੋਕਾ ਦਿੱਤਾ ਜਾ ਰਿਹਾ ਹੈ। ਇਸ ਮੁਹਿੰਮ ਦਾ ਨਾਂ 'ਚਿੱਟੇ ਦੇ ਵਿਰੋਧ ਵਿਚ ਕਾਲਾ ਹਫਤਾ' ਰੱਖਿਆ ਗਿਆ ਹੈ ਅਤੇ ਇਸ ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ ਵੀ ਮਿਲ ਰਿਹਾ ਹੈ। ਇਹ ਉਹ ਮੁਹਿੰਮ ਹੈ ਜੋ ਆਪ-ਮੁਹਾਰੇ ਹੀ ਉਠ ਖਲੋਈ ਹੈ। ਦਰਅਸਲ, ਨਸ਼ਿਆਂ ਦੀ ਮਾਰ ਤੋਂ ਲੋਕ ਪੋਟਾ-ਪੋਟਾ ਦੁਖੀ ਹਨ। ਨਸ਼ਿਆਂ ਕਾਰਨ ਪਰਿਵਾਰਾਂ ਦੇ ਪਰਿਵਾਰ ਤਬਾਹ ਹੋ ਗਏ ਹਨ। 'ਚਿੱਟੇ ਦੇ ਵਿਰੋਧ ਵਿਚ ਕਾਲਾ ਹਫਤਾ' ਮੁਹਿੰਮ ਹਕੀਕੀ ਪੱਧਰ ਉਤੇ ਕਿੰਨਾ ਕੁ ਅਸਰ ਪਾ ਸਕੇਗੀ, ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ ਪਰ ਜਾਪਦਾ ਹੈ, ਇਹ ਕਹਾਣੀ ਹੁਣ ਇਥੇ ਰੁਕਣ ਵਾਲੀ ਨਹੀਂ ਹੈ। ਇਸ ਮੁਹਿੰਮ ਅਤੇ ਅਜਿਹੀਆਂ ਹੋਰ ਮੁਹਿੰਮਾਂ ਦੀ ਸਫਲਤਾ ਨਸ਼ਿਆਂ ਦਾ ਕੋਹੜ ਖਤਮ ਕਰਨ ਵੱਲ ਵਧ ਰਹੇ ਕਦਮਾਂ ਨੂੰ ਪੱਕੇ ਪੈਰੀਂ ਕਰੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਰਾਜ ਕਰਨ ਮਾਫੀਏ?*

ਜਾਪੇ ਹੱਥ ਪ੍ਰਸ਼ਾਸਨ ਨੇ ਖੜ੍ਹੇ ਕਰ'ਤੇ, ਚੱਲੇ ਹੁਕਮ ਨਾ ਕਿਤੇ ਸਰਕਾਰ ਦਾ ਜੀ।
ਪੈਣ 'ਪੋਸਟਾਂ' ਜੇਲ੍ਹਾਂ ਦੇ ਅੰਦਰੋਂ ਹੀ, ਮੁਖੀਆ 'ਗੈਂਗ' ਦਾ ਪੂਰਾ ਲਲਕਾਰਦਾ ਜੀ।
ਧੰਦਾ ਆ ਗਿਆ ਰਾਸ ਹੈ ਗੁੰਡਿਆਂ ਨੂੰ, ਚਿੱਟੇ-ਰੇਤ ਦੇ 'ਗਰਮ' ਵਪਾਰ ਦਾ ਜੀ।
ਮਾਂਵਾਂ ਪੁੱਤਾਂ ਨੂੰ ਕਿੱਥੇ ਲੈ ਜਾਣ ਯਾਰੋ, ਦੈਂਤ ਨਸ਼ਿਆਂ ਦਾ ਫਿਰਦਾ ਐ ਮਾਰਦਾ ਜੀ।
ਸੁੱਝੇ ਕੁਝ ਨਾ ਹੋਏ ਲਾਚਾਰ ਲਗਦੇ, ਫਸੇ ਪਏ ਨੇ ਲੋਕ ਅਜ਼ਾਬ ਅੰਦਰ।
ਚੁਣੀ ਹੋਈ ਸਰਕਾਰ ਦੇ ਹੁੰਦਿਆਂ ਵੀ, ਕਰਦੇ 'ਮਾਫੀਏ' ਰਾਜ ਪੰਜਾਬ ਅੰਦਰ!

# ਸਿਆਸਤਦਾਨ ਤੇ ਨਸ਼ਿਆਂ ਦਾ ਮੱਕੜਜਾਲ

***ਨਸ਼ਿਆਂ ਨੇ ਪੰਜਾਬ ਦੀਆਂ ਜੜ੍ਹਾਂ ਖੋਖਲੀਆਂ ਕਰ ਸੁੱਟੀਆਂ ਹਨ ਪਰ ਸਿਤਮਜ਼ਰੀਫੀ ਇਹ ਹੈ ਕਿ ਅੱਜ ਦਾ ਸਿਆਸਤਦਾਨ ਪੰਜਾਬ ਉਤੇ ਨਸ਼ਿਆਂ ਦੀ ਪੈ ਰਹੀ ਮਾਰ ਬਾਰੇ ਕੁਝ ਵੀ ਨਹੀਂ ਸੋਚ ਰਿਹਾ। ਸੰਗਰੂਰ ਦੇ ਨਸ਼ਾ ਛੁਡਾਊ ਕੇਂਦਰ ਵਿਚ ਪ੍ਰਾਜੈਕਟ ਡਾਇਰੈਕਟਰ ਮੋਹਨ ਸ਼ਰਮਾ ਨੇ ਨਸ਼ਿਆਂ ਬਾਰੇ ਕੁਝ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ***

**ਮੋਹਨ ਸ਼ਰਮਾ**
ਫੋਨ: 91-94171-48866

ਕਿਸੇ ਵਿਦਵਾਨ ਦੇ ਬੋਲ ਹਨ: "ਜੇ ਤੁਹਾਡੀ ਇਕ ਸਾਲ ਦੀ ਯੋਜਨਾ ਹੈ ਤਾਂ ਖੇਤਾਂ ਵਿਚ ਫਸਲ ਬੀਜੋ; ਦਸ ਸਾਲਾਂ ਦੀ ਯੋਜਨਾ ਹੈ ਤਾਂ ਦਰਖਤ ਬੀਜੋ; ਤੇ ਜੇ ਸੌ ਸਾਲਾਂ ਦੀ ਯੋਜਨਾ ਹੈ ਤਾਂ ਨਸਲ ਤਿਆਰ ਕਰੋ।" ਇਹ ਸੁਨੇਹਾ ਮਿਹਨਤਕਸ਼ ਲੋਕਾਂ, ਜ਼ਿੰਮੇਵਾਰ ਪਰਿਵਾਰ ਮੁਖੀਆਂ, ਦਾਨਿਸ਼ਵਰਾਂ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੇ ਸੂਝਵਾਨ ਸ਼ਖਸਾਂ ਲਈ ਹੈ। ਨਸਲਾਂ ਤਿਆਰ ਕਰਨ ਦਾ ਸੁਨੇਹਾ ਭਾਵੇਂ ਉਨ੍ਹਾਂ ਸਿਆਸਤਦਾਨਾਂ ਵੱਲ ਵੀ ਇਸ਼ਾਰਾ ਕਰਦਾ ਹੈ, ਜਿਨ੍ਹਾਂ ਨੇ ਵੋਟਾਂ ਦੀ ਮੰਡੀ 'ਚ ਸੁਨਹਿਰੇ ਭਵਿੱਖ ਦਾ ਸੁਦਾਗਰ ਬਣ ਕੇ ਲੋਕਾਂ ਨੂੰ ਲਾਰਿਆਂ ਰਾਹੀਂ ਸਰਸਬਜ਼ ਵਿਖਾਏ ਪਰ ਸੱਤਾ ਦੀ ਪੌੜੀ ਚੜ੍ਹ ਕੇ ਚੋਣ ਮਨੋਰਥ ਪੱਤਰਾਂ ਰਾਹੀਂ ਦਿਖਾਏ ਲਾਰੇ ਹਕੀਕਤ ਨਾਲ ਟਕਰਾ ਕੇ ਚਕਨਾਚੂਰ ਹੁੰਦੇ ਰਹੇ। ਮੁਲਕ ਅਤੇ ਸੂਬੇ ਦੀ ਵਿਕਾਸ ਦਰ ਭਾਵੇਂ 6-7 ਫੀਸਦੀ ਤੋਂ ਨਹੀਂ ਟੱਪੀ, ਪਰ ਬਹੁਤ ਸਾਰੇ ਆਗੂਆਂ ਦੀ ਵਿਕਾਸ ਦਰ ਸੌ ਫੀਸਦੀ ਨੂੰ ਪਾਰ ਕਰ ਕੇ ਉਨ੍ਹਾਂ ਦੇ ਸਵਿਸ ਬੈਂਕ ਦੇ ਖਾਤਿਆਂ ਵਿਚ ਜਮ੍ਹਾਂ ਰਕਮ ਨਾਲ ਹਰ ਸਾਲ ਹੋਰ ਸਿਫਰਾਂ ਜੁੜਦੀਆਂ ਰਹੀਆਂ ਹਨ। ਇਸ ਪੰਜ ਸਾਲਾ ਯੋਜਨਾ ਵਿਚ 4 ਸਾਲ 10 ਮਹੀਨੇ ਆਗੂਆਂ ਨੇ ਸਿੱਧੇ-ਅਸਿੱਧੇ ਢੰਗ ਨਾਲ ਆਪਣਾ ਵਿਕਾਸ ਕੀਤਾ ਤੇ ਆਖਰੀ 2 ਮਹੀਨਿਆਂ ਵਿਚ 'ਇਲਾਕੇ ਦੇ ਵਿਕਾਸ' ਦਾ ਜ਼ਿਕਰ ਕਰਨ ਦੇ ਨਾਲ ਨਾਲ ਲੋਕਾਂ ਦੇ ਦੁੱਖ-ਸੁੱਖ ਦੇ ਭਾਈਵਾਲ ਤੇ ਸੱਚੇ-ਸੁੱਚੇ ਹਮਦਰਦ ਬਣ ਕੇ ਜਾਂ ਨਸ਼ਿਆਂ ਤੇ ਨੋਟਾਂ ਦੀ ਵਰਖਾ ਨਾਲ ਵੋਟ ਬੈਂਕ ਨੂੰ ਖੋਰਾ ਲੱਗਣ ਤੋਂ ਬਚਾਉਣ ਦਾ ਹਰ ਹੀਲਾ ਵਰਤਿਆ ਹੈ।

ਇਸ ਵੇਲੇ ਪੰਜਾਬ ਏਸ਼ੀਆ ਮਹਾਂਦੀਪ ਦਾ ਉਹ ਖਿੱਤਾ ਬਣਿਆ ਹੋਇਆ ਹੈ ਜਿੱਥੇ ਨਸ਼ਿਆਂ ਕਾਰਨ ਸਭ ਤੋਂ ਵੱਧ ਜਾਨੀ ਅਤੇ ਮਾਲੀ ਨੁਕਸਾਨ ਪੰਜਾਬੀਆਂ ਨੂੰ ਭੁਗਤਣਾ ਪੈ ਰਿਹਾ ਹੈ। ਨਾਗਾਲੈਂਡ ਤੋਂ ਬਾਅਦ ਪੰਜਾਬ ਦੀ ਨਸ਼ਿਆਂ ਸਬੰਧੀ 'ਝੰਡੀ' ਜਿੱਥੇ ਪੰਜਾਬ ਦੇ ਮੱਥੇ 'ਤੇ ਧੱਬਾ ਹੈ, ਉਥੇ ਗੰਭੀਰ ਚਿੰਤਾ, ਚਿੰਤਨ ਅਤੇ ਚੇਤਨਾ ਦਾ ਵਿਸ਼ਾ ਵੀ ਹੈ। ਇਤਿਹਾਸ ਗਵਾਹ ਹੈ ਕਿ ਸਿਆਸੀ ਆਗੂਆਂ ਲਈ ਨਸ਼ਾ ਮੁੱਦਾ ਨਹੀਂ ਸਗੋਂ ਸਾਧਨ ਰਿਹਾ ਹੈ ਤੇ ਇਸ ਸਾਧਨ ਰਾਹੀਂ ਹੀ ਉਹ ਸੱਤਾ ਦੇ ਭਾਗੀਦਾਰ ਬਣਦੇ ਰਹੇ ਹਨ। ਦਰਅਸਲ ਮਹਿੰਗੀ ਹੋਈ ਸਿਆਸਤ ਨੇ ਸਿਆਸੀ ਆਗੂਆਂ, ਤਸਕਰਾਂ, ਗੈਂਗਸਟਰਾਂ, ਅਪਰਾਧੀਆਂ ਅਤੇ ਭ੍ਰਿਸ਼ਟ ਅਫਸਰਾਂ ਦੇ ਗੱਠਜੋੜ ਨੂੰ ਬਲ ਬਖਸ਼ਿਆ ਹੈ। ਵਿਧਾਨ ਸਭਾ ਜਾਂ ਲੋਕ ਸਭਾ ਚੋਣਾਂ ਲੜਨ ਵਾਲੇ ਵੱਡੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਜਿੰਨਾ ਪੈਸਾ ਚੋਣਾਂ ਵਿਚ ਖਰਚਣਾ ਪੈਂਦਾ ਹੈ, ਉਸ ਤੋਂ ਕਿਤੇ ਜ਼ਿਆਦਾ 'ਪਾਰਟੀ ਫੰਡ' ਵਜੋਂ ਸਿਆਸੀ ਆਕਾਵਾਂ ਨੂੰ ਦੇਣਾ ਪੈਂਦਾ ਹੈ।

ਮੁਲਕ ਦਾ ਲੋਕਤੰਤਰ ਅਸਲ ਵਿਚ ਮੁੰਬਈ ਸ਼ੇਅਰ ਬਾਜ਼ਾਰ ਦਾ ਰੁਖ ਕਰ ਰਿਹਾ ਹੈ। ਕਾਰਪੋਰੇਟ ਜਗਤ, ਤਸਕਰ ਅਤੇ ਕਾਲੇ ਧੰਦੇ ਨਾਲ ਜੁੜੇ ਕਾਰੋਬਾਰੀ ਚੋਣਾਂ ਵਿਚ ਰੇਸ ਦੇ ਘੋੜਿਆਂ ਵਾਂਗ ਸਿਆਸਤਦਾਨਾਂ 'ਤੇ ਖੁੱਲ੍ਹ ਕੇ ਪੈਸੇ ਖਰਚਦੇ ਹਨ ਅਤੇ ਫਿਰ ਤਾਕਤ ਵਿਚ ਆਉਣ ਤੇ ਉਨ੍ਹਾਂ ਦੇ ਅਹਿਸਾਨਾਂ ਦਾ ਬਦਲਾ ਤਸਕਰੀ ਵਿਚ ਖੁੱਲ੍ਹ ਦੇਣ ਦੇ ਨਾਲ ਨਾਲ ਭਾਈਵਾਲੀ ਕਾਇਮ ਕਰ ਕੇ, ਸਸਤੇ ਭਾਅ ਜ਼ਮੀਨਾਂ ਦਾ ਸੌਦਾ ਕਰਵਾ ਕੇ ਅਤੇ ਹੋਰ ਲਾਹੇਵੰਦ ਧੰਦਿਆਂ ਦੇ ਨਾਲ ਅਹਿਮ ਸ਼ਖਸੀਅਤਾਂ ਦੀ ਸੂਚੀ 'ਚ ਸ਼ਾਮਿਲ ਕਰ ਕੇ ਸਰਕਾਰੀ ਗੰਨਮੈਨ ਵੀ ਉਨ੍ਹਾਂ ਦੀ ਸੇਵਾ ਵਿਚ ਲਾ ਦਿੱਤੇ ਜਾਂਦੇ ਹਨ। ਅਜਿਹੇ ਸ਼ਖਸ ਜਦੋਂ ਸਮਾਗਮਾਂ ਵਿਚ ਸਿਆਸੀ ਆਗੂਆਂ ਨਾਲ 'ਪਤਵੰਤੇ ਸੱਜਣ' ਵਜੋਂ ਬੈਠੇ ਹੁੰਦੇ ਹਨ ਤਾਂ ਲੋਕ, ਲੋਕਤੰਤਰ ਦੇ ਨਿਕਲ ਰਹੇ ਜਨਾਜ਼ੇ ਤੋਂ ਦੁਖੀ ਹੁੰਦੇ ਹਨ। ਹੁਣ ਸਿਆਸਤ ਨਿਰੋਲ ਵਪਾਰ ਅਤੇ ਵੋਟਰ ਇਸ ਦੀ ਮੰਡੀ ਬਣ ਗਏ ਹਨ। 'ਰਾਜ ਨਹੀਂ ਸੇਵਾ' ਲਈ ਪਿੜ ਵਿਚ ਕੁੱਦੇ ਸਿਆਸੀ ਆਗੂਆਂ ਨੂੰ ਕੋਈ ਚਿੰਤਾ ਨਹੀਂ ਕਿ ਮੁਲਕ ਦਾ ਅੰਨਦਾਤਾ ਖੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ, ਨਸ਼ਿਆਂ ਦੇ ਝੰਬੇ ਨੌਜਵਾਨਾਂ ਦਾ ਹਰ 8 ਮਿੰਟ ਬਾਅਦ ਸਿਵਾ ਬਲ ਰਿਹਾ ਹੈ ਅਤੇ ਕੈਂਸਰ ਜਿਹੀ ਨਾਮੁਰਾਦ ਬਿਮਾਰੀ ਨੇ ਕਈ ਪਿੰਡਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਇਕ ਪਾਸੇ ਨਸ਼ਾ ਵੇਚਣ ਵਾਲੇ ਅਤੇ ਦੂਜੇ ਪਾਸੇ ਖਪਤਕਾਰਾਂ ਦੀ ਵਧਦੀ ਭੀੜ ਨੇ ਪੰਜਾਬ ਦੀ ਜਵਾਨੀ ਨੂੰ ਜਿੱਥੇ ਜਿਸਮਾਨੀ ਅਤੇ ਰੂਹਾਨੀ ਪੱਖ ਤੋਂ ਖੋਖਲਾ ਕਰ ਦਿੱਤਾ ਹੈ, ਉਥੇ ਜਬਰ ਜਨਾਹ ਦੀਆਂ ਘਟਨਾਵਾਂ ਵਿਚ 33 ਫੀਸਦ, ਅਗਵਾ ਤੇ ਉਧਾਲਣ ਦੀਆਂ 14 ਫੀਸਦ, ਲੁੱਟਾਂ-ਖੋਹਾਂ ਵਿਚ 23 ਫੀਸਦ ਅਤੇ ਸੰਨ੍ਹ ਲਾਉਣ ਦੀਆਂ ਘਟਨਾਵਾਂ ਵਿਚ 130 ਫੀਸਦ ਵਾਧਾ ਹੋਇਆ ਹੈ। ਸਿਆਸਤ ਨੇ ਇਕ ਵੱਡੇ ਵਰਗ ਨੂੰ ਰੁਜ਼ਗਾਰ, ਪੜ੍ਹਾਈ, ਚੰਗੀ ਸਿਹਤ, ਬਰਾਬਰੀ ਦਾ ਅਧਿਕਾਰ, ਜਮਹੂਰੀਅਤ ਵਿਚ ਫੈਸਲਾਕੁਨ ਤਾਕਤ ਵਿਚ ਹਿੱਸੇਦਾਰੀ, ਸਭ ਕੁਝ ਤੋਂ ਵਾਂਝਾ ਕਰ ਦਿੱਤਾ ਹੈ। ਪੰਜਾਬ ਵਿਚ ਜਿੱਥੇ ਪੜ੍ਹਿਆਂ-ਲਿਖਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ, ਉਥੇ ਮਨੁੱਖਤਾ ਦੀ ਦਰ ਡਿਗੀ ਹੈ। ਸੂਬੇ ਵਿਚ ਫੈਲੀ ਬੇਰੁਜ਼ਗਾਰੀ ਅਤੇ ਨਸ਼ਾਖੋਰੀ ਨੇ ਸਮਾਜਿਕ ਅਸਥਿਰਤਾ ਪੈਦਾ ਕਰ ਕੇ ਅਪਰਾਧ ਗ੍ਰਾਫ ਵਿਚ ਵਾਧਾ ਕੀਤਾ ਹੈ। ਨਸ਼ਿਆਂ ਦੇ ਵਧਦੇ ਕਾਰੋਬਾਰ ਨੂੰ ਸਿਆਸਤ ਨੇ ਕਿੰਜ ਬਲ ਬਖਸ਼ਿਆ ਹੈ, ਇਸ ਦੀਆਂ ਕੁਝ ਮਿਸਾਲਾਂ ਤਾਂ ਦੇਖੋ:

ਪੰਜ ਜਨਵਰੀ 2007 ਦੇ ਇਕ ਅਖਬਾਰ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਐਸ. ਪੀ. ਸਿੰਘ ਨੇ 'ਸਿਆਸਤਦਾਨ, ਪੁਲਿਸ ਤੇ ਸਮੱਗਲਰਾਂ ਦੀ ਮਿਲੀ ਭੁਗਤ ਨਾਲ ਹੋ ਰਿਹੈ ਨਸ਼ਿਆਂ ਦਾ ਕਾਰੋਬਾਰ' ਸਿਰਲੇਖ ਹੇਠ ਇਕ ਥਾਂ ਲਿਖਿਆ ਸੀ: "ਯੂਨੀਵਰਸਿਟੀ ਦੇ ਕਾਨਫੰਰਸ ਰੂਮ ਵਿਚ ਪੰਜਾਬ 'ਚ ਨਸ਼ਿਆਂ ਦੇ ਵਧ ਰਹੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਗਵਰਨਰ ਐਸ. ਐਫ. ਰੌਡਰਿਗਜ਼ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਸਭਾ ਹੋ ਰਹੀ ਸੀ। ਸਭ ਨਪੇ-ਤੁਲੇ ਸ਼ਬਦਾਂ ਵਿਚ ਸੱਚੇ-ਝੂਠੇ ਅਨੁਭਵ ਦੱਸ ਰਹੇ ਸਨ ਪਰ ਕੇਂਦਰੀ ਜੇਲ੍ਹ ਦੇ ਡਾਇਰੈਕਟਰ ਨੇ ਸਪੱਸ਼ਟ ਅਤੇ ਸਾਫਗੋਈ ਵਾਲੇ ਅੰਦਾਜ਼ ਵਿਚ ਹਲਚਲ ਪੈਦਾ ਕਰ ਦਿੱਤੀ: 'ਜੇ ਅਸੀਂ ਪੁਲਿਸ ਵਾਲੇ ਇਮਾਨਦਾਰੀ ਅਤੇ ਸਿਦਕਦਿਲੀ ਨਾਲ ਚਾਹੀਏ ਤਾਂ ਨਸ਼ਿਆਂ ਦੀ ਬਿਮਾਰੀ ਤੋਂ ਇਕ ਹਫਤੇ ਵਿਚ ਛੁਟਕਾਰਾ ਪਾਇਆ ਜਾ ਸਕਦਾ ਹੈ, ਪਰ ਇਸ ਦੀ ਸਾਥੋਂ ਕੋਈ ਉਮੀਦ ਨਹੀਂ ਕਰਨੀ ਚਾਹੀਦੀ।' ਪੁਲਿਸ ਅਫਸਰ ਦਾ ਸਪਸ਼ਟ ਇਸ਼ਾਰਾ ਸਿਆਸਤਦਾਨਾਂ ਦੇ ਨਾਜਾਇਜ਼ ਦਖਲ ਵਲ ਸੀ।

ਛੇ ਅਗਸਤ 2008 ਨੂੰ ਸਰਕਾਰ ਨੇ ਜ਼ਿਲ੍ਹਾ ਪੱਧਰ ਦੇ ਪੁਲਿਸ ਅਫਸਰਾਂ ਨੂੰ ਪੱਤਰ ਜਾਰੀ ਕੀਤਾ ਕਿ ਜਨ-ਆਧਾਰ ਵਾਲੇ ਤਸਕਰਾਂ ਦੀਆਂ ਸੂਚੀਆਂ ਤਿਆਰ ਕਰੋ। ਵਿਰੋਧੀ ਪਾਰਟੀਆਂ ਵੱਲੋਂ ਰੌਲਾ ਪਾਉਣ 'ਤੇ ਪੱਤਰ ਵਾਪਿਸ ਲੈ ਲਿਆ ਗਿਆ। ਜਨ-ਆਧਾਰ ਵਾਲੇ ਤਸਕਰਾਂ ਰਾਹੀਂ ਵੋਟ ਬੈਂਕ ਵਿਚ ਵਾਧਾ ਕਰਨ ਤੋਂ ਬਿਨਾ ਅਜਿਹੇ ਪੱਤਰ ਦੇ ਹੋਰ ਕੀ ਅਰਥ ਹੋ ਸਕਦੇ ਹਨ? ਕੁਝ ਸਮਾਂ ਪਹਿਲਾਂ ਜਲੰਧਰ ਦੂਰਦਰਸ਼ਨ ਤੋਂ 'ਗੱਲਾਂ ਤੇ ਗੀਤ' ਪ੍ਰੋਗਰਾਮ ਵਿਚ ਸਰਹੱਦੀ ਜ਼ਿਲ੍ਹੇ ਵਿਚ ਐਸ.ਐਸ.ਪੀ. ਰਹਿ ਚੁੱਕੇ ਅਫਸਰ ਨੇ ਦੱਸਿਆ ਕਿ ਤਸਕਰ ਕੋਲੋਂ ਭਾਰੀ ਮਾਤਰਾ ਵਿਚ ਹੈਰੋਇਨ ਫੜੀ ਗਈ, ਉਸ 'ਤੇ ਸਿਆਸੀ ਦਬਾਅ ਪਾਇਆ ਗਿਆ ਕਿ ਉਸ 'ਭਲੇ ਮਾਨਸ, ਕੌਮ ਦੇ ਰਾਖੇ' ਨੂੰ ਛੱਡ ਦਿੱਤਾ ਜਾਵੇ। ਉਹ ਦਬਾਅ ਅੱਗੇ ਨਾ ਝੁਕਿਆ ਤਾਂ ਅਗਲੇ ਹੀ ਦਿਨ ਉਸ ਦੀ ਬਦਲੀ ਹੋ ਗਈ।

ਸਾਲ 2014 ਵਿਚ ਲੋਕ ਸਭਾ ਚੋਣਾਂ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 'ਮਨ ਕੀ ਬਾਤ' ਰੇਡੀਓ ਵਾਰਤਾ ਰਾਹੀਂ ਪੰਜਾਬ ਵਿਚ ਨਸ਼ਿਆਂ ਦੇ ਵਧਦੇ ਰੁਝਾਨ 'ਤੇ ਚਿੰਤਾ ਦੇ ਪ੍ਰਗਟਾਵੇ ਤੋਂ ਖਫਾ ਉਸ ਵੇਲੇ ਸੱਤਾ ਦਾ ਸੁਖ ਭੋਗ ਰਹੀ ਪਾਰਟੀ ਨੇ ਸਰਹੱਦ 'ਤੇ ਧਰਨਾ ਦੇ ਕੇ ਰੋਸ ਪ੍ਰਗਟ ਕਰਦਿਆਂ ਕਿਹਾ ਸੀ ਕਿ ਨਸ਼ੇ ਸਰਹੱਦ ਰਾਹੀਂ ਸਮੱਗਲ ਹੋ ਕੇ ਪੰਜਾਬ ਵਿਚ ਦਾਖ਼ਲ ਹੋ ਰਹੇ ਹਨ ਅਤੇ ਸਰਹੱਦ ਦੀ ਰਾਖੀ ਬੀ.ਐਸ.ਐਫ. ਕੋਲ ਹੋਣ ਕਾਰਨ ਇਨ੍ਹਾਂ ਨੂੰ ਰੋਕਣਾ ਕੇਂਦਰ ਸਰਕਾਰ ਦਾ ਕੰਮ ਹੈ। ਉਹ ਉਸ ਵੇਲੇ ਭੁੱਲ ਗਏ ਕਿ ਸਰਹੱਦ ਰਾਹੀਂ ਹੋ ਰਹੀ ਤਸਕਰੀ ਨੂੰ ਅਗਾਂਹ ਰੋਕਣਾ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ। ਉਂਜ ਵੀ ਜੇ ਸਿਰਫ ਇਹੀ ਇਕ ਕਾਰਨ ਹੋਵੇ ਤਾਂ ਮੱਧ ਪ੍ਰਦੇਸ਼ ਤੇ ਰਾਜਸਥਾਨ ਵੀ ਉਸੇ ਸਰਹੱਦ ਨਾਲ ਲੱਗਦਾ ਹੈ; ਫਿਰ ਉਥੇ ਨਸ਼ੇੜੀਆਂ ਦੀ ਇੰਨੀ ਗਿਣਤੀ ਕਿਉਂ ਨਹੀਂ ਹੈ? 2014 ਦੀਆਂ ਲੋਕ ਸਭਾ ਚੋਣਾਂ ਵੇਲੇ ਆਮ ਆਦਮੀ ਪਾਰਟੀ ਨੇ ਨਸ਼ਿਆਂ ਦਾ ਮੁੱਦਾ ਰੱਜ ਕੇ ਉਭਾਰਿਆ ਅਤੇ ਸੱਤਾ ਭੋਗ ਰਹੀ ਪਾਰਟੀ ਨੂੰ ਸਾਢੇ ਗਿਆਰਾਂ ਫੀਸਦੀ ਵੋਟ ਬੈਂਕ ਦਾ ਖੋਰਾ ਵੀ ਲਾਇਆ। ਨਸ਼ਿਆਂ ਕਾਰਨ ਪੋਟਾ ਪੋਟਾ ਦੁਖੀ ਪੰਜਾਬੀਆਂ ਨੇ ਇਸ ਪਾਰਟੀ ਦੇ 'ਨਸ਼ਾ ਮੁਕਤ ਪੰਜਾਬ' ਨਾਅਰੇ ਨੂੰ ਭਾਰੀ ਸਮਰਥਨ ਦੇ ਕੇ 13 ਵਿਚੋਂ 4 ਐਮ. ਪੀ. ਲੋਕ ਸਭਾ ਵਿਚ ਭੇਜੇ ਪਰ ਉਨ੍ਹਾਂ ਲਈ ਵੀ ਇਹ ਮੁੱਦਾ ਸੰਸਦ ਭਵਨ ਵਿਚ ਜਾਣ ਲਈ ਸਾਧਨ ਹੀ ਸਾਬਿਤ ਹੋਇਆ। ਪਿੱਛੋਂ ਨਸ਼ਿਆਂ ਦਾ ਮੁੱਦਾ ਪਾਰਟੀ ਮੁਖੀ ਦੇ ਮੁਆਫੀਨਾਮੇ ਨੇ ਨਿਗਲ ਲਿਆ।

2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਹ ਮਸਲਾ ਫਿਰ ਉਭਰਿਆ। ਪੀੜਤ ਔਰਤਾਂ ਨੇ ਅੱਖਾਂ ਵਿਚ ਅੱਥਰੂ ਭਰ ਕੇ ਉਮੀਦਵਾਰਾਂ ਤੋਂ ਚਿੱਟੀਆਂ ਚੁੰਨੀਆਂ ਦੀ ਮੰਗ ਕੀਤੀ। ਉਦਾਸ ਮਾਪਿਆਂ ਨੇ ਨਸ਼ਿਆਂ ਕਾਰਨ ਸਿਵਿਆਂ ਦੇ ਰਾਹ ਪਏ ਆਪਣੇ ਪੁੱਤਾਂ ਨੂੰ ਬਚਾਉਣ ਲਈ ਉਮੀਦਵਾਰਾਂ ਨੂੰ ਅਰਜੋਈਆਂ ਕੀਤੀਆਂ। ਇਕ ਵਾਰ ਵਾਅਦਿਆਂ ਦੀ ਝੜੀ ਅਤੇ ਚੋਣ ਮਨੋਰਥ ਪੱਤਰ ਵਿਚ ਸਭ ਨੂੰ ਰੁਜ਼ਗਾਰ ਅਤੇ ਨਸ਼ਿਆਂ ਦੇ ਕਾਲੇ ਧੰਦੇ ਨੂੰ ਇਕ ਮਹੀਨੇ ਵਿਚ ਖਤਮ ਕਰਨ ਦੀ ਸਹੁੰ 'ਤੇ ਵਿਸ਼ਵਾਸ ਕਰਦਿਆਂ ਲੋਕਾਂ ਨੇ ਕਾਂਗਰਸ ਨੂੰ ਜਿਤਾਇਆ। ਸਰਕਾਰ ਬਣਨ ਬਾਅਦ ਇਕ ਇਮਾਨਦਾਰ ਪੁਲਿਸ ਅਫਸਰ ਨੂੰ ਨਸ਼ਾ ਖਤਮ ਕਰਨ ਦੇ ਮੰਤਵ ਨਾਲ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਦਾ ਮੁਖੀ ਲਾਇਆ ਗਿਆ ਅਤੇ ਉਸ ਨੂੰ ਸਿੱਧਾ ਮੁੱਖ ਮੰਤਰੀ ਨੂੰ ਰਿਪੋਰਟ ਕਰਨ ਲਈ ਕਿਹਾ ਗਿਆ।

ਪਹਿਲੇ ਦੋ ਮਹੀਨੇ ਨਸ਼ੇ ਦੇ ਸੌਦਾਗਰਾਂ 'ਤੇ ਦਬਾਅ ਰਿਹਾ ਅਤੇ ਸ਼ਰ੍ਹੇਆਮ ਹੋ ਰਹੀ ਨਸ਼ਿਆਂ ਦੀ ਤਸਕਰੀ ਨੂੰ ਕਾਫੀ ਹੱਦ ਤੱਕ ਠੱਲ੍ਹ ਵੀ ਪਈ। ਐਸ.ਟੀ.ਐਫ. ਨੂੰ ਵੱਡੀ ਸਫਲਤਾ ਮਿਲੀ ਜਦੋਂ 13 ਜੂਨ 2017 ਨੂੰ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਸਬੰਧੀ ਗ੍ਰਿਫਤਾਰ ਕੀਤਾ ਗਿਆ। ਉਸ ਦੀ ਕੋਠੀ ਵਿਚੋਂ 10.50 ਲੱਖ ਰੁਪਏ ਨਕਦ, 3500 ਪੌਂਡ, 4 ਕਿਲੋ ਹੈਰੋਇਨ ਅਤੇ 3 ਕਿਲੋ ਸਮੈਕ ਦੇ ਨਾਲ ਨਾਲ 2 ਏ. ਕੇ. 47 ਰਾਈਫਲਾਂ ਵੀ ਬਰਾਮਦ ਹੋਈਆਂ। ਪੜਤਾਲ ਰਿਪੋਰਟ ਵਿਚ ਗੰਢੇ ਦੇ ਛਿਲਕਿਆਂ ਵਾਂਗ ਨਸ਼ਾ ਤਸਕਰੀ ਦੇ ਰਾਜ਼ ਖੁੱਲ੍ਹਦੇ ਗਏ। ਤਰਨ ਤਾਰਨ ਜ਼ਿਲ੍ਹੇ ਦੇ ਇਕ ਸਰਪੰਚ ਤੋਂ 78 ਕਿਲੋ ਹੈਰੋਇਨ ਫੜੀ ਗਈ ਪਰ ਸਿਆਸਤਦਾਨਾਂ ਦੇ ਦਬਾਅ ਕਾਰਨ ਉਸ ਨੂੰ ਛੱਡ ਦਿੱਤਾ ਗਿਆ। ਇਸ ਤਰ੍ਹਾਂ ਦੇ 50 ਹੋਰ ਕੇਸ ਵੀ ਬਿਨਾ ਪੜਤਾਲ ਖੂਹ-ਖਾਤੇ ਪਾ ਦਿੱਤੇ ਗਏ।

ਐਸ.ਟੀ.ਐਫ. ਨੇ ਇਕ ਵੱਡੇ ਨਸ਼ਾ ਤਸਕਰ ਨੂੰ ਵੀ ਹੱਥ ਪਾਇਆ। ਪੁੱਛ-ਗਿੱਛ ਦੌਰਾਨ ਪੁਲਿਸ ਦੇ ਛੋਟੇ-ਵੱਡੇ ਅਫਸਰਾਂ ਤੇ ਸਿਆਸਤਦਾਨਾਂ ਦੀ ਸ਼ਮੂਲੀਅਤ ਵੀ ਸਾਹਮਣੇ ਆਈ। ਇਸ ਨਾਲ ਆਸ ਬੱਝੀ ਕਿ ਹੁਣ ਵੱਡੇ ਮਗਰਮੱਛ ਕਾਬੂ ਕਰ ਕੇ ਨਸ਼ਾ ਤਸਕਰੀ ਨੂੰ ਠੱਲ੍ਹ ਪਵੇਗੀ ਪਰ ਨਾਲ ਹੀ ਸ਼ੱਕ ਦੀ ਸੂਈ ਇਕ ਜ਼ਿਲ੍ਹਾ ਪੁਲਿਸ ਅਫਸਰ ਵੱਲ ਜਾਣ ਨਾਲ ਉਚ ਪੁਲਿਸ ਅਫਸਰਾਂ ਦੀ ਖਾਨਾਜੰਗੀ ਨੇ ਜਿਥੇ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਜ਼ਖ਼ਮੀ ਕੀਤਾ, ਉਥੇ ਸਿਆਸਤਦਾਨਾਂ ਦੇ ਵਾਅਦਿਆਂ 'ਤੇ ਵੱਡਾ ਪ੍ਰਸ਼ਨ ਚਿੰਨ੍ਹ ਵੀ ਲਾਇਆ। ਦਰਅਸਲ ਸਾਡਾ ਸਮਾਜ ਉਨ੍ਹਾਂ ਬੰਦਿਆਂ ਦੀ ਚਿੰਤਾ ਨਹੀਂ ਕਰਦਾ ਜਿਹੜੇ ਜੇਲ੍ਹਾਂ ਵਿਚ ਹਨ ਸਗੋਂ ਉਨ੍ਹਾਂ ਦੀ ਚਿੰਤਾ ਕਰਦਾ ਹੈ ਜਿਹੜੇ ਹੋਣੇ ਜੇਲ੍ਹਾਂ ਵਿਚ ਚਾਹੀਦੇ ਹਨ ਪਰ ਸ਼ਰ੍ਹੇਆਮ ਦਨਦਨਾਉਂਦੇ ਹਨ।

ਪੰਜਾਬੀਆਂ ਦਾ ਸੁਭਾਅ ਹੈ ਕਿ ਜਦੋਂ ਉਨ੍ਹਾਂ ਨੇ ਗੱਡੀ ਫੜਨੀ ਹੁੰਦੀ ਹੈ ਤਾਂ ਉਹ ਰੇਲਵੇ ਸਟੇਸ਼ਨ 'ਤੇ ਕਾਫੀ ਸਮਾਂ ਪਹਿਲਾਂ ਹੀ ਪੁੱਜ ਜਾਂਦੇ ਹਨ ਅਤੇ ਗੱਡੀ ਦੇ ਆਉਣ ਦਾ ਸਮਾਂ ਪਤਾ ਕਰ ਕੇ ਫੱਟੇ 'ਤੇ ਸੌਂ ਜਾਂਦੇ ਹਨ। ਗੱਡੀ ਆਉਂਦੀ ਹੈ, ਦਗੜ ਦਗੜ ਕਰ ਕੇ ਲੰਘ ਜਾਂਦੀ ਹੈ, ਉਹ ਹੱਥ ਮਲਦੇ ਰਹਿ ਜਾਂਦੇ ਹਨ। ਇਸ ਸੁਭਾਅ ਨੂੰ ਹੀ ਸਿਆਸਤਦਾਨ ਚੋਣਾਂ ਵਿਚ 'ਕੈਸ਼' ਕਰਦੇ ਹਨ। ਕੋਈ ਵੀ ਇਨਕਲਾਬ, ਕੋਈ ਵੀ ਸਮਾਜਿਕ ਤਬਦੀਲੀ ਲੋਕਾਂ ਦੇ ਸਮੂਹਿਕ ਏਕੇ ਅਤੇ ਬੁਲੰਦ ਆਵਾਜ਼ ਨੇ ਹੀ ਲਿਆਂਦੀ ਹੈ। ਨਾ ਤਾਂ ਨਸ਼ਾ ਵੇਚਣ ਵਾਲਿਆਂ ਦੀਆਂ ਸ਼ੀਸ਼ੀਆਂ ਇੰਨੀਆਂ ਪੱਕੀਆਂ ਹਨ ਕਿ ਉਨ੍ਹਾਂ ਨੂੰ ਭੰਨਿਆ ਨਾ ਜਾ ਸਕੇ ਅਤੇ ਨਾ ਹੀ ਉਨ੍ਹਾਂ ਦੇ ਪੈਰ ਇੰਨੇ ਮਜ਼ਬੂਤ ਹਨ ਕਿ ਉਨ੍ਹਾਂ ਨੂੰ ਉਖੇੜਿਆ ਨਾ ਜਾ ਸਕੇ। ਜਾਗੋ ਪੰਜਾਬੀਓ! ਨਸ਼ਿਆਂ ਦੇ ਦੈਂਤ ਨੂੰ ਢਹਿ-ਢੇਰੀ ਕਰਨ ਲਈ ਲਾਮਵੰਦ ਹੋਵੋ।

# ਜੰਮੂ ਕਸ਼ਮੀਰ 'ਚ ਗਵਰਨਰੀ ਰਾਜ ਅਤੇ ਸੰਘ ਦੀ ਚੋਣ ਯੁੱਧਨੀਤੀ

ਸੀਨੀਅਰ ਕਸ਼ਮੀਰੀ ਪੱਤਰਕਾਰ ਸ਼ੁਜਾਤ ਬੁਖ਼ਾਰੀ ਅਤੇ ਇਕ ਫ਼ੌਜੀ ਜਵਾਨ ਦੇ ਕਤਲਾਂ ਤੋਂ ਬਾਅਦ ਭਾਜਪਾ ਵਲੋਂ ਜੰਮੂ ਕਸ਼ਮੀਰ ਗਠਜੋੜ ਸਰਕਾਰ ਵਿਚੋਂ ਬਾਹਰ ਆਉਣ ਦਾ ਐਲਾਨ ਕਰਕੇ ਉਸ ਮੌਕਾਪ੍ਰਸਤ ਗਠਜੋੜ ਦਾ ਭੋਗ ਪਾ ਦਿੱਤਾ ਗਿਆ ਜੋ ਚਾਰ ਸਾਲ ਪਹਿਲਾਂ ਇਸ ਨੇ ਜੰਮੂ ਕਸ਼ਮੀਰ ਉਪਰ ਆਪਣਾ ਘਿਨਾਉਣਾ ਏਜੰਡਾ ਥੋਪਣ ਲਈ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਨਾਲ ਬਣਾਇਆ ਸੀ। ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਸਾਰੇ ਵਿਧਾਇਕਾਂ ਨੂੰ ਦਿੱਲੀ

**ਬੂਟਾ ਸਿੰਘ**
ਫੋਨ: +91-94634-74342

ਸੱਦ ਕੇ ਨਾਗਪੁਰ ਸਦਰ-ਮੁਕਾਮ ਦੇ ਹੁਕਮ ਦਾ ਪਾਲਣ ਕਰਨ ਦੀ ਹਦਾਇਤ ਕਰ ਦਿੱਤੀ। ਗਠਜੋੜ ਭਾਈਵਾਲ ਪੀ.ਡੀ.ਪੀ. ਨੂੰ ਰਸਮੀ ਤੌਰ 'ਤੇ ਸੂਚਿਤ ਕਰਨ ਦੀ ਜ਼ਰੂਰਤ ਵੀ ਨਹੀਂ ਸਮਝੀ ਗਈ।

ਮਹਿਬੂਬਾ ਮੁਫ਼ਤੀ ਨੂੰ ਗਠਜੋੜ ਟੁੱਟਣ ਦੀ ਖ਼ਬਰ ਮੀਡੀਆ ਤੋਂ ਮਿਲੀ। ਇਕੋ ਝਟਕੇ ਨਾਲ ਸੰਘ ਬ੍ਰਿਗੇਡ ਨੇ ਉਹ ਮਖੌਟਾ ਵਗਾਹ ਮਾਰਿਆ ਜੋ ਇਸ ਨੇ ਜੰਮੂ ਕਸ਼ਮੀਰ ਦੀ ਸੱਤਾ ਉਪਰ ਕਾਬਜ਼ ਹੋ ਕੇ ਕਸ਼ਮੀਰੀ ਸਮਾਜ ਅਤੇ ਰਾਜ ਮਸ਼ੀਨਰੀ ਵਿਚ ਆਪਣੀ ਘੁਸਪੈਠ ਅਤੇ ਫਿਰਕੂ ਅਧਾਰ ਵਧਾਉਣ ਲਈ ਪਾਇਆ ਸੀ। ਉਦੋਂ ਗਠਜੋੜ ਬਣਾਉਣਾ ਇਸ ਦੀ ਅਣਸਰਦੀ ਜ਼ਰੂਰਤ ਸੀ ਕਿਉਂਕਿ ਸੰਘ ਕੋਲ ਐਨੀਆਂ ਸੀਟਾਂ ਨਹੀਂ ਸਨ ਕਿ ਆਪ ਸਰਕਾਰ ਬਣਾ ਲੈਂਦੇ। ਹੁਣ ਉਹ ਮਨੋਰਥ ਪੂਰਾ ਹੋ ਚੁੱਕਾ ਸੀ ਅਤੇ ਇਸ ਦੀ ਹਿੰਦੂਤਵੀ ਯੁੱਧਨੀਤੀ ਦਾ ਮੁੱਖ ਫੋਕਸ 2019 ਦੀਆਂ ਚੋਣਾਂ ਦੀ ਤਿਆਰੀ ਹੈ ਜਿਸ ਦੇ ਮੱਦੇਨਜ਼ਰ ਇਸ ਨੇ ਗਠਜੋੜ ਸਰਕਾਰ ਵਿਚੋਂ ਬਾਹਰ ਆਉਣ ਦਾ ਬਹਾਨਾ ਘੜ ਲਿਆ ਹੈ। ਬਹਾਨਾ ਇਹ ਬਣਾਇਆ ਕਿ ਰਿਆਸਤ ਵਿਚ ਦਹਿਸ਼ਤਗਰਦੀ ਵਧੀ ਹੈ; ਹਾਲਾਂਕਿ ਨੋਟਬੰਦੀ ਤੋਂ ਬਾਅਦ ਇਸ ਨੇ ਹਿੱਕ ਥਾਪੜੀ ਸੀ ਕਿ ਨੋਟਬੰਦੀ ਨੇ ਦਹਿਸ਼ਤਗਰਦੀ ਦਾ ਲੱਕ ਤੋੜ ਦਿੱਤਾ ਹੈ। ਸੰਘ ਬ੍ਰਿਗੇਡ ਨੇ ਇਹ ਕਹਿ ਕੇ ਜੰਮੂ ਕਸ਼ਮੀਰ ਉਪਰ ਗਵਰਨਰੀ ਰਾਜ ਥੋਪ ਦਿੱਤਾ ਕਿ ਪੀ.ਡੀ.ਪੀ. ਗਠਜੋੜ ਬਣਾਉਣ ਵਕਤ ਤੈਅ ਕੀਤੇ 'ਘੱਟੋਘੱਟ ਸਾਂਝੇ ਪ੍ਰੋਗਰਾਮ' ਉਪਰ ਪੂਰੀ ਨਹੀਂ ਉਤਰੀ। ਕਸ਼ਮੀਰ ਮਾਮਲਿਆਂ ਦੇ ਇੰਚਾਰਜ ਰਾਮ ਮਾਧਵ ਅਤੇ ਅਮਿਤ ਸ਼ਾਹ ਵਲੋਂ ਮਹਿਬੂਬਾ ਮੁਫ਼ਤੀ ਉਪਰ ਵਿਸਾਹਘਾਤ ਦੇ ਤਿੰਨ ਇਲਜ਼ਾਮ ਲਗਾਏ ਗਏ ਹਨ: ਉਸ ਨੇ ਵਿਕਾਸ ਪੱਖੋਂ ਜੰਮੂ ਅਤੇ ਲੱਦਾਖ ਖੇਤਰਾਂ ਨਾਲ ਵਿਤਕਰਾ ਕੀਤਾ; ਦਹਿਸ਼ਤਵਾਦ ਤੇ ਵੱਖਵਾਦ ਨੂੰ ਖ਼ਤਮ ਕਰਕੇ ਸ਼ਾਂਤੀ ਲਿਆਉਣ ਲਈ ਯਤਨ ਨਹੀਂ ਕੀਤੇ; ਅਤੇ 'ਜੰਮੂ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ' ਬਾਰੇ ਪੀ.ਡੀ.ਪੀ. ਵਫ਼ਾਦਾਰ ਨਹੀਂ।

ਪੀ.ਡੀ.ਪੀ. ਕੋਈ ਕਸ਼ਮੀਰ ਹਿਤੈਸ਼ੀ ਪਾਰਟੀ ਨਹੀਂ ਬਲਕਿ ਕਸ਼ਮੀਰੀ ਅਵਾਮ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਕੇ ਸੱਤਾ ਉਪਰ ਕਾਬਜ਼ ਹੋਣ ਵਾਲਾ ਬਾਕੀ ਹਾਕਮ ਜਮਾਤੀ ਪਾਰਟੀਆਂ ਵਰਗਾ ਹੀ ਕਸ਼ਮੀਰ ਵਿਰੋਧੀ ਹੁਕਮਰਾਨ ਗੁੱਟ ਹੈ। ਮਹਿਬੂਬਾ ਮੁਫਤੀ ਨੇ ਲੰਮੀਆਂ ਰਾਜਸੀ ਗਿਣਤੀਆਂ-ਮਿਣਤੀਆਂ ਤੋਂ ਬਾਅਦ ਭਗਵੇਂ ਬ੍ਰਿਗੇਡ ਨਾਲ ਮਿਲ ਕੇ ਗਠਜੋੜ ਸਰਕਾਰ ਬਣਾਈ ਸੀ ਕਿਉਂਕਿ ਕਿਸੇ ਹੋਰ ਹਾਕਮ ਜਮਾਤੀ ਗੁੱਟ ਨਾਲ ਗਠਜੋੜ ਦੀ ਸੰਭਾਵਨਾ ਨਹੀਂ ਸੀ। ਇਸ ਨੇ ਸੱਤਾ ਦੀ ਲਾਲਸਾ ਦੀ ਪੂਰਤੀ ਲਈ ਕਸ਼ਮੀਰੀ ਅਵਾਮ ਦੀ ਘੋਰ ਦੁਸ਼ਮਣ ਤਾਕਤ ਨਾਲ ਗਠਜੋੜ ਬਣਾਇਆ ਜੋ ਸ਼ੁਰੂ ਤੋਂ ਹੀ ਕਸ਼ਮੀਰ ਦੇ ਸਵੈਨਿਰਣੇ ਦੀ ਤਹਿਰੀਕ ਨੂੰ ਫ਼ੌਜੀ ਬੂਟਾਂ ਨਾਲ ਮਸਲ ਦੇਣ ਦੀ ਵਕਾਲਤ ਕਰਦੀ ਆ ਰਹੀ ਹੈ। ਆਰ.ਐਸ.ਐਸ. ਦੇ ਆਗੂ ਬਲਰਾਜ ਮਧੋਕ ਨੇ 1947 ਵਿਚ ਜੰਮੂ ਪਰਜਾ ਪ੍ਰੀਸ਼ਦ ਬਣਾ ਕੇ ਕਸ਼ਮੀਰ ਦੀ ਸਰਜ਼ਮੀਨ ਤੋਂ ਕਸ਼ਮੀਰੀ ਅਵਾਮ ਦੇ ਸਵੈਨਿਰਣੇ ਦੇ ਖ਼ਿਲਾਫ਼ ਜਹਾਦ ਵਿਢਿਆ ਸੀ। ਆਰ.ਐਸ.ਐਸ. ਦੇ ਸਿਆਸੀ ਵਿੰਗ, ਭਾਰਤੀ ਜਨ ਸੰਘ ਦੇ ਮੋਢੀ ਆਗੂ ਸ਼ਿਆਮਾ ਪ੍ਰਸਾਦ ਮੁਖਰਜੀ ਨੇ 1950ਵਿਆਂ ਦੇ ਸ਼ੁਰੂ ਤੋਂ ਹੀ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਸੰਵਿਧਾਨਕ ਵਿਵਸਥਾ, ਧਾਰਾ 370, ਖ਼ਤਮ ਕਰਨ ਲਈ ਅੰਦੋਲਨ ਚਲਾਇਆ ਸੀ; ਹਾਲਾਂਕਿ ਧਾਰਾ 370 ਨੂੰ ਹਿੰਦੁਸਤਾਨੀ ਹੁਕਮਰਾਨ ਜਮਾਤ ਨੇ ਵਿਹਾਰਕ ਤੌਰ 'ਤੇ ਪਹਿਲਾਂ ਹੀ ਖ਼ਤਮ ਕੀਤਾ ਹੋਇਆ ਹੈ ਅਤੇ ਇਸ ਦੀ ਹੋਂਦ ਮਹਿਜ਼ ਕਾਗਜ਼ਾਂ ਵਿਚ ਹੀ ਹੈ ਲੇਕਿਨ ਸੰਘ ਬ੍ਰਿਗੇਡ ਰਾਸ਼ਟਰਵਾਦ ਭੜਕਾਉਣ ਲਈ ਇਹ ਪੱਤਾ ਖੇਡਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦਾ। 2014 ਦੇ ਚੋਣ ਮੈਨੀਫੈਸਟੋ ਵਿਚ ਧਾਰਾ 370 ਨੂੰ ਖ਼ਤਮ ਕਰਾਉਣਾ ਭਾਜਪਾ ਦਾ ਇਕ ਮੁੱਖ ਮੁੱਦਾ ਸੀ। ਪੀ.ਡੀ.ਪੀ. ਨਾਲ ਗਠਜੋੜ ਕਰਨ ਲਈ ਇਸ ਮੁੱਦੇ ਬਾਰੇ ਸੰਘ ਦੇ ਆਗੂਆਂ ਨੇ ਸੁਰ ਨਰਮ ਕਰ ਲਈ। ਹੁਣ ਅਗਲੀਆਂ ਚੋਣਾਂ ਦੇ ਮੱਦੇਨਜ਼ਰ ਇਸ ਮੁੱਦੇ ਨੂੰ ਮੁੜ ਚੁੱਕ ਲਿਆ ਹੈ। ਦਰਅਸਲ, ਪੀ.ਡੀ.ਪੀ. ਦੀ ਗਠਜੋੜ ਵਿਚ ਕੋਈ ਵੁੱਕਤ ਨਹੀਂ ਸੀ। ਸੰਘ ਦੀ ਕੇਂਦਰ ਸਰਕਾਰ ਆਪਣੀ ਮਰਜ਼ੀ ਪੁਗਾ ਰਹੀ ਸੀ। ਮੁਸਲਮਾਨ ਬੱਚੀ ਆਸਿਫ਼ਾ ਨਾਲ ਜਬਰ ਜਨਾਹ ਅਤੇ ਕਤਲ ਦੇ ਮਾਮਲੇ ਵਿਚ ਸੰਘ ਦੇ ਮੰਤਰੀਆਂ ਅਤੇ ਜੰਮੂ ਬਾਰ ਐਸੋਸੀਏਸ਼ਨ ਦੀ ਖੁੱਲ੍ਹੇਆਮ ਬੁਰਛਾਗਰਦੀ ਤੋਂ ਪੂਰੀ ਤਰ੍ਹਾਂ ਸਪਸ਼ਟ ਹੋ ਗਿਆ ਸੀ ਕਿ ਮਹਿਬੂਬਾ ਦੀ ਪਾਰਟੀ ਦੀ ਗਠਜੋੜ ਸਰਕਾਰ ਵਿਚ ਰਾਜਸੀ ਔਕਾਤ ਕੀ ਹੈ।

ਹਰ ਕੋਈ ਜਾਣਦਾ ਹੈ ਕਿ ਜੰਮੂ ਕਸ਼ਮੀਰ ਵਿਚ ਵਿਕਾਸ ਪ੍ਰੋਜੈਕਟ ਚਾਲੂ ਕਰਕੇ ਕਸ਼ਮੀਰੀਆਂ ਦੇ ਦਿਲ ਜਿੱਤਣ ਦੇ ਨਾਂ ਹੇਠ ਭਾਜਪਾ ਅਤੇ ਪੀ.ਡੀ.ਪੀ. ਨੇ ਬੇਸ਼ੁਮਾਰ ਕੇਂਦਰੀ ਫੰਡ ਹੜੱਪੇ। ਨਾ ਫੰਡ ਕਸ਼ਮੀਰ ਘਾਟੀ ਦੇ ਵਿਕਾਸ ਲਈ ਖ਼ਰਚੇ ਗਏ, ਨਾ ਜੰਮੂ ਤੇ ਲੱਦਾਖ਼ ਦੇ ਵਿਕਾਸ ਲਈ। ਮੋਦੀ ਵਲੋਂ ਐਲਾਨੇ 80,000 ਕਰੋੜ ਰੁਪਏ ਦੇ ਕੇਂਦਰੀ ਪ੍ਰੋਜੈਕਟਾਂ ਵਿਚੋਂ ਅਜੇ 22 ਫ਼ੀਸਦੀ ਫੰਡ ਹੀ ਜਾਰੀ ਕੀਤੇ ਗਏ ਹਨ, ਫਿਰ ਵੀ ਹੋਰ ਬਥੇਰੀ ਤਰ੍ਹਾਂ ਦੇ ਫੰਡ ਹਨ ਜੋ ਕਸ਼ਮੀਰੀ ਲੋਕਾਂ ਦੇ ਨਾਂ 'ਤੇ ਹਜ਼ਮ ਕੀਤੇ ਗਏ (ਕੌਮੀ ਸੁਰੱਖਿਆ ਦੇ ਨਾਂ 'ਤੇ ਪੰਜ ਲੱਖ ਤੋਂ ਵੱਧ ਫ਼ੌਜ ਦੇ ਖ਼ਰਚੇ ਦੇ ਨਾਲ-ਨਾਲ ਖੁਫ਼ੀਆ ਏਜੰਸੀਆਂ ਦੇ ਅਪਰੇਸ਼ਨਾਂ, ਗ਼ੈਰਕਾਨੂੰਨੀ ਗਰੋਹਾਂ ਦੇ ਨਾਂ ਹੇਠ ਆਏ ਸਾਲ ਡਕਾਰੇ ਜਾ ਰਹੇ ਬੇਹਿਸਾਬੇ ਫੰਡ ਇਸ ਤੋਂ ਵੱਖਰੇ ਹਨ)। ਦਹਿਸ਼ਤਵਾਦ-ਵੱਖਵਾਦ ਵਿਰੁਧ ਸਖ਼ਤੀ ਨਾਲ ਪੇਸ਼ ਨਾ ਆਉਣਾ ਵੀ ਤੱਥ ਨਹੀਂ। ਮਹਿਬੂਬਾ ਸਰਕਾਰ




ਦੇ ਕਾਰਜਕਾਲ ਵਿਚ ਮੁਕਾਬਲਿਆਂ ਰਾਹੀਂ ਕਸ਼ਮੀਰੀ ਨੌਜਵਾਨਾਂ ਦਾ ਘਾਣ ਅਤੇ ਪਥਰਾਓ ਕਰਨ ਵਾਲੇ ਹਜੂਮਾਂ ਨੂੰ ਖਿੰਡਾਉਣ ਦੇ ਹੇਠ ਪੈਲੇਟ ਗੰਨਾਂ ਦੀ ਵਾਛੜ ਰਾਹੀਂ ਹਜ਼ਾਰਾਂ ਨੌਜਵਾਨਾਂ ਦੀਆਂ ਅੱਖਾਂ ਅੰਨ੍ਹੀਆਂ ਕਰਨ ਦਾ ਵਰਤਾਰਾ ਰਾਜਕੀ ਜ਼ੁਲਮਾਂ ਵਿਚ ਹੋਰ ਵੀ ਜ਼ਿਆਦਾ ਤੇਜ਼ ਲਿਆਂਦੇ ਜਾਣ ਦਾ ਸੂਚਕ ਹੈ, ਨਰਮ ਨੀਤੀ ਦਾ ਨਹੀਂ। ਜਿੱਥੋਂ ਤਕ ਵਿਕਾਸ ਵਿਚ ਵਿਤਕਰੇ ਦਾ ਸਵਾਲ ਹੈ, ਤੱਥ ਇਸ ਤੋਂ ਉਲਟ ਹਨ। ਕਸ਼ਮੀਰ ਵਿਚ ਜੋ ਵੀ ਅਖੌਤੀ ਵਿਕਾਸ ਪ੍ਰੋਜੈਕਟ ਲਏ ਗਏ, ਉਨ੍ਹਾਂ ਦਾ ਨਾ ਕਸ਼ਮੀਰੀ ਅਵਾਮ ਦੀ ਬਿਹਤਰੀ ਨਾਲ ਕੋਈ ਲਾਗਾਦਾਗਾ ਹੈ, ਨਾ ਉਨ੍ਹਾਂ ਨੂੰ ਰੋਜ਼ਗਾਰ ਦੇਣ ਨਾਲ। ਉਹ ਕੇਵਲ ਵੱਡੀਆਂ ਸੜਕਾਂ, ਪੁਲਾਂ ਦੀ ਉਸਾਰੀ ਰਾਹੀਂ ਫ਼ੌਜ ਅਤੇ ਹੋਰ ਸੁਰੱਖਿਆ ਦਸਤਿਆਂ ਦੀ ਆਵਾਜਾਈ ਨੂੰ ਕਾਰਜਕੁਸ਼ਲ ਬਣਾ ਕੇ ਕਸ਼ਮੀਰ ਉਪਰ ਕਬਜ਼ਾ ਹੋਰ ਮਜ਼ਬੂਤ ਕਰਨ, ਉਥੋਂ ਦੀਆਂ ਜ਼ਮੀਨਾਂ ਉਪਰ ਕਬਜ਼ੇ ਕਰਨ, ਉਥੋਂ ਦੇ ਭੂਗੋਲਿਕ ਚੌਗਿਰਦੇ ਨੂੰ ਤਬਾਹ ਕਰਕੇ ਸੈਰ-ਸਪਾਟਾ ਕਾਰੋਬਾਰ ਵਧਾਉਣ ਦੇ ਮਨੋਰਥ ਨਾਲ ਸ਼ੁਰੂ ਕੀਤੇ ਗਏ ਹਨ। ਪਿਛਲੇ ਸਾਲਾਂ ਦੌਰਾਨ ਜੰਮੂ ਕਸ਼ਮੀਰ ਵਿਚ ਆਏ ਹੜ੍ਹਾਂ ਨੇ ਉਥੇ ਕੀਤੇ ਜਾ ਰਹੇ ਅਖੌਤੀ ਵਿਕਾਸ ਦੀ ਪੋਲ ਖੋਲ੍ਹ ਦਿੱਤੀ ਸੀ। ਸੰਘ ਦਾ ਤੀਜਾ ਇਲਜ਼ਾਮ ਵੀ ਬੇਬੁਨਿਆਦ ਹੈ। ਪੀ.ਡੀ.ਪੀ. ਕਸ਼ਮੀਰ ਦੀ ਆਜ਼ਾਦੀ ਦੇ ਹਰਗਿਜ਼ ਹੱਕ ਵਿਚ ਨਹੀਂ; ਲੇਕਿਨ ਉਸ ਦਾ ਵੋਟ ਬੈਂਕ ਕਸ਼ਮੀਰ ਘਾਟੀ ਵਿਚ ਹੋਣ ਕਾਰਨ ਗੋਲਮੋਲ ਸਟੈਂਡ ਲੈਣਾ ਉਸ ਦੀ ਵੋਟ ਸਿਆਸਤ ਦੀ ਜ਼ਰੂਰਤ ਹੈ। ਇਹ ਸੰਘ ਬ੍ਰਿਗੇਡ ਚੰਗੀ ਤਰ੍ਹਾਂ ਜਾਣਦਾ ਹੈ।

ਮਹਿਬੂਬਾ ਸਰਕਾਰ ਦੀ ਹਮਾਇਤ ਵਾਪਸ ਲੈਣ ਪਿੱਛੇ ਸੰਘ ਬ੍ਰਿਗੇਡ ਦਾ ਮਨੋਰਥ ਇਕੋ ਤੀਰ ਨਾਲ ਕਈ ਨਿਸ਼ਾਨੇ ਫੁੰਡਣਾ ਹੈ। ਪਹਿਲਾ, ਇਹ ਸਿਆਸੀ ਗੋਲਾਬਾਰੀ ਦੇ ਰੌਲੇ ਹੇਠ ਮਨੁੱਖੀ ਹੱਕਾਂ ਦੇ ਘਾਣ ਬਾਰੇ ਸੰਯੁਕਤ ਰਾਸ਼ਟਰ ਦੀ ਹਾਲੀਆ ਰਿਪੋਰਟ ਨੂੰ ਦਬਾ ਦੇਣਾ ਚਾਹੁੰਦੇ ਹਨ। ਦੂਜਾ, ਕਸ਼ਮੀਰ ਵਿਚ ਦਹਿਸ਼ਤਗਰਦੀ ਵਿਚ ਵਾਧੇ ਨੂੰ ਉਛਾਲ ਕੇ ਸੰਘ ਇਹ ਜਚਾਉਣਾ ਚਾਹੁੰਦਾ ਹੈ ਕਿ ਮੋਦੀ ਨੂੰ ਦੁਬਾਰਾ ਸੱਤਾ ਵਿਚ ਲਿਆਉਣਾ ਜ਼ਰੂਰੀ ਹੈ, ਕਿ ਸੰਘ ਬ੍ਰਿਗੇਡ ਹੀ ਮੁਲਕ ਦੀ ਏਕਤਾ-ਅਖੰਡਤਾ ਦੀ ਮਜ਼ਬੂਤੀ ਨਾਲ ਰਾਖੀ ਕਰਨ ਦੇ ਸਮਰੱਥ ਹੈ, ਬਾਕੀ ਤਾਂ ਸਭ 'ਟੁਕੜੇ-ਟੁਕੜੇ ਗੈਂਗ' ਹਨ। ਅਮਿਤ ਸ਼ਾਹ ਅਨੁਸਾਰ, ਇਸ ਗੈਂਗ ਨੂੰ ਮੁਲਕ ਦੀ ਸੁਰੱਖਿਆ ਨਾਲੋਂ ਕੁਰਸੀ ਵੱਧ ਪਿਆਰੀ ਹੋਣ ਕਾਰਨ ਉਹ ਸਰਕਾਰ ਡਿਗਣ 'ਤੇ ਸੋਗ ਵਿਚ ਡੁੱਬ ਜਾਂਦੇ ਹਨ। ਇਹ ਕੇਵਲ ਸੰਘ ਬ੍ਰਿਗੇਡ ਹੀ ਹੈ ਜੋ ਸਰਕਾਰ ਟੁੱਟਣ 'ਤੇ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਾ ਕੇ ਖ਼ੁਸ਼ੀ ਮਨਾਉਂਦਾ ਹੈ। ਤੀਜਾ, ਜੰਮੂ ਅਤੇ ਲੱਦਾਖ਼ ਵਿਚ ਫਿਰਕੂ ਪਾਲਾਬੰਦੀ ਨੂੰ ਮਜ਼ਬੂਤ ਕਰਨ ਲਈ ਹਿੰਦੂ ਫਿਰਕੇ ਨੂੰ ਇਹ ਜਚਾਉਣਾ ਹੈ ਕਿ ਬਾਕੀ ਪਾਰਟੀਆਂ ਮੁਸਲਮਾਨ ਪੱਖੀ ਹਨ, ਕੇਵਲ ਭਾਜਪਾ ਹੀ ਉਨ੍ਹਾਂ ਦੀ ਇਕੋ-ਇਕ ਖ਼ੈਰਖਵਾਹ ਹੈ। ਚੌਥਾ, ਦਹਿਸ਼ਤਗਰਦ ਹਿੰਸਾ ਵਿਚ ਵਾਧੇ ਦੀ ਆੜ ਹੇਠ ਫ਼ੌਜ ਅਤੇ ਨੀਮ-ਫ਼ੌਜ ਨੂੰ ਮਨਮਾਨੀਆਂ ਦੀ ਹੋਰ ਜ਼ਿਆਦਾ ਖੁੱਲ੍ਹ ਦੇਣਾ ਹੈ ਤਾਂ ਜੋ ਕਸ਼ਮੀਰੀ ਅਵਾਮ ਦਾ ਹੋਰ ਵੀ ਬੇਕਿਰਕੀ ਨਾਲ ਘਾਣ ਕੀਤਾ ਜਾ ਸਕੇ। ਨਤੀਜਾ ਇਹ ਹੈ ਕਿ ਮੁਕਾਬਲਿਆਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ ਹੈ। ਪੰਜਵਾਂ, ਗਵਰਨਰੀ ਰਾਜ ਰਾਹੀਂ ਇਹ ਯਕੀਨੀ ਬਣਾਉਣਾ ਹੈ ਕਿ ਕਸ਼ਮੀਰ ਮਸਲੇ ਦੇ ਹੱਲ ਲਈ ਦੋ-ਧਿਰੀ ਜਾਂ ਤਿੰਨ-ਧਿਰੀ ਸਿਆਸੀ ਗੱਲਬਾਤ ਦੇ ਸੁਝਾਅ ਗ਼ੈਰਪ੍ਰਸੰਗਿਕ ਹਨ ਅਤੇ ਸਿਰਫ਼ ਤੇ ਸਿਰਫ਼ ਫ਼ੌਜੀ ਹੱਲ ਹੀ ਇਕੋ-ਇਕ ਹੱਲ ਹੈ ਅਤੇ ਫ਼ੌਜੀ ਹੱਲ ਨੂੰ ਅਮਲ ਵਿਚ ਲਿਆਉਣ ਦੀ ਸਿਆਸੀ ਦ੍ਰਿੜਤਾ ਕੇਵਲ ਭਾਜਪਾ ਕੋਲ ਹੈ। ਪਿਛਲੇ ਦਿਨੀਂ ਫ਼ੌਜ ਦੇ ਮੁਖੀ ਜਨਰਲ ਬਿਪਨ ਰਾਵਤ (ਜਿਸ ਦਾ ਕੰਮ ਫ਼ੌਜ ਦੀ ਅਗਵਾਈ ਕਰਨਾ ਹੈ, ਸਿਆਸੀ ਨੀਤੀ-ਬਿਆਨ ਦੇਣਾ ਨਹੀਂ; ਲੇਕਿਨ ਉਹ ਸਮੇਂ-ਸਮੇਂ ਸਿਆਸੀ ਬਿਆਨ ਦੇ ਕੇ ਵਿਵਾਦ ਛੇੜਨ ਲਈ ਕਾਫ਼ੀ ਨਾਮਣਾ ਖੱਟ ਚੁੱਕਾ ਹੈ) ਨੇ ਕਸ਼ਮੀਰ ਪ੍ਰਤੀ ਸੰਘ ਬ੍ਰਿਗੇਡ ਦੀ ਨੀਤੀ ਦਾ ਖ਼ੁਲਾਸਾ ਕਰਦਿਆਂ ਸਾਫ਼ ਕਿਹਾ ਸੀ ਕਿ ਦਿੱਲੀ ਦੀ ਯੁੱਧਨੀਤੀ ਕਸ਼ਮੀਰੀ ਨੌਜਵਾਨਾਂ ਨੂੰ ਇਹ ਜਚਾਉਣਾ ਹੈ ਕਿ ਉਨ੍ਹਾਂ ਨੂੰ 'ਆਜ਼ਾਦੀ ਕਦੇ ਵੀ ਹਾਸਲ ਨਹੀਂ ਹੋਣ ਲੱਗੀ... ਜੇ ਤੁਸੀਂ ਸਾਡੇ ਨਾਲ ਲੜਨਾ ਚਾਹੁੰਦੇ ਹੋ ਤਾਂ ਅਸੀਂ ਵੀ ਤੁਹਾਡੇ ਵਿਰੁਧ ਪੂਰੀ ਤਾਕਤ ਨਾਲ ਲੜਾਂਗੇ'।

ਹੁਣ ਜਦੋਂ ਗਵਰਨਰੀ ਰਾਜ ਥੋਪਿਆ ਜਾ ਚੁੱਕਾ ਹੈ ਤਾਂ ਬਿਪਨ ਰਾਵਤ ਨੇ ਇਹ ਕਹਿ ਕੇ ਫ਼ੌਜ ਨੂੰ ਮਨਮਾਨੀਆਂ ਦੀ ਖੁੱਲ੍ਹ ਦੀ ਤਸਦੀਕ ਕਰ ਦਿੱਤੀ ਕਿ 'ਸਾਡੇ ਕੰਮ ਵਿਚ ਕੋਈ ਸਿਆਸੀ ਦਖ਼ਲਅੰਦਾਜ਼ੀ ਨਹੀਂ ਹੈ'। ਹੁਣ ਮੋਦੀ ਹਕੂਮਤ ਲਈ ਕਸ਼ਮੀਰੀ ਅਵਾਮ ਦਾ ਘਾਣ ਕਰਵਾਉਣਾ ਹੋਰ ਵੀ ਸੌਖਾ ਹੋ ਗਿਆ ਹੈ ਕਿਉਂਕਿ ਸੰਘ ਦੇ ਖੁੱਲ੍ਹੇਆਮ ਫਾਸ਼ੀਵਾਦੀ ਹਮਲਿਆਂ ਨਾਲ ਆਪਣੇ ਵੋਟ ਬੈਂਕ ਨੂੰ ਬਚਾਉਣ ਦੀ ਜ਼ਰੂਰਤ ਵਿਚੋਂ ਅਸਹਿਮਤੀ ਜ਼ਾਹਰ ਕਰਨ ਵਾਲਾ ਮਾਮੂਲੀ ਅੜਿੱਕਾ ਵੀ ਦੂਰ ਗਿਆ ਹੈ। ਕਸ਼ਮੀਰੀ ਅਵਾਮ ਦਾ ਸਵੈਨਿਰਣੇ ਦੇ ਹੱਕ ਲਈ ਸੰਘਰਸ਼ ਹੋਰ ਵੀ ਚੁਣੌਤੀ ਭਰਿਆ ਬਣ ਗਿਆ ਹੈ। ਆਸਿਫ਼ਾ ਮਾਮਲੇ ਵਿਚ ਤਿਰੰਗਾ ਝੰਡੇ ਚੁੱਕ ਕੇ ਮੁਜ਼ਾਹਰਿਆਂ ਦੀ ਅਗਵਾਈ ਕਰਨ ਵਾਲੇ ਸੰਘੀ ਮੰਤਰੀ ਲਾਲ ਸਿੰਘ ਵਲੋਂ ਹਾਲ ਹੀ ਵਿਚ ਪੱਤਰਕਾਰਾਂ ਨੂੰ ਬੰਦੇ ਬਣਨ ਜਾਂ ਸ਼ੁਜਾਤ ਬੁਖ਼ਾਰੀ ਵਾਲੇ ਹਸ਼ਰ ਲਈ ਤਿਆਰ ਰਹਿਣ ਦੀ ਧਮਕੀ ਦਿੱਤੀ ਗਈ। ਇਹ ਸੰਕੇਤ ਹੈ ਕਿ ਜੰਮੂ ਕਸ਼ਮੀਰ ਵਿਚ ਲਹੂ ਦੀਆਂ ਨਦੀਆਂ ਵਹਾਉਣ ਲਈ ਸੰਘ ਬ੍ਰਿਗੇਡ ਕਿਸ ਤਰ੍ਹਾਂ ਦੇ ਮਨਸੂਬੇ ਬਣਾ ਰਿਹਾ ਹੈ। ਮਸਲੇ ਦੇ ਹੱਲ ਲਈ ਸਿਆਸੀ ਗੱਲਬਾਤ ਦੇ ਦਰਵਾਜ਼ੇ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਗਏ ਹਨ। ਗਵਰਨਰੀ ਰਾਜ ਦੀਆਂ ਧੱਕੇਸ਼ਾਹੀਆਂ ਅਤੇ ਫ਼ੌਜ-ਨੀਮ ਫ਼ੌਜੀ ਦਸਤਿਆਂ ਦੀ ਦਹਿਸ਼ਤਗਰਦੀ ਕਸ਼ਮੀਰੀ ਅਵਾਮ ਦੇ ਰੋਹ ਨੂੰ ਹੋਰ ਪ੍ਰਚੰਡ ਕਰੇਗੀ ਜਿਸ ਨੂੰ ਮਸਲ ਦੇਣ ਲਈ ਮੋਦੀ ਸਰਕਾਰ ਦੀ ਫ਼ੌਜੀ ਤਾਕਤ ਦਾ ਹੋਰ ਜ਼ਿਆਦਾ ਸਹਾਰਾ ਲਵੇਗੀ। ਸਮੂਹ ਇਨਸਾਫ਼ਪਸੰਦ ਤਾਕਤਾਂ ਨੂੰ ਇਸ ਫਾਸ਼ੀਵਾਦ ਵਿਰੁੱਧ ਅਤੇ ਕਸ਼ਮੀਰੀ ਅਵਾਮ ਦੀ ਹਮਾਇਤ ਵਿਚ ਹੋਰ ਵੀ ਸ਼ਿੱਦਤ ਨਾਲ ਆਵਾਜ਼ ਉਠਾਉਣੀ ਚਾਹੀਦੀ ਹੈ।

# ਕੀ ਕੈਪਟਨ ਅਮਰਿੰਦਰ ਸਿੰਘ ਲਈ ਰੇਤਾ ਬਣੇਗਾ 'ਚਿੱਟਾ'?

ਸਿਰੇ ਦੇ ਮਾਲੀ ਹਿਤ, ਲਗਾਤਾਰ ਊਜਾਂ, ਸਿਆਸੀ ਉਤੇਜਨਾ, ਅਪਰਾਧਕ ਹਮਲੇ ਅਤੇ ਲੋਕਾਂ ਸਿਰ ਪਏ ਕਲੇਸ਼; ਇਹ ਸਾਰੇ ਮਸਲੇ ਕੈਪਟਨ ਅਮਰਿੰਦਰ ਸਿੰਘ ਲਈ ਰੇਤ ਨੂੰ 'ਚਿੱਟੇ' ਵਿਚ ਬਦਲ ਰਹੇ ਹਨ। 'ਚਿੱਟਾ' ਸ਼ਬਦ ਨਸ਼ੇ ਲਈ ਵਰਤਿਆ ਜਾਂਦਾ ਹੈ ਜਿਹੜਾ ਕਈ ਸਾਲਾਂ ਦੇ ਸਿੱਧੇ ਦੋਸ਼ਾਂ ਤੋਂ ਬਾਅਦ ਪਿਛਲੀ ਅਕਾਲੀ-ਭਾਜਪਾ ਗਠਜੋੜ ਲਈ ਇਕ ਤਰ੍ਹਾਂ ਨਾਲ ਸਜ਼ਾ ਹੀ ਸਾਬਤ

**ਕੁਲਜੀਤ ਬੈਂਸ**

ਹੋਇਆ ਸੀ। ਹੁਣ ਗੁੰਮਨਾਮ ਖਣਨ ਵਾਲੇ ਲਗਾਤਾਰ ਰੇਤ ਲੁੱਟ ਰਹੇ ਹਨ ਅਤੇ ਮੁਲਾਜ਼ਮਾਂ ਉਤੇ ਹਮਲਿਆਂ ਦੇ ਬਾਵਜੂਦ ਸਰਕਾਰ ਬੇਵੱਸ ਹੋਈ ਦਿਸ ਰਹੀ ਹੈ। ਇਸ ਸਾਰਾ ਵਿਹਾਰ ਦੇਖਦਿਆਂ ਲੋਕ ਇਕ ਤਰ੍ਹਾਂ ਨਾਲ ਸਦਮੇ ਅਤੇ ਗੁੱਸੇ ਵਿਚ ਹਨ, ਤੇ ਇਹ ਚਾਰ ਸਾਲ ਬਾਅਦ ਕਾਂਗਰਸ ਸਰਕਾਰ ਲਈ ਵੀ ਪਿਛਲੀ ਸਰਕਾਰ ਵਰਗਾ ਨਤੀਜਾ ਦੇ ਸਕਦੇ ਹਨ।

ਸੱਤਾ ਬਦਲਦਿਆਂ ਹੀ ਨਵੀਂ ਸਰਕਾਰ ਨੇ ਅਕਾਲੀ-ਭਾਜਪਾ ਗਠਜੋੜ ਸਰਕਾਰ ਵੱਲੋਂ ਦਿੱਤੇ ਖਣਨ ਠੇਕੇ ਤੁਰੰਤ ਰੱਦ ਕਰ ਦਿੱਤੇ। ਦਲੀਲ ਇਹ ਦਿੱਤੀ ਗਈ ਕਿ ਸਰਕਾਰ ਨੂੰ ਬਹੁਤ ਘੱਟ ਪੈਸੇ ਜੁੜਦੇ ਸਨ, ਤੇ ਲੋਕਾਂ ਲਈ ਭਾਅ ਫਿਰ ਵੀ ਘਟਾਏ ਨਹੀਂ ਸਨ ਗਏ। ਠੇਕੇ ਰੱਦ ਕਰਨ ਦੀ ਇਸ ਸਾਰੀ ਕਾਰਵਾਈ ਪਿੱਛੇ ਹੋਰ ਮਕਸਦ ਕੀ ਸੀ, ਉਸ ਬਾਰੇ ਤਾਂ ਹੋਰ ਕੁਝ ਸਾਬਤ ਨਹੀਂ ਸੀ ਕੀਤਾ ਜਾ ਸਕਦਾ, ਸਿਵਾਏ ਇਸ ਦੇ ਕਿ ਨਵੀਂ ਬੋਲੀ ਵਾਲੀ ਪ੍ਰਕਿਰਿਆ ਦੌਰਾਨ ਜੋੜ-ਤੋੜ ਕਰਨ ਦੇ ਦੋਸ਼ਾਂ ਕਰਕੇ ਇਕ ਮੰਤਰੀ ਨੂੰ ਅਸਤੀਫ਼ਾ ਦੇਣਾ ਪੈ ਗਿਆ। ਸਰਕਾਰ ਵੱਲੋਂ ਲਿਆਂਦੀ ਇਸ 'ਵਿਕਾਸਵਾਦੀ ਬੋਲੀ' ਨਾਲ ਪੈਸੇ ਤਾਂ ਆਏ ਪਰ ਰੇਤ ਦੇ ਭਾਅ ਅਸਮਾਨੀਂ ਜਾ ਚੜ੍ਹੇ ਅਤੇ ਆਪਣੇ ਸਿਰ ਉਤੇ ਛੱਤ ਪਾਉਣ ਦੀ ਚਾਹ ਰੱਖਣ ਵਾਲੇ ਆਮ ਲੋਕਾਂ ਨੂੰ ਖੱਜਲ-ਖ਼ੁਆਰ ਹੋਣਾ ਪੈ ਗਿਆ।



ਰੇਤ ਦੇ ਚੜ੍ਹੇ ਭਾਅ ਕਾਰਨ ਹਾਲ ਇਹ ਹੋ ਗਿਆ ਕਿ ਭਾਵੇਂ ਕੋਈ ਕਾਨੂੰਨੀ ਠੇਕੇਦਾਰ ਸੀ, ਜਾਂ ਗ਼ੈਰਕਾਨੂੰਨੀ (ਇਥੋਂ ਤੱਕ ਕਿ ਆਮ ਪੇਂਡੂ ਬੰਦਾ ਵੀ), ਸਾਰੇ ਜਣੇ ਖਣਨ ਦੇ ਇਸ ਧੰਦੇ ਨਾਲ ਜਾ ਜੁੜੇ। ਸੱਤਾਧਾਰੀ ਪਾਰਟੀ ਅੰਦਰ ਰੱਫੜ ਪੈਣ ਕਾਰਨ ਖਣਨ ਨੀਤੀ ਸੋਧਣ ਦਾ ਮਸਲਾ ਵੀ ਵਿਚਾਲੇ ਲਟਕ ਗਿਆ। ਇਹ ਕਹਿਣਾ ਮੁਸ਼ਕਿਲ ਹੈ ਕਿ ਇਹ ਸਿਰਫ਼ ਬਰਾਬਰੀ ਵਾਲੀ ਸਿਆਸਤ ਕਰਕੇ ਹੈ ਜਾਂ ਖਣਨ ਵਿਚ ਹਿਤਾਂ ਦਾ ਮਾਮਲਾ ਹੈ ਜਿਸ ਕਰਕੇ ਸੋਧ-ਸੁਧਾਈ ਦਾ ਕੰਮ ਰੁਕਿਆ ਪਿਆ ਹੈ।

ਖੱਡਾਂ ਦੇ ਲਾਇਸੈਂਸਧਾਰਕਾਂ ਜਾਂ ਗ਼ੈਰਕਾਨੂੰਨੀ ਖਣਨਕਾਰਾਂ ਵੱਲੋਂ ਖਣਨ ਕਾਮਿਆਂ ਵਜੋਂ ਭਾੜੇ 'ਤੇ ਰੱਖੇ ਅਪਰਾਧੀਆਂ ਵੱਲੋਂ ਸਰਕਾਰੀ ਮੁਲਾਜ਼ਮਾਂ ਉਤੇ ਲਗਾਤਾਰ ਹਮਲੇ ਹੋ ਰਹੇ ਹਨ ਅਤੇ ਹਰ ਘਟਨਾ ਨੇ ਖਣਨ ਏਜੰਟਾਂ ਦੇ ਅਪਰਾਧਾਂ ਦੀ ਥਾਂ 'ਸਥਾਪਤੀ' ਅੰਦਰਲੇ ਹਨੇਰੇ ਹੀ ਜ਼ਾਹਿਰ ਕੀਤੇ। ਰੂਪਨਗਰ ਦੇ ਵਿਧਾਇਕ ਉਤੇ ਹੋਏ ਹਮਲੇ ਨੇ 'ਆਪ' ਲੀਡਰ ਦੇ ਨਾਲ ਨਾਲ ਹਮਲਾਵਰਾਂ ਦੇ ਆਪਸੀ ਪੁਰਾਣੇ ਕਾਰੋਬਾਰੀ ਅਤੇ ਸਿਆਸੀ ਸਬੰਧਾਂ ਦਾ ਚਿੱਠਾ ਵੀ ਖੋਲ੍ਹ ਦਿੱਤਾ ਹੈ ਅਤੇ ਸਬੰਧਾਂ ਦੀ ਇਹ ਲੜੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਵੀ ਜਾ ਜੁੜਦੀ ਹੈ। ਬਿਨਾਂ ਸ਼ੱਕ, ਸਾਰੇ ਕਿਸੇ ਵੀ ਪ੍ਰਕਾਰ ਦੀ ਉਲੰਘਣਾ ਤੋਂ ਇਨਕਾਰ ਕਰਦੇ ਹਨ। ਇਸ ਮਸਲੇ ਬਾਰੇ ਨਸ਼ਰ ਹੋਈ ਵੀਡੀਓ ਵਿਚ ਜਿਸ ਵਕਤ ਵਿਧਾਇਕ ਦੀ ਕੁੱਟਮਾਰ ਹੋ ਰਹੀ ਸੀ, ਉਦੋਂ ਹਮਲਾਵਰ ਅਤੇ ਵਿਧਾਇਕ ਦਾ ਸਾਥੀ, ਮੰਗੇ ਗਏ ਪੈਸਿਆਂ ਬਾਰੇ ਬਹਿਸ ਰਹੇ ਸਨ।

ਇਸ ਤੋਂ ਪਹਿਲਾਂ ਪਟਿਆਲਾ ਵਿਚ ਖਣਨ ਵਿਭਾਗ ਦੇ ਜਨਰਲ ਮੈਨੇਜਰ ਉਤੇ ਹਮਲੇ ਵਾਲਾ ਮਸਲਾ 'ਸਮਝੌਤੇ' ਨਾਲ ਮੁੱਕ ਗਿਆ। ਪਿਛਲੇ ਹਫ਼ਤੇ ਜੰਗਲਾਤ ਮੁਲਾਜ਼ਮਾਂ ਉਤੇ ਹੋਏ ਭਿਆਨਕ ਹਮਲੇ ਤੋਂ ਬਾਅਦ ਪੁਲੀਸ ਹੁਣ ਇਹ ਭਰਮ ਪੈਦਾ ਕਰਨਾ ਚਾਹ ਰਹੀ ਹੈ ਕਿ ਟਰਾਲੀ ਵਿਚ ਰੇਤ ਨਹੀਂ, ਗਿੱਲੀ ਮਿੱਟੀ ਢੋਈ ਜਾ ਰਹੀ ਸੀ। ਇੰਜ ਹੀ, ਰੂਪਨਗਰ ਵਾਲੀ ਵਾਰਦਾਤ ਵਿਚ 24 ਘੰਟਿਆਂ ਦੇ ਅੰਦਰ ਅੰਦਰ ਖਣਨ ਕਰਨ ਵਾਲਿਆਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ। ਰੂਪਨਗਰ ਵਿਚ ਹੀ ਮਈ ਮਹੀਨੇ ਹੋਈ ਵਾਰਦਾਤ ਵਿਚ, ਸਿਪਾਹੀ ਨੇ ਦੋਸ਼ ਲਾਇਆ ਸੀ ਕਿ ਮਾਫੀਆ ਨੇ ਉਸ ਦਾ ਜਬਾੜਾ ਭੰਨ ਦਿੱਤਾ ਪਰ ਸਰਕਾਰੀ ਜਾਂਚ ਰਿਪੋਰਟ ਵਿਚ ਵਿਚ ਇਹ ਦਾਅਵਾ ਕੀਤਾ ਗਿਆ ਕਿ ਉਸ ਦਾ ਜਬਾੜਾ ਉਸ ਵਕਤ ਟੁੱਟਿਆ ਜਦੋਂ ਉਹ 'ਮਾਫੀਆ ਦੇ ਬੰਦਿਆਂ ਦਾ ਪਿੱਛਾ ਕਰਦਾ' ਡਿੱਗ ਪਿਆ ਸੀ। ਇਸ ਸਭ ਕਾਸੇ ਦਾ ਮਤਲਬ ਇਹੀ ਨਿਕਲਦਾ ਹੈ - ਜਾਂ ਤਾਂ ਜਾਂਚ ਕਰਤਾ ਉਕਾ ਹੀ ਨਾਕਾਬਲ ਹਨ, ਜਾਂ ਸਿਸਟਮ ਪੂਰੀ ਤਰ੍ਹਾਂ ਗੋਡਣੀਆ ਲਾ ਚੁੱਕਾ ਹੈ ਕਿਉਂਕਿ ਸੱਤਾ ਮਾਣ ਰਹੇ ਕੁਝ 'ਖਾਸ' ਬੰਦਿਆਂ ਦੇ ਹਿਤ ਜੁੜੇ ਹੋਏ ਹਨ।

ਰੇਤ ਖਣਨ ਨਾਲ ਜੁੜੇ ਗੁੰਝਲਦਾਰ ਨੇਮ ਤੇ ਗਿਣਤੀ-ਮਿਣਤੀ ਦੇ ਮਾਪਦੰਡ ਅਤੇ ਇਸ ਸਨਅਤ ਦੀਆਂ ਭੂਗੋਲਿਕ ਖਾਸੀਅਤਾਂ ਕਾਰਨ ਉਲੰਘਣਾਵਾਂ ਸਾਬਤ ਕਰਨਾ ਔਖਾ ਹੈ। ਅਣਪਛਾਤੇ ਲੋਕ ਅਕਸਰ ਹੀ ਅਲਾਟ ਹੋਈ ਥਾਂ ਤੋਂ ਵੱਖਰੇ ਇਲਾਕੇ ਜਾਂ ਤੈਅ ਜ਼ਮੀਨ ਤੋਂ ਡੂੰਘੀ ਖੁਦਾਈ ਰਾਹੀਂ ਲਾਹਾ ਲੈ ਜਾਂਦੇ ਹਨ। ਇਸ ਨਾਲ ਸਿਆਸਤਦਾਨਾਂ-ਕਾਰੋਬਾਰੀਆਂ ਲਈ ਲਾਹੇ ਦਾ ਰਾਹ ਖੁੱਲ੍ਹ ਜਾਂਦਾ ਹੈ ਅਤੇ ਜਦੋਂ ਵਿਰੋਧੀ ਸੱਤਾ ਵਿਚ ਆਉਂਦੇ ਹਨ ਤਾਂ ਉਹ ਵੀ ਇਹੋ ਸਿਲਸਿਲਾ ਜਾਰੀ ਰੱਖਦੇ ਹਨ।

ਸਰਲ ਤੇ ਸੌਖਾ ਜਿਹਾ ਕੰਮ ਹੈ, ਖੱਡਾਂ ਵਿਚ ਪੈਸਾ ਦੱਬਿਆ ਪਿਆ ਹੈ ਅਤੇ ਤੁਸੀਂ ਮਸ਼ੀਨਾਂ ਰਾਹੀਂ ਖ਼ੁਦਾਈ ਕਰਕੇ ਇਹ ਕੱਢਣਾ ਹੁੰਦਾ ਹੈ। ਸੱਤਾ ਹੰਢਾਅ ਰਹੇ ਸਿਆਸਤਦਾਨ ਲਈ ਇਹ ਬਹੁਤ ਲੁਭਾਊ ਹੋ ਸਕਦਾ ਹੈ। ਪਰ ਹਰ ਅਤਿ ਦਾ ਆਪਣਾ ਸਿਆਸੀ ਨੁਕਸਾਨ ਹੁੰਦਾ ਹੈ - ਡੇਢ ਸਾਲ ਲੰਘ ਗਿਆ ਹੈ, ਅਕਾਲੀ ਅਜੇ ਤੱਕ ਰੇਤ ਅਤੇ ਨਸ਼ਿਆਂ ਦੇ ਮੁੱਦਿਆਂ 'ਤੇ ਸਰਕਾਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਣ ਦਾ ਹੌਸਲਾ ਨਹੀਂ ਕਰ ਸਕੇ ਹਨ। ਜੇ ਕੈਪਟਨ ਅਮਰਿੰਦਰ ਸਿੰਘ ਆਪਣੀ ਸਰਕਾਰ ਦੇ 'ਲਾਡਲਿਆਂ' ਨਾਲ ਨਜਿੱਠਣ ਦੇ ਸਮਰੱਥ ਨਹੀਂ ਹਨ, ਤਾਂ ਰੇਤਾ ਇਹ ਯਕੀਨੀ ਬਣਾ ਦੇਵੇਗਾ ਕਿ ਜਿਹੜਾ ਲੋਕ ਉਤਸ਼ਾਹ ਉਨ੍ਹਾਂ ਨੂੰ ਸੱਤਾ ਵਿਚ ਲਿਆਇਆ ਸੀ, ਉਹ ਰੇਤ ਨਾਲੋਂ ਵੀ ਵੱਧ ਤੇਜ਼ੀ ਨਾਲ ਉਨ੍ਹਾਂ ਦੀ ਮੁੱਠ ਵਿਚੋਂ ਕਿਰ ਜਾਵੇਗਾ।

# ਜੋ ਪਰਦੇਸਾਂ ਵਿਚ ਰੁਲਦੇ ਨੇ ਰੋਜ਼ੀ ਲਈ...

**ਜੱਗੋਂ ਤੇਰਵੀਆਂ**

ਪਿਛਲੇ ਦਿਨੀਂ ਸਵੇਰੇ ਸਵੇਰੇ ਇਕ ਦੋਸਤ ਦੀ ਬੇਟੀ ਦੇ ਵਿਆਹ 'ਤੇ ਜਾਣ ਲਈ ਤਿਆਰ ਹੋ ਰਿਹਾ ਸਾਂ ਕਿ ਅਚਾਨਕ ਇਕ ਹੋਰ ਦੋਸਤ ਦਾ ਫੋਨ ਆ ਗਿਆ ਕਿ ਉਹ ਆ ਰਿਹਾ ਹੈ। ਮੈਂ ਪ੍ਰੇਸ਼ਾਨ ਹੋ ਗਿਆ ਕਿ ਉਹ ਇਸ ਵੇਲੇ ਕਿਉਂ ਆ ਰਿਹਾ ਹੈ ਤੇ ਮੈਂ ਹੁਣ ਕੀ ਕਰਾਂਗਾ? ਸੋਚਣ ਲਈ ਵਕਤ ਹੀ ਨਾ ਮਿਲਿਆ ਕਿ ਉਹ ਆ ਹੀ ਗਿਆ। ਉਹ ਇਕੱਲਾ ਨਹੀਂ ਸੀ, ਉਸ ਦੇ ਨਾਲ ਉਸ ਦਾ ਬੇਟਾ ਵੀ ਸੀ, ਜਿਸ ਨੇ ਮੂੰਹ ਸਿਰ ਇਸ ਤਰ੍ਹਾਂ ਲਪੇਟਿਆ ਹੋਇਆ ਸੀ, ਜਿਵੇਂ ਉਹ ਕਿਤੇ ਕੋਈ ਵਾਰਦਾਤ ਕਰਕੇ ਆਏ ਹੋਣ। ਅਸਲ ਵਿਚ ਉਹ ਮੋਟਰ ਸਾਈਕਲ 'ਤੇ ਸਨ ਅਤੇ ਕਿਸੇ ਸਿਲਸਿਲੇ ਵਿਚ ਦੂਰ ਦੁਰਾਡੇ ਫਿਰ ਕੇ ਆਏ ਸਨ।



**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਪੈਂਦੀ ਸੱਟੇ ਮੇਰਾ ਦੋਸਤ ਕਹਿਣ ਲੱਗਾ, "ਇਹਦੀ ਵਹੁਟੀ ਕੈਨੇਡਾ ਚਲੀ ਗਈ।" ਉਸ ਦੇ ਮੁੰਡੇ ਨੇ ਨਾਲ ਜੋੜਿਆ, "ਉਹਨੇ ਇੰਜੀਨੀਅਰਿੰਗ ਕੀਤੀ ਹੋਈ ਸੀ।" ਮੈਂ ਉਸ ਦੀ ਗੱਲ ਸੁਣੀ-ਅਣਸੁਣੀ ਕਰਕੇ ਪਾਣੀ-ਧਾਣੀ ਦੇ ਕੇ ਚਾਹ ਧਰ ਦਿੱਤੀ ਤੇ ਉਨ੍ਹਾਂ ਕੋਲ ਬੈਠ ਗਿਆ।

ਮੇਰੇ ਦੋਸਤ ਮੈਨੂੰ ਬੱਸ ਅੱਡੇ 'ਤੇ ਉਡੀਕ ਰਹੇ ਸਨ ਤੇ ਮੈਨੂੰ ਦੇਰ ਹੋ ਰਹੀ ਸੀ। ਮੈਂ ਰਤਾ ਪਸ਼ੇਮਾਨ ਸੀ ਕਿ ਉਸ ਨੇ ਫਿਰ ਉਹੀ ਵਾਕ ਦੁਹਰਾ ਦਿੱਤਾ, "ਇਹਦੀ ਵਹੁਟੀ ਕੈਨੇਡਾ ਚਲੀ ਗਈ ਹੈ।" ਉਸ ਦਾ ਮੁੰਡਾ ਫਿਰ ਬੋਲਿਆ, "ਉਹਨੇ ਇੰਜੀਨੀਅਰਿੰਗ ਕੀਤੀ ਹੋਈ ਸੀ।"

ਮੇਰੀ ਪਸ਼ੇਮਾਨੀ ਖਿਝ ਵਿਚ ਬਦਲ ਗਈ, ਜਿਸ ਨੂੰ ਛੁਪਾਉਂਦਿਆਂ ਮੈਂ ਪੁੱਛਿਆ, "ਇੰਜੀਨੀਅਰਿੰਗ ਕਰਕੇ ਕੈਨੇਡਾ ਜਾਣਾ ਲਾਜ਼ਮੀ ਹੈ?" ਮੇਰਾ ਦੋਸਤ ਸਵਾਲ ਭਾਂਪ ਗਿਆ ਤੇ ਰਤਾ ਛਿੱਥਾ ਹੋ ਕੇ ਕਹਿਣ ਲੱਗਾ, "ਨਹੀਂ ਐਸੀ ਗੱਲ ਨਹੀਂ, ਅਸਲ ਵਿਚ ਇੱਥੇ ਕੁਝ ਬਣਦਾ ਨ੍ਹੀਂ।"

ਉਸ ਨੇ ਗੱਲ ਦਾ ਰੁੱਖ ਬਦਲਨਾ ਚਾਹਿਆ, "ਅਸੀਂ ਤੇਰਾਂ ਲੱਖ ਰੁਪਈਆ ਲਾ ਕੇ ਭੇਜੀ ਹੈ, ਹੁਣ ਉਥੇ ਜਾ ਕੇ, ਉਸ ਨੇ ਤਿੰਨ ਲੱਖ ਹੋਰ ਮੰਗਿਆ ਹੈ।" ਉਸ ਦੇ ਵਾਕ ਦਾ ਏਨਾ ਕੁ ਹਿੱਸਾ ਸੁਣ ਕੇ ਮੈਂ ਸੋਚਣ ਲੱਗ ਪਿਆ ਕਿ ਹੁਣ ਇਹ ਮੈਨੂੰ ਸਵਾਲ ਪਾਊ। ਪਰ ਉਸ ਨੇ ਆਪਣਾ ਵਾਕ ਇਸ ਤਰ੍ਹਾਂ ਪੂਰਾ ਕੀਤਾ, "ਉਸ ਦਾ ਬੰਦੋਬਸਤ ਕਰਕੇ ਆਏ ਹਾਂ।" ਮੈਂ ਸ਼ੁਕਰ ਕੀਤਾ ਕਿ ਮੇਰੇ ਲਈ ਕਿਸੇ ਪ੍ਰੀਖਿਆ ਦਾ 'ਸਵਾਲ' ਨਹੀਂ ਹੈ।

ਚਾਹ ਹਾਲੇ ਰਿੱਝਦੀ ਹੀ ਸੀ ਤੇ ਮੈਂ ਉਸ ਦੇ ਉਬਾਲੇ ਦੀ ਇੰਤਜਾਰ ਵਿਚ ਸ਼ਾਂਤ ਚਿਤ ਸੋਚ ਵਿਚ ਉਤਰ ਗਿਆ ਕਿ ਉਸ ਦੇ ਮੁੰਡੇ ਨੇ ਤੀਜੀ ਵਾਰ ਆਖ ਦਿੱਤਾ, "ਉਸ ਨੇ ਇੰਜੀਨੀਅਰਿੰਗ ਕੀਤੀ ਹੋਈ ਸੀ।" ਮੈਂ ਖਿਝ ਗਿਆ ਤੇ ਪੁੱਛਿਆ, "ਮੁੰਡੇ ਨੇ ਕੀ ਕੀਤਾ ਹੋਇਐ?" ਦੋਸਤ ਬੋਲਿਆ, "ਇਹ ਤਾਂ ਪਲੱਸ ਵੰਨ ਪਾਸ ਹੈ।"

ਮੈਂ ਸਮਝ ਗਿਆ ਕਿ ਮੁੰਡਾ ਵਾਰ ਵਾਰ 'ਉਸ ਨੇ ਇੰਜੀਨੀਅਰਿੰਗ ਕੀਤੀ ਹੋਈ ਸੀ' ਦੀ ਰੱਟ ਕਿਉਂ ਲਾ ਰਿਹਾ ਹੈ। ਪਲੱਸ ਵੰਨ ਪਾਸ ਮੁੰਡੇ ਨੂੰ 'ਇੰਜੀਨੀਅਰਿੰਗ ਪਾਸ' ਕੁੜੀ ਮਿਲ ਜਾਵੇ ਤਾਂ ਉਹ ਅਜਿਹੀ ਰੱਟ ਲਾਵੇਗਾ ਹੀ। ਪਰ ਉਸ ਦੇ ਡੈਡੀ ਦਾ 'ਇਹ ਤਾਂ ਪਲੱਸ ਵੰਨ ਪਾਸ ਹੈ' ਵਾਲਾ ਵਾਕ ਸੁਣਨ ਲਈ ਉਹ ਬਿਲਕੁਲ ਤਿਆਰ ਨਹੀਂ ਸੀ। ਇਹ ਵਾਕ ਉਸ ਨੂੰ ਹਜ਼ਮ ਨਾ ਹੋਇਆ। ਉਹ ਤੈਸ਼ ਵਿਚ ਆ ਗਿਆ ਤੇ ਇੱਕ ਦਮ ਭੁੜਕ ਪਿਆ, "ਉਠੋ ਡੈਡੀ ਚੱਲੀਏ।" 'ਡੈਡੀ' ਵੀ ਉਠ ਖੜਾ ਹੋਇਆ। ਇਸ ਤੋਂ ਪਹਿਲਾਂ ਕਿ ਚਾਹ ਬਣਦੀ, ਦੋਹਾਂ ਦੀ ਅਣਖ ਉਬਾਲਾ ਖਾ ਗਈ ਤੇ ਉਹ ਗੇਟ ਤੋਂ ਬਾਹਰ ਹੋ ਗਏ। 'ਇੰਜੀਨੀਅਰਿੰਗ ਪਾਸ' ਤੇ 'ਪਲੱਸ ਟੂ ਪਾਸ-ਫੇਲ੍ਹ' ਦੇ ਜੋੜ-ਮੇਲ ਜਾਂ ਤੁਕਾਂਤ ਨੇ ਉਨ੍ਹਾਂ ਨੂੰ ਚਾਹ ਵੀ ਨਾ ਪੀਣ ਦਿੱਤੀ। ਮੁੰਡੇ ਨੇ ਤਾਂ ਹੱਥ ਫੜ੍ਹਿਆ ਬਿਸਕੁਟ ਵੀ ਰੱਖ ਦਿੱਤਾ।

ਇੰਨੇ ਚਿਰ ਵਿਚ ਘਰ ਵਾਲੀ ਨੇ ਚਾਹ ਬਣਾ ਲਈ। ਉਸ ਨੇ ਵੀ ਸਾਰਾ ਕੁਝ ਦੇਖ ਸੁਣ ਲਿਆ ਸੀ ਤੇ ਆਦਤਨ ਮੇਰੀ ਕਲਾਸ ਲਾ ਲਈ; ਅਖੇ ਤੁਹਾਨੂੰ ਪੁੱਛਣ ਦੀ ਕੀ ਲੋੜ ਸੀ ਕਿ ਮੁੰਡੇ ਨੇ ਕੀ ਕੀਤਾ ਹੈ? ਕੋਈ ਕੁਛ ਕਰੇ, ਕੁਛ ਨਾ ਕਰੇ, ਤੁਹਾਨੂੰ ਕੀ? ਆਪਣੀ ਇਹ ਹਾਲਤ ਮੈਥੋਂ ਵੀ ਸਹਿ ਨਾ ਹੋਈ। ਦਿਲ ਉਬਾਲਾ ਖਾ ਗਿਆ ਤੇ ਮੈਂ ਚਾਹ ਪੀ ਕੇ ਗੇਟੋਂ ਬਾਹਰ ਹੋ ਗਿਆ। ਬੱਸ ਅੱਡੇ 'ਤੇ ਖੜ੍ਹੇ ਦੋਸਤ ਫੋਨ 'ਤੇ ਫੋਨ ਕਰੀ ਜਾ ਰਹੇ ਸਨ। ਮੈਨੂੰ ਦੇਖ ਕੇ ਉਨ੍ਹਾਂ ਦੇ ਸਾਹ 'ਚ ਸਾਹ ਆਇਆ। ਬੱਸ ਆਈ ਤਾਂ ਬੈਠਦੇ ਸਾਰ ਮੈਂ ਉਨ੍ਹਾਂ ਨੂੰ ਲੇਟ ਹੋਣ ਦਾ ਕਾਰਨ ਦੱਸਿਆ ਤੇ ਸਾਰੀ ਕਹਾਣੀ ਸੁਣਾਈ। ਸੁਣ ਕੇ ਉਹ ਵਿਸਮਾਦ ਵਿਚ ਚਲੇ ਗਏ ਤੇ ਸਾਡਾ ਘੰਟੇ ਦਾ ਸਫਰ ਸਹਿਵਨ ਹੀ ਮੁੱਕ ਗਿਆ।

ਸ਼ਾਦੀ ਵਾਲੇ ਘਰ ਦੇ ਸਾਹਮਣੇ ਹੀ ਕਣਕ ਦੇ ਵੱਢ ਵਿਚ ਪੰਡਾਲ ਸਜਿਆ ਹੋਇਆ ਸੀ। ਕਨਾਤਾਂ ਤੇ ਸ਼ਾਮਿਆਨੇ ਲੱਗੇ ਹੋਏ ਤੇ ਕਲੀਨ ਵਿਛੇ ਹੋਏ ਸਨ। ਪਾਣੀ ਦੀਆਂ ਠੰਢੀਆਂ ਫੁਹਾਰਾਂ ਛੱਡਦੇ ਪੱਖਿਆਂ ਦੀ ਘੂਕਰ ਵਿਚ ਸਾਰੇ ਪਾਸੇ ਗਹਿਮਾ ਗਹਿਮੀ ਤੇ ਖੂਬ ਰੌਣਕਾਂ ਸਨ। ਮੇਰਾ ਦੋਸਤ ਤੇ ਉਸ ਦੀ ਘਰ ਵਾਲੀ ਉਡ ਕੇ ਮਿਲੇ। ਪੁਰਾਣੇ ਦੋਸਤਾਂ ਨੂੰ ਮਿਲ ਕੇ ਰੂਹ ਨਸ਼ਿਆ ਗਈ ਤੇ ਅੱਤ ਦੀ ਗਰਮੀ ਵਿਚ ਮੁਹੱਬਤ ਦੀ ਠੰਢਕ ਮਹਿਸੂਸ ਹੋਈ। ਗਰਮੀ ਕਹੇ ਕਿ ਬੱਸ ਮੈਂ ਹੀ ਮੈਂ ਹਾਂ ਤੇ ਪੱਖੇ ਇਵੇਂ ਚੱਲਣ ਜਿਵੇਂ ਗਰਮੀ ਨੂੰ ਟੁੱਕ ਟੁੱਕ ਕੇ ਪਰੇ ਸੁੱਟ ਰਹੇ ਹੋਣ। ਗਰਮੀ ਤੇ ਪੱਖਿਆਂ ਵਿਚਾਲੇ ਘਮਸਾਨ ਦੀ ਜੰਗ ਪਹਿਲੀ ਵਾਰ ਦੇਖੀ।

ਖੈਰ, ਪੁਰਾਣੇ ਮਿੱਤਰਾਂ ਨਾਲ ਪੁਰਾਣੀਆਂ ਗੱਲਾਂ ਬਾਤਾਂ ਕਰਦਿਆਂ ਚਾਹ-ਪਾਣੀ ਦਾ ਲੁਤਫ ਲਿਆ; ਪਾਣੀ ਦੀਆਂ ਠੰਢੀਆਂ ਫੁਹਾਰਾਂ ਵਿਚ ਹਾਸੇ ਦੇ ਠਹਾਕੇ ਕਿਸੇ ਹੋਰ ਆਲਮ 'ਚ ਲੈ ਗਏ। ਮੇਰੇ ਦੋਸਤ ਪਿੰਡ ਦੀ ਦੋਸਤਾਨਾ ਨੁਹਾਰ ਦੇਖ ਕੇ ਹੈਰਾਨ ਹੋ ਰਹੇ ਸਨ ਤੇ ਖਿੜੇ ਖਿੜੇ ਲੱਗ ਰਹੇ ਸਨ। ਇੰਨੇ ਨੂੰ ਅਨੰਦ ਕਾਰਜਾਂ ਦਾ ਬਿਗਲ ਵੱਜ ਗਿਆ। ਵਾਹੋ ਦਾਹੀ ਸਾਰੇ ਹੀ ਨੇੜੇ ਪੈਂਦੇ ਗੁਰਦੁਆਰੇ ਵੱਲ ਨੂੰ ਹੋ ਤੁਰੇ ਤੇ ਮਗਰੇ ਮਗਰ ਅਸੀਂ।

ਗੁਰਦੁਆਰੇ ਬੜਾ ਰਸ ਭਿੰਨਾ ਕੀਰਤਨ ਹੋ ਰਿਹਾ ਸੀ: 'ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥' ਬੇਸ਼ੱਕ ਅੰਦਰ ਏ. ਸੀ. ਨਹੀਂ ਸੀ। ਪਰ ਗੁਰੂ ਘਰ ਅੰਦਰ ਕੀਰਤਨ ਦਾ ਏ. ਸੀ. ਚੱਲ ਰਿਹਾ ਸੀ, ਜਿਸ ਦੀ ਠੰਢਕ ਵਿਚ ਗਰਮੀ ਦਾ ਅਹਿਸਾਸ ਭੁੱਲ ਭੁਲਾ ਗਿਆ ਸੀ। ਇੰਨਾ ਅਨੰਦ ਬੱਝਾ ਕਿ ਮੈਂ ਰਾਗੀ ਸਿੰਘਾਂ ਨੂੰ ਮਾਇਆ ਭੇਟ ਕਰਨ ਲਈ ਦੋ ਵਾਰ ਉਠਿਆ।

ਮੇਰੇ ਦੋਸਤ ਨੇ ਲੜਕੇ ਦਾ ਲੜ ਬੇਟੀ ਨੂੰ ਫੜ੍ਹਾਇਆ। ਭਾਈ ਸਾਹਿਬ ਨੇ ਲਾਵਾਂ ਦੇ ਪਾਠ ਦੀਆਂ ਸੁਰਾਂ ਰਾਗੀ ਸਿੰਘਾਂ ਤੋਂ ਵੀ ਉਪਰ ਚੁੱਕ ਦਿੱਤੀਆਂ। ਅਜਿਹੇ ਤਰੀਕੇ ਅਤੇ ਸਲੀਕੇ ਵਿਚ ਲਾਵਾਂ ਦਾ ਪਾਠ ਪਹਿਲੀ ਵਾਰ ਸੁਣਿਆ। ਰਾਗੀ ਸਿੰਘ ਵੀ ਘੱਟ ਨਹੀਂ ਸਨ। ਉਨ੍ਹਾਂ ਨੇ ਵੀ ਆਪਣੇ ਪੂਰੇ ਵਜੂਦ ਦੀ ਸਮਰੱਥਾ ਨਾਲ ਲਾਵਾਂ ਦੇ ਕੀਰਤਨ ਵਿਚ ਰਾਗ ਦੇ ਨਾਲ ਨਾਲ ਕੁੱਲ ਕਾਇਨਾਤ ਦਾ ਵੈਰਾਗ ਪਰੋ ਦਿੱਤਾ। ਅਜਿਹਾ ਅਨੰਦ ਕਾਰਜ ਸ਼ਾਇਦ ਹੀ ਕਿਤੇ ਹੋਇਆ ਹੋਵੇ। ਸੰਗ ਕਾਰਨ ਮੈਂ ਤੀਜੀ ਵਾਰ ਰਾਗੀ ਸਿੰਘਾਂ ਨੂੰ ਮਾਇਆ ਭੇਟ ਕਰਨੋਂ ਸੰਕੋਚ ਕਰ ਗਿਆ।

ਲਾਵਾਂ ਸੰਪੰਨ ਹੋਈਆਂ ਤਾਂ ਮੇਰਾ ਦੋਸਤ ਮੇਰੇ ਕੋਲ ਆਇਆ ਤੇ ਕੰਨ 'ਚ ਕਹਿਣ ਲੱਗਾ ਕਿ ਮੈਂ ਸੁਭਾਗ ਜੋੜੀ ਨੂੰ ਅਸ਼ੀਰਵਾਦ ਦੇਵਾਂ। ਮੈਂ ਅਸ਼ੀਰਵਾਦ ਦੇ ਸ਼ਬਦ ਜੁਟਾਉਣ ਲਈ ਜਾਣਕਾਰੀ ਵਾਸਤੇ ਸਵਾਲ ਕੀਤਾ, "ਲੜਕਾ ਕੀ ਕਰਦਾ ਹੈ?" ਉਸ ਨੇ ਬੜੇ ਠਾਠ ਨਾਲ ਦੱਸਿਆ, "ਇਸ ਦਾ ਕੈਨੇਡਾ ਦਾ ਕੰਮ ਬਣਦਾ ਹੈ ਤੇ ਇਸ ਨੇ ਇੰਜੀਨੀਅਰਿੰਗ ਕੀਤੀ ਹੋਈ ਹੈ।"

ਮੈਨੂੰ ਸਵੇਰ ਵਾਲਾ ਸਵਾਲ ਚੇਤੇ ਆ ਗਿਆ ਕਿ ਇੰਜੀਨੀਅਰਿੰਗ ਕਰਕੇ ਕੈਨੇਡਾ ਜਾਣਾ ਲਾਜ਼ਮੀ ਹੈ? ਪਰ ਮੈਂ ਇਹ ਸਵਾਲ ਆਪਣੇ ਅੰਦਰ ਹੀ ਪੀ ਗਿਆ ਤੇ ਦੂਜਾ ਸਵਾਲ ਕਰ ਬੈਠਾ, "ਬੇਟੀ ਨੇ ਕੀ ਕੀਤਾ ਹੈ?" ਉਸ ਨੇ ਰਤਾ ਔਖ ਮਹਿਸੂਸ ਕਰਦਿਆਂ ਹਾਲੇ ਸਿਰਫ 'ਪਲੱਸ' ਹੀ ਕਿਹਾ ਸੀ ਕਿ ਮੈਨੂੰ ਸਵੇਰ ਵਾਲੇ ਦੋਸਤ ਦਾ 'ਪਲੱਸ ਵੰਨ ਪਾਸ' ਵਾਲਾ ਜਵਾਬ ਚੇਤੇ ਆ ਗਿਆ। ਤੇ ਨਾਲ ਹੀ ਸਵੇਰੇ ਸਵੇਰੇ ਘਰ ਵਾਲੀ ਵਲੋਂ ਲਾਈ ਗਈ ਕਲਾਸ ਚੇਤੇ ਆ ਗਈ। ਮੈਂ ਕੋਈ ਉਜ਼ਰ ਨਾ ਕੀਤਾ ਤੇ ਚੁੱਪ ਚਾਪ ਲਾਵਾਂ ਦੀ ਮਹਿਮਾ ਅਤੇ ਮਹੱਤਵ 'ਤੇ ਮਾੜਾ-ਮੋਟਾ ਚਾਨਣ ਪਾਇਆ, ਅਸ਼ੀਰਵਾਦ ਦਿੱਤਾ ਤੇ ਈਤਮਿਨਾਨ ਨਾਲ ਸੰਗਤ ਵਿਚ ਬੈਠ ਗਿਆ। ਮੈਂ ਸੋਚਿਆ, 'ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ?'

ਗੁਰਦੁਆਰੇ 'ਚੋਂ ਸਾਰੇ ਬਾਹਰ ਆ ਗਏ। ਸਿਖਰ ਦੁਪਹਿਰੇ ਮੋਰਨੀ ਵਾਜੇ ਵਾਲਿਆਂ ਨੇ ਖੂਬ ਧਮੱਚੜ ਚੱਕਿਆ। ਗਰਮੀ ਅਤੇ ਵਾਜੇ ਵਾਲਿਆਂ ਨੇ ਰਲ ਕੇ ਇੱਕ ਦੂਜੇ ਦੇ ਵੱਟ ਕੱਢ ਦਿੱਤੇ ਤੇ ਅਸੀਂ ਮੁੜ ਉਸੇ ਪੰਡਾਲ 'ਚ ਪੁੱਜ ਗਏ।

ਰੋਟੀ ਖਾਧੀ, ਪਾਣੀ ਪੀਤਾ ਤੇ ਆਈਸਕ੍ਰੀਮ ਲਈ। ਦੋਸਤਾਂ ਤੋਂ ਛੁੱਟੀ ਲਈ ਤੇ ਵਾਪਸੀ ਦਾ ਰਾਹ ਫੜ੍ਹਿਆ। ਮੇਰੇ ਨਾਲ ਦੇ ਦੋਸਤ ਇੰਜੀਨੀਅਰਿੰਗ, ਕੈਨੇਡਾ ਅਤੇ ਪਲੱਸ ਟੂ ਦੀ ਗੱਲ ਕਰਕੇ ਸਾਰੀ ਵਾਟ ਮੈਨੂੰ ਛੇੜਦੇ ਰਹੇ।




ਘਰੇ ਆਇਆ ਤਾਂ ਸੁੱਖ ਦਾ ਸਾਹ ਲਿਆ ਹੀ ਸੀ ਕਿ ਅਮਰੀਕਾ ਤੋਂ ਮੇਰੇ ਵੱਡੇ ਭਾਈ ਦਾ ਫੋਨ ਆ ਗਿਆ। ਅਖੇ 'ਬਹੁਤ ਸਿਰੇ ਦੀ ਬੁਰੀ ਗੱਲ ਹੈ।' ਮੈਂ ਸੋਚਣ ਲੱਗਾ, ਅਜਿਹੀ ਕਿਹੜੀ ਗੱਲ ਹੋਈ ਜੋ ਸਿਰੇ ਦੀ ਵੀ ਹੈ ਤੇ ਬੁਰੀ ਵੀ? ਪੁੱਛਣ 'ਤੇ ਪਤਾ ਲੱਗਾ ਕਿ ਉਸ ਦੇ ਕਿਸੇ ਦੋਸਤ ਨੇ ਕੈਨੇਡਾ 'ਚ ਗਏ ਪੰਜਾਬੀ ਮੁੰਡਿਆਂ ਦੀਆਂ ਕਾਰਾਂ ਦੀਆਂ ਨੰਬਰ ਪਲੇਟਾਂ ਦਾ ਨੋਟਿਸ ਲਿਆ ਹੈ।

ਉਸ ਨੇ ਦੱਸਿਆ ਕਿ ਕੈਨੇਡਾ ਵਿਚ ਕਾਰ ਲਈ ਮਨ ਭਾਉਂਦਾ ਨੰਬਰ ਲੈਣਾ ਹੋਵੇ ਤਾਂ ਦੁੱਗਣੇ ਪੈਸੇ ਲੱਗਦੇ ਹਨ। ਇਧਰੋਂ ਉਧਰੋਂ ਤੇਰਾਂ-ਤੇਰਾਂ ਲੱਖ ਰੁਪਏ ਫੜ੍ਹ ਕੇ ਕੈਨੇਡਾ ਗਏ ਸਾਡੇ ਕਾਕੇ ਹੁੱਲਰੀਆਂ ਉੜਾਉਂਦੇ ਹਨ, ਮਨ ਭਾਉਂਦੇ ਉਪੱਦਰ ਕਰਦੇ ਹਨ, ਆਪਣਾ, ਆਪਣੇ ਮਾਪਿਆਂ ਦਾ ਅਤੇ ਆਪਣੇ ਸੱਭਿਆਚਾਰ ਦਾ ਮੂੰਹ ਕਾਲਾ ਕਰਵਾਉਂਦੇ ਹਨ। ਉਸ ਨੇ ਇਨ੍ਹਾਂ 'ਜਾਹਲ ਕਾਕਿਆਂ' ਦੇ ਨੰਬਰ ਪਲੇਟਾਂ ਦੇ ਕੁਝ ਨਮੂਨੇ ਭੇਜੇ, ਜਿਨ੍ਹਾਂ ਨੂੰ ਦੇਖ ਕੇ ਸਿਰਫ ਰੌਂਗਟੇ ਹੀ ਨਹੀਂ ਖੜ੍ਹੇ ਹੋਏ, ਬਲਕਿ ਦਿਲ ਫੇਲ੍ਹ ਹੋਣ ਨੂੰ ਕਰਦਾ ਹੈ।

ਭਾਈ ਸਾਹਿਬ ਨੇ ਇਨ੍ਹਾਂ ਕਾਕਿਆਂ ਨੂੰ 'ਬਿੱਜੂ ਬਾਂਦਰ' ਲਿਖ ਕੇ ਅੱਗੇ ਇਨ੍ਹਾਂ ਦੀਆਂ ਨੰਬਰ ਪਲੇਟਾਂ ਦੇ ਨਮੂਨੇ ਪੇਸ਼ ਕੀਤੇ, ਜਿਨ੍ਹਾਂ ਨੂੰ ਦੇਖ ਕੇ ਕਚਿਆਣ ਆਉਂਦੀ ਹੈ ਤੇ ਆਪਣੇ ਪੰਜਾਬੀ ਹੋਣ 'ਤੇ ਗਿਲਾਨੀ ਹੁੰਦੀ ਹੈ। ਨੰਬਰ ਪਲੇਟਾਂ ਕਾਹਦੀਆਂ, ਨਿਰੀਆਂ ਲਾਹਨਤਾਂ ਦੀਆਂ ਪੰਡਾਂ ਹਨ। ਦੇਖੋ: ASLA, BANDOOKH, DAKUU, VELLY JATT, KABE JATT, BADMAS, KHARKU, VARDAT, 22 DAKU, 13 JIJA, PK TUNN, PK 3 PEG.

ਇਨ੍ਹਾਂ ਦਾ ਗੁਰਮੁਖੀ 'ਚ ਵੀ ਮੁਲਾਹਜ਼ਾ ਫਰਮਾਉ: ਅਸਲਾ, ਬੰਦੂਕ, ਡਾਕੂ, ਵੈਲੀ ਜੱਟ, ਕੱਬੇ ਜੱਟ, ਬਦਮਾਸ਼, ਖਾੜਕੂ, ਵਾਰਦਾਤ, ਬਾਈ ਡਾਕੂ, ਤੇਰਾ ਜੀਜਾ, ਪੀ ਕੇ ਟੁੰਨ, ਪੀ ਕੇ ਤਿੰਨ ਪੈਗ। ਇੱਥੇ ਤੱਕ ਉਜੱਡਪੁਣੇ ਦੀ ਹੱਦ ਦੇਖ ਕੇ, ਸਿਰਫ ਰੌਂਗਟੇ ਖੜ੍ਹੇ ਹੁੰਦੇ ਹਨ। ਪਰ ਇਸ ਤੋਂ ਅੱਗੇ ਦਿਲ ਫੇਲ੍ਹ ਹੋਣ ਵਾਲੀ ਗੱਲ ਹੈ। ਉਹ ਕਿਸੇ 'ਬਿੱਜੂ ਬਾਂਦਰ' ਅਤੇ ਉਜੱਡਪੁਣੇ ਤੋਂ ਵੀ ਅਗਲੀ, ਅਪਾਹਜ ਅਤੇ ਨਿਪੁੰਸਕਤਾ ਜਿਹੀ ਦੁਰਅਵੱਸਥਾ ਦੀ ਸੂਚਕ ਹੈ, ਜਿਸ ਦਾ ਪੰਜਾਬੀ ਅਨੁਵਾਦ ਕਰਨਾ ਗੁਰਮੁਖੀ ਦਾ ਨਿਰਾਦਰ, ਪੰਜਾਬੀ ਦੀ ਹੱਤਕ ਅਤੇ ਹੱਤਿਆ ਹੋਵੇਗੀ; ਜਿਸ ਦਾ ਪਛਤਾਵਾ ਸ਼ਾਇਦ ਕਿਸੇ ਜਨਮ 'ਚ ਵੀ ਸੰਭਵ ਨਾ ਹੋਵੇ। ਉਹ ਹੈ, '14 TERI'

ਇਸ ਨੰਬਰ ਪਲੇਟ ਵਾਲੀ ਕਾਰ ਦੀ ਫੋਟੋ, ਇਸ ਫਰਜ਼ੰਦ ਨੇ ਆਪਣੇ ਘਰ ਜਰੂਰ ਭੇਜੀ ਹੋਵੇਗੀ ਤੇ ਉਸ ਦੀ ਮਾਂ, ਭੂਆ, ਭੈਣ ਜਾਂ ਚਾਚੀ ਤਾਈ ਨੇ ਵੀ ਦੇਖੀ ਹੋਵੇਗੀ। ਉਨ੍ਹਾਂ ਦੇ ਦਿਲ ਵਿਚ 'ਕੁਛ ਕੁਛ' ਹੋਇਆ ਹੋਵੇਗਾ ਕਿ ਨਹੀਂ, ਕੁਛ ਨਹੀਂ ਪਤਾ। ਪਰ ਉਹ ਆਪਣੇ ਕਾਕੇ ਦਾ ਕਾਰਨਾਮਾ ਕਿਸੇ ਨਾਲ ਸਾਂਝਾ ਕਰਨ ਜੋਗੀਆਂ ਵੀ ਨਹੀਂ ਰਹੀਆਂ ਹੋਣਗੀਆਂ; ਉਹ ਬੇਸ਼ੱਕ ਮਰੀਆਂ ਨਹੀਂ ਹੋਣਗੀਆਂ, ਪਰ ਉਹ ਜ਼ਰੂਰ ਮਰ ਮਰ ਜਾਂਦੀਆਂ ਹੋਣਗੀਆਂ। ਮੇਰੀ ਜਾਚੇ, ਇਹ ਉਹੀ ਦੇਸੀ ਇੰਜੀਨੀਅਰ ਹੋਣਗੇ, ਜਿਨ੍ਹਾਂ ਦੇ ਮਾਪਿਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ 'ਲਾਇਕ' ਫਰਜ਼ੰਦ ਹੁਣ ਸਿਰਫ ਤੇ ਸਿਰਫ ਕੈਨੇਡਾ 'ਚ ਹੀ ਰਹਿ ਸਕਦੇ ਹਨ; ਉਨ੍ਹਾਂ ਲਈ ਇੰਡੀਆ ਤਾਂ ਪੱਛੜਿਆ ਹੋਇਆ ਮੁਲਕ ਹੈ, ਜੋ ਉਨ੍ਹਾਂ ਦੇ ਹਾਣ ਦਾ ਨਹੀਂ ਰਿਹਾ।

ਤੁਹਾਨੂੰ ਇਹ ਸਭ ਕੁਝ ਪੜ੍ਹ ਕੇ ਇਨ੍ਹਾਂ ਕਾਕਿਆਂ ਤੇ ਉਨ੍ਹਾਂ ਦੇ ਮਾਪਿਆਂ 'ਤੇ ਜ਼ਰੂਰ ਗੁੱਸਾ ਆਉਂਦਾ ਹੋਵੇਗਾ। ਪਰ, ਮੈਨੂੰ ਗੁੱਸਾ ਨਹੀਂ, ਤਰਸ ਆਇਆ ਹੈ। ਸਮਾਜ ਦੇ ਸੂਝਵਾਨ ਲੋਕਾਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਕਾਕਿਆਂ ਨੂੰ ਕੈਨੇਡਾ ਤੋਂ ਮੰਗਵਾ ਕੇ ਇਨ੍ਹਾਂ ਦੇ ਮਾਪਿਆਂ ਸਮੇਤ ਪੀ. ਜੀ. ਆਈ. ਦੇ ਮਨੋਰੋਗੀਆਂ ਵਾਲੇ ਵਿਭਾਗ ਵਿਚ ਦਾਖਲ ਕਰਵਾਇਆ ਜਾਵੇ। ਇਸ ਤੋਂ ਉਰੇ ਜਾਂ ਪਰੇ ਕੋਈ ਹੋਰ ਹੱਲ ਨਹੀਂ ਹੈ।

ਨਹੀਂ ਤਾਂ ਅਜਿਹੇ ਕਾਕੇ 'ਜਦ ਵੀ ਕਦੀ ਆਪਣੇ ਦੇਸ ਪਰਤਣਗੇ' ਉਹ ਆਪਣੀ ਮਾਂ ਦੇ ਸਿਵੇ ਦੀ ਅਗਨ ਨਹੀਂ ਸੇਕਣਗੇ ਤੇ ਨਾ ਹੀ ਕਬਰਾਂ ਦੇ ਰੁੱਖ ਹੇਠ ਬਹਿਣਗੇ। ਜੇ ਨਾ ਸੰਭਲੇ ਜਾਂ ਸੰਭਾਲੇ ਤਾਂ ਉਹ ਕਿਤੇ ਨਾ ਕਿਤੇ ਜੇਲ੍ਹਾਂ ਵਿਚ ਸੜਨਗੇ; ਦੇਸ਼ ਵਿਚ ਹੋਣ ਜਾਂ ਪਰਦੇਸ ਵਿਚ।

ਸਾਡੀ ਇੰਜੀਨੀਅਰਿੰਗ ਦਾ ਤਲਿਸਮ ਕਿਤੇ ਜੇਲ੍ਹ 'ਚ ਨਾ ਟੁੱਟੇ, ਆਓ, ਉਰੇ ਉਰੇ ਸੰਭਲ ਜਾਈਏ।

## ਕਵਿਤਾ

ਚਲੋ ਕਿਤੇ ਦੂਰ ਚਲਦੇ ਹਾਂ,
ਸੂਰਜ ਨਾਲ ਨਿਕਲਦੇ ਹਾਂ,
ਸੂਰਜ ਨਾਲ ਢਲਦੇ ਹਾਂ।
ਮਿੱਟੀ ਉਡਾ ਕੇ ਹਵਾ ਦਾ ਰੁਖ ਤਕਦੇ ਹਾਂ,
ਪਿੱਛੇ ਦੌੜ ਕੇ
ਫਿਰ ਮਿੱਟੀ ਨੂੰ ਫੜ੍ਹਦੇ ਹਾਂ।
ਤੰਗ ਗਲੀਆਂ ਦਾ ਸ਼ੋਰ
ਕੋਈ ਜ਼ਿੰਦਗੀ ਨਹੀਂ,
ਖੁੱਲ੍ਹੀ ਹਵਾ ਦੇ ਖੂਬ ਘੁੱਟ ਭਰਦੇ ਹਾਂ।
ਇਸ ਜ਼ਿੰਦਗੀ ਦੇ
ਅਨੇਕਾਂ ਰੰਗ ਤੱਕਣੇ ਹਨ,
ਕਈ ਜਨਮਾਂ ਦੀ ਚਿੰਤਾ ਵਿਚ
ਕਿਉਂ ਪਏ ਮਰਦੇ ਹਾਂ।

*-ਦਿਲਜੋਧ ਸਿੰਘ ਵਿਸਕਾਨਸਿਨ*

## ਕਿਸਾਨ ਦਾ ਮਰਸੀਆ

ਭਾਂਡਾ ਭੱਜਦਾ ਵੇਖਿਆ ਵਾਅਦਿਆਂ ਦਾ
ਖੁਦਕਸ਼ੀ ਤੋਂ ਮਨ ਨੂੰ ਵਰਜਦਾ ਤੂੰ!
ਦਿਲ ਤੋੜਿਆ ਬੇਦਰਦ ਹਾਕਮਾਂ ਨੇ
ਮਲਕ ਭਾਗੋਆਂ ਉਪਰ ਗਰਜਦਾ ਤੂੰ!
ਸੱਚੇ ਰਾਹ 'ਤੇ ਗੁਰੂ ਜੀ ਗਏ ਜੇਲ੍ਹੀਂ
ਝੂਠੀ ਸ਼ਾਨ 'ਤੇ ਮੂਲ ਨਾ ਗਰਕਦਾ ਤੂੰ!
ਬੈਂਕ, ਆੜਤੀਏ ਜੇਲ੍ਹ ਵਿਚ ਸੁੱਟ ਦਿੰਦੇ
ਕਿਸਾਨ ਲਹਿਰ 'ਚ ਉਛਲਦਾ ਪਰਤਦਾ ਤੂੰ!
ਲਾਈਲੱਗ ਬਣ ਜਾਨ 'ਤੇ ਖੇਡ ਮਰਿਓਂ
ਡੌਲੇ ਸਾਂਝ ਦੇ ਯੁੱਧ ਵਿਚ ਫਰਕਦਾ ਤੂੰ!
ਗਦਰੀ ਬਾਬਿਆਂ ਦੀ ਪੈੜ 'ਤੇ ਚੱਲ ਪੈਂਦਾ
'ਬਾਬੇ ਅੜਬ' ਦੇ ਵਾਂਗ ਨਾ ਤੜਫਦਾ ਤੂੰ!

*-ਕਰਮ ਸਿੰਘ, ਬਾਬਾ ਅੜਬ*
*ਫੋਨ: 91-98784-03131*

# 'ਛਬੀਲ' ਤੇ 'ਸ਼ੁਕਰਾਨਾ ਕਿਸੇ ਹੋਰ ਦਾ'

**ਸੰਪਾਦਕ ਦੀ ਡਾਕ**

ਹੋਰ ਕੁਝ ਪੜ੍ਹਾਂ ਨਾ ਪੜ੍ਹਾਂ, ਬਲਜੀਤ ਬਾਸੀ ਦੀ ਲਿਖਤ ਨਹੀਂ ਛਡਦਾ। ਧਾਤੂ-ਵਿਗਿਆਨ ਦਾ ਵਿਸ਼ਾ ਔਖਾ ਤੇ ਰੁੱਖਾ ਹੈ, ਮਿਹਨਤ ਮੰਗਦਾ ਹੈ। ਪੰਜਾਬੀ ਸਾਹਿਤ ਪੜ੍ਹਾਉਣ ਵਾਲੇ ਅਧਿਆਪਕ ਇਸ ਵਿਸ਼ੇ 'ਤੇ ਲਿਖਣ ਲਗਦੇ ਹਨ ਤਾਂ ਹਾਸੋਹੀਣੀ ਸਥਿਤੀ ਹੋ ਜਾਂਦੀ ਹੈ। ਇਹ ਅਟਕਲ-ਪੱਚੂ ਵਿਗਿਆਨ ਨਹੀਂ ਜਿਵੇਂ ਇਕ ਮੰਤਰੀ ਨੇ ਸਟੇਜ ਉਤੋਂ ਕਿਹਾ ਸੀ, "ਗੌਰਮਿੰਟ ਦਾ ਮਤਲਬ, ਜੋ ਮਿੰਟ ਮਿੰਟ 'ਤੇ ਗੌਰ ਫੁਰਮਾਵੇ!" ਲਾਹੌਲ ਵਿਲਾ ਕੂਵਤ।

ਧਾਤੂ-ਵਿਗਿਆਨੀ ਪ੍ਰੋ. ਜੀ. ਐਸ. ਰਿਆਲ ਦਾ ਲੈਕਚਰ ਸੁਣ ਕੇ ਇਕ ਪ੍ਰੋਫੈਸਰ ਨੇ ਧੰਨਵਾਦ ਕਰਦਿਆਂ ਕਹਿ ਦਿੱਤਾ ਸੀ, "ਰਿਆਲ ਸਾਹਿਬ ਦੀਆਂ ਲੱਭਤਾਂ ਕਾਫੀ ਠੀਕ ਹਨ।" ਰਿਆਲ ਸਾਹਿਬ ਉਸੇ ਵਕਤ ਮਾਈਕ ਅੱਗੇ ਆਏ ਅਤੇ ਕਿਹਾ, "ਸਾਡੀ ਵਿੱਦਿਆ ਨਿਰੋਲ ਗਣਿਤ ਸ਼ਾਸਤਰ ਹੈ, ਪ੍ਰੋਫੈਸਰ ਸਾਹਿਬ। ਇਥੇ ਸਵਾਲ ਦਾ ਉਤਰ ਜਾਂ ਗਲਤ ਹੈ ਜਾਂ ਠੀਕ। ਅਸੀਂ 'ਕਾਫੀ' ਸ਼ਬਦ ਦੀ ਵਰਤੋਂ ਨੂੰ ਅਪਮਾਨਜਨਕ ਮੰਨਦੇ ਹਾਂ।"

ਭਾਸ਼ਾ-ਸ਼ਾਸਤਰ ਦੀ ਤਾਂ ਨਹੀਂ ਹੋ ਸਕਦੀ, ਇਸ ਵਾਰ ਬਾਸੀ ਤੋਂ ਇਕ ਇਤਿਹਾਸਕ ਤੱਥ ਦੀ ਗਲਤੀ ਹੋਈ ਹੈ। ਉਨ੍ਹਾਂ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦਾ ਪੋਤਾ ਹਜ਼ਰਤ ਅਲੀ ਦਾ ਬੇਟਾ ਈਮਾਮ ਹੁਸੈਨ ਕਰਬਲਾ ਦੀ ਜੰਗ ਵਿਚ ਸ਼ਹੀਦ ਹੋ ਗਿਆ ਸੀ। ਹਜ਼ਰਤ ਮੁਹੰਮਦ ਸਾਹਿਬ ਦਾ ਕੋਈ ਪੋਤਾ ਨਹੀਂ ਸੀ। ਈਮਾਮ ਹੁਸੈਨ ਉਨ੍ਹਾਂ ਦੀ ਧੀ ਬੀਬੀ ਫਾਤਿਮਾ ਦਾ ਬੇਟਾ ਹੋਣ ਕਾਰਨ ਉਨ੍ਹਾਂ ਦਾ ਦੋਹਤਾ ਸੀ। ਇਹੀ ਗਲਤੀ ਪ੍ਰੋ. ਸ. ਸ. ਛੀਨਾ ਨੇ ਉਸ ਕਿਤਾਬ ਵਿਚ ਕੀਤੀ ਜੋ ਉਨ੍ਹਾਂ ਨੇ ਅਬਦੁਲ ਸੱਤਾਰ ਉਪਰ ਲਿਖੀ ਹੈ। ਇਹ ਗਲਤੀ ਵਿਦਵਾਨਾਂ ਤੋਂ ਇਸ ਕਰਕੇ ਹੁੰਦੀ ਹੈ ਕਿਉਂਕਿ ਉਨ੍ਹਾਂ ਨੇ ਸੂਚਨਾ ਅੰਗਰੇਜ਼ੀ ਦੀ ਕਿਤਾਬ ਵਿਚੋਂ ਲਈ ਹੁੰਦੀ ਹੈ। ਅੰਗਰੇਜ਼ੀ ਵਿਚ ਹੁਸੈਨ ਨੂੰ ਨਬੀ ਦਾ ਗ੍ਰੈਂਡਸਨ ਲਿਖਿਆ ਹੁੰਦਾ ਹੈ, ਜਿਸ ਦਾ ਅਰਥ ਪੋਤਾ ਅਤੇ ਦੋਹਤਾ-ਦੋਵੇਂ ਹੈ।

**ਸ਼ੁਕਰਾਨਾ ਕਿਸੇ ਹੋਰ ਦਾ:** ਪ੍ਰਿੰ. ਬਲਕਾਰ ਸਿੰਘ ਬਾਜਵਾ ਦਾ ਲੇਖ 'ਜੀਵਨ ਦਾਨ ਕਿਸੇ ਦਾ, ਸ਼ੁਕਰਾਨਾ ਕਿਸੇ ਹੋਰ ਦਾ!' ਪੜ੍ਹ ਕੇ ਲੇਖਕ ਬਾਰੇ ਨਹੀਂ, ਸੰਪਾਦਕ ਪੰਜਾਬ ਟਾਈਮਜ਼ ਦੀ ਚੋਣ ਉਪਰ ਅਫਸੋਸ ਹੋਇਆ ਜਿਸ ਨੇ ਇਹੋ ਜਿਹੀ ਕੱਚੀ ਲਿਖਤ ਛਾਪਣ ਦਾ ਫੈਸਲਾ ਕੀਤਾ। ਰੱਬ ਦਾ ਸ਼ੁਕਰਾਨਾ ਕਰਨ ਵਾਲੇ ਲੋਕਾਂ ਨੂੰ ਪ੍ਰਿੰ. ਬਾਜਵਾ ਡਰਪੋਕ, ਅੰਧ ਵਿਸ਼ਵਾਸੀ, ਕਰਮਕਾਂਡੀ ਦੇ ਵਿਸ਼ੇਸ਼ਣਾਂ ਨਾਲ ਨਿਵਾਜ ਰਹੇ ਹਨ, ਹਵਾਲੇ ਗੁਰਬਾਣੀ ਵਿਚੋਂ ਦੇ ਰਹੇ ਹਨ। ਜਿਸ ਬਾਣੀ ਦੇ ਹਵਾਲੇ ਦਿੱਤੇ ਹਨ (ਬੇਸ਼ਕ ਅਸ਼ੁੱਧ, ਗਲਤ ਬਾਣੀ ਲਿਖੀ ਹੈ) ਉਹ ਉਨ੍ਹਾਂ ਦੀ ਹੈ, ਜਿਹੜੇ ਹਰੇਕ ਸਾਹ ਨਾਲ ਸ਼ੁਕਰਾਨਾ ਕਰਨ ਦੇ ਇੱਛੁਕ ਸਨ। ਸਾਰਾ ਪਰਿਵਾਰ ਕੁਰਬਾਨ ਕਰਨ ਪਿੱਛੋਂ ਉਹ ਗਿਲਾ ਨਹੀਂ ਕਰਦੇ, ਮਿੱਤਰ ਪਿਆਰੇ ਨੂੰ ਉਵੇਂ ਯਾਦ ਕਰਦੇ ਹਨ ਜਿਵੇਂ ਮੁਰੀਦ ਕਰਿਆ ਕਰਦੇ ਹਨ। ਬਾਜਵਾ ਸਾਹਿਬ ਨੂੰ ਧਰਮ, ਰੱਬ ਜਾਂ ਧਾਰਮਿਕ ਰਸਮਾਂ ਵਿਚ ਯਕੀਨ ਨਹੀਂ, ਮੈਨੂੰ ਇਸ ਗੱਲ ਦਾ ਕੋਈ ਗਿਲਾ ਨਹੀਂ, ਜਿਨ੍ਹਾਂ ਨੂੰ ਯਕੀਨ ਹੈ, ਉਨ੍ਹਾਂ ਬਾਰੇ ਅਸੱਭਿਅਕ ਭਾਸ਼ਾ ਵਰਤਣੀ ਵਾਜਬ ਨਹੀਂ।

*-ਡਾ. ਹਰਪਾਲ ਸਿੰਘ ਪੰਨੂ*
*ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ।*

# ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ

PUNJAB SPORTS & CULTURAL CLUB CHICAGO

## ਖੇਡ ਤੇ ਸਭਿਆਚਾਰਕ ਮੇਲਾ

ਕਬੱਡੀ ਤੇ ਵਾਲੀਬਾਲ ਦੇ ਮੈਚ ਹੋਣਗੇ
ਵਾਰਿਸ ਭਰਾ ਤਿੰਨ ਘੰਟੇ ਸਭਿਆਚਾਰਕ ਗਾਇਕੀ ਦਾ ਅਖਾੜਾ ਲਾਉਣਗੇ
ਫਰੀ ਪਾਰਕਿੰਗ, ਫਰੀ ਫੂਡ ਅਤੇ ਬੀਬੀਆਂ ਲਈ ਫਰੀ ਮਹਿੰਦੀ

## 8 ਜੁਲਾਈ 2018

ਐਤਵਾਰ, ਸਵੇਰੇ 11 ਤੋਂ 6 ਵਜੇ ਤੱਕ


ਬੱਸੀਵੁਡਜ਼ ਫਾਰੈਸਟ ਪ੍ਰਿਜ਼ਰਵ
ਐਲਕ ਗਰੂਵ ਵਿਲੇਜ, ਇਲੀਨਾਇ



(Busse Wood Forest Preserve South,
Elk Grove Village, IL 60007)

**Free Entry, Free Parking & Free Food**

ਰੱਖੜੇ ਦਾ ਮਾਣ ਸੂਬੇਦਾਰ ਬਾਪੂ ਕਰਤਾਰ ਸਿੰਘ



ਕਬੱਡੀ ਦਾ ਪਹਿਲਾ ਇਨਾਮ ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਸ. ਦਰਸ਼ਨ ਸਿੰਘ ਧਾਲੀਵਾਲ ਵਲੋਂ

ਕਬੱਡੀ ਦਾ ਦੂਜਾ ਇਨਾਮ ਸਵਰਗੀ ਹਰਭਜਨ ਸਿੰਘ ਘੁਮਾਣ ਦੀ ਯਾਦ ਵਿਚ ਘੁਮਾਣ ਬ੍ਰਦਰਜ਼ ਇੰਡੀਆਨਾ ਵਲੋਂ






ਵਾਲੀਬਾਲ ਦਾ ਟੂਰਨਾਮੈਂਟ ਸਵਰਗੀ ਹਰਭਜਨ ਸਿੰਘ ਗਾਖਲ, ਹਰਜਾਪ ਸਿੰਘ ਸੰਘਾ ਤੇ ਮੇਜਰ ਸਿੰਘ ਮੌਜੀ ਨੂੰ ਸਮਰਪਿਤ



ਮਰਹੂਮ ਹਰਭਜਨ ਸਿੰਘ ਗਾਖਲ




ਮਰਹੂਮ ਹਰਜਾਪ ਸਿੰਘ ਸੰਘਾ



ਮਰਹੂਮ ਮੇਜਰ ਸਿੰਘ ਮੌਜੀ

### ਸਾਡੇ ਮੁੱਖ ਸਪਾਂਸਰ ਅਤੇ ਮਹਿਮਾਨ



ਸ. ਦਰਸ਼ਨ ਸਿੰਘ ਧਾਲੀਵਾਲ
(ਪਹਿਲੇ ਇਨਾਮ ਦੇ ਸਪਾਂਸਰ)



ਸ. ਸੁਰਜੀਤ ਸਿੰਘ ਰੱਖੜਾ
(ਮੁੱਖ ਮਹਿਮਾਨ)



ਸ. ਹੈਰੀ ਘੁਮਾਣ ਤੇ
ਸ. ਅਮਰਵੀਰ ਘੁਮਾਣ ਇੰਡੀਆਨਾ
(ਦੂਜੇ ਇਨਾਮ ਦੇ ਸਪਾਂਸਰ)



Bruce Rauner
Governor



Ms. Neeta Bhushan
Consul General of India, Chicago



ਸ. ਬਲਦੇਵ ਸਿੰਘ ਸੱਲ੍ਹਾਂ
ਚੇਅਰਮੈਨ



ਸ. ਜੇ ਪੀ ਐਸ ਖਹਿਰਾ




ਸ. ਪਾਲ ਸਿੰਘ ਖਲੀਲ



ਡਾ. ਭੁਪਿੰਦਰ ਸਿੰਘ ਸੈਣੀ



ਸ. ਹਰਵਿੰਦਰ
ਵਾਲੀਆ



Raja Krishnamoorthi
Congressman



ਸ. ਅਮੋਲਕ ਸਿੰਘ ਗਾਖਲ
ਗੈਸਟ ਆਫ ਆਨਰ



ਸ. ਗੁਰਮੀਤ ਸਿੰਘ ਭੋਲਾ
ਕਲੱਬ ਪ੍ਰਧਾਨ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

# ਪੰਜਾਬ ਦੇ ਕੋਹੇਨੂਰ

ਪ੍ਰਿੰ. ਸਰਵਣ ਸਿੰਘ ਪੰਜਾਬੀ ਵਾਰਤਕ ਦਾ ਸਰਪਟ ਦੌੜਦਾ ਘੋੜਾ ਹੈ। ਤਿੰਨ ਦਰਜਨ ਤੋਂ ਵਧ ਪੁਸਤਕਾਂ ਦਾ ਰਚੈਤਾ। ਉਸ ਨੇ ਲਿਖਣ ਦਾ ਸਫਰ ਖੇਡਾਂ ਤੇ ਖਿਡਾਰੀਆਂ ਬਾਰੇ ਲਿਖ ਕੇ ਸ਼ੁਰੂ ਕੀਤਾ। ਉਹਦੇ ਲਈ ਉਹ ਨਦੀ ਪਰਬਤ 'ਹਾਕੀ' ਹਨ। ਅੱਜ ਦੇ ਦਿਨ ਉਹ ਹਾਕੀ ਵਾਲੇ ਬਲਬੀਰ ਸਿੰਘ ਤੇ ਮਿਲਖਾ ਸਿੰਘ ਦੌੜਾਕ ਦੇ ਸਿਰ ਭਾਰਤ ਰਤਨ ਦਾ ਤਾਜ ਵੇਖਣ ਦਾ ਚਾਹਵਾਨ ਹੈ। ਕੁਝ ਸਮੇਂ ਤੋਂ ਉਹ ਖੇਡ ਦੇ ਮੈਦਾਨ ਵਿਚੋਂ ਛਾਲ ਮਾਰ ਕੇ ਸਾਹਿਤਕਾਰਾਂ, ਕਲਾਕਾਰਾਂ ਤੇ ਗਾਇਕਾਂ ਦੇ ਵਿਹੜੇ



*ਪ੍ਰਿੰਸੀਪਲ ਸਰਵਣ ਸਿੰਘ*


ਆ ਵੜਿਆ ਹੈ। ਉਸ ਨੇ ਦੋ ਦਰਜਨ ਤੋਂ ਵਧ ਹਸਤੀਆਂ ਨੂੰ ਨੇੜਿਓਂ ਜਾਣਿਆਂ ਤੇ ਉਨ੍ਹਾਂ ਬਾਰੇ ਲਿਖਿਆ ਹੈ। ਨਾਂ ਦਿੱਤਾ ਹੈ, 'ਪੰਜਾਬ ਦੇ ਕੋਹੇਨੂਰ।' ਉਸ ਦੀ ਲਿਖਣ ਕਲਾ ਦਾ ਨਮੂਨਾ ਦੇਖੋ:

ਇਹ ਮਨੁੱਖੀ ਜਾਮੇ ਵਿਚ ਕੋਹੇਨੂਰ ਹਨ। ਮਨੁੱਖਤਾ ਦੇ ਚਾਨਣ ਮੁਨਾਰੇ। ਸਭ ਤੋਂ ਵੱਡਾ ਡਾ. ਮਹਿੰਦਰ ਸਿੰਘ ਰੰਧਾਵਾ ਹੈ। ਉਹ ਕਰਨੀ ਵਾਲਾ ਮਹਾਂਪੁਰਸ਼ ਸੀ। ਪੰਜਾਬ ਦੀ ਮਹਾਂਨਾਜ਼ ਹਸਤੀ। ਨਵੇਂ ਪੰਜਾਬ ਦਾ ਨਿਰਮਾਤਾ। ਉਸ ਨੇ ਜਿਸ ਵੀ ਕੰਮ ਨੂੰ ਹੱਥ ਪਾਇਆ, ਕਾਮਯਾਬੀ ਨਾਲ ਸਿਰੇ ਲਾਇਆ। ਉਹ ਆਖਰ ਤਕ ਆਹਰੇ ਲੱਗਾ ਰਿਹਾ ਤੇ ਤੁਰਦਾ-ਫਿਰਦਾ ਪਰਉਪਕਾਰ ਕਰਦਾ ਅਚਾਨਕ ਅਲੋਪ ਹੋ ਗਿਆ। ਉਹਨੂੰ ਕਿਸੇ ਨੇ ਵਿਹਲਾ ਬੈਠਾ ਨਹੀਂ ਸੀ ਵੇਖਿਆ। ਇਕੋ ਜੂਨ 'ਚ ਉਹ ਕਈ ਜੂਨਾਂ ਜੀ ਗਿਆ। ਉਹ ਇਕ ਹੋ ਕੇ ਵੀ ਸਵਾ ਲੱਖ ਸੀ।

ਡਾ. ਹਰਿਭਜਨ ਸਿੰਘ ਕਵਿਤਾਵਾਂ ਦਾ ਛੱਲਾਂ ਮਾਰਦਾ ਸਰੋਵਰ ਸੀ। ਸੁਰੀਲੀ ਤੇ ਰਸੀਲੀ ਬੋਲ ਬਾਣੀ ਦਾ ਫੁੱਟ-ਫੁੱਟ ਪੈਂਦਾ ਫਾਊਂਟੇਨ। ਜਿੰਨਾ ਵਧੀਆ ਉਹ ਕਵੀ ਸੀ, ਉਨਾ ਹੀ ਵਧੀਆ ਬੁਲਾਰਾ। ਉਹਦੀ ਦੁੱਧ ਚਿੱਟੀ ਮੁਸਕ੍ਰਾਹਟ ਡਾਢੀ ਮਨ ਲੁਭਾਉਣੀ ਸੀ। ਉਹਦੀਆਂ ਮਤਾਬੀ ਵਾਂਗ ਜਗਦੀਆਂ ਅੱਖਾਂ ਦਾ ਜਲਵਾ ਝੱਲਿਆ ਨਹੀਂ ਸੀ ਜਾਂਦਾ। ਉਨ੍ਹਾਂ ਵਿਚ ਮਨੁੱਖੀ ਲਿਸ਼ਕ ਹੁੰਦੀ। ਜਦ ਉਹ ਵਜਦ ਵਿਚ ਆਉਂਦਾ ਤਾਂ ਮੂੰਹ 'ਤੇ ਮੱਧਮ ਪਏ ਮਾਤਾ ਦੇ ਦਾਗ ਤਾਰਿਆਂ ਵਾਂਗ ਝਿਲਮਿਲਾਉਣ ਲੱਗਦੇ। ਉਹਦੇ ਰਸੀਲੇ ਬੋਲ ਸ਼ਰਬਤ ਦੀਆਂ ਘੁੱਟਾਂ ਤੇ ਦੁੱਧ ਦੇ ਛਿੱਟੇ ਸਨ।

ਬਲਵੰਤ ਗਾਰਗੀ ਦਾ ਜਨਮ ਬਠਿੰਡੇ ਦੇ ਬਾਣੀਆ ਪਰਿਵਾਰ ਵਿਚ ਹੋਇਆ ਤੇ ਉਸ ਦੀ ਜੀਨੀ ਸਿਆਟਲ ਦੇ ਨੌਕਰੀ ਪੇਸ਼ਾ ਪਰਿਵਾਰ ਵਿਚੋਂ ਸੀ। ਜਿਵੇਂ ਇੰਦਰ ਬਾਣੀਏ ਤੇ ਬੇਗੋ ਨਾਰ ਦਾ ਮੇਲ ਲਾਹੌਰ ਵਿਚ ਹੋਇਆ, ਉਵੇਂ ਬਲਵੰਤ ਬਾਣੀਏ ਤੇ ਜੀਨੀ ਨਾਰ ਦਾ ਮੇਲ ਸਿਆਟਲ ਵਿਚ ਹੋਇਆ। ਇੰਦਰ ਤੇ ਬੇਗੋ ਇਸ਼ਕ ਦੇ ਪੱਟੇ ਰਾਵੀ ਵਿਚ ਛਾਲਾਂ ਮਾਰ ਗਏ ਤੇ ਕਿੱਸਾਕਾਰਾਂ ਨੇ ਬੇਗੋ ਨਾਰ ਤੇ ਇੰਦਰ ਬਾਣੀਏ ਦੇ ਕਿੱਸੇ ਲਿਖੇ। ਬਲਵੰਤ ਤੇ ਜੀਨੀ ਇਸ਼ਕ ਵਿਚ ਪੱਟੇ ਗਏ ਪਰ ਜੀਨੀ ਨਾਰ ਤੇ ਬਲਵੰਤ ਨਾਟਕਕਾਰ ਦਾ ਕਿੱਸਾ ਗਾਰਗੀ ਨੂੰ ਖੁਦ ਲਿਖਣਾ ਪਿਆ, 'ਨੰਗੀ ਧੁੱਪ' ਜਿਸ ਨੂੰ ਸੰਤ ਸਿੰਘ ਸੇਖੋਂ ਨੇ ਸ਼ਾਹਕਾਰ ਰਚਨਾ ਦਾ ਦਰਜਾ ਦਿੱਤਾ। ਗਾਰਗੀ ਨੇ ਮੁੱਖ ਬੰਦ ਵਿਚ ਲਿਖਿਆ, "ਮੇਰੇ ਪਾਤਰ ਨੰਗੇ ਹਨ, ਆਦਮ ਤੇ ਹਵਾ ਵਾਂਗ। ਇਹੋ ਉਨ੍ਹਾਂ ਦੀ ਖੂਬਸੂਰਤੀ ਹੈ ਤੇ ਇਹੋ ਉਨ੍ਹਾਂ ਦਾ ਦੇਸ਼। ਮੈਂ ਜਿਸ ਤੀਵੀਂ ਨੂੰ ਪਿਆਰ ਕੀਤਾ, ਉਸ ਦੇ ਹੁਸਨ ਨੂੰ ਤੇ ਨੰਗੇਜ ਨੂੰ ਚਿਤਰਿਆ ਹੈ...ਮੈਂ ਨੰਗੇ ਸੱਚ ਦਾ ਪੁਜਾਰੀ ਹਾਂ। ਨੰਗੀ ਮੂਰਤੀ ਨੂੰ ਮੱਥਾ ਟੇਕਦਾ ਹਾਂ। ਮਨੁੱਖ ਖੁਦ ਵੀ ਇਕੱਲਾ ਤੇ ਨੰਗਾ ਹੈ।"

ਜਿੱਥੋਂ ਤੱਕ ਪਹਿਲਵਾਨਾਂ ਦਾ ਸਬੰਧ ਹੈ, ਉਨ੍ਹਾਂ ਵਿਚੋਂ ਦੋ ਦਾਰੇ ਪ੍ਰਸਿਧ ਹੋਏ ਭਾਵੇਂ ਬਹੁਤੇ ਲੋਕ ਇੱਕ ਹੀ ਦਾਰੇ ਨੂੰ ਜਾਣਦੇ ਹਨ। ਉਹ ਦੋ ਸਨ। ਇਕ ਸੀ ਦਾਰਾ ਦੁਲਚੀਪੁਰੀਆ, ਦੂਜਾ ਦਾਰਾ ਧਰਮੂਚੱਕੀਆ। ਦੋਵੇਂ ਰੁਸਤਮੇ ਜ਼ਮਾਂ ਸਨ। ਦੋਹਾਂ




ਬਾਰੇ ਲੋਕ ਪੁੱਛਦੇ ਹਨ, ਅਸਲੀ ਕਿਹੜਾ ਸੀ ਤੇ ਨਕਲੀ ਕਿਹੜਾ? ਦੋਵੇਂ ਅਸਲੀ ਸਨ। ਵੱਡੇ ਦਾਰੇ ਦਾ ਕੱਦ ਸੱਤ ਫੁੱਟ ਸੀ ਤੇ ਛੋਟੇ ਦਾਰੇ ਦਾ ਸਵਾ ਛੇ ਫੁੱਟ। ਦਾਰੇ ਦੁਲਚੀਪੁਰੀਏ ਨੂੰ ਦਾਰਾ ਕਿੱਲਰ ਵੀ ਕਿਹਾ ਜਾਂਦਾ ਸੀ। ਦਾਰਾ ਧਰਮੂਚੱਕੀਆ ਪਹਿਲਵਾਨ ਹੋਣ ਦੇ ਨਾਲ ਫਿਲਮੀ ਅਦਾਕਾਰ ਵਜੋਂ ਵੀ ਮਸ਼ਹੂਰ ਸੀ। ਦੁਲਚੀਪੁਰ ਤੇ ਧਰਮੂਚੱਕ-ਦੋਵੇਂ ਪਿੰਡ ਜਿਲਾ ਅੰਮ੍ਰਿਤਸਰ ਵਿਚ ਹਨ। ਇਨ੍ਹਾਂ ਛੋਟੇ ਪਿੰਡਾਂ ਨੇ ਦੋ ਵੱਡੇ ਪਹਿਲਾਵਾਨਾਂ ਨੂੰ ਜਨਮ ਦਿੱਤਾ ਜਿਨ੍ਹਾਂ ਨੇ ਦੂਰ-ਦੂਰ ਤਕ ਦਾਰਾ-ਦਾਰਾ ਕਰਵਾਈ। ਦਾਰਾ ਦੁਲਚੀਪੁਰੀਆ ਜੇ ਕਤਲ ਨਾ ਕਰਦਾ, ਜਾਂ ਕਹਿ ਲਓ ਉਸ ਤੋਂ ਕਤਲ ਨਾ ਹੁੰਦਾ, ਤਾਂ ਉਹ ਹੋਰ ਵੀ ਉਚੀਆਂ ਬੁਲੰਦੀਆਂ ਛੋਂਹਦਾ।

ਹੈ ਨਾ ਕਮਾਲ? ਪਰ ਇਹ ਤਾਂ ਸਰਵਣ ਸਿੰਘ ਦੀ ਵਾਰਤਕ ਦਾ ਟਰੇਲਰ ਹੈ। ਉਹ ਏਨਾ ਹੌਲੀ ਨਹੀਂ ਤੁਰਦਾ, ਸਰਪਟ ਦੌੜਦਾ ਹੈ। ਤਾਰੀਆਂ ਲਾਉਂਦਾ ਤੇ ਗੋਤੇ ਖਾਂਦਾ। ਜੇ ਹੋਰ ਜਾਣਨਾ ਚਾਹੋ ਤਾਂ 'ਖੇਤੀ ਅਰਥਚਾਰੇ ਦਾ ਧਰੂ ਤਾਰਾ ਸਰਦਾਰਾ ਸਿੰਘ ਜੌਹਲ' ਪੜ੍ਹੋ ਜਾਂ 'ਪੰਜਾਬੀ ਛਾਪੇਖਾਨੇ ਦਾ ਅਫਲਾਤੂਨ ਭਾਪਾ ਪ੍ਰੀਤਮ ਸਿੰਘ' ਤੇ ਹੋਰ ਕਈ ਕੋਹੇਨੂਰ। ਉਸ ਦੀ ਸ਼ੈਲੀ ਵਿਚ ਛੱਲੀ ਦੇ ਦੋਧੇ ਦਾਣਿਆਂ ਜਿਹੀ ਮਿਠਾਸ ਹੈ। ਪੜ੍ਹੋ ਤੇ ਮਾਣੋ!

ਉਹ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ ਰਹਿੰਦਾ ਹੈ ਪਰ ਉਸ ਨੇ ਹਥਲੀ ਪੁਸਤਕ ਦਾ ਸਮਰਪਣ ਆਪਣੇ ਜੱਦੀ ਪਿੰਡ ਚਕਰ ਦੀ ਚੜ੍ਹਦੀ ਕਲਾ ਦੇ ਨਾਂ ਕੀਤਾ ਹੈ।

**ਅੱਜ ਚਿੜੀਆਂ ਦਾ ਚੰਬਾ ਉਡਦਾ ਨਹੀਂ, ਮਰਦਾ ਹੈ:** ਪੰਜਾਬ ਖੇਤੀ ਯੂਨੀਵਰਸਟੀ, ਲੁਧਿਆਣਾ ਦੇ ਜੀਵ-ਜੰਤੂ ਵਿਭਾਗ ਦੀ ਡਾ. ਕਲੇਰ ਨੇ ਰਾਜ ਵਿਚੋਂ ਚਿੜੀਆਂ ਦੇ ਖਤਮ ਹੋਣ ਬਾਰੇ ਖੋਜ ਕੀਤੀ ਹੈ। ਉਸ ਦੀ ਖੋਜ ਅਨੁਸਾਰ ਇਸ ਦਾ ਮੂਲ ਕਾਰਨ ਕਾਰਖਾਨਿਆਂ ਦੇ ਪੈਦਾ ਕੀਤੇ ਵਿਹੁਲੇ ਪਦਾਰਥ ਹਨ, ਜੋ ਪੌਣ ਪਾਣੀ ਵਿਚ ਰਲ ਕੇ ਚਿੜੀਆਂ ਦੀ ਖਾਧ ਖੁਰਾਕ ਦਾ ਹਿੱਸਾ ਬਣਦੇ ਹਨ। ਡਾ. ਕਲੇਰ ਨੂੰ ਚਿੜੀਆਂ ਦੇ ਮਲ-ਮੂਤਰ ਤੇ ਬਿੱਠਾਂ ਵਿਚ ਸਿੱਕਾ, ਜਿਸਤ, ਟਾਂਕਣ, ਨਿੱਕਲ ਕਰੋਮੀਅਮ ਆਦਿ ਦੇ ਸੁਰਾਗ ਚਿੰਨ੍ਹ ਮਿਲੇ ਹਨ, ਜੋ ਉਨ੍ਹਾਂ ਦੇ ਅੰਦਰਲੇ ਅੰਗ ਮਾਸ ਨੂੰ ਘੁਣ ਵਾਂਗ ਲੱਗ ਜਾਂਦੇ ਹਨ ਤੇ ਹੌਲੀ ਹੌਲੀ ਉਨ੍ਹਾਂ ਦੇ ਮਰ ਮੁੱਕਣ ਦਾ ਕਾਰਨ ਬਣਦੇ ਹਨ। ਮੈਦਾਨਾਂ ਦੀਆਂ ਚਿੜੀਆਂ ਨੇ ਅੱਜ ਨਹੀਂ ਤਾਂ ਕੱਲ ਉਕਾ ਹੀ ਖਤਮ ਹੋ ਜਾਣਾ ਹੈ। ਕੱਲ ਨੂੰ ਅਜਿਹੇ ਵਿਹੁਲੇ ਪਦਾਰਥ ਚਿੜੀਆਂ ਤੋਂ ਵੱਡੇ ਪੰਛੀਆਂ ਨੂੰ ਤੇ ਪਰਸੋਂ ਨੂੰ ਮਾਨਵ ਜਾਤ ਉਤੇ ਵੀ ਅਸਰ ਕਰ ਸਕਦੇ ਹਨ।

ਪਹਾੜਾਂ ਦੇ ਵਸਨੀਕ ਜਾਣਦੇ ਹਨ ਕਿ ਉਥੋਂ ਦੀਆਂ ਚਿੜੀਆਂ ਕੱਦ ਦੀਆਂ ਛੋਟੀਆਂ ਤਾਂ ਹਨ ਪਰ ਤੰਦਰੁਸਤ ਹਨ। ਉਹ ਵਿਹੁਲੇ ਪਦਾਰਥਾਂ ਦੀ ਲਪੇਟ ਵਿਚ ਨਹੀਂ ਆਈਆਂ। ਕੁਝ ਇੱਕ ਤਾਂ ਬਹੁਤ ਹੀ ਸੁਹਣੀਆਂ ਹਨ, ਸੋਨ ਮੂੰਹੀਆਂ ਪਰ ਉਹ ਵੀ ਚਿੜੀਆਂ ਫੜ੍ਹਨ ਵਾਲਿਆਂ ਦਾ ਸ਼ਿਕਾਰ ਬਣ ਕੇ ਹੁਸ਼ਿਆਰਪੁਰ, ਪਠਾਣਕੋਟ ਤੇ ਦਿੱਲੀ ਦੱਖਣ ਵਿਚ ਵਿਕਦੀਆਂ ਹਨ। ਮਾਰੇ ਜਾਣ ਲਈ ਨਹੀਂ, ਚਿੜੀਆਂ ਪਾਲਣ ਵਾਲਿਆਂ ਦੇ ਪਿੰਜਰਿਆਂ ਵਿਚ ਕੈਦ ਹੋਣ ਲਈ। ਇਹ ਅਮਲ ਮੈਦਾਨਾਂ ਵਰਗਾ ਭਿਆਨਕ ਨਹੀਂ। ਅੱਗੇ ਤੋਂ ਪੰਜਾਬ ਦੇ ਲੋਕ ਗੀਤਾਂ ਵਿਚ ਚਿੜੀਆਂ ਨੇ ਉਡਾਰੀ ਮਾਰਨ ਦੀ ਥਾਂ ਮੌਤ ਦੇ ਮੂੰਹ ਵਿਚ ਝੋਕੇ ਜਾਣਾ ਹੈ। ਮੇਰੇ ਮਨ ਵਿਚ ਇਹ ਭਾਵਨਾ



ਪਹਾੜਾਂ ਵਿਚ ਰਹਿ ਕੇ ਆਈ ਹੈ ਤੇ ਇਸ ਨੂੰ ਪਲੇਥਣ ਉਸ ਸ਼ਿਕਾਰੀ ਨੇ ਲਾਇਆ ਹੈ, ਜੋ ਮੈਨੂੰ ਸੈਰ ਕਰਦੇ ਨੂੰ ਮਿਲਿਆ ਸੀ।

**ਅੰਤਿਕਾ:** ਮੱਖੀਆਂ ਦੀ ਰੁੱਤੇ ਹਾਸ-ਬੋਲੀ
ਸਿੰਘ ਸੂਰਮੇ ਚੜ੍ਹੇ ਸ਼ਿਕਾਰ
ਮੱਖੀ ਘੇਰੀ ਵਿਚ ਬਾਜ਼ਾਰ।
ਮਰੀ ਤਾਂ ਨ੍ਹੀਂ ਪਰ ਲੰਗੜੀ ਕੀ
ਇਹ ਵੀ ਫਤਿਹ ਗੁਰਾਂ ਨੇ ਦੀ।

**Noblesville Trucks and Trailers Repair Shop**
**15203 Stony Creek Way, Noblesville, IN 46060**

**ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ**

**ਵਧੀਆ ਤੇ ਭਰੋਸੇਯੋਗ ਸਰਵਿਸ**



*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

24 ਘੰਟੇ ਰੋਡ ਸਰਵਿਸ
(150 ਮੀਲ ਦੇ ਏਰੀਏ ਵਿਚ)
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ




**ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976**
ਫੈਕਸ: 317-774-9665

# ਪਿਤਾ ਦਿਵਸ ਨੂੰ ਸਮਰਪਿਤ ਰਹੀ ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਮੀਟਿੰਗ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ, ਨਿਊ ਯਾਰਕ ਦੀ ਜੂਨ ਮਹੀਨੇ ਦੀ ਮੀਟਿੰਗ ਲੰਘੇ ਐਤਵਾਰ ਨੂੰ ਇਥੇ ਹੋਈ ਜੋ ਪਿਤਾ ਦਿਵਸ ਨੂੰ ਸਮਰਪਿਤ ਸੀ। ਮੁੱਖ ਮਹਿਮਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਰਿਟਾਇਰ ਹੋਏ ਪੰਜਾਬੀ ਦੇ ਪ੍ਰੋਫੈਸਰ ਤੇ ਲੇਖਿਕਾ ਡਾ. ਬਲਵਿੰਦਰ ਕੌਰ ਬਰਾੜ ਸਨ, ਜੋ ਹੁਣ ਕੈਲਗਰੀ, ਕੈਨੇਡਾ ਰਹਿੰਦੇ ਹਨ। ਮੀਟਿੰਗ ਦਾ ਅਰੰਭ ਡਾ. ਬਰਾੜ ਨੇ ਸ਼ਮ੍ਹਾ ਰੌਸ਼ਨ ਕਰ ਕੇ ਕੀਤਾ। ਉਹ ਸਭਾ ਦੇ ਮੈਂਬਰ ਸੰਦੀਪ ਸਿੰਘ ਦੇ ਅਧਿਆਪਕ ਵੀ ਰਹੇ ਹਨ।

ਸੰਦੀਪ ਸਿੰਘ ਨੇ ਡਾ. ਬਲਵਿੰਦਰ ਕੌਰ ਬਰਾੜ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਕਿਵੇਂ ਸਾਰੇ ਵਿਦਿਆਰਥੀਆਂ ਵਾਸਤੇ ਇਕ ਮਾਂ ਦੇ ਬਰਾਬਰ ਸਨ ਅਤੇ ਹੁਣ ਵੀ ਹਨ। ਡਾ. ਬਰਾੜ ਨੇ ਆਪਣੀਆਂ ਰਚਨਾਵਾਂ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਨ੍ਹਾਂ ਦੀਆਂ 16 ਕਿਤਾਬਾਂ ਛਪ ਚੁਕੀਆਂ ਹਨ, ਜਿਨ੍ਹਾਂ ਵਿਚ ਦਸ ਕਹਾਣੀ ਸੰਗ੍ਰਿਹ, ਤਿੰਨ ਨਾਵਲ ਅਤੇ ਇਕ ਕਿਤਾਬ ਨਾਰੀਵਾਦ ਬਾਰੇ ਹੈ। ਉਨ੍ਹਾਂ ਦਾ ਕੁਝ ਸਮਾਂ ਪਹਿਲਾਂ ਛਪਿਆ ਨਵਾਂ ਨਾਵਲ 'ਅੰਗੂਠੇ ਦਾ ਨਿਸ਼ਾਨ' ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਕਈ ਕਹਾਣੀਆਂ ਖਾਲਿਸਤਾਨ ਦੀ ਲਹਿਰ ਵੇਲੇ ਯੂਨੀਵਰਸਿਟੀ ਦੇ ਕਈ ਨੌਜਵਾਨ ਬੱਚਿਆਂ ਨੂੰ ਪੁਲਿਸ ਵਲੋਂ ਚੁੱਕ ਕੇ ਲੈ ਜਾਣ, ਉਨ੍ਹਾਂ ਨੂੰ ਤਸੀਹੇ ਦੇਣ ਅਤੇ ਮਾਰ ਦੇਣ ਦੇ ਦਰਦਨਾਕ ਵਿਸ਼ਿਆਂ ਬਾਰੇ ਹਨ।

ਡਾ. ਬਰਾੜ ਨੇ ਦੱਸਿਆ ਕਿ ਉਹ ਸਿਰਫ 26 ਸਾਲ ਦੇ ਸਨ ਜਦੋਂ ਉਨ੍ਹਾਂ ਦੇ ਪਤੀ, ਜੋ ਪੰਜਾਬੀ ਯੂਨੀਵਰਸਿਟੀ ਵਿਚ ਹੀ ਪ੍ਰੋਫੈਸਰ ਸਨ, ਦੀ ਅਚਾਨਕ ਇਨਫੈਕਸ਼ਨ ਹੋਣ ਨਾਲ ਮੌਤ ਹੋ ਗਈ। ਉਨ੍ਹਾਂ ਨੇ 38 ਸਾਲ ਪੰਜਾਬੀ ਯੂਨੀਵਰਸਿਟੀ ਵਿਚ ਪੜ੍ਹਾਇਆ ਅਤੇ ਆਪਣੇ ਬੱਚੇ ਇਕੱਲਿਆਂ ਹੀ ਪਾਲੇ। ਉਨ੍ਹਾਂ ਆਖਿਆ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਮਾਂ ਜਿਹਾ ਹੀ ਪਿਆਰ ਦਿੰਦੇ ਰਹੇ ਹਨ।



ਸਾਹਿਤਕ ਦੌਰ ਦੇ ਅਗਲੇ ਹਿੱਸੇ ਵਿਚ ਸਭ ਤੋਂ ਪਹਿਲਾਂ ਡਾ. ਰਾਮ ਜੀ ਦਾਸ ਸੇਠੀ ਮਹਿਤਾਬ ਨੇ ਆਪਣੀਆਂ ਤਿੰਨ ਕਵਿਤਾਵਾਂ ਪੜ੍ਹੀਆਂ। ਓਂਕਾਰ ਸਿੰਘ ਡੁਮੇਲੀ ਨੇ ਆਪਣੇ ਪਿਤਾ ਜੀ ਬਾਰੇ ਗੱਲਾਂ ਕੀਤੀਆਂ ਅਤੇ ਆਪਣੀ ਇਕ ਕਵਿਤਾ ਪੜ੍ਹੀ। ਮਨਮੋਹਨ ਪੂਨੀ ਨੇ ਸਤੰਬਰ ਵਿਚ ਕਰਾਏ ਜਾ ਰਹੇ ਗਦਰੀ ਲਹਿਰ ਬਾਰੇ ਸਮਾਗਮ ਦੀ ਜਾਣਕਾਰੀ ਦੇਣ ਤੋਂ ਬਾਅਦ ਆਪਣੀ ਇਕ ਕਵਿਤਾ ਪੜ੍ਹੀ।

ਸੰਦੀਪ ਸਿੰਘ ਨੇ ਡਾ. ਬਰਾੜ ਬਾਰੇ ਕੁਝ ਹੋਰ ਗੱਲਾਂ ਕਰਨ ਪਿਛੋਂ ਆਪਣੀ ਕਵਿਤਾ 'ਧਰਤ' ਸੁਣਾਈ। ਰਾਣੀ ਨਗਿੰਦਰ ਨੇ ਪਿਤਾ ਬਾਰੇ ਗੱਲਾਂ ਕਰਨ ਪਿਛੋਂ ਆਪਣੀਆਂ ਕੁਝ ਕਵਿਤਾਵਾਂ ਸੁਣਾਈਆਂ। ਤਰਲੋਚਨ ਸੱਚਰ ਨੇ ਮਾਂ ਅਤੇ ਪਿਤਾ ਬਾਰੇ ਲਿਖੀ ਆਪਣੀ ਬਹੁਤ ਖੂਬਸੂਰਤ ਕਵਿਤਾ ਸੁਣਾਈ। ਸ਼ਾਇਰ ਇਜਾਜ਼ ਭੱਟੀ ਨੇ ਆਪਣੀਆਂ ਕਈ ਗਜ਼ਲਾਂ ਅਤੇ ਕਵਿਤਾਵਾਂ ਸੁਣਾਈਆਂ ਅਤੇ ਹਾਸ ਰਸੀ ਕਵਿਤਾਵਾਂ ਨਾਲ ਹਾਜ਼ਰੀਨ ਨੂੰ ਖੂਬ ਹਸਾਇਆ।

ਡਾ. ਅਮਰਜੀਤ ਸ਼ਾਸਤਰੀ ਨੇ ਪਿਤਾ ਬਾਰੇ ਲਿਖੀ ਆਪਣੀ ਕਵਿਤਾ ਪੜ੍ਹੀ। ਲੇਖਕ ਡਾ. ਸ਼ਸ਼ੀ ਕਾਂਤ ਉਪਲ ਨੇ ਪੰਜਾਬੀ ਸਾਹਿਤ ਬਾਰੇ ਗੱਲਾਂ ਕਰਨ ਪਿਛੋਂ ਆਪਣੇ ਕੁਝ ਦੋਹੇ ਅਤੇ ਕੁਝ ਗਜ਼ਲਾਂ ਸੁਣਾਈਆਂ। ਭਗਵਾਨ ਸਿੰਘ ਘਨੌਰ ਨੇ ਆਪਣੇ ਵੱਖਰੇ ਅੰਦਾਜ਼ ਵਿਚ ਆਪਣਾ ਲਿਖਿਆ ਇਕ ਗੀਤ ਸੁਣਾਇਆ। ਅਜਾਇਬ ਸਿੰਘ ਨੇ 'ਹੋਵੇ ਚਰਖਾ ਰੋਜ਼ ਪੁਰਾਣਾ, ਤੂੰ ਕੁੜੀਏ ਕੱਤ ਲੈ ਨੀ' ਆਪਣੀ ਸੁਰੀਲੀ ਆਵਾਜ਼ ਵਿਚ ਸੁਣਾਇਆ। ਕਲਾਸੀਕਲ ਸੰਗੀਤ ਦੀ ਮਾਹਿਰ ਰੀਤਾ ਕੋਹਲੀ ਨੇ ਪਹਿਲਾਂ ਪਿਤਾ ਬਾਰੇ ਮਸ਼ਹੂਰ ਗੀਤ 'ਇਕ ਥਾ ਬਚਪਨ, ਬਚਪਨ ਮੇਂ ਇਕ ਬਾਬੂ ਜੀ ਥੇ' ਅਤੇ ਫਿਰ ਪੰਜਾਬੀ ਦਾ ਮਸ਼ਹੂਰ ਗੀਤ 'ਬਾਜਰੇ ਦਾ ਸਿੱਟਾ ਅਸੀਂ ਤਲੀ 'ਤੇ ਮਰੋੜਿਆ' ਗਾ ਕੇ ਆਪਣੀ ਹਾਜ਼ਰੀ ਲਗਵਾਈ। ਅਖੀਰ ਵਿਚ ਪ੍ਰੇਮ ਮਾਨ ਨੇ ਡਾ. ਬਲਵਿੰਦਰ ਕੌਰ ਬਰਾੜ ਦਾ ਸਭਾ ਦੀ ਮੀਟਿੰਗ ਵਿਚ ਆਉਣ ਲਈ ਅਤੇ ਉਨ੍ਹਾਂ ਨੂੰ ਲੈ ਕੇ ਆਉਣ ਸਭਾ ਦੇ ਮੈਂਬਰ ਸੰਦੀਪ ਸਿੰਘ ਦਾ ਵੀ ਧੰਨਵਾਦ ਕੀਤਾ।

ਮੰਚ ਸੰਚਾਲਨ ਸੰਗੀਤ ਸ਼ਰਮਾ ਨੇ ਕੀਤਾ। ਮੀਟਿੰਗ ਵਿਚ ਸਰਬਜੀਤ ਮਾਨ, ਵਿਮਲਾ ਕੁਮਾਰ, ਮਿਸਿਜ਼ ਮਲਹੋਤਰਾ, ਚੰਦਰ ਭਾਨ ਆਰੀਆ ਅਤੇ ਕਾਸ਼ਿਫ ਸੰਧੂ ਵੀ ਹਾਜ਼ਰ ਸਨ।

## ਕਮਲ ਹਾਸਨ ਦੀ ਪਾਰਟੀ ਨੂੰ ਮਿਲੀ ਮਾਨਤਾ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਦੱਖਣ ਭਾਰਤੀ ਫਿਲਮ ਸਿਤਾਰੇ ਕਮਲ ਹਾਸਨ ਵੱਲੋਂ ਬਣਾਈ ਗਈ ਪਾਰਟੀ 'ਮੱਕਲ ਨੀਧੀ ਮਾਇਅਮ' (ਐਮ.ਐਨ.ਐਮ.) ਨੂੰ ਸਿਆਸੀ ਪਾਰਟੀ ਵਜੋਂ ਮਾਨਤਾ ਦੇ ਦਿੱਤੀ ਹੈ।

ਚੋਣ ਕਮਿਸ਼ਨ ਦੇ ਸੂਤਰਾਂ ਮੁਤਾਬਕ ਸ੍ਰੀ ਹਾਸਨ ਨੂੰ ਇਸ ਸਬੰਧੀ ਦਸਤਾਵੇਜ਼ ਅਗਲੇ ਹਫਤੇ ਤੱਕ ਮਿਲ ਜਾਣਗੇ। ਇਸ ਦੌਰਾਨ ਤਾਮਿਲਨਾਡੂ ਦੇ ਮੱਛੀ ਪਾਲਣ ਮੰਤਰੀ ਡੀ. ਜੈਕੁਮਾਰ ਨੇ ਫਿਲਮੀ ਸਿਤਾਰੇ ਉਤੇ ਦੋਸ਼ ਲਾਇਆ ਕਿ ਉਹ ਮਹਿਜ਼ ਆਪਣੀ ਆਗਾਮੀ ਫਿਲਮ 'ਵਿਸ਼ਵਰੂਪਮ-2' ਦੇ ਪ੍ਰਚਾਰ ਲਈ ਸਿਆਸੀ ਆਗੂਆਂ ਨਾਲ ਮੁਲਾਕਾਤਾਂ ਕਰ ਰਹੇ ਹਨ।

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ
ਨਵਾਂ ਟਰੱਕ ਡਰਾਈਵਿੰਗ ਸਕੂਲ
*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ




Raj Jamarai
Cell:734-644-1010
Office:734-747-4298

ਡਰਾਈਵਰਾਂ ਦੀ ਲੋੜ ਹੈ
61 ਸੈਂਟ ਪ੍ਰਤੀ ਮੀਲ



ਨਵੀਂ ਮਸ਼ੀਨਰੀ
ਸਿਰਫ ਸੋਮਵਾਰ ਤੋਂ ਸ਼ੁੱਕਰਵਾਰ, ਵੀਕਐਂਡ 'ਤੇ ਘਰ
ਯੋਗਤਾਵਾਂ: ਘੱਟੋ ਘੱਟ ਦੋ ਸਾਲ ਦਾ ਤਜਰਬਾ
ਉਮਰ ਘੱਟੋ ਘੱਟ 23 ਸਾਲ
ਸਾਫ ਸੁਥਰਾ ਐਮ. ਵੀ. ਆਰ. ਹੋਵੇ
ਸੰਪਰਕ ਕਰੋ, ਫੋਨ: (219) 307-9515
Drivers Needed
61 Cents Per Mile
New Equipment , Monday to Friday only, Weekend Off
Qualifications: Minimum 2 Years Experience
Age 23, Clean MVR
Ph: (219) 307-9515

ੴ
Sikh National Center, Inc.
7500 N. Sam Houston Pkwy., Houston, Texas, 77064
ਗੁਰਮਤਿ ਸੰਗੀਤ ਅਧਿਆਪਕ ਦੀ ਲੋੜ ਹੈ
ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ, ਹਿਊਸਟਨ (ਟੈਕਸਸ) ਲਈ ਗੁਰਮਤਿ ਸੰਗੀਤ ਅਧਿਆਪਕ ਦੀ ਲੋੜ ਹੈ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ 31 ਰਾਗਾਂ (ਅਤੇ ਪ੍ਰਕਾਰਾਂ) ਦਾ ਪੂਰਾ ਗਿਆਨ ਹੋਵੇ, ਕਲਾਸੀਕਲ ਤਾਲਾਂ ਸਮੇਤ ਸਾਰੇ ਤਾਲਾਂ ਦਾ ਪੂਰਾ ਗਿਆਨ ਹੋਵੇ ਅਤੇ ਅਮਰੀਕਾ ਜੰਮੇ-ਪਲੇ ਬੱਚਿਆਂ ਨੂੰ ਗੁਰਮਤਿ ਗਿਆਨ ਦੀ ਪੜ੍ਹਾਈ ਕਰਾਉਣ ਦੇ ਸਮਰੱਥ ਹੋਵੇ।
ਸੰਪਰਕ ਕਰੋ
ਰੂਬਿਨ ਬੈਂਸ, ਫੋਨ: 281-773-8944
rubenbains@yahoo.com
24-27

# ਕੁਦਰਤ ਦਾ ਰਾਗ

## ਭਾਈ ਵੀਰ ਸਿੰਘ ਦੀ ਕਾਵਿ-ਉਡਾਰੀ

ਜਿਹੜੇ ਵਾਕਾਂ ਨਾਲ ਭਾਈ ਵੀਰ ਸਿੰਘ ਦੀ ਕਾਵਿਕ ਹੋਂਦ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ, ਉਨ੍ਹਾਂ ਵਿਚੋਂ ਇਕ ਬਹੁ-ਪ੍ਰਚਲਿਤ ਹੈ ਕਿ ਉਹ ਕੁਦਰਤ ਦੇ ਕਵੀ ਹਨ। ਇਹ ਸਹੀ ਹੈ ਕਿ ਕੁਦਰਤ ਉਨ੍ਹਾਂ ਦੀਆਂ ਕਵਿਤਾਵਾਂ 'ਚ ਰਮੀ ਹੋਈ ਹੈ। ਰੁੱਖ, ਵੇਲਾਂ, ਬੂਟੇ, ਝਰਨੇ, ਚਸ਼ਮੇ, ਝੀਲਾਂ, ਨਦੀਆਂ ਉਨ੍ਹਾਂ ਦੇ ਕਾਵਿ-ਸੰਸਾਰ ਵਿਚ ਥਾਂ ਪਰ ਥਾਂ ਵਿਦਮਾਨ ਹਨ। ਕਸ਼ਮੀਰ ਬਾਰੇ ਲਿਖੀਆਂ ਗਈਆਂ ਇਨ੍ਹਾਂ ਕਵਿਤਾਵਾਂ ਵਿਚ ਤਾਂ ਖਾਸ ਕਰਕੇ ਕੁਦਰਤ ਦਾ ਜਮਾਲ ਦਿਸਦਾ ਹੈ। ਕਸ਼ਮੀਰ ਬਾਰੇ ਲਿਖੀਆਂ ਕਵਿਤਾਵਾਂ ਸਿਰਫ ਕੁਦਰਤ ਬਾਰੇ ਹੀ ਨਹੀਂ, ਇਸ ਵਿਚ ਕਸ਼ਮੀਰ ਦੀ ਧਰਤੀ ਦੇ ਉਹ ਦ੍ਰਿਸ਼ ਵੀ ਹਨ ਜੋ ਉਨ੍ਹਾਂ ਤੋਂ ਮਾਰਤੰਡ ਦੇ ਮੰਦਰ ਜਿਹੀ ਕਵਿ ਰਚਨਾ ਕਰਵਾਉਂਦੇ ਸਨ। ਮਾਰਤੰਡ ਦਾ ਮੰਦਰ ਜੋ 8ਵੀਂ ਸਦੀ ਵਿਚ ਕਰਕੋਟਾਵੰਸ਼ ਦੇ ਮਹਾਰਾਜਾ ਲਲਿਤਆਦਿਤਯਾ ਮੁਕਤਪੀਡ ਨੇ ਬਣਵਾਇਆ ਸੀ ਤੇ 15ਵੀਂ ਸਦੀ ਦੇ ਅਰੰਭ ਵਿਚ ਸਿਕੰਦਰ ਬੁਤਸ਼ਿਕਨ ਨੇ ਬੁਰੀ ਤਰ੍ਹਾਂ ਤੋੜ ਦਿੱਤਾ ਸੀ। ਇਸ ਬਾਰੇ ਭਾਈ ਵੀਰ ਸਿੰਘ ਦੀਆਂ ਦੋ ਛੋਟੀਆਂ ਛੋਟੀਆਂ ਖੂਬਸੂਰਤ ਕਵਿਤਾਵਾਂ ਇਸ ਸਿਰਜਣਾ ਨੂੰ ਇਸ ਤਰ੍ਹਾਂ ਬਰਬਾਦ ਕਰਨ ਪਿੱਛੇ ਕੰਮ ਕਰਨ ਵਾਲੀ ਸੋਚ ਉਤੇ ਚੋਟ ਕਰਦੀਆਂ ਹਨ:

ਮਾਰ ਪਈ ਜਦ ਮਾਰਤੰਡ ਨੂੰ
ਪੱਥਰ ਰੋ ਕੁਰਲਾਣੇ
ਪੱਥਰ ਤੋੜੇਂ? ਦਿਲ ਪਏ ਟੁੱਟਦੇ
ਦਿਲ ਕਾਬਾ ਰੱਬਾਣੇ।

ਇਸੇ ਤਰ੍ਹਾਂ ਅੱਠਵੀਂ ਤੇ ਨੌਵੀਂ ਸਦੀ ਦੌਰਾਨ ਉਸਾਰੇ ਅਵਾਂਤੀ ਪੁਰੇ ਦੇ ਮੰਦਰਾਂ ਦੇ ਖੰਡਰ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਬਹੁਤ ਦਿਲ-ਟੁੰਬਵੇਂ ਰੂਪ ਵਿਚ ਅੰਕਿਤ ਹੋਏ ਮਿਲਦੇ ਹਨ:

ਅਵਾਂਤੀ ਪੁਰਾ ਕੀ ਰਹਿ ਗਿਆ
ਬਾਕੀ ਦੋ ਮੰਦਰਾਂ ਦੇ ਢੇਰ
ਬੀਤ ਚੁੱਕੀ ਸਭਯਤਾ ਦੇ ਖੰਡਰ
ਦੱਸਦੇ ਸਮੇਂ ਦੇ ਫੇਰ।

ਉਨ੍ਹਾਂ ਦੀਆਂ ਕਵਿਤਾਵਾਂ ਵਿਚ ਕਸ਼ਮੀਰ ਦੇ ਧਰਤ ਦ੍ਰਿਸ਼ ਦਾ ਬਹੁਤ ਸੰਵੇਦਨਸ਼ੀਲ ਬਿਆਨ ਮਿਲਦਾ ਹੈ। ਇਸ ਵਿਚ ਕਸ਼ਮੀਰ ਦਾ ਸਿਰਫ ਭੂਗੋਲ ਹੀ ਸ਼ਾਮਿਲ ਨਹੀਂ, ਉਸ ਦਾ ਇਤਿਹਾਸ ਵੀ ਸ਼ਾਮਿਲ ਹੈ। ਖਾਸਕਰ ਉਨ੍ਹਾਂ ਦੀ ਲੰਮੀ ਕਵਿਤਾ ਦੁਮੇਲ ਦੇ ਪਾਣੀਆਂ ਦਾ ਨਾਦ।

ਦੁਮੇਲ ਉਹ ਥਾਂ ਹੈ ਜਿਥੇ ਦਰਿਆ ਜਿਹਲਮ ਅਤੇ ਕਿਸ਼ਨਗੰਗਾ ਮਿਲਦੇ ਹਨ। ਇਸ ਕਵਿਤਾ ਵਿਚ ਰਾਮ ਦੇ ਬਨਵਾਸ, ਭਰਤ ਦੀ ਫੇਰੀ, ਬੁੱਧ ਦੀ ਸਮਾਧੀ, ਸਿਕੰਦਰ ਦੇ ਹਮਲੇ, ਪੁਰੂਰਵਾ ਦੀ ਬਹਾਦਰੀ, ਚੰਦਰ ਗੁਪਤ ਦੇ ਸੁਤੰਤਰ ਰਾਜ, ਅਸ਼ੋਕ ਪ੍ਰਿਯ ਦਾਸੀ ਦਾ ਬੁੱਧ ਧਰਮ ਪਾਸਾਰ, ਵਿਕ੍ਰਮ, ਹਰਸ਼, ਕਨਿਸ਼ਕ, ਮਹਿਮੂਦ ਆਦਿ ਦੀ ਹਕੂਮਤ, ਗੁਰੂ ਨਾਨਕ ਦੇ ਬੋਲਾਂ ਦੀ ਮਰਹਮ, ਗੁਰੂ ਹਰਿਗੋਬਿੰਦ ਜੀ ਦੀ ਆਮਦ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸ਼ਾਨ-ਬਹੁਤ ਕੁਝ ਸਮੋਇਆ ਹੋਇਆ ਹੈ। ਇਸ ਕਵਿਤਾ ਵਿਚ ਉਨ੍ਹਾਂ ਸਭਨਾਂ ਦਾ ਜ਼ਿਕਰ ਹੈ ਜਿਨ੍ਹਾਂ ਦੀਆਂ ਪੈੜਾਂ ਇਸ ਧਰਤ 'ਤੇ ਪਈਆਂ। ਇਸ ਕਵਿਤਾ ਤੋਂ ਕਸ਼ਮੀਰ ਦੇ ਪੰਜਾਬ ਅਤੇ ਸਿੱਖ ਪੰਥ ਨਾਲ ਕਸ਼ਮੀਰ ਦੇ ਗਹਿਰੇ ਰਿਸ਼ਤੇ ਦੀ ਵੀ ਥਾਹ ਮਿਲਦੀ ਹੈ (ਇਹ ਥਾਹ ਕਵਿਤਾ 'ਮਟਨ ਸਾਹਿਬ' ਵਿਚੋਂ ਵੀ ਪਾਈ ਜਾ ਸਕਦੀ ਹੈ)। 'ਦੁਮੇਲ ਦੇ ਪਾਣੀਆਂ ਦਾ ਨਾਦ' ਵਿਚ ਕਮਾਲ ਦੀ ਗੱਲ ਇਹ ਹੈ ਕਿ ਇਸ ਧਰਤ-ਖੰਡ ਦੇ ਸਾਰੇ ਦੁੱਖ ਸੁਖ, ਤਬਾਹੀ, ਪੁਨਰਵਾਸ ਦੇ ਇਤਿਹਾਸ ਦੌਰਾਨ ਦੁਮੇਲ ਦੇ ਪਾਣੀਆਂ ਨੇ ਆਪਣਾ ਗੀਤ ਨਹੀਂ ਬਦਲਿਆ। ਇਹ ਆਪਣੀ ਓਸੇ ਅਮਰ ਧੁਨ ਵਿਚ ਗਾਉਂਦਾ ਰਿਹਾ:

ਦਿਨੇ ਰਾਤੀਂ ਚਲੇ ਪਰਵਾਹ ਤੇਰਾ
ਤੇ ਬੇਪਰਵਾਹ ਛਿੜਿਆ ਰਾਗ ਤੇਰਾ
ਇਕੋ ਧੁਨ ਮਸਤ ਧੁਨ ਤੂੰ ਲਾ ਰਿਹਾ ਹੈਂ
ਇਕੋ ਸੁਰ ਛੇੜ ਕੇ ਤੂੰ ਗਾ ਰਿਹਾ ਹੈਂ।

ਇਹ ਰਾਗ ਕੁਦਰਤ ਦਾ ਰਾਗ ਹੈ, ਇਹ ਰਾਗ ਉਸ ਸੁਰਤੀ ਦਾ ਰਾਗ ਹੈ ਜੋ ਜੀਵਨ ਦੇ ਸਦੀਵੀ ਸੱਚੇ ਮਕਸਦ ਨਾਲ ਜੁੜੀ ਹੈ। ਇਹ ਸੂਫੀਆਂ ਦਾ ਰਾਗ ਹੈ, ਇਹ ਭਗਤਾਂ ਦਾ ਰਾਗ ਹੈ, ਇਹ ਭਾਈ ਵੀਰ ਸਿੰਘ ਦਾ ਰਾਗ ਹੈ।

ਉਨ੍ਹਾਂ ਦੀਆਂ ਕਸ਼ਮੀਰ ਬਾਰੇ ਲਿਖੀਆਂ ਕਵਿਤਾਵਾਂ ਉਨ੍ਹਾਂ ਪਾਣੀਆਂ ਵਰਗੀਆਂ ਹਨ ਜੋ ਧਰਤੀ ਦੇ ਦੁੱਖਾਂ ਸੁੱਖਾਂ ਦੇ ਵਸੇਬਿਆਂ ਉਜਾੜਿਆਂ ਕੋਲੋਂ ਲੰਘਦੇ ਹਨ। ਇਨ੍ਹਾਂ ਪਾਣੀਆਂ ਦਾ ਵਹਿਣ, ਰੰਗ ਤੇ ਤੋਰ ਬਦਲ ਜਾਂਦੀ ਹੈ, ਪਰ ਇਨ੍ਹਾਂ ਪਾਣੀਆਂ ਨੂੰ ਆਪਣੀ ਮੰਜ਼ਿਲ ਨਹੀਂ ਭੁੱਲਦੀ, ਜਿਸ ਦਾ ਜ਼ਿਕਰ ਉਨ੍ਹਾਂ ਦੀ ਮਸ਼ਹੂਰ ਕਵਿਤਾ ਕਸ਼ਮੀਰ ਦੇ ਚਸ਼ਮੇ ਇੱਛਾਬਲ ਬਾਰੇ ਲਿਖੀ ਮਸ਼ਹੂਰ ਕਵਿਤਾ

ਸੁਰਜੀਤ ਪਾਤਰ
ਫੋਨ: +91-98145-04272

'ਇੱਛਾਬਲ ਤੇ ਡੂੰਘੀਆਂ ਸ਼ਾਮਾਂ' ਵਿਚ ਮਿਲਦਾ ਹੈ। ਇਸ ਕਵਿਤਾ ਵਿਚ ਮਾਨਵੀ ਲਗਨ, ਸਿਦਕ, ਪਿਆਰ ਅਤੇ ਸਦਾ ਮੁਸਾਫਿਰ ਰਹਿਣ ਦਾ ਉਮਾਹ ਭਰਿਆ ਸੁਨੇਹਾ ਹੈ:

ਸੰਝ ਹੋਈ ਪਰਛਾਵੇਂ ਛੁਪ ਗਏ
ਕਿਉਂ ਇੱਛਾਬਲ ਤੂੰ ਜਾਰੀ?
ਨੈਂ ਸਰੋਦ ਕਰ ਰਹੀ ਉਵੇਂ ਹੀ
ਤੇ ਟੁਰਨੋਂ ਬੀ ਨਹਿ ਹਾਰੀ



ਸੈਲਾਨੀ ਤੇ ਪੰਛੀ ਮਾਲੀ
ਹਨ ਸਭ ਆਰਾਮ ਵਿਚ ਆਏ
ਸਹਿਮ ਸੁਾਦਲਾ ਛਾ ਰਿਹਾ ਸਾਰੇ
ਤੇ ਕੁਦਰਤ ਟਿਕ ਗਈ ਸਾਰੀ।

ਚਸ਼ਮੇ ਦੇ ਜਵਾਬ 'ਚ ਹੀ ਉਹ ਸਦੀਵੀ ਗੀਤ ਸ਼ਾਮਲ ਹੈ ਜੋ ਦੁਮੇਲ ਦੇ ਪਾਣੀ ਗਾਉਂਦੇ ਹਨ:

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓ ਕਰ ਅਰਾਮ ਨਹੀਂ ਬਹਿੰਦੇ
ਨਿਹੁੰ ਵਾਲੇ ਨੈਣਾਂ ਕੀ ਨੀਂਦਰ
ਓ ਦਿਨੇ ਰਾਤ ਪਏ ਵਹਿੰਦੇ
ਇਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ
ਵਸਲੋਂ ਉਰੇ ਮੁਕਾਮ ਨ ਕੋਈ
ਸੋ ਚਾਲ ਪਏ ਨਿੱਤ ਰਹਿੰਦੇ।

ਇਹ ਕਵਿਤਾਵਾਂ ਪੜ੍ਹਦਿਆਂ ਅਸੀਂ ਕਸ਼ਮੀਰ ਦੇ ਧਰਤ-ਦ੍ਰਿਸ਼ ਦੀ ਲਾਸਾਨੀ ਸੁੰਦਰਤਾ ਨੂੰ ਤਾਂ ਮਾਣਦੇ ਹੀ ਹਾਂ, ਇਸ ਦੇ ਨਾਲ ਹੀ ਭਾਈ ਵੀਰ ਸਿੰਘ ਦੀ ਸ਼ਖਸੀਅਤ, ਸੰਵੇਦਨਾ, ਜੀਵਨ ਦ੍ਰਿਸ਼ਟੀ ਤੇ ਸੋਚ ਤੋਂ ਵੀ ਵਾਕਿਫ ਹੁੰਦੇ ਹਾਂ। ਇਹ ਵਾਕਫੀ ਸਾਨੂੰ ਪਰੋਖ ਰੂਪ ਵਿਚ ਉਨ੍ਹਾਂ ਦੀਆਂ ਤੁਲਨਾਵਾਂ ਤੋਂ ਹੁੰਦੀ ਹੈ ਜੋ ਉਨ੍ਹਾਂ ਦੇ ਬਿਆਨ ਨੂੰ ਆਕਰਸ਼ਕ ਤੇ ਵਧੇਰੇ ਜੀਵੰਤ ਬਣਾਉਂਦੀਆਂ ਹਨ। ਕਵੀ ਹਾਜ਼ਰ ਵਸਤ ਜਾਂ ਦ੍ਰਿਸ਼ ਦੀ ਤੁਲਨਾ ਕਿਸ ਗੈਰਹਾਜ਼ਰ ਵਸਤ ਜਾਂ ਦ੍ਰਿਸ਼ ਨਾਲ ਕਰਦਾ ਹੈ, ਇਸ ਤੋਂ ਅਸੀਂ ਕਵੀ ਦੇ ਅਵਚੇਤਨ ਨੂੰ ਜਾਣ ਸਕਦੇ ਹਾਂ।

ਨਸੀਮ ਬਾਗ ਦੀਆਂ ਠੰਢੀਆਂ ਮਿੱਠੀਆਂ ਛਾਂਵਾਂ ਦੀ ਤੁਲਨਾ ਉਹ ਮਾਂਵਾਂ ਨਾਲ ਕਰਦੇ ਹਨ। ਚਸ਼ਮਾ ਸ਼ਾਹੀ ਨੂੰ ਉਹ ਅਜਿਹੀ ਸ਼ਖਸੀਅਤ ਵਾਂਗ ਦੇਖਦੇ ਹਨ ਜਿਸ ਨੂੰ ਹਨੇਰੇ ਅਤੇ ਪੱਥਰਾਂ ਦੇ ਭਾਰ ਰੋਕ ਨਹੀਂ ਸਕਦੇ, ਉਹ ਇਨ੍ਹਾਂ ਸਭਨਾਂ ਦੇ ਬਾਵਜੂਦ ਉਮਲ ਕੇ ਬਾਹਰ ਆ ਜਾਂਦਾ ਹੈ ਤੇ ਬੇਪਰਵਾਹੀ ਨਾਲ ਆਪਣਾ ਆਪਾ ਜਹਾਨ ਨੂੰ ਵੰਡਦਾ ਹੈ। ਗੰਧਕ ਦਾ ਚਸ਼ਮਾ ਉਨ੍ਹਾਂ ਲਈ ਕਿਸੇ ਦਇਆਵਾਨ ਵੈਦ ਵਾਂਗ ਹੈ ਜੋ ਦੁਨੀਆਂ ਦੇ ਰੋਗਾਂ ਦਾ ਨਿਵਾਰਣ ਕਰਨ ਲਈ ਜਹਾਨ 'ਤੇ ਆਇਆ ਹੈ। ਨਿਸ਼ਾਤ ਬਾਗ ਨੂੰ ਉਹ ਕਿਸੇ ਬਾਦਸ਼ਾਹ ਵਾਂਗ ਦੇਖਦੇ ਹਨ ਜੋ ਪਰਬਤ ਦੀ ਗੋਦੀ ਵਿਚ ਬਿਰਾਜਮਾਨ ਹੈ। ਜਿਸ ਦੁਆਲੇ ਟਿੱਲੇ ਪਹਿਰੇਦਾਰਾਂ ਵਾਂਗ ਖੜ੍ਹੇ ਹਨ। ਡੱਲ ਝੀਲ ਸਜੇ ਦਰਬਾਰ ਵਾਂਗ ਹੈ। ਸੱਜੇ ਖੱਬੇ ਰੁੱਖ ਚੋਬਦਾਰ ਪਹਿਰੇਦਾਰਾਂ ਵਾਂਗ ਖੜ੍ਹੇ ਹਨ। ਡੱਲ ਝੀਲ ਦੇ ਝੁਮਦੇ ਕੰਵਲ ਕੁਹਕਾਫ ਦੀਆਂ ਪਰੀਆਂ ਜਾਪਦੇ ਹਨ। ਮਾਨਸ ਥਲ ਵਿਚ ਕਿਸੇ ਪੁਰਾਣੀ ਬਾਤ ਜਿਹਾ ਦਿਲਚਸਪ ਮਾਹੌਲ ਹੈ ਜਿਸ ਵਿਚ ਦਿਓ ਤੇ ਪਰੀ ਦੀ ਸ਼ਮੂਲੀਅਤ ਹੈ। ਗਗਰੀ ਨਾਗ ਉਸ ਬੰਦੇ ਵਾਂਗ ਹੈ ਜੋ ਜਗਤ ਦੀ ਮੈਲ ਧੋਂਦਾ ਥੱਕ ਗਿਆ ਤੇ ਹੁਣ ਬੁਲੰਦੀਆਂ 'ਤੇ ਆਰਾਮ ਫਰਮਾ ਰਿਹਾ ਹੈ। ਕੁੱਕੜ ਨਾਗ ਕਿਸੇ ਨਟਖਟ ਬਾਲ ਵਾਂਗ ਗੀਟਿਆਂ ਨਾਲ ਖੇਡਦਾ ਜਾ ਰਿਹਾ ਹੈ। ਇੱਛਾਬਲ ਦਾ ਵਹਿਣ ਕਿਸੇ ਪ੍ਰੇਮ-ਰੱਤੇ ਇਨਸਾਨ ਦੀ ਯਾਦ ਕਰਵਾਉਂਦਾ ਹੈ ਜੋ ਆਪਣੇ ਪਿਆਰੇ ਦੇ ਵਸਲ ਲਈ ਦਿਨ ਰਾਤ ਤੁਰ ਰਿਹਾ ਹੈ। ਕਵਿਤਾ ਸ਼ਾਲਾਮਾਰ ਵਿਚ ਚਨਾਰ ਜੋਗੀਆਂ ਵਾਂਗ ਖੜ੍ਹੇ ਹਨ। ਵੈਰੀ ਨਾਗ ਦੀ ਝਲਕ ਵਿਚੋਂ ਉਹ ਬਿਨਾ ਸਾਜ਼ ਆਵਾਜ਼ ਹੀ ਸੰਗੀਤ ਰਸ ਮਾਣਦੇ ਹਨ ਤੇ ਉਸ ਦੀ ਚੁੱਪ ਵਿਚੋਂ ਕਵਿਤਾ ਸੁਣਦੇ ਹਨ। ਗਨੇਸ਼ਪੁਰ ਦੇ ਟਿੱਬੇ ਦੀਆਂ ਜੂਹਾਂ ਦੀਆਂ ਚੀੜ੍ਹਾਂ ਦੇ ਚਸ਼ਮਿਆਂ ਦੀ ਆਵਾਜ਼ ਵਿਚੋਂ ਉਹ ਬਾਬਾ ਨਾਨਕ ਦੀ ਆਵਾਜ਼ ਸੁਣਦੇ ਹਨ:

ਇਉਂ ਲਗਦਾ ਜਿਉਂ ਵਾਜ ਇਲਾਹੀ
ਗੁਰੂ ਨਾਨਕ ਦੀ ਆਵੇ
ਨਾਲ ਅਯਾਲੀ ਗੋਸ਼ਟ ਕਰਦੇ
ਨਦਰਾਂ ਪਾ ਪਾ ਮਿੱਠੀਆਂ।

ਸੁਗਾਮ ਚਸ਼ਮੇ ਦੀ ਮੰਦੀ ਹਾਲਤ ਵੇਖ ਕੇ ਉਨ੍ਹਾਂ ਨੂੰ ਆਪਣੇ ਸਮਿਆਂ ਦੇ ਹਿੰਦ ਦਾ ਖਿਆਲ ਆਉਂਦਾ ਹੈ ਜੋ ਗੁਲਾਮ ਹੋ ਕੇ ਪ੍ਰਾਚੀਨ ਸ਼ਾਨ ਗਵਾ ਚੁਕਾ ਹੈ, ਫਿਰ ਵੀ ਅੰਦਰ ਇਹਦੀ ਜਿੰਦ:

ਜੀਉਂਦਾ ਹੈ ਪਰ ਤੇਰੇ ਵਾਂਙੂ
ਸੁੱਕਾ ਸਾਵਾ ਸੱਖਣਾ
ਸਿਰ ਦੀਆਂ ਸੱਟਾਂ ਖਾਧੀਆਂ ਸੂ
ਪਰ ਜਿੰਦੋਂ ਅਜੇ ਨ ਮਰਿਆ।

ਡੱਲ ਦੇ ਪਾਣੀ ਨੂੰ ਉਹ ਕਿਸੇ ਅਨੰਤ ਖਿਮਾਸ਼ੀਲ ਵਿਅਕਤੀ ਦੇ ਰੂਪ ਵਿਚ ਵੇਖਦੇ ਹਨ:

ਡੱਲ ਦੇ ਪਾਣੀ ਹੱਸ ਅੱਜ ਬੋਲੇ
ਤੱਕ ਅਸਾਂ ਵੱਲ ਭਾਈ
ਜੀ ਆਇਆਂ ਆਖਾਂ ਮੈਂ ਜਿਸ ਨੂੰ
ਕਿਸ਼ਤੀ ਓਨ ਚਲਾਈ
ਵੰਝ ਖੁਭੋਵੇ, ਚੱਪੇ ਮਾਰੇ
ਟੋਰ ਕਿਸ਼ਤੀਆਂ ਚੀਰੇ
ਮੈਂ ਝੱਲਾਂ ਦਿਲ ਵੱਟ ਨ ਲਿਆਵਾਂ
ਝੱਟ ਪੱਟ ਜ਼ਖਮ ਮਿਲਾਈ।

ਆਪਣੀ ਇਕ ਕਵਿਤਾ ਫਰਾਮੁਰਜ਼ ਦੀ ਪੁਕਾਰ ਵਿਚ ਭਾਈ ਸਾਹਿਬ ਕਸ਼ਮੀਰ ਦੀ ਖੂਬਸੂਰਤੀ ਦਾ ਬਿਆਨ ਇਕ ਦੰਤ-ਕਥਾ ਨਾਲ ਕਰਦੇ ਹਨ। ਇਸ ਕਥਾ ਵਿਚ ਅੱਲ੍ਹਾ ਫਰਾਮੁਰਜ਼ ਦੇ ਖੁਆਬ ਵਿਚ ਆ ਕੇ ਉਸ ਨੂੰ ਜੰਨਤ ਅਤੇ ਹੂਰਾਂ ਬਖਸ਼ਦਾ ਹੈ ਤੇ ਉਸ ਨੂੰ ਜੰਨਤ ਦਾ ਨਜ਼ਾਰਾ ਅਤੇ ਹੂਰਾਂ ਦਿਖਾਉਂਦਾ ਹੈ, ਪਰ ਫਰਾਮੁਰਜ਼ ਤ੍ਰਭਕ ਕੇ ਉਠਦਾ ਹੈ ਤੇ ਅੱਲ੍ਹਾ ਅੱਗੇ ਲਿਲਕੜੀਆਂ ਲੈ ਕੇ ਆਖਦਾ ਹੈ: ਹੇ ਅੱਲ੍ਹਾ! ਜੇ ਤੂੰ ਮੇਰੇ 'ਤੇ ਸੱਚਮੁਚ ਹੀ ਮਿਹਰਬਾਨ ਹੈਂ ਤਾਂ ਮੈਨੂੰ ਜੰਨਤ ਤੇ ਹੂਰਾਂ ਨਾ ਬਖਸ਼। ਮੈਨੂੰ ਕਸ਼ਮੀਰ ਜੰਨਤ ਨਾਲੋਂ ਵੀ ਸੁਹਣਾ ਲੱਗਦਾ ਹੈ ਤੇ ਆਪਣੀ ਰਾਣੀ ਲਾਲਾਰੁਖ ਹੂਰਾਂ ਨਾਲੋਂ ਵੀ ਪਿਆਰੀ ਲੱਗਦੀ ਹੈ।

ਭਾਈ ਵੀਰ ਸਿੰਘ ਦੀਆਂ ਕਸ਼ਮੀਰ ਕਵਿਤਾਵਾਂ ਦੀ ਇਹ ਕਿਤਾਬ ਬਹੁਤ ਦਿਲਕਸ਼ ਅਤੇ ਮੁੱਲਵਾਨ ਹੈ। ਇਸ ਵਿਚ ਅਸੀਂ ਮਹਾਂਕਵੀ ਭਾਈ ਵੀਰ ਸਿੰਘ ਦੀਆਂ ਸੁਹਜਮਈ ਨਜ਼ਰਾਂ ਰਾਹੀਂ ਕਮਾਲ ਦੀ ਭਾਸ਼ਾ ਵਿਚ ਕਸ਼ਮੀਰ ਨੂੰ ਦੇਖਦੇ ਹਾਂ, ਕਸ਼ਮੀਰ ਦੇ ਇਤਿਹਾਸ ਨੂੰ ਦੇਖਦੇ ਹਾਂ, ਕਸ਼ਮੀਰ ਦੇ ਅਨੰਦ ਅਤੇ ਉਸ ਦੇ ਦਰਦ ਨੂੰ ਵੀ ਨਿਹਾਰਦੇ ਹਾਂ, ਪਰ ਨਾਲ ਹੀ ਭਾਈ ਵੀਰ ਸਿੰਘ ਦੇ ਕਾਵਿਕ ਮਨ ਦੇ ਵੀ ਦੀਦਾਰ ਕਰਦੇ ਹਾਂ।

ਇਨ੍ਹਾਂ ਕਵਿਤਾਵਾਂ ਵਿਚ ਮਾਨਵਤਾ ਲਈ ਇਕ ਮਹਾਨ ਸੰਦੇਸ਼ ਵੀ ਰਮਿਆ ਹੋਇਆ ਹੈ ਕਿ ਇਸ ਧਰਤੀ ਦੇ ਕਣ ਕਣ, ਘਾਟ ਘਾਟ, ਹਰ ਪ੍ਰਾਣੀ, ਹਰ ਦਿਲ ਵਿਚ ਰੱਬ ਦਾ ਵਾਸ ਹੈ। ਮੰਦਰ, ਮਸਜਿਦ, ਗੁਰਦੁਆਰੇ ਹੀ ਨਹੀਂ ਸਗੋਂ ਸਾਰੀ ਸ੍ਰਿਸ਼ਟੀ, ਹਰ ਦਿਲ, ਹਰ ਕਣ ਹੀ ਰੱਬ ਦਾ ਘਰ ਹੈ:

ਮਾਰ ਪਈ ਜਦ ਮਾਰਤੰਡ ਨੂੰ
ਪੱਥਰ ਰੋ ਕੁਰਲਾਣੇ
ਪੱਥਰ ਤੋੜੇਂ? ਦਿਲ ਪਏ ਟੁੱਟਦੇ
ਦਿਲ ਕਾਬਾ ਰੱਬਾਣੇ
ਲਾਇ ਹਥੌੜਾ ਸਾਨੂੰ? ਪਰ ਤੱਕ
ਸੱਟ ਪਏ ਰੱਬ-ਘਰ ਨੂੰ
ਘਟ ਘਟ ਦੇ ਵਿਚ ਵਸਦਾ ਜਿਹੜਾ
ਤੂੰ ਕਿਹਨੂੰ ਰੱਬ ਸਿਞਾਣੇ?

ਇਨ੍ਹਾਂ ਕਵਿਤਾਵਾਂ ਦਾ ਸੁਹਜ ਭਰਿਆ ਅੰਗਰੇਜ਼ੀ ਅਨੁਵਾਦ ਇਨ੍ਹਾਂ ਕਵਿਤਾਵਾਂ ਨੂੰ ਵਿਸ਼ਾਲ ਪਾਠਕ ਵਰਗ ਲਈ ਸੁਲੱਭ ਬਣਾ ਦੇਵੇਗਾ। ਅਸੀਂ ਕਸ਼ਮੀਰ ਦੇ ਹੁਸਨ ਤੇ ਭਾਈ ਵੀਰ ਸਿੰਘ ਹੋਰਾਂ ਦੇ ਹੁਸਨ-ਏ-ਬਿਆਂ ਨੂੰ ਦੂਰ ਦੂਰ ਤਕ ਫੈਲਦਾ ਦੇਖ ਸਕਾਂਗੇ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਜੁਲਾਈ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-332




*ਸੁਰਖੀ, ਬਿੰਦੀ ਤੇ ਮੱਥੇ ਟਿੱਕਾ, ਜੋੜੀ ਲੱਗਦੀ ਬੜੀ ਪਿਆਰੀ।
ਇੱਕਮ-ਜਿੱਕੇ ਸੂਟ ਪਹਿਨ ਕੇ ਧਮਾਲ ਪਾਉਣ ਦੀ ਕਰੀ ਤਿਆਰੀ।*

## ਕੈਪਸ਼ਨ ਮੁਕਾਬਲਾ-330



ਗਲੀ ਵਿਚ ਵਣਜਾਰੇ ਆ ਕੇ
ਵੰਗਾਂ ਦਾ ਸਟਾਲ ਲਗਾਇਆ।
ਲੈ ਲਓ ਬਈ ਰੰਗ ਬਿਰੰਗੀਆਂ
ਹੋਕਾ ਉਚੀ ਦੇ ਸੁਣਾਇਆ।
ਪਹਿਲਾਂ ਭੱਜੀਆਂ ਕੁਆਰੀਆਂ
ਪਿੱਛੋਂ ਵਿਆਹੀਆਂ ਆਈਆਂ।
ਵਿਕ ਗਈਆਂ ਅੱਖ ਝੱਪਕੇ 'ਚ
ਜਿਵੇਂ ਚਾਹਵੇ ਮਨ ਪਾਈਆਂ।
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**
**ਫੋਨ: 408-912-3438**

---

ਰੰਗ ਬਿਰੰਗੀਆਂ ਵੰਗਾਂ ਚਿਣ ਕੇ
ਦੁਲਹਨ ਵਾਂਗ ਦੁਕਾਨ ਸਜਾਈ।
ਸੌਣ ਮਹੀਨਾ ਸਿਰ 'ਤੇ ਆਇਆ
ਤੀਆਂ ਦੀ ਰੁੱਤ ਨੇੜੇ ਆਈ।
ਕਰਮਾਂ ਵਾਲੀਆਂ ਆਵਣ ਕਿਧਰੋਂ
ਖੜ੍ਹਾ ਝਾਕ ਵਿਚ ਭਾਈ।
**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ, ਲੁਧਿਆਣਾ**
**ਫੋਨ: 91-98783-37222**

---

ਰੁੱਤ ਨਵਿਆਂ ਦੀ ਐਸੀ ਆਈ
ਪੁਰਾਣੇ ਵਣਜਾਂ ਨੇ ਖਾਧੀ ਮਾਰ।
ਲਾਲ ਚੂੜਾ ਤਾਂ ਰਸਮ ਬਣ ਗਿਆ
ਸਜ ਵਿਆਹੀਆਂ ਹੀ ਕਰਨ ਸ਼ਿੰਗਾਰ।
ਵੰਗਾਂ ਪਾਉਣ ਤੇ ਛਣਕਾਉਣ ਦਾ
ਟਾਈਮ ਨਹੀਂ ਹੈ ਕਿਸੇ ਦੇ ਪਾਸ।
ਤੀਆਂ ਵੀ ਹੁਣ ਮੇਲਿਆਂ ਦੀ ਆਈਟਮ
ਵਣਜਾਰਾ ਵੰਗਾਂ ਦਾ, ਬੈਠਾ ਉਦਾਸ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**
**ਫੋਨ: 91-94176-49275**

---

ਵਣਜਾਰੇ ਦੀ ਹੱਟ ਸਜੀ ਹੈ
ਰੰਗ ਬਿਰੰਗੀਆਂ ਵੰਗਾਂ ਨਾਲ।
ਫੈਸ਼ਨ ਦੇ ਯੁਗ ਨੇ ਵਿਰਸਾ ਰੋਲ'ਤਾ
ਹੱਟੀ ਨਾ ਚੱਲੇ ਪਹਿਲੀ ਚਾਲ।
ਅਗਲ-ਬਗਲ ਝਾਕੇ ਵਣਜਾਰਾ
ਹੋਰ ਕਰੇ ਤਾਂ ਕਰੇ ਵੀ ਕੀ?
ਕਿੱਤਾ ਹੈ ਇਹ ਪੁਰਖਿਆਂ ਵਾਲਾ
ਨਿਭਦਾ ਆਇਆ ਸਾਹਾਂ ਨਾਲ।
**-ਪੌਰਿੰਦਰ ਸਿੰਗਲਾ ਢਪਾਲੀ, ਬਠਿੰਡਾ**

---

ਮੁਨਿਆਰੀ ਵਾਲੇ ਨੇ ਸਵਖਤੇ ਹੀ
ਵੰਗਾਂ ਦਾ ਲਾ ਲਿਆ ਅੰਬਾਰ।
ਰੰਗ-ਬਿਰੰਗੀਆਂ, ਸਤਰੰਗੀਆਂ
ਬੁੱਢੀਆਂ, ਨੱਢੀਆਂ ਦੀ ਰੀਝ ਤੇ ਸ਼ਿੰਗਾਰ।
ਤੀਆਂ, ਗਿੱਧੇ ਕਦੇ ਨਾ ਸੋਂਹਦੇ
ਬਿਨ ਵੰਗਾਂ ਦੀ ਛਣਕਾਰ।
**-ਦਵਿੰਦਰ ਕੌਰ**

---

ਆ ਲਓ ਨੀ ਚੜ੍ਹਾ ਲਓ ਵੰਗਾਂ
ਵਣਜਾਰਾ ਦਿੰਦਾ ਹੋਕਾ ਗਲੀ ਗਲੀ।
ਰੰਗ ਬਿਰੰਗੀਆਂ ਵੰਗਾਂ ਭਾਅ ਮਾਫਕ
ਕੁੜੀਆਂ-ਬੁੜ੍ਹੀਆਂ ਸਭ ਪਾਉਂਦੀਆਂ
ਸਜੀਆਂ ਧਜੀਆਂ ਬਾਹਾਂ ਛਣਕਦੀਆਂ
ਦਿੰਦੀਆਂ ਖੁਦ ਨੂੰ ਪੈਗਾਮ
ਅਸੀਂ ਨਹੀਂ ਕਿਸੇ ਤੋਂ ਪਿੱਛੇ
ਸਾਡਾ ਵੀ ਹੈ ਕੋਈ ਜਹਾਨ।
**-ਦਰਸ਼ਨਪਾਲ ਦੋਸਾਂਝ**

---

ਆਦਿ ਕਾਲ ਤੋਂ ਬਦਲਦਾ ਆਇਆ
ਚੂੜੀਆਂ ਗਹਿਣਿਆਂ ਦਾ ਸੰਸਾਰ।
ਗਲੀ ਗਲੀ ਵਣਜਾਰੇ ਸੀ ਫਿਰਦੇ
ਜਾਂ ਲੱਗਦੀ ਸੀ ਮੇਲਿਆਂ 'ਤੇ ਬਹਾਰ।
ਤੀਆਂ, ਤਿਓਹਾਰਾਂ, ਖੁਸ਼ੀਆਂ ਦੇ ਮੌਕੇ
ਸ਼ਹਿਰਾਂ 'ਚ ਲੱਗਦਾ ਚੂੜੀ ਬਾਜ਼ਾਰ।
ਚੂੜੀਆਂ ਤੇ ਝਾਂਜਰਾਂ ਦੇ ਛਣਕਾਟੇ
ਗਿੱਧਿਆਂ 'ਚ ਲਾਉਂਦੇ ਸੀ ਗੁਲਜ਼ਾਰ।
**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**
**ਫੋਨ: 91-98784-69639**

---

ਪਿੰਡ ਪਿੰਡ ਤੀਆਂ ਦੇ ਮੇਲੇ ਸੀ ਲਗਦੇ
ਸੁਹਾਗਣਾਂ ਨੂੰ ਮਾਪੇ ਭੇਜਦੇ ਸੀ ਸੰਧਾਰਾ।
ਚੂੜੀਆਂ ਵੰਗਾਂ ਸਨ ਸਾਂਝ ਪਿਆਰ ਦੀ
ਸ਼ਹਿਰਾਂ 'ਚ ਚੂੜੀ ਬਾਜ਼ਾਰ,
ਪਿੰਡ ਘੁੰਮਦਾ ਸੀ ਵਣਜਾਰਾ।
ਸੱਭੇ ਕੁੜੀਆਂ ਰਲ ਸਾਉਣ ਮਹੀਨੇ
ਤੀਆਂ 'ਚ ਪਾਉਂਦੀਆਂ ਸਨ ਛਣਕਾਰਾ।
**-ਜਗਜੀਤ ਕੌਰ ਤੂਰ, ਚੰਡੀਗੜ੍ਹ।**

# ਬਦਲਵੀਂ ਖੇਤੀ ਦਾ ਨਾਅਰਾ ਮਾਲਵੇ ਦੀ ਕਿਸਾਨੀ 'ਤੇ ਪਿਆ ਭਾਰੀ

**ਚੰਡੀਗੜ੍ਹ:** ਪੰਜਾਬ ਦੀ ਕਿਸਾਨੀ ਨੂੰ ਆਏ ਦਿਨ ਕੋਈ ਨਾ ਕੋਈ ਮਾਰ ਸਹਿਣੀ ਪੈ ਰਹੀ ਹੈ। ਮਾਲਵਾ ਖਿੱਤੇ ਵਿਚ ਪੈਰਾਬਿਲਟ ਨਾਂ ਦੀ ਬਿਮਾਰੀ ਨਰਮੇ ਦੀ ਫਸਲ ਨੂੰ ਤਬਾਹ ਕਰ ਰਹੀ ਹੈ। ਇਸ ਬੀਮਾਰੀ ਨੇ ਤਲਵੰਡੀ ਸਾਬੋ ਅਤੇ ਨਾਲ ਲੱਗਦੇ ਇਲਾਕਿਆਂ ਵਿਚ ਨਰਮੇ ਦੀ ਫਸਲ ਨੂੰ ਲਪੇਟ ਵਿਚ ਲੈ ਲਿਆ ਹੈ ਅਤੇ ਸੈਂਕੜੇ ਏਕੜ ਫਸਲ ਪ੍ਰਭਾਵਿਤ ਹੋਈ ਹੈ। ਕਈ ਪਿੰਡਾਂ ਦੇ ਕਿਸਾਨ ਨਰਮੇ ਦੀ ਸੁੱਕੀ ਫਸਲ ਵਾਹੁਣ ਲੱਗ ਪਏ ਹਨ ਜਦਕਿ ਖੇਤੀਬਾੜੀ ਮਹਿਕਮੇ ਵੱਲੋਂ ਪ੍ਰਭਾਵਿਤ ਖੇਤਾਂ ਵਿਚ ਲੱਗੇ ਟਿਊਬਵੈੱਲਾਂ ਦੇ ਲਏ ਸੈਂਪਲ ਫੇਲ੍ਹ ਹੋ ਗਏ ਹਨ।



ਖੇਤੀਬਾੜੀ ਵਿਭਾਗ ਦਾ ਕਹਿਣਾ ਹੈ ਕਿ ਨਰਮਾ ਸੁੱਕਣ ਦਾ ਮੁੱਖ ਕਾਰਨ ਧਰਤੀ ਹੇਠਲਾ ਮਾੜਾ ਪਾਣੀ ਹੋਣਾ ਹੈ।

ਪਿੰਡ ਲਹਿਰੀ ਦੇ ਕਿਸਾਨ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਮੀਂਹ ਪੈਣ ਤੋਂ ਦੋ ਘੰਟਿਆਂ ਬਾਅਦ ਹੀ ਉਨ੍ਹਾਂ ਦੀ ਨਰਮੇ ਦੀ ਤਿੰਨ ਏਕੜ ਫਸਲ ਸੁੱਕਣੀ ਸ਼ੁਰੂ ਹੋ ਗਈ। ਉਸ ਨੇ ਖੇਤੀਬਾੜੀ ਵਿਭਾਗ ਕੋਲੋਂ ਦਵਾਈ ਲਿਆ ਕੇ ਛਿੜਕਾਅ ਵੀ ਕੀਤਾ ਪਰ ਕੋਈ ਅਸਰ ਨਹੀਂ ਹੋਇਆ। ਕਿਸਾਨ ਜਗਸੀਰ ਸਿੰਘ ਲਹਿਰੀ ਨੇ ਦੱਸਿਆ ਕਿ ਮੀਂਹ ਪੈਣ ਤੋਂ ਕੁਝ ਘੰਟੇ ਬਾਅਦ ਹੀ ਉਸ ਦਾ ਦੋ ਏਕੜ ਨਰਮਾ ਸੁੱਕਣਾ ਸ਼ੁਰੂ ਹੋ ਗਿਆ। ਪਿੰਡ ਨੰਗਲਾ ਦੇ ਕਿਸਾਨ ਅਤੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਬਲਾਕ ਆਗੂ ਬਹੱਤਰ ਸਿੰਘ ਨੰਗਲਾ ਦੀ ਠੇਕੇ ਉਤੇ ਲਈ ਸੱਤ ਏਕੜ, ਗੁਰਮੀਤ ਸਿੰਘ ਨੰਗਲਾ ਦੀ ਤਿੰਨ ਏਕੜ, ਨਾਜ਼ਮ ਸਿੰਘ ਨੰਗਲਾ ਦੀ ਸੱਤ ਏਕੜ ਅਤੇ ਅਵਤਾਰ ਸਿੰਘ ਨੰਗਲਾ ਦੀ ਦੋ ਏਕੜ ਫਸਲ ਤਬਾਹ ਹੋ ਗਈ। ਪਿੰਡ ਲਹਿਰੀ ਦੇ ਕਿਸਾਨ ਅਮਨਦੀਪ ਸਿੰਘ ਦੀ ਸੱਤ ਏਕੜ ਤੋਂ ਇਲਾਵਾ ਸੀਗੋ ਦੇ ਕਿਸਾਨ ਅਮਨਦੀਪ ਸਿੰਘ ਦੀ ਦੋ ਏਕੜ ਅਤੇ ਅਮਨਦੀਪ ਸਿੰਘ ਅਤੇ ਬੂਟਾ ਸਿੰਘ ਦੀ ਫਸਲ ਤਬਾਹ ਹੋ ਗਈ ਹੈ।

ਇਸੇ ਤਰ੍ਹਾਂ ਪਿੰਡ ਮਲਕਾਣਾ ਵਿਚ ਵੀ ਕਿਸਾਨਾਂ ਦੀ 25 ਏਕੜ ਦੇ ਕਰੀਬ ਨਰਮੇ ਦੀ ਫਸਲ ਸੁੱਕ ਚੁੱਕੀ ਹੈ। ਪਿੰਡ ਦੇ ਕਿਸਾਨ ਰਜਿੰਦਰ ਸਿੰਘ ਨੇ ਨਰਮੇ ਦੀ ਖਰਾਬ ਫਸਲ ਟਰੈਕਟਰ ਨਾਲ ਵਾਹ ਦਿੱਤੀ ਹੈ ਅਤੇ ਬਾਕੀ ਕਿਸਾਨ ਵਾਹੁਣ ਦੀ ਤਿਆਰੀ ਵਿਚ ਹਨ। ਕਿਸਾਨ ਅੰਮ੍ਰਿਤਪਾਲ ਸਿੰਘ ਮਲਕਾਣਾ ਦਾ ਕਹਿਣਾ ਹੈ ਕਿ ਖੇਤੀਬਾੜੀ ਵਿਭਾਗ ਦੇ ਕਹਿਣ ਉਤੇ ਕਿਸਾਨਾਂ ਨੇ ਝੋਨੇ ਦੀ ਪਰਾਲੀ ਨੂੰ ਵੀ ਅੱਗ ਨਹੀਂ ਲਾਈ ਅਤੇ ਨਰਮਾ ਵੀ ਵਿਭਾਗ ਦੇ ਕਹਿਣ ਅਨੁਸਾਰ ਬੈੱਡਾਂ ਉਤੇ ਲਾਇਆ ਤਾਂ ਜੋ ਪਾਣੀ ਬੱਚਤ ਹੋ ਸਕੇ। ਨਰਮਾ ਫਿਰ ਵੀ ਖਰਾਬ ਹੋ ਰਿਹਾ ਹੈ ਪਰ ਹੁਣ ਵਿਭਾਗ ਕਹਿ ਰਿਹਾ ਹੈ ਕਿ ਇਹ ਬੀਮਾਰੀ ਬੈੱਡਾਂ 'ਤੇ ਕੀਤੀ ਬੀਜਾਈ ਵਿਚ ਪਾਈ ਗਈ ਹੈ। ਪਿੰਡ ਜੋਗੇਵਾਲਾ, ਨਸੀਬਪੁਰਾ, ਭਾਈ ਬਖਤੌਰ, ਬੁਰਜ ਸੇਮਾ, ਭੂੰਦੜ, ਮਾਈਸਰਖਾਨਾ ਆਦਿ ਪਿੰਡਾਂ ਵਿਚ ਵੀ ਨਰਮੇ ਦੀ ਫਸਲ ਵੱਡੇ ਪੱਧਰ 'ਤੇ ਉਕਤ ਬਿਮਾਰੀ ਨਾਲ ਸੁੱਕ ਗਈ ਹੈ।

ਨਿਰੀਖਣ ਦੌਰਾਨ ਨਰਮੇ ਦੀ ਫਸਲ ਵਿਚ ਪੈਰਾਬਿਲਟ ਅਤੇ ਸਾਲਟ ਟੋਕਸੀਸੀਟੀ ਦੇ ਕਾਰਨ ਮੁੱਖ ਤੌਰ ਉਤੇ ਉਭਰ ਕੇ ਸਾਹਮਣੇ ਆਏ ਹਨ। ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਟਿਊਬਵੈੱਲਾਂ ਦੇ ਪਾਣੀ ਦੀ ਚਾਲਕਤਾ 2000 ਮਾਈਕ੍ਰੋ-ਮੋਹਸ ਤੱਕ ਸਿੰਜਾਈ ਲਈ ਢੁਕਵੀਂ ਹੁੰਦੀ ਹੈ। ਪ੍ਰਭਾਵਿਤ ਪਿੰਡ ਮਲਕਾਣਾ ਦੇ ਪਾਣੀ ਦੇ ਸੈਂਪਲ ਵਿਭਾਗ ਵੱਲੋਂ ਟੈਸਟ ਕੀਤੇ ਗਏ ਤਾਂ ਕਿਸਾਨ ਰਾਜਿੰਦਰ ਸਿੰਘ ਦੇ ਖੇਤ ਦੇ ਪਾਣੀ ਵਿਚ 6592, ਗੁਰਪਾਲ ਸਿੰਘ ਦੇ ਪਾਣੀ ਵਿਚ 7680, ਹਰਪਾਲ ਸਿੰਘ ਦੇ ਪਾਣੀ ਵਿਚ 7040, ਅੰਮ੍ਰਿਤਪਾਲ ਸਿੰਘ ਦੇ ਪਾਣੀ ਵਿਚ 7370 ਅਤੇ ਭਾਈ ਬਖਤੌਰ ਦੇ ਕਿਸਾਨ ਮੁਖਤਿਆਰ ਸਿੰਘ ਦੀ ਚਾਲਕਤਾ 6590 ਪਾਈ ਗਈ, ਜੋ ਨਿਰਧਾਰਤ ਪੈਮਾਨੇ ਤੋਂ ਬਹੁਤ ਜ਼ਿਆਦਾ ਹੈ। ਉਨ੍ਹਾਂ ਦੱਸਿਆ ਕਿ ਮੀਂਹ ਪੈਣ ਕਾਰਨ ਇਹ ਸਾਲਟ ਬੂਟਿਆਂ ਦੀਆਂ ਜੜ੍ਹਾਂ ਵਿਚ ਇਕੱਠਾ ਹੋਣ ਕਰਕੇ ਨਰਮੇ ਦੇ ਬੂਟੇ ਸੁੱਕਣ ਲੱਗ ਗਏ।

ਮੌੜ ਮੰਡੀ 'ਚ ਪੈਂਦੇ ਤਿੰਨ ਪਿੰਡਾਂ ਦੇ ਕਿਸਾਨਾਂ ਦੀ ਕਰੀਬ 600 ਏਕੜ ਤੋਂ ਵੱਧ ਨਰਮੇ ਦੀ ਫਸਲ ਇਸ ਬਿਮਾਰੀ ਕਾਰਨ ਝੁਲਸ ਗਈ ਹੈ। ਦਰਅਸਲ, ਮੌੜ ਮੰਡੀ 'ਚ ਪੈਂਦੇ ਪਿੰਡ ਭਾਈ ਬਖਤੌਰ, ਰਾਮਗੜ੍ਹ ਭੂੰਦੜ ਤੇ ਮਾਈਸਰਖਾਨਾ ਦੇ ਕਿਸਾਨਾਂ ਦੀ ਫਸਲ ਮੀਂਹ ਪੈਣ ਤੋਂ ਬਾਅਦ ਵਧਣ ਫੁੱਲਣ ਦੀ ਬਜਾਏ ਝੁਲਸਣੀ ਸ਼ੁਰੂ ਹੋ ਗਈ। ਹਾਲਾਂਕਿ ਕਿਸਾਨਾਂ ਨੇ ਖੇਤੀਬਾੜੀ ਵਿਭਾਗ ਨੂੰ ਵੀ ਇਸ ਗੱਲ ਦੀ ਜਾਣਕਾਰੀ ਦਿੱਤੀ ਪਰ ਵਿਭਾਗ ਵੱਲੋਂ ਇਸ ਗੱਲ ਨੂੰ ਗੰਭੀਰਤਾ ਨਾਲ ਨਾ ਲਏ ਜਾਣ ਤੋਂ ਬਾਅਦ ਹੁਣ ਨਰਮੇ ਦੀ ਫਸਲ ਮੱਚਣੀ ਸ਼ੁਰੂ ਹੋ ਗਈ ਹੈ।

ਸਭ ਤੋਂ ਮਾੜੀ ਹਾਲਤ ਪਿੰਡ ਭਾਈ ਬਖਤੌਰ ਦੀ ਹੈ ਜਿਥੇ ਪਹਿਲਾਂ ਹੀ ਨਹਿਰੀ ਪਾਣੀ ਦੀ ਕਮੀ ਕਰਕੇ ਫਸਲ ਘੱਟ ਹੁੰਦੀ ਹੈ। ਹੁਣ ਇਸ ਨਵੀਂ ਬਿਮਾਰੀ ਨੇ ਕਿਸਾਨਾਂ ਦੀ ਚਿੰਤਾ ਹੋਰ ਵਧਾ ਦਿੱਤੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਖੇਤੀਬਾੜੀ ਵਿਭਾਗ ਸਮਾਂ ਰਹਿੰਦੇ ਉਨ੍ਹਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਨਹੀਂ ਦਿੰਦਾ ਜਿਸ ਕਰਕੇ ਉਨ੍ਹਾਂ ਨੂੰ ਹਰ ਵਾਰ ਵੱਡਾ ਨੁਕਸਾਨ ਝੱਲਣਾ ਪੈਂਦਾ ਹੈ।

ਉਧਰ ਕਿਸਾਨ ਯੂਨੀਅਨ ਵੀ ਉਨ੍ਹਾਂ ਦੇ ਹੱਕ ਵਿੱਚ ਡਟ ਗਈ ਹੈ। ਕਿਸਾਨ ਆਗੂਆਂ ਮੁਤਾਬਕ ਹੁਣ ਤੱਕ ਭਾਵੇਂ ਤਿੰਨ ਪਿੰਡਾਂ ਦਾ 600 ਤੋਂ ਵੱਧ ਏਕੜ ਨਰਮਾ ਖਰਾਬ ਹੋ ਰਿਹਾ ਹੈ ਪਰ ਆਉਣ ਵਾਲੇ ਦਿਨਾਂ ਵਿਚ ਗਿਣਤੀ ਵਧ ਸਕਦੀ ਹੈ। ਇਸ ਲਈ ਕਿਸਾਨ ਯੂਨੀਅਨ ਨੇ ਉਨ੍ਹਾਂ ਕਿਸਾਨਾਂ ਲਈ ਮੁਆਵਜ਼ੇ ਦੀ ਮੰਗ ਕੀਤੀ, ਜਿਨ੍ਹਾਂ ਦੀ ਫਸਲ ਲਗਭਗ ਬਰਬਾਦ ਹੋ ਗਈ ਹੈ। ਇਸ ਮੌਕੇ ਕਿਸਾਨਾਂ ਨੇ ਕੋਈ ਢੁਕਵਾਂ ਹੱਲ ਨਾ ਹੋਣ ਦੀ ਸੂਰਤ ਵਿੱਚ ਤਿੰਨੇ ਪਿੰਡਾਂ ਵੱਲੋਂ ਇਕੱਠਾ ਸੰਘਰਸ਼ ਵਿੱਢਣ ਦੀ ਚਿਤਾਵਨੀ ਵੀ ਦਿੱਤੀ ਹੈ।

## ਕਿਸਾਨ ਮਸਲੇ: ਸ਼ਿਵ ਸੈਨਾ ਨੇ ਖੋਲ੍ਹੀ ਮੋਦੀ ਸਰਕਾਰ ਦੀ ਪੋਲ

**ਮੁੰਬਈ:** ਸ਼ਿਵ ਸੈਨਾ ਨੇ ਕਿਸਾਨਾਂ ਦੇ ਮੁੱਦੇ ਉਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਵਾਰ ਫਿਰ ਘੇਰਿਆ ਹੈ। ਮੋਦੀ 'ਤੇ ਵਾਰ ਕਰਦਿਆਂ ਸ਼ਿਵ ਸੈਨਾ ਨੇ ਅਖਬਾਰ 'ਸਾਮਨਾ' ਦੀ ਸੰਪਾਦਕੀ ਵਿਚ ਕਿਹਾ ਕਿ ਕਿਸਾਨਾਂ ਦੀ ਆਮਦਨ ਤਾਂ ਦੁੱਗਣੀ ਨਹੀਂ ਹੋਈ, ਪਰ ਕਿਸਾਨਾਂ ਦੀਆਂ ਖੁਦਕੁਸ਼ੀਆਂ ਜ਼ਰੂਰ ਦੁੱਗਣੀਆਂ ਹੋ ਗਈਆਂ ਹਨ। ਸ਼ਿਵ ਸੈਨਾ ਨੇ ਦਾਅਵਾ ਕੀਤਾ ਹੈ ਕਿ ਸਾਲ 2014 ਦੇ ਬਾਅਦ ਦੇਸ਼ ਵਿਚ ਹੁਣ ਤੱਕ ਤਕਰੀਬਨ 40 ਹਜ਼ਾਰ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ।

ਸ਼ਿਵ ਸੈਨਾ ਦੀ ਸੰਪਾਦਕੀ ਮੁਤਾਬਕ ਕਿਸਾਨਾਂ ਵੱਲੋਂ ਸਭ ਤੋਂ ਵੱਧ ਖੁਦਕੁਸ਼ੀਆਂ ਮਹਾਰਾਸ਼ਟਰ ਵਿਚ ਹੋਈਆਂ ਹਨ। ਕਿਸਾਨਾਂ ਦੀਆਂ ਖੁਦਕੁਸ਼ੀਆਂ ਵਧਣ ਦੇ ਕਾਰਨਾਂ ਸਬੰਧੀ ਮੋਦੀ ਸਰਕਾਰ ਵਾਰ-ਵਾਰ ਉਹੀ ਜੁਮਲੇ ਦੁਹਰਾ ਰਹੀ ਹੈ।

## ਕਿਸਾਨਾਂ ਨੂੰ ਅੱਠ ਦੀ ਬਜਾਏ ਛੇ ਘੰਟੇ ਮਿਲੀ ਬਿਜਲੀ

**ਪਟਿਆਲਾ:** ਝੋਨੇ ਦੀ ਲਵਾਈ ਵਾਸਤੇ ਕਿਸਾਨ ਧਿਰਾਂ 10 ਤੋਂ 12 ਘੰਟੇ ਬਿਜਲੀ ਸਪਲਾਈ ਦੀ ਮੰਗ ਕਰਦੀਆਂ ਆ ਰਹੀਆਂ ਹਨ ਪਰ ਸਰਕਾਰ ਦਾ ਅੱਠ ਘੰਟੇ ਬਿਜਲੀ ਸਪਲਾਈ ਦੇਣ ਦਾ ਵਾਅਦਾ ਹੈ। ਇਸ ਦੇ ਬਾਵਜੂਦ ਕਈ ਥਾਈਂ ਕਿਸਾਨਾਂ ਨੂੰ ਅੱਠ ਦੀ ਬਜਾਏ ਸਿਰਫ ਛੇ ਘੰਟੇ ਬਿਜਲੀ ਸਪਲਾਈ ਨਾਲ ਵੀ ਬੁੱਤਾ ਸਾਰਨਾ ਪੈ ਰਿਹਾ ਹੈ।

ਰੋਸ ਵਜੋਂ ਕਿਸਾਨ ਯੂਨੀਅਨ (ਡਕੌਂਦਾ) ਦੇ ਆਗੂਆਂ ਤੇ ਮੈਂਬਰਾਂ ਵੱਲੋਂ ਧਰਨਾ ਦਿੱਤਾ ਗਿਆ। ਕਿਸਾਨ ਯੂਨੀਅਨ (ਡਕੌਂਦਾ) ਦੇ ਸੂਬਾ ਜਨਰਲ ਸਕੱਤਰ ਜਗਮੋਹਣ ਸਿੰਘ ਉੱਪਲ ਨੇ ਦੱਸਿਆ ਕਿ ਯੂਨੀਅਨ ਦੀ ਲੀਡਰਸ਼ਿਪ ਨਾਲ ਹੋਈਆਂ ਮੀਟਿੰਗਾਂ ਦੌਰਾਨ ਅਧਿਕਾਰੀਆਂ ਨੇ ਵਾਅਦਾ ਵੀ ਕੀਤਾ ਸੀ ਕਿ ਜੇਕਰ ਕਿਸੇ ਕਾਰਨ ਕਦੇ ਘੱਟ ਬਿਜਲੀ ਸਪਲਾਈ ਦੇਣੀ ਪਈ ਤਾਂ ਅਗਲੇ ਦਿਨਾਂ ਵਿਚ ਵੱਧ ਬਿਜਲੀ ਦੇ ਕੇ ਇਸ ਦੀ ਪੂਰਤੀ ਕਰ ਦਿੱਤੀ ਜਾਵੇਗੀ, ਜਿਸ ਤੋਂ ਪਾਵਰਕੌਮ ਮੈਨੇਜਮੈਂਟ ਭੱਜ ਰਹੀ ਹੈ।

## ਹੁਣ ਪੰਚਾਇਤਾਂ ਸਿਰ ਪਵੇਗਾ ਜਲ ਸਪਲਾਈ ਦਾ ਭਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੀਆਂ ਪੇਂਡੂ ਖੇਤਰ ਦੀਆਂ ਜਲ ਸਪਲਾਈ ਯੋਜਨਾਵਾਂ ਦਾ ਸਾਰਾ ਭਾਰ ਗ੍ਰਾਮ ਪੰਚਾਇਤਾਂ ਸਿਰ ਪਾਉਣ ਦੀ ਤਿਆਰੀ ਕਰ ਲਈ ਹੈ। ਇਸ ਤਹਿਤ ਪਹਿਲੀ ਅਕਤੂਬਰ 2018 ਤੋਂ ਠੇਕਾ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ 25 ਫੀਸਦੀ ਹਿੱਸਾ ਪੰਚਾਇਤਾਂ ਨੂੰ ਤਾਰਨਾ ਪਵੇਗਾ ਅਤੇ 2021 ਵਿਚ ਸਰਕਾਰ ਠੇਕਾ ਮੁਲਾਜ਼ਮਾਂ ਦੀਆਂ ਪੂਰੀਆਂ ਤਨਖਾਹਾਂ ਦਾ ਬੋਝ ਪੰਚਾਇਤਾਂ ਸਿਰ ਪਾ ਦੇਵੇਗੀ।

ਸਰਕਾਰ ਵੱਲੋਂ ਲਏ ਫੈਸਲੇ ਤਹਿਤ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਚਲਦੀਆਂ ਜਲ ਸਪਲਾਈ ਸਕੀਮਾਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ। ਜਿਨ੍ਹਾਂ ਸਕੀਮਾਂ ਦੀ ਹਾਲਤ ਬਦਤਰ ਹੈ, ਉਨ੍ਹਾਂ ਸਕੀਮਾਂ ਉਪਰ ਸਰਕਾਰ ਉਸ ਵੇਲੇ ਤੱਕ ਕੋਈ ਪੈਸਾ ਨਹੀਂ ਖਰਚੇਗੀ ਜਦੋਂ ਤੱਕ ਸਬੰਧਤ ਪੰਚਾਇਤਾਂ ਇਹ ਸਕੀਮਾਂ ਆਪਣੇ ਕੋਲ ਲੈਣ ਦੇ ਮਤੇ ਪਾਸ ਨਹੀਂ ਕਰਨਗੀਆਂ। ਸਰਕਾਰ ਨੇ ਪੰਚਾਇਤਾਂ ਤੋਂ ਆਪਣੇ ਪਿੰਡਾਂ ਦੇ ਲੋਕਾਂ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਖੁਦ ਕਰਾਉਣ ਦਾ ਫੈਸਲਾ ਲਿਆ ਹੈ। ਇਸ ਤਹਿਤ ਸਰਕਾਰ ਵੱਲੋਂ ਇਕ ਵਾਰ ਜਲ ਸਪਲਾਈ ਸਕੀਮਾਂ ਨੂੰ ਚਾਲੂ ਕਰਕੇ ਪੰਚਾਇਤਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿਚ ਉਸ ਦੀ ਸਾਂਭ-ਸੰਭਾਲ ਅਤੇ ਆਮਦਨ ਦੇ ਸ੍ਰੋਤ ਪੈਦਾ ਕਰਨ ਸਮੇਤ ਖਰਚਿਆਂ ਦਾ ਪੂਰਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਪੰਚਾਇਤਾਂ ਦੀ ਹੀ ਹੋਵੇਗੀ।



ਸਰਕਾਰ ਵੱਲੋਂ ਇਸ ਫੈਸਲੇ ਨੂੰ ਭਾਵੇਂ ਅਗਸਤ 2018 ਤੋਂ ਲਾਗੂ ਕਰਨ ਲਈ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਹਨ, ਪਰ ਇਨ੍ਹਾਂ ਸਕੀਮਾਂ ਦਾ ਵਿੱਤੀ ਭਾਰ ਪਹਿਲੀ ਅਕਤੂਬਰ 2018 ਤੋਂ ਪੰਚਾਇਤਾਂ ਸਿਰ ਪੈਣ ਦੀ ਪ੍ਰਕਿਰਿਆ ਅਮਲ ਵਿਚ ਆ ਜਾਵੇਗੀ। ਸਰਕਾਰ ਨੇ ਆਪਣੇ ਹੁਕਮਾਂ ਵਿਚ ਸਾਫ ਕਰ ਦਿੱਤਾ ਹੈ ਕਿ ਪਹਿਲੀ ਅਕਤੂਬਰ 2018 ਤੋਂ ਠੇਕਾ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਖਰਚੇ ਦਾ 25 ਫੀਸਦੀ ਹਿੱਸਾ ਪੰਚਾਇਤਾਂ ਨੂੰ ਇਸ ਸਕੀਮ ਦੀ ਆਮਦਨ ਵਿਚੋਂ ਦੇਣਾ ਪਵੇਗਾ ਅਤੇ ਬਾਕੀ 75 ਫੀਸਦੀ ਖਰਚਾ ਸਰਕਾਰੀ ਖਜ਼ਾਨੇ ਵਿਚੋਂ ਦਿੱਤਾ ਜਾਵੇਗਾ। ਫਿਰ ਪਹਿਲੀ ਅਪਰੈਲ 2019 ਤੋਂ ਠੇਕਾ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਖਰਚੇ ਦਾ 50 ਫੀਸਦੀ ਹਿੱਸਾ ਪੰਚਾਇਤਾਂ ਨੂੰ ਅਦਾ ਕਰਨਾ ਪਵੇਗਾ।

## ਸੁਖਮਨੀ ਸਾਹਿਬ ਦੇ ਗੁਟਕੇ ਦੀ ਬੇਅਦਬੀ

**ਮੋਗਾ:** ਪਿੰਡ ਮੋਠਾਂਵਾਲੀ ਵਿਚ ਸੁਖਮਨੀ ਸਾਹਿਬ ਦੇ ਗੁਟਕੇ ਦੇ ਅੰਗਾਂ ਦੀ ਬੇਅਦਬੀ ਕੀਤੀ ਗਈ। ਬੇਅਦਬੀ ਕਾਰਨ ਪੈਦਾ ਹੋਏ ਤਣਾਅ ਕਰਕੇ ਪ੍ਰਸ਼ਾਸਨ ਨੇ ਵੱਡੀ ਗਿਣਤੀ ਵਿਚ ਪੁਲੀਸ ਤਾਇਨਾਤ ਕਰ ਦਿੱਤੀ। ਗੁਰਦੁਆਰਾ ਗੁਰੂ ਸਰ ਸਾਹਿਬ, ਮੋਠਾਂਵਾਲੀ ਦੇ ਪ੍ਰਧਾਨ ਸ਼ਾਮ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ਼ ਕੇਸ ਦਰਜ ਕਰ ਲਿਆ ਹੈ।

ਜਾਣਕਾਰੀ ਅਨੁਸਾਰ ਪਿੰਡ ਮੋਠਾਂਵਾਲੀ ਵਿਚ ਸਵੇਰੇ ਤਕਰੀਬਨ 4 ਵਜੇ ਸੰਗਤ ਗੁਰਦੁਆਰੇ ਆਉਣ ਲੱਗੀ ਤਾਂ ਗੁਰਦੁਆਰੇ ਦੇ ਮੁੱਖ ਦੁਆਰ ਨੇੜੇ ਇਕ ਘਰ ਤੇ ਦੁਕਾਨਾਂ ਅੱਗੇ ਸੁਖਮਨੀ ਸਾਹਿਬ ਦੇ ਗੁਟਕੇ ਦੇ ਅੰਗ ਮਿਲੇ। ਪਿੰਡ ਵਾਸੀਆਂ ਨੇ ਪੁਲਿਸ ਨੂੰ ਜਾਣਕਾਰੀ ਦਿੱਤੀ। ਇਸ ਘਟਨਾ ਤੋਂ ਤਣਾਅ ਦੇ ਮੱਦੇਨਜ਼ਰ ਪ੍ਰਸ਼ਾਸਨ ਨੇ ਵੱਡੀ ਗਿਣਤੀ ਵਿਚ ਪੁਲਿਸ ਤਾਇਨਾਤ ਕਰ ਦਿੱਤੀ ਹੈ।

# ਪੰਜਾਬ ਵਿਚ ਬੇਖੌਫ ਹੋਇਆ ਖਣਨ ਮਾਫੀਆ

**ਚੰਡੀਗੜ੍ਹ:** ਨੂਰਪੁਰ ਬੇਦੀ ਖੇਤਰ ਵਿਚ ਨਾਜਾਇਜ਼ ਖਣਨ (ਮਾਈਨਿੰਗ) ਰੁਕਵਾਉਣ ਗਏ ਆਮ ਆਦਮੀ ਪਾਰਟੀ ਦੇ ਹਲਕਾ ਰੂਪਨਗਰ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਉਤੇ ਰੇਤ ਮਾਫੀਆ ਵੱਲੋਂ ਕੀਤੇ ਹਮਲੇ ਨੇ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਉਤੇ ਮੁੜ ਸਵਾਲ ਚੁੱਕੇ ਹਨ। ਇਹ ਵਿਧਾਇਕ ਸਤਲੁਜ ਦਰਿਆ 'ਚ ਆਪਣੇ ਸਮਰਥਕਾਂ ਸਹਿਤ ਮਾਈਨਿੰਗ ਗਤੀਵਿਧੀਆਂ ਦਾ ਜਾਇਜ਼ਾ ਲੈਣ ਪਹੁੰਚਿਆ ਸੀ।

ਵਿਧਾਇਕ 'ਤੇ ਮਾਫੀਆ ਵੱਲੋਂ ਲਾਠੀਆਂ ਤੇ ਹੋਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਗਿਆ। ਇਸ ਹਮਲੇ 'ਚ ਗੰਭੀਰ ਜ਼ਖਮੀ ਹੋਏ ਵਿਧਾਇਕ ਸੰਦੋਆ ਨੂੰ ਪੀ.ਜੀ.ਆਈ. ਚੰਡੀਗੜ੍ਹ ਦਾਖਲ ਕਰਵਾਉਣਾ ਪਿਆ। ਇਸ ਘਟਨਾ ਤੋਂ ਦੋ ਦਿਨ ਪਹਿਲਾਂ ਨਾਜਾਇਜ਼ ਕਬਜ਼ੇ ਹਟਵਾਉਣ ਗਈ ਜੰਗਲਾਤ ਵਿਭਾਗ ਦੀ ਟੀਮ ਉਤੇ ਹਮਲਾ ਕਰ ਦਿੱਤਾ ਗਿਆ ਸੀ। ਪਰ ਪ੍ਰਸ਼ਾਸਨ ਨੇ ਕੋਈ ਕਾਰਵਾਈ ਕਰਨ ਦੀ ਥਾਂ ਉਸ ਘਟਨਾ ਉਤੇ ਮਿੱਟੀ ਪਾ ਦਿੱਤੀ।

ਹੁਣ ਸੰਦੋਆ ਹਮਲੇ ਵਾਲੇ ਮਾਮਲੇ ਵਿਚ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਮਾਈਨਿੰਗ ਜਾਇਜ਼ ਢੰਗ ਨਾਲ ਕੀਤੀ ਜਾ ਰਹੀ ਸੀ। ਦੱਸ ਦਈਏ ਕਿ ਸੱਤਾ ਬਦਲਦਿਆਂ ਹੀ ਨਵੀਂ ਸਰਕਾਰ ਨੇ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਦਿੱਤੇ ਖਣਨ ਠੇਕੇ ਤੁਰਤ ਰੱਦ ਕਰ ਦਿੱਤੇ ਤੇ ਦਾਅਵਾ ਕੀਤਾ ਸੀ ਕਿ ਸਰਕਾਰੀ ਖਜ਼ਾਨੇ ਨੂੰ ਹੋ ਰਹੇ ਨੁਕਸਾਨ ਤੇ ਲੋਕਾਂ ਨੂੰ ਸਸਤੀ ਰੇਤ ਦੇਣ ਦੇ ਮਕਸਦ ਨਾਲ ਇਹ ਕੀਤਾ ਗਿਆ ਹੈ ਪਰ ਹੋਇਆ ਇਸ ਤੋਂ ਉਲਟ।

ਕਾਂਗਰਸ ਦੇ ਆਪਣੇ ਮੰਤਰੀ ਖਣਨ ਦੇ ਠੇਕੇ ਗਲਤ ਤਰੀਕੇ ਨਾਲ ਲੈਣ ਦੇ ਵਿਵਾਦ ਵਿਚ ਘਿਰ ਗਏ। ਇਥੋਂ ਤੱਕ ਕਿ ਇਕ ਮੰਤਰੀ ਨੂੰ ਅਸਤੀਫਾ ਦੇਣਾ ਪਿਆ। ਰੂਪਨਗਰ ਦੇ ਵਿਧਾਇਕ ਉਤੇ ਹੋਏ ਹਮਲੇ ਨੇ 'ਆਪ' ਲੀਡਰ ਦੇ ਨਾਲ-ਨਾਲ ਹਮਲਾਵਰਾਂ ਦੇ ਆਪਸੀ ਪੁਰਾਣੇ ਕਾਰੋਬਾਰੀ ਅਤੇ






ਸਿਆਸੀ ਸਬੰਧਾਂ ਦਾ ਚਿੱਠਾ ਵੀ ਖੋਲ੍ਹ ਦਿੱਤਾ ਹੈ ਅਤੇ ਸਬੰਧਾਂ ਦੀ ਇਹ ਲੜੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਵੀ ਜਾ ਜੁੜਦੀ ਹੈ। ਇਸ ਮਸਲੇ ਬਾਰੇ ਨਸ਼ਰ ਹੋਈ ਵੀਡੀਓ ਵਿਚ ਜਿਸ ਵਕਤ ਵਿਧਾਇਕ ਦੀ ਕੁੱਟਮਾਰ ਹੋ ਰਹੀ ਸੀ, ਉਦੋਂ ਹਮਲਾਵਰ ਅਤੇ ਵਿਧਾਇਕ ਦਾ ਸਾਥੀ ਮੰਗੇ ਗਏ ਪੈਸਿਆਂ ਬਾਰੇ ਬਹਿਸ ਰਹੇ ਸਨ।

ਦੱਸ ਦਈਏ ਕਿ ਮਾਈਨਿੰਗ ਮਾਫੀਆ ਦੀਆਂ ਗਤੀਵਿਧੀਆਂ ਦਾ ਪਤਾ ਚੱਲਣ 'ਤੇ ਵਿਧਾਇਕ ਸੰਦੋਆ ਆਪਣੇ ਸਮਰਥਕਾਂ ਤੇ ਮੀਡੀਆ ਕਰਮੀਆਂ ਨੂੰ ਨਾਲ ਲੈ ਕੇ ਬੇਈਹਾਰਾ ਖੱਡ 'ਚ ਪਹੁੰਚੇ। ਜਦੋਂ ਇਸ ਦੀ ਭਿਣਕ ਖਣਨ ਕਾਰਿੰਦਿਆਂ ਨੂੰ ਲੱਗੀ ਤਾਂ ਉਨ੍ਹਾਂ ਇਸ ਸਬੰਧੀ ਆਪਣੇ ਮਾਲਕਾਂ ਨੂੰ ਇਤਲਾਹ ਦਿੱਤੀ ਤੇ ਦਰਜਨ ਭਰ ਵਿਅਕਤੀਆਂ ਨੇ ਵਿਧਾਇਕ ਤੇ ਉਨ੍ਹਾਂ ਦੇ ਸਾਥੀਆਂ ਉਤੇ ਹਮਲਾ ਬੋਲ ਦਿੱਤਾ। ਇਸ ਦੌਰਾਨ, ਵਿਧਾਇਕ ਦੀ ਪੱਗ ਵੀ ਲੱਥ ਗਈ। ਭਾਵੇਂ ਉਨ੍ਹਾਂ ਦੇ ਗੰਨਮੈਨ ਨੇ ਹੌਸਲਾ ਦਿਖਾਉਂਦੇ ਹੋਏ ਹਮਲਾਵਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਹਮਲਾਵਰਾਂ ਨੇ ਇਕੱਲੇ ਗੰਨਮੈਨ ਦੀ ਪੇਸ਼ ਨਾ ਜਾਣ ਦਿੱਤੀ ਤੇ ਮਾਰਕੁੱਟ ਕਰ ਕੇ ਉਸ ਨੂੰ ਵੀ ਜ਼ਖ਼ਮੀ ਕਰ ਦਿੱਤਾ। ਇਸ ਤੋਂ ਇਲਾਵਾ ਹਮਲਾਵਰਾਂ ਨੇ ਵਿਧਾਇਕ ਦੇ ਪੀ.ਏ. ਨੂੰ ਬੁਰੀ ਤਰ੍ਹਾਂ ਕੁੱਟਿਆ। ਕੁਝ ਦਿਨ ਪਹਿਲਾਂ ਸ੍ਰੀ ਸੰਦੋਆ ਵੱਲੋਂ ਸਤਲੁਜ ਦਰਿਆ 'ਚ ਛਾਪਾ ਮਾਰ ਕੇ ਦਰਜਨ ਦੇ ਕਰੀਬ ਜੇ.ਸੀ.ਬੀ. ਮਸ਼ੀਨਾਂ ਤੇ ਟਿੱਪਰਾਂ ਨੂੰ ਕਾਬੂ ਕਰ ਕੇ ਪੁਲਿਸ ਪ੍ਰਸ਼ਾਸਨ ਹਵਾਲੇ ਕੀਤਾ ਸੀ। ਇਸ ਦੌਰਾਨ ਸ੍ਰੀ ਸੰਦੋਆ ਨੇ ਪੁਲਿਸ ਉਤੇ ਢਿੱਲੀ ਕਾਰਗੁਜ਼ਾਰੀ ਦਿਖਾਉਣ ਦਾ ਦੋਸ਼ ਲਾਇਆ ਸੀ। ਹਮਲਾਵਰਾਂ 'ਚੋਂ ਕੁਝ ਉਤੇ ਕਤਲ ਤੇ ਇਰਾਦਾ ਕਤਲ ਸਹਿਤ ਦਰਜਨ-ਦਰਜਨ ਦੇ ਕਰੀਬ ਅਪਰਾਧਿਕ ਮਾਮਲੇ ਦਰਜ ਹਨ।

ਹਮਲਾਵਰਾਂ ਵੱਲੋਂ ਮੀਡੀਆ ਕਰਮੀਆਂ ਤੋਂ ਫੁਟੇਜ ਨੂੰ ਡਿਲੀਟ ਕਰਨ ਤੇ ਸਮੁੱਚਾ ਰਿਕਾਰਡ ਨਸ਼ਟ ਕਰਨ ਨੂੰ ਲੈ ਕੇ ਕਾਫੀ ਦਬਾਅ ਪਾਇਆ ਗਿਆ। ਇਥੋਂ ਤੱਕ ਕੇ ਉਨ੍ਹਾਂ ਨੂੰ ਡਰਾ-ਧਮਕਾ ਕੇ ਕੈਮਰੇ ਖੋਹਣ ਦਾ ਵੀ ਯਤਨ ਕੀਤਾ ਗਿਆ। ਘਟਨਾ ਲਈ ਜ਼ਿੰਮੇਵਾਰ ਪੰਜ ਵਿਅਕਤੀਆਂ 'ਚ ਸ਼ਾਮਲ ਅਜਵਿੰਦਰ ਸਿੰਘ, ਮਨਜੀਤ ਸਿੰਘ, ਅਮਰਜੀਤ ਸਿੰਘ, ਕੁਲਵਿੰਦਰ ਸਿੰਘ ਗੋਲਡੀ ਵਾਸੀ ਬੇਈਹਾਰਾ ਤੇ ਬਚਿੱਤਰ ਸਿੰਘ ਵਾਸੀ ਭਾਓਵਾਲ ਸਹਿਤ ਦਰਜਨ ਭਰ ਅਣਪਛਾਤੇ ਹਮਲਾਵਰਾਂ ਖਿਲਾਫ਼ ਇਰਾਦਾ ਕਤਲ ਸਮੇਤ ਕਈ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਵਿਧਾਨ ਸਭਾ ਚੋਣਾਂ ਵਿਚ ਰੇਤ ਮਾਫੀਆ ਸਭ ਤੋਂ ਵੱਡਾ ਮੁੱਦਾ ਸੀ ਪਰ ਡੇਢ ਸਾਲ ਲੰਘ ਗਿਆ ਹੈ, ਅਕਾਲੀ ਅਜੇ ਤੱਕ ਰੇਤ ਅਤੇ ਨਸ਼ਿਆਂ ਦੇ ਮੁੱਦਿਆਂ 'ਤੇ ਸਰਕਾਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਣ ਦਾ ਹੌਸਲਾ ਨਹੀਂ ਕਰ ਸਕੇ ਹਨ।

# ਬੇਦਖਲ ਜਿਉੜਿਆਂ ਦਾ ਦਿੱਲੀ ਮਹਾਂ ਮਾਰਚ

*ਦਿਹਾਤੀ ਮਸਲਿਆਂ ਬਾਰੇ ਪੱਤਰਕਾਰੀ ਲਈ ਮਸ਼ਹੂਰ ਪੀ. ਸਾਈਨਾਥ 'ਪੀਪਲ'ਜ਼ ਆਰਕਾਈਵ ਆਫ ਰੂਰਲ ਇੰਡੀਆ' ਦੇ ਮੋਢੀ-ਸੰਪਾਦਕ ਹਨ। ਉਹ ਕਈ ਦਹਾਕਿਆਂ ਤੋਂ ਦਿਹਾਤੀ ਭਾਰਤ ਨੂੰ ਪਾਠਕਾਂ ਦੇ ਰੂ-ਬ-ਰੂ ਕਰਵਾ ਰਹੇ ਹਨ। ਨੋਬੇਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੇ ਉਨ੍ਹਾਂ ਨੂੰ ਕਾਲ ਅਤੇ ਭੁੱਖਮਰੀ ਬਾਰੇ ਸੰਸਾਰ ਦੇ ਮਹਾਂ ਮਾਹਿਰਾਂ ਵਿਚ ਸ਼ੁਮਾਰ ਕੀਤਾ ਹੈ। ਆਪਣੇ ਇਸ ਲੇਖ ਵਿਚ ਉਨ੍ਹਾਂ ਅਜਿਹੇ ਵਿਰਾਟ ਜਮਹੂਰੀ ਰੋਸ ਵਿਖਾਵੇ ਦੀ ਕਲਪਨਾ ਕੀਤੀ ਹੈ ਜਿਸ ਵਿਚ ਲੱਖਾਂ ਕਿਸਾਨ, ਮਜ਼ਦੂਰ ਅਤੇ ਹੋਰ ਜਿਊੜੇ ਦਿੱਲੀ ਵੱਲ ਮਾਰਚ ਕਰਨ ਅਤੇ ਦਿਹਾਤ ਵਿਚ ਵਿਸਫੋਟ ਦੀ ਹੱਦ ਤੱਕ ਗੰਭੀਰ ਹੋ ਚੁੱਕੇ ਸੰਕਟ ਬਾਰੇ ਸੰਸਦ ਵਿਚ ਬਹਿਸ ਲਈ ਤਿੰਨ ਹਫ਼ਤੇ ਚੱਲਣ ਵਾਲੇ ਵਿਸ਼ੇਸ਼ ਸੈਸ਼ਨ ਲਈ ਦਬਾਅ ਬਣਾਉਣ। ਅੰਗਰੇਜ਼ੀ ਵਿਚ ਲਿਖੇ ਇਸ ਲੇਖ ਦਾ ਅਨੁਵਾਦ ਜਸਵੀਰ ਸਮਰ ਨੇ ਕੀਤਾ ਹੈ। -ਸੰਪਾਦਕ*



**ਪੀ. ਸਾਈਨਾਥ**

ਭਾਰਤ ਦਾ ਖੇਤੀ ਸੰਕਟ ਹੁਣ ਖੇਤੀ ਤੋਂ ਬਹੁਤ ਅਗਾਂਹ ਚਲਾ ਗਿਆ ਹੈ। ਇਹ ਸਾਡੇ ਸਮਾਜ ਦਾ ਸੰਕਟ ਹੈ। ਇਹ ਤਾਂ ਸਗੋਂ ਸਭਿਅਤਾ ਦਾ ਸੰਕਟ ਵੀ ਹੋ ਸਕਦਾ ਹੈ, ਜਿਸ ਵਿਚ ਸ਼ਾਇਦ ਇਸ ਧਰਤੀ ਉਤਲੇ ਛੋਟੇ ਕਿਸਾਨਾਂ ਤੇ ਮਜ਼ਦੂਰਾਂ ਦੀ ਸਭ ਤੋਂ ਵੱਡੀ ਗਿਣਤੀ ਆਪਣਾ ਰਿਜ਼ਕ/ਰੁਜ਼ਗਾਰ ਬਚਾਉਣ ਖਾਤਿਰ ਜੂਝ ਰਹੀ ਹੈ। ਖੇਤੀ ਸੰਕਟ ਹੁਣ ਮਹਿਜ਼ ਜ਼ਮੀਨ ਖੁੱਸਣ ਤੱਕ ਸੀਮਤ ਨਹੀਂ। ਨਾ ਹੀ ਇਹ ਮਨੁੱਖੀ ਜਿੰਦੜੀਆਂ ਖਤਮ ਹੋਣ, ਰੁਜ਼ਗਾਰ ਜਾਂ ਪੈਦਾਵਾਰ ਦਾ ਨੁਕਸਾਨ ਹੈ। ਇਹ ਤਾਂ ਸਾਡੀ ਨਾਸ ਹੋ ਚੁੱਕੀ ਮਨੁੱਖਤਾ ਦਾ ਸੋਗੀ ਗੀਤ ਹੈ; ਸਾਡੀ ਮਨੁੱਖਤਾ ਅਤੇ ਦਿਆਲਤਾ ਦੀਆਂ ਹੱਦਾਂ ਸੁੰਗੜ ਜਾਣ ਦਾ ਮਰਸੀਆ ਹੈ। ਅਸੀਂ ਪਿਛਲੇ ਵੀਹ ਵਰ੍ਹਿਆਂ ਦੌਰਾਨ ਇਨ੍ਹਾਂ ਬੇਦਖਲ ਜਿਊੜਿਆਂ ਦੇ ਨਿਤ ਦਿਨ ਡੂੰਘੇ ਹੁੰਦੇ ਜਾ ਰਹੇ ਸੰਤਾਪ ਅਤੇ ਦੁਰਦਸ਼ਾ ਨੂੰ ਦੇਖ ਰਹੇ ਹਾਂ। ਇਨ੍ਹਾਂ ਵਿਚ ਤਿੰਨ ਲੱਖ ਤੋਂ ਉਪਰ ਕਿਸਾਨ ਹਨ ਜੋ ਖੁਦਕੁਸ਼ੀ ਕਰ ਚੁੱਕੇ ਹਨ। ਇਸ ਦੌਰਾਨ ਕੁਝ 'ਉਘੇ ਅਰਥ ਸ਼ਾਸਤਰੀਆਂ' ਨੇ ਸਾਡੇ ਆਲੇ ਦੁਆਲੇ ਮੰਡਰਾ ਰਹੇ ਇਨ੍ਹਾਂ ਬੇਅੰਤ ਦੁੱਖ-ਤਕਲੀਫ਼ਾਂ ਨੂੰ ਤੁਛ ਦੱਸਿਆ, ਇਥੋਂ ਤਕ ਕਿ ਅਜਿਹਾ ਕੋਈ ਸੰਕਟ ਹੋਣ ਤੋਂ ਵੀ ਕੋਰੀ ਨਾਂਹ ਕੀਤੀ ਹੈ।

ਕੌਮੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਨੇ ਪਿਛਲੇ ਦੋ ਵਰ੍ਹਿਆਂ ਤੋਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਬਾਰੇ ਅੰਕੜੇ ਨਹੀਂ ਛਾਪੇ। ਇਸ ਤੋਂ ਕੁਝ ਵਰ੍ਹੇ ਪਹਿਲਾਂ, ਕਈ ਅਹਿਮ ਸੂਬਿਆਂ ਨੇ ਬਿਊਰੋ ਦੇ ਅੰਦਾਜ਼ਿਆਂ ਨੂੰ ਬੁਰੀ ਤਰ੍ਹਾਂ ਤੋੜ-ਮਰੋੜ ਕੇ ਫ਼ਰੇਬੀ ਅੰਕੜੇ ਪੇਸ਼ ਕੀਤੇ। ਮਸਲਨ, ਛੱਤੀਸਗੜ੍ਹ ਤੇ ਪੱਛਮੀ ਬੰਗਾਲ ਅਤੇ ਕੁਝ ਹੋਰਾਂ ਨੇ ਦਾਅਵਾ ਕੀਤਾ ਕਿ ਉਥੇ ਕੋਈ ਕਿਸਾਨ ਖੁਦਕੁਸ਼ੀ ਨਹੀਂ ਹੋਈ। 2014 ਵਿਚ 12 ਸੂਬਿਆਂ ਅਤੇ 6 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਵੀ ਇਹੀ ਦਾਅਵਾ ਕੀਤਾ। ਬਿਊਰੋ ਦੀਆਂ 2014 ਅਤੇ 2015 ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਅੰਕੜੇ ਘਟਾ ਕੇ ਦੱਸਣ ਦੇ ਇਰਾਦੇ ਨਾਲ ਕਾਰਜਵਿਧੀ ਵਿਚ ਵੱਡੀ ਪੱਧਰ 'ਤੇ, ਨਿਰਲੱਜ ਤਰੁੱਟੀਆਂ ਰੱਖ ਕੇ ਛਲ ਕੀਤਾ ਗਿਆ।... ਅੰਕਿੜਆਂ ਦੀ ਇਹ ਗਿਣਤੀ ਫਿਰ ਵੀ ਵਧ ਰਹੀ ਹੈ।

ਇਸ ਦੌਰਾਨ ਕਿਸਾਨਾਂ ਅਤੇ ਮਜ਼ਦੂਰਾਂ ਦੇ ਰੋਸ ਵਿਖਾਵੇ ਲਗਾਤਾਰ ਵਧ ਅਤੇ ਪ੍ਰਚੰਡ ਹੋ ਰਹੇ ਹਨ। ਮੱਧ ਪ੍ਰਦੇਸ਼ ਵਿਚ ਕਿਸਾਨ ਗੋਲੀ ਨਾਲ ਮਾਰ ਸੁੱਟੇ। ਮਹਾਂਰਾਸ਼ਟਰ ਵਿਚ ਉਨ੍ਹਾਂ ਨੂੰ ਟਿਚ ਜਾਣਿਆ ਅਤੇ ਸਮਝੌਤਿਆਂ ਵਿਚ ਧੋਖਾਧੜੀ ਕੀਤੀ। ਜਿਧਰ ਦੇਖੋ, ਹਰ ਪਾਸੇ ਨੋਟਬੰਦੀ ਦੇ ਝੰਬੇ ਜਿਊੜੇ ਦਿਸਦੇ ਹਨ। ਦਿਹਾਤ ਵਿਚ ਰੋਸ, ਰੋਹ, ਦਰਦ ਤੇ ਬੇਚੈਨੀ ਵਧ ਰਹੀ ਹੈ। ਇਹ ਸਿਰਫ਼ ਕਿਸਾਨਾਂ ਵਿਚ ਹੀ ਨਹੀਂ ਹੋ ਰਿਹਾ ਸਗੋਂ ਮਜ਼ਦੂਰਾਂ ਅੰਦਰ ਵੀ ਹੈ ਜਿਨ੍ਹਾਂ ਨੂੰ ਜਾਪਦਾ ਹੈ ਕਿ ਸਾਜ਼ਿਸ਼ ਤਹਿਤ 'ਮਨਰੇਗਾ' ਨੂੰ ਸਮੇਟਿਆ ਜਾ ਰਿਹਾ ਹੈ: ਇਨ੍ਹਾਂ ਵਿਚ ਮਛੇਰੇ, ਜੰਗਲ ਵਾਲੇ ਭਾਈਚਾਰੇ, ਦਸਤਕਾਰ, ਸ਼ੋਸ਼ਿਤ ਹੋ ਰਹੇ ਆਂਗਨਵਾੜੀ ਕਾਮੇ ਸ਼ਾਮਿਲ ਹਨ; ਇਨ੍ਹਾਂ ਵਿਚ ਉਹ ਲੋਕ ਸ਼ਾਮਿਲ ਹਨ ਜਿਹੜੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਭੇਜਦੇ ਹਨ ਤੇ ਉਥੇ ਉਨ੍ਹਾਂ ਨੂੰ ਇਲਮ ਹੁੰਦਾ ਹੈ ਕਿ ਸਰਕਾਰ ਤਾਂ ਆਪਣੇ ਸਕੂਲ ਖੁਦ ਤਬਾਹ ਕਰ ਰਹੀ ਹੈ; ਇਨ੍ਹਾਂ ਵਿਚ ਉਹ ਛੋਟੇ ਸਰਕਾਰੀ ਮੁਲਾਜ਼ਮ ਅਤੇ ਟਰਾਂਸਪੋਰਟ ਤੇ ਸਰਕਾਰੀ ਖੇਤਰ ਨਾਲ ਸਬੰਧਤ ਕਾਮੇ ਵੀ ਸ਼ਾਮਿਲ ਹਨ ਜਿਨ੍ਹਾਂ ਦੇ ਰਿਜ਼ਕ/ਰੁਜ਼ਗਾਰ ਉਤੇ ਸਦਾ ਤਲਵਾਰ ਲਟਕੀ ਰਹਿੰਦੀ ਹੈ।

ਦਿਹਾਤ ਦਾ ਇਹ ਸੰਕਟ ਸਿਰਫ਼ ਦਿਹਾਤ ਤੱਕ ਹੀ ਸੀਮਤ ਨਹੀਂ ਹੈ। ਅਧਿਐਨ ਦੱਸਦੇ ਹਨ ਕਿ 2013-14 ਅਤੇ 2015-16 ਦੇ ਵਿਚਕਾਰ ਮੁਲਕ ਅੰਦਰ ਰੁਜ਼ਗਾਰ ਵਿਚ ਅਸੀਮ ਗਿਰਾਵਟ ਆਈ ਹੈ। 2011 ਦੀ ਮਰਦਮਸ਼ੁਮਾਰੀ ਨੇ ਆਜ਼ਾਦ ਭਾਰਤ ਵਿਚ ਸ਼ਾਇਦ ਸਭ ਤੋਂ ਵੱਡੀ ਹਿਜਰਤ ਬਾਰੇ ਸੰਕੇਤ ਛੱਡੇ ਜਿਸ ਦਾ ਸਬਬ ਤੰਗੀਆਂ-ਤੁਰਸ਼ੀਆਂ ਸਨ। ਗ਼ੁਰਬਤ ਨਾਲ ਨਪੀੜੇ ਲੱਖਾਂ ਲੋਕਾਂ ਨੇ ਆਪੋ-ਆਪਣੇ ਪਿੰਡਾਂ ਅੰਦਰ ਰਿਜ਼ਕ/ਰੁਜ਼ਗਾਰ ਨਾ ਹੋਣ ਕਾਰਨ ਦੂਜੇ ਪਿੰਡਾਂ, ਦਿਹਾਤੀ ਕਸਬਿਆਂ, ਸ਼ਹਿਰੀ ਰਿਹਾਇਸ਼ਾਂ, ਵੱਡੇ ਸ਼ਹਿਰਾਂ ਵੱਲ ਵਹੀਰਾਂ ਘੱਤ ਲਈਆਂ। 2011 ਵਾਲੀ ਮਰਦਮਸ਼ੁਮਾਰੀ ਵਿਚ 1991 ਦੇ ਮੁਕਾਬਲੇ ਤਕਰੀਬਨ 15 ਮਿਲੀਅਨ (ਡੇਢ ਕਰੋੜ) ਘੱਟ ਕਿਸਾਨ (ਮੁੱਖ ਰੂਪ ਵਿਚ ਕਾਸ਼ਤਕਾਰ) ਦਰਜ ਹੋਏ। ਤੇ ਹੁਣ ਹਾਲ ਇਹ ਹੈ ਕਿ ਕਿਸੇ ਵੇਲੇ ਮਾਣਮੱਤੇ ਰਹੇ ਇਨ੍ਹਾਂ ਅੰਨਦਾਤਿਆਂ ਵਿਚੋਂ ਬਹੁਤੇ ਘਰੇਲੂ ਨੌਕਰ ਬਣ ਕੇ ਕੰਮ ਕਰ ਰਹੇ ਹਨ। ਹੁਣ ਸ਼ਹਿਰੀ ਅਤੇ ਦਿਹਾਤੀ ਪਤਵੰਤੇ (ਉਚ) ਵਰਗ ਵੱਲੋਂ ਇਨ੍ਹਾਂ ਗ਼ੁਰਬਤ ਮਾਰੇ ਲੋਕਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਸਰਕਾਰ ਨੇ ਆਪਣੇ ਕੰਨ ਉਕਾ ਹੀ ਬੰਦ ਕੀਤੇ ਹੋਏ ਹਨ। ਖਬਰੀ ਮੀਡੀਆ ਦਾ ਵਿਹਾਰ ਵੀ ਇਹੀ ਹੈ। ਮੀਡੀਆ ਜਦੋਂ ਇਨ੍ਹਾਂ ਮਸਲਿਆਂ ਉਤੇ ਬੱਸ ਸਰਸਰੀ ਜਿਹੀ ਨਿਗ੍ਹਾ ਮਾਰਦਾ ਹੈ, ਤਾਂ ਇਹ ਮਸਲੇ ਮਹਿਜ਼ 'ਕਰਜ਼ਾ ਮੁਆਫ਼ੀ' ਦੀਆਂ ਮੰਗਾਂ ਤੱਕ ਸੁੰਗੜ ਜਾਂਦੇ ਹਨ। ਹਾਲ ਹੀ ਵਿਚ, ਇਨ੍ਹਾਂ ਨੇ ਕਿਸਾਨਾਂ ਦੀ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਮੰਗ (ਪੈਦਾਵਾਰ ਲਾਗਤ + 50 ਫ਼ੀਸਦ) ਬਾਰੇ ਗੱਲ ਤੋਰੀ ਪਰ ਮੀਡੀਆ ਨੇ ਸਰਕਾਰ ਦੇ ਇਸ ਦਾਅਵੇ ਨੂੰ ਚੁਣੌਤੀ ਨਹੀਂ ਦਿੱਤੀ ਕਿ ਇਹ ਮੰਗ ਪਹਿਲਾਂ ਹੀ ਲਾਗੂ ਹੋ ਚੁੱਕੀ ਹੈ। ਨਾ ਹੀ ਇਨ੍ਹਾਂ ਨੇ ਇਹ ਜ਼ਿਕਰ ਛੇੜਿਆ ਕਿ ਕਿਸਾਨਾਂ ਬਾਰੇ ਕੌਮੀ ਕਮਿਸ਼ਨ (ਐਨ.ਸੀ.ਐਫ. ਜੋ ਸਵਾਮੀਨਾਥਨ ਕਮਿਸ਼ਨ ਵਜੋਂ ਮਸ਼ਹੂਰ ਹੈ) ਨੇ ਇੰਨੇ ਹੀ ਗੰਭੀਰ, ਹੋਰ ਵੀ ਬਹੁਤ ਸਾਰੇ ਮੁੱਦੇ ਉਭਾਰੇ ਹਨ। ਕਮਿਸ਼ਨ ਦੀਆਂ ਕੁਝ ਰਿਪੋਰਟਾਂ 12 ਸਾਲ ਬਿਨਾਂ ਬਹਿਸ, ਸੰਸਦ ਵਿਚ ਪਈਆਂ ਧੂੜ ਫੱਕਦੀਆਂ ਰਹੀਆਂ। ਇਹੀ ਨਹੀਂ, ਮੀਡੀਆ ਨੇ ਕਰਜ਼ਾ ਮੁਆਫ਼ੀ ਵਾਲੀਆਂ ਅਪੀਲਾਂ-ਦਲੀਲਾਂ ਦੇ ਬਰਖਿਲਾਫ਼ ਖਬਰਾਂ ਨਸ਼ਰ ਕਰਦਿਆਂ ਕਾਰਪੋਰੇਟਾਂ ਅਤੇ ਵੱਡੇ ਕਾਰੋਬਾਰੀਆਂ ਦੇ ਖਾਤਿਆਂ ਦਾ ਜ਼ਿਕਰ ਤੱਕ ਨਹੀਂ ਕੀਤਾ ਜੋ ਥੋਕ ਵਿਚ ਵੱਟੇ ਖਾਤੇ ਪਾ ਦਿੱਤੇ ਗਏ, ਜਿਨ੍ਹਾਂ ਕਰਕੇ ਬੈਂਕਾਂ ਦਾ ਬੇੜਾ ਡੁੱਬ ਗਿਆ।

ਹੁਣ ਸ਼ਾਇਦ ਬਹੁਤ ਵੱਡੇ ਪੱਧਰ ਉਤੇ, ਜਮਹੂਰੀ ਰੋਸ ਵਿਖਾਵਾ ਕਰਨ ਦਾ ਵਕਤ ਆ ਗਿਆ ਹੈ; ਇਸ ਦੇ ਨਾਲ ਹੀ ਇਸ ਸੰਕਟ ਅਤੇ ਇਸ ਨਾਲ ਜੁੜੇ ਹੋਰ ਮਸਲਿਆਂ ਬਾਰੇ ਵਿਚਾਰ-ਵਟਾਂਦਰੇ ਲਈ ਸੰਸਦ ਦਾ ਤਿੰਨ ਹਫ਼ਤਿਆਂ ਦਾ ਵਿਸ਼ੇਸ਼ ਸੈਸ਼ਨ ਸੱਦਣ ਦੀ ਮੰਗ ਵੀ ਕੀਤੀ ਜਾਵੇ। ਸੰਸਦ ਦਾ ਇਹ ਸੈਸ਼ਨ ਕਿਹੜੇ ਸਿਧਾਂਤਾਂ ਉਤੇ ਆਧਾਰਿਤ ਹੋਵੇਗਾ? ਭਾਰਤੀ ਸੰਵਿਧਾਨ ਉਤੇ; ਖਾਸ ਕਰਕੇ ਇਸ ਦੇ ਸਭ ਤੋਂ ਅਹਿਮ 'ਰਾਜ ਵੱਲੋਂ ਨਿਰਧਾਰਿਤ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ' ਮੁਤਾਬਿਕ। ਇਹ ਅਧਿਆਇ "ਆਮਦਨ ਵਿਚ ਨਾਬਰਾਬਰੀ ਘਟਾਉਣ" ਅਤੇ "ਰੁਤਬੇ, ਸਹੂਲਤਾਂ, ਮੌਕਿਆਂ ਵਿਚ ਨਾਬਰਾਬਰੀ ਦੇ ਖਤਮੇ ਲਈ ਹੰਭਲਾ ਮਾਰਨ" ਦੀ ਗੱਲ ਕਰਦਾ ਹੈ। ਇਹ ਸਿਧਾਂਤ ਅਜਿਹੇ "ਸਮਾਜਕ ਪ੍ਰਬੰਧ ਦਾ ਹੋਕਾ ਦਿੰਦੇ ਹਨ ਜਿਸ ਦੀਆਂ ਸਭ ਸੰਸਥਾਵਾਂ ਵਿਚ ਹਰ ਕਾਰਜ ਸਮਾਜਿਕ, ਆਰਥਿਕ ਤੇ ਸਿਆਸੀ ਨਿਆਂ ਦੇ ਸਿਧਾਂਤ ਤੋਂ ਪ੍ਰੇਰਿਤ ਹੋਵੇਗਾ।"

ਕੰਮ ਕਰਨ, ਵਿਦਿਆ ਹਾਸਲ ਕਰਨ, ਸਮਾਜਿਕ ਸੁਰੱਖਿਆ ਦਾ ਅਧਿਕਾਰ ਹੋਵੇ। ਪੋਸ਼ਣ ਅਤੇ ਸਿਹਤ ਦਾ ਪੱਧਰ ਉਚਾ ਉਠਾਇਆ ਜਾਵੇ। ਬਿਹਤਰ ਰਹਿਣ-ਸਹਿਣ ਦਾ ਅਧਿਕਾਰ ਹੋਵੇ। ਮਰਦਾਂ ਅਤੇ ਔਰਤਾਂ ਨੂੰ ਬਰਾਬਰ ਦੇ ਕੰਮ ਲਈ ਬਰਾਬਰ ਉਜਰਤ ਹੋਵੇ। ਇਨਸਾਫ ਤੇ ਇਨਸਾਨੀਅਤ ਦੇ ਆਧਾਰ 'ਤੇ ਕੰਮ ਕਰਨ ਦਾ ਮਾਹੌਲ ਹੋਵੇ। ਮੁੱਖ ਸਿਧਾਂਤਾਂ ਵਿਚ ਇਹ ਸਭ ਸ਼ਾਮਿਲ ਹਨ। ਸੁਪਰੀਮ ਕੋਰਟ ਇੱਕ ਤੋਂ ਵੱਧ ਵਾਰ ਆਖ ਚੁੱਕਾ ਹੈ ਕਿ ਨਿਰਦੇਸ਼ਕ ਸਿਧਾਂਤ ਸਾਡੇ ਬੁਨਿਆਦੀ ਅਧਿਕਾਰਾਂ ਜਿੰਨੇ ਹੀ ਅਹਿਮ ਹਨ।

ਵਿਸ਼ੇਸ਼ ਸੈਸ਼ਨ ਦਾ ਏਜੰਡਾ ਕੀ ਹੋਵੇ? ਕੁਝ ਸੁਝਾਅ ਪੇਸ਼ ਹਨ। ਇਨ੍ਹਾਂ ਨਾਲ ਸਰੋਕਾਰ ਰੱਖਣ ਵਾਲੇ ਹਾਲਾਤ ਦੇ ਹਿਸਾਬ ਨਾਲ ਸੋਧ ਕਰ ਸਕਦੇ ਹਨ ਜਾਂ ਕੁਝ ਹੋਰ ਸੁਝਾਅ ਵੀ ਜੋੜੇ ਜਾ ਸਕਦੇ ਹਨ:



**ਤਿੰਨ ਦਿਨ ਸਵਾਮੀਨਾਥਨ ਕਮਿਸ਼ਨ ਰਿਪੋਰਟ ਬਾਰੇ ਬਹਿਸ:** 12 ਵਰ੍ਹੇ ਉਡੀਕ ਵਿਚ ਲੰਘ ਗਏ। ਕਮਿਸ਼ਨ ਨੇ ਦਸੰਬਰ 2004 ਅਤੇ ਅਕਤੂਬਰ 2006 ਵਿਚਕਾਰ ਪੰਜ ਰਿਪੋਰਟਾਂ ਜਮ੍ਹਾਂ ਕਰਵਾਈਆਂ ਜਿਨ੍ਹਾਂ ਅੰਦਰ ਸਿਰਫ ਘੱਟੋ-ਘੱਟ ਸਮਰਥਨ ਮੁੱਲ ਹੀ ਨਹੀਂ, ਹੋਰ ਬਹੁਤ ਸਾਰੇ ਅਹਿਮ ਮਸਲੇ ਵਿਚਾਰੇ ਗਏ ਹਨ। ਇਨ੍ਹਾਂ ਵਿਚ ਕੁਝ ਇਕ ਇਹ ਹਨ: ਪੈਦਾਵਾਰ, ਮੁਨਾਫ਼ਾ, ਸਥਿਰਤਾ; ਤਕਨਾਲੋਜੀ ਤੇ ਤਕਨਾਲੋਜੀ ਵਿਚ ਖਰਾਬੀ; ਬੰਜਰ ਇਲਾਕਿਆਂ ਵਿਚ ਖੇਤੀ; ਭਾਅ ਦੀ ਬੇਤਰਤੀਬੀ ਤੇ ਸਥਿਰਤਾ/ਸੰਤੁਲਨ ਅਤੇ ਕਈ ਕੁਝ ਹੋਰ। ਸਾਨੂੰ ਖੇਤੀ ਸਬੰਧੀ ਖੋਜ ਅਤੇ ਤਕਨਾਲੋਜੀ ਦੇ ਨਿਜੀਕਰਨ ਨੂੰ ਬੰਦ ਕਰਨ ਅਤੇ ਨਿੱਤ ਦਿਨ ਨੇੜੇ ਆ ਰਹੀਆਂ ਵਾਤਾਵਰਨਕ ਆਫ਼ਤਾਂ ਦੇ ਖਤਰੇ ਨਾਲ ਨਜਿਠਣ ਦੀ ਵੀ ਲੋੜ ਹੈ।

**ਤਿੰਨ ਦਿਨ ਲੋਕਾਂ ਦੀ ਗਵਾਹੀ:** ਸੰਕਟ ਦੀ ਮਾਰ ਹੇਠ ਆਏ ਲੋਕ, ਸੰਸਦ ਦੇ ਕੇਂਦਰੀ ਹਾਲ ਵਿਚ ਬੋਲਣ ਅਤੇ ਪੂਰੇ ਮੁਲਕ ਨੂੰ ਦੱਸਣ ਕਿ ਇਹ ਸੰਕਟ ਹੈ ਕੀ, ਇਸ ਸੰਕਟ ਨੇ ਉਨ੍ਹਾਂ ਅਤੇ ਹੋਰ ਅਣਗਿਣਤ ਲੋਕਾਂ ਦਾ ਕੀ ਹਾਲ ਕਰਕੇ ਰੱਖ ਦਿੱਤਾ ਹੈ। ਤੇ ਇਹ ਸਿਰਫ਼ ਖੇਤੀ ਦਾ ਸੰਕਟ ਨਹੀਂ ਹੈ। ਗ਼ੁਰਬਤ ਦੀ ਮਾਰ ਝੱਲ ਰਹੇ ਦਿਹਾਤੀ ਲੋਕ, ਅਸਲ ਵਿਚ ਸਾਰੇ ਗ਼ਰੀਬ ਲੋਕ, ਕਿਸ ਤਰ੍ਹਾਂ ਸਿਹਤ ਤੇ ਸਿਖਿਆ ਦੇ ਖੇਤਰਾਂ ਵਿਚ ਸਿਰ ਉਤੇ ਚੜ੍ਹੇ ਆ ਰਹੇ ਨਿਜੀਕਰਨ ਨੇ ਝੰਬ ਸੁੱਟੇ ਹਨ। ਦਿਹਾਤੀ ਪਰਿਵਾਰਾਂ ਸਿਰ ਜਿਹੜਾ ਕਰਜ਼ਾ ਚੜ੍ਹ ਰਿਹਾ ਹੈ, ਉਸ ਦਾ ਵੱਡਾ ਹਿੱਸਾ ਸਿਹਤ ਖਰਚੇ ਦਾ ਹੈ ਤੇ ਇਹ ਹਿੱਸਾ ਸਭ ਤੋਂ ਤੇਜ਼ੀ ਨਾਲ ਜਾਂ ਦੂਜੇ ਨੰਬਰ ਉਤੇ ਤੇਜ਼ੀ ਨਾਲ ਵਧ ਰਿਹਾ ਹੈ।

**ਤਿੰਨ ਦਿਨ ਕਰਜ਼ਾ ਸੰਕਟ ਬਾਰੇ ਬਹਿਸ:** ਕਰਜ਼ਾ ਬਿਨਾਂ ਰੁਕੇ ਲਗਾਤਾਰ ਵਧ ਰਿਹਾ ਹੈ। ਲੱਖਾਂ ਲੋਕਾਂ ਦੀ ਦੁਰਦਸ਼ਾ ਤੋਂ ਇਲਾਵਾ ਅਣਗਿਣਤ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਮੁੱਖ ਕਾਰਨ ਇਹੀ ਹੈ। ਇਸ ਦਾ ਸਿੱਧਾ ਜਿਹਾ ਮਤਲਬ ਉਨ੍ਹਾਂ ਦੀ ਬਹੁਤੀ ਜਾਂ ਸਾਰੀ ਜ਼ਮੀਨ ਖੁੱਸਣਾ ਹੈ। ਸੰਸਥਾਈ ਪੱਧਰ 'ਤੇ ਕਰਜ਼ਾ ਨੀਤੀਆਂ ਨੇ ਸੂਦਖੋਰੀ ਲਈ ਮੁੜ ਰਾਹ ਖੋਲ੍ਹ ਦਿੱਤਾ ਹੈ।

**ਤਿੰਨ ਦਿਨ ਮੁਲਕ ਦੇ ਵਿਰਾਟ ਜਲ ਸੰਕਟ ਬਾਰੇ ਬਹਿਸ:** ਇਹ ਸੰਕਟ ਸੋਕੇ ਤੋਂ ਕਿਤੇ ਵੱਡਾ ਹੈ। ਮੌਜੂਦਾ ਸਰਕਾਰ 'ਤਰਕਸੰਗਤ ਕੀਮਤ' ਮਿਥਣ ਦੇ ਨਾਂ 'ਤੇ ਜਲ ਨਿੱਜੀਕਰਨ ਵੱਲ ਵਧਣ ਲਈ ਦ੍ਰਿੜ੍ਹ ਜਾਪਦੀ ਹੈ। ਸਾਨੂੰ ਪੀਣ ਵਾਲੇ ਪਾਣੀ ਦਾ ਅਧਿਕਾਰ ਚਾਹੀਦਾ ਹੈ ਜੋ ਹੁਣ ਬੁਨਿਆਦੀ ਮਨੁੱਖੀ ਅਧਿਕਾਰ ਬਣ ਚੁੱਕਾ ਹੈ ਅਤੇ ਨਾਲ ਹੀ ਇਸ ਜੀਵਨ-ਦਾਨੀ ਕੁਦਰਤੀ ਸਰੋਤ ਦੇ ਕਿਸੇ ਵੀ ਖੇਤਰ ਵਿਚ ਨਿੱਜੀਕਰਨ 'ਤੇ ਪਾਬੰਦੀ ਦੀ ਲੋੜ ਹੈ। ਇਹ ਯਕੀਨੀ ਹੋਣਾ ਚਾਹੀਦਾ ਹੈ ਕਿ ਇਸ ਉਤੇ ਸਮਾਜਿਕ ਕੰਟਰੋਲ ਅਤੇ ਬਰਾਬਰ ਦੀ ਪਹੁੰਚ ਹੋਵੇ, ਖਾਸ ਕਰਕੇ ਭੂਮੀਹੀਣਾਂ ਲਈ।

**ਤਿੰਨ ਦਿਨ ਔਰਤ ਕਿਸਾਨਾਂ ਦੇ ਅਧਿਕਾਰਾਂ ਬਾਰੇ:** ਖੇਤੀ ਸੰਕਟ ਉਨ੍ਹਾਂ ਅਧਿਕਾਰਾਂ (ਇਨ੍ਹਾਂ ਵਿਚ ਮਾਲਕੀ ਦਾ ਅਧਿਕਾਰ ਸ਼ਾਮਿਲ ਹੈ) ਦੀ ਗੱਲ ਅਤੇ ਉਨ੍ਹਾਂ ਜਿਊੜਿਆਂ ਦੀਆਂ ਸਮਸਿਆਵਾਂ ਨੂੰ ਸੰਬੋਧਨ ਕੀਤੇ ਬਗ਼ੈਰ ਹੱਲ ਨਹੀਂ ਹੋ ਸਕਦਾ ਜੋ ਖੇਤਾਂ ਅਤੇ ਹਵੇਲੀਆਂ ਵਿਚ ਸਭ ਤੋਂ ਵੱਧ ਕੰਮ ਕਰਦੇ ਹਨ। ਪ੍ਰੋਫ਼ੈਸਰ ਸਵਾਮੀਨਾਥਨ ਨੇ ਰਾਜ ਸਭਾ ਵਿਚ ਔਰਤ ਕਿਸਾਨਾਂ ਦੇ ਅਧਿਕਾਰਾਂ ਵਾਲਾ ਬਿਲ-2011 ਪੇਸ਼ ਕੀਤਾ ਸੀ (ਇਸ ਦੀ ਮਿਆਦ 2013 ਵਿਚ ਖਤਮ ਹੋ ਗਈ ਸੀ) ਪਰ ਬਹਿਸ ਦੀ ਸ਼ੁਰੂਆਤ ਇਸ ਬਿੱਲ ਤੋਂ ਕੀਤੀ ਜਾ ਸਕਦੀ ਹੈ।

**ਤਿੰਨ ਦਿਨ ਭੂਮੀਹੀਣ ਮਜ਼ਦੂਰਾਂ ਦੇ ਅਧਿਕਾਰ:** ਤੰਗੀਆਂ-ਤੁਰਸ਼ੀਆਂ ਕਾਰਨ ਕਈ ਦਿਸ਼ਾਵਾਂ ਵੱਲ ਹਿਜਰਤ ਹੋਣ ਕਰਕੇ ਇਹ ਸੰਕਟ ਹੁਣ ਸਿਰਫ਼ ਦਿਹਾਤੀ ਨਹੀਂ ਰਿਹਾ। ਜਦੋਂ ਵੀ ਕਿਤੇ ਖੇਤੀ ਖੇਤਰ ਵਿਚ ਸਰਕਾਰੀ ਨਿਵੇਸ਼ ਹੋਵੇ, ਇਨ੍ਹਾਂ ਦੀਆਂ ਲੋੜਾਂ, ਇਨ੍ਹਾਂ ਦੇ ਅਧਿਕਾਰਾਂ, ਇਨ੍ਹਾਂ ਦੇ ਪ੍ਰਸੰਗ ਮੁਤਾਬਿਕ ਹੋਵੇ।

**ਤਿੰਨ ਦਿਨ ਖੇਤੀ ਬਾਰੇ ਬਹਿਸ:** ਅਗਲੇ 20 ਵਰ੍ਹਿਆਂ ਦੌਰਾਨ ਅਸੀਂ ਕਿਸ ਕਿਸਮ ਦੀ ਖੇਤੀ ਚਾਹੁੰਦੇ ਹਾਂ? ਕਾਰਪੋਰੇਟੀ ਮੁਨਾਫ਼ਿਆਂ ਵਾਲੀ? ਜਾਂ ਇਹ ਉਨ੍ਹਾਂ ਭਾਈਚਾਰਿਆਂ ਤੇ ਪਰਿਵਾਰਾਂ ਮੁਤਾਬਿਕ ਹੋਵੇ ਜਿਨ੍ਹਾਂ ਲਈ ਇਹੀ ਉਨ੍ਹਾਂ ਦੀ ਹੋਂਦ ਦਾ ਆਧਾਰ ਹੈ? ਖੇਤੀ ਅੰਦਰ ਮਾਲਕੀ ਅਤੇ ਕੰਟਰੋਲ ਦੇ ਹੋਰ ਵੀ ਕਈ ਰੂਪ ਹਨ ਜਿਨ੍ਹਾਂ ਉਤੇ ਜ਼ੋਰ ਦੇਣ ਦੀ ਲੋੜ ਹੈ- ਜਿਵੇਂ ਕੇਰਲਾ ਦੇ ਕੁਡੁੰਬਾਸ਼ਰੀ ਅੰਦੋਲਨ ਵਿਚ ਸ਼ਕਤੀਸ਼ਾਲੀ ਸਾਂਝੀ ਖੇਤੀ ਦੀਆਂ ਕੋਸ਼ਿਸ਼ਾਂ ਨਾਲ ਸੰਭਵ ਹੋਇਆ। ਇਸ ਦੇ ਨਾਲ ਹੀ ਸਾਨੂੰ ਭੂਮੀ ਸੁਧਾਰਾਂ ਦਾ ਅਧੂਰਾ ਏਜੰਡਾ ਪੁਨਰ-ਸੁਰਜੀਤ ਕਰਨਾ ਪਵੇਗਾ। ਤੇ ਇਕ ਬਹੁਤ ਅਹਿਮ ਨੁਕਤਾ- ਉਪਰ ਵਿਚਾਰੀਆਂ ਸਾਰੀਆਂ ਬਹਿਸਾਂ ਹਕੀਕਤ ਵਿਚ ਅਰਥਪੂਰਨ ਹੋਣ; ਹਰ ਇਕ ਸ਼ਖਸ ਆਦਿਵਾਸੀ ਅਤੇ ਦਲਿਤ ਕਿਸਾਨਾਂ ਅਤੇ ਮਜ਼ਦੂਰਾਂ ਦੇ ਅਧਿਕਾਰਾਂ ਉਤੇ ਵੀ ਜ਼ਰੂਰ ਧਿਆਨ ਲਾਵੇ।

ਕੋਈ ਵੀ ਸਿਆਸੀ ਪਾਰਟੀ ਇਸ ਸੈਸ਼ਨ ਦੀ ਸ਼ਰ੍ਹੇਆਮ ਮੁਖਾਲਫ਼ਤ ਨਹੀਂ ਕਰੇਗੀ, ਫਿਰ ਇਹ ਸਾਰਾ ਕੁਝ ਕੌਣ ਯਕੀਨੀ ਬਣਾਉਣਗੇ? ਬੇਦਖਲ ਹੋਏ ਜਿਊੜੇ ਖੁਦ ਇਹ ਕਾਰਜ ਕਰਨਗੇ। ਇਸ ਵਰ੍ਹੇ ਮਾਰਚ ਵਿਚ 40,000 ਕਿਸਾਨਾਂ ਤੇ ਮਜ਼ਦੂਰਾਂ ਨੇ ਇਨ੍ਹਾਂ ਵਿਚੋਂ ਆਪਣੀਆਂ ਕੁਝ ਮੰਗਾਂ ਲਈ ਨਾਸਿਕ ਤੋਂ ਮੁੰਬਈ ਤੱਕ ਹਫ਼ਤਾ ਭਰ ਮਾਰਚ ਕੀਤਾ। ਮੁੰਬਈ ਵਿਚ ਬੈਠੀ ਹੰਕਾਰੀ ਹੋਈ ਆਕੜਖੋਰ (ਮਹਾਂਰਾਸ਼ਟਰ) ਸਰਕਾਰ ਨੇ ਮਾਰਚ ਕਰਨ ਵਾਲਿਆਂ ਨੂੰ 'ਸ਼ਹਿਰੀ ਮਾਓਵਾਦੀ' ਕਹਿ ਕੇ ਅਣਗੌਲਿਆ ਕੀਤਾ। ਅਖੇ, ਇਹ ਇਨ੍ਹਾਂ ਨਾਲ ਗੱਲ ਨਹੀਂ ਕਰੇਗੀ ਪਰ ਜਦੋਂ ਇਹ ਮੁਲਖੱਈਆ ਸੂਬੇ ਦੀ ਵਿਧਾਨ ਸਭਾ ਨੂੰ ਘੇਰਨ ਲਈ ਮੁੰਬਈ ਪੁੱਜਾ ਤਾਂ ਕੁਝ ਹੀ ਸਮੇਂ ਬਾਅਦ ਸਰਕਾਰ ਦੀ ਆਕੜ ਟੁੱਟ ਗਈ। ਇਹ ਸਨ ਗ਼ੁਰਬਤ ਮਾਰੇ ਉਹ ਦਿਹਾਤੀ ਜਿਨ੍ਹਾਂ ਸਰਕਾਰ ਨੂੰ ਲੀਹ ਉਤੇ ਲੈ ਆਂਦਾ।

ਪੂਰੀ ਤਰ੍ਹਾਂ ਅਨੁਸ਼ਾਸਨ ਤੇ ਜ਼ਬਤ ਵਿਚ ਰਹਿ ਕੇ ਮਾਰਚ ਕਰਨ ਵਾਲਿਆਂ ਨੇ ਮੁੰਬਈ ਵਿਚ ਨਿਆਰਾ ਤੇ ਨਿਵੇਕਲਾ ਨਾਅਰਾ ਬੁਲੰਦ ਕੀਤਾ। ਇਨ੍ਹਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਸ਼ਹਿਰੀ ਕਾਮਾ ਵਰਗ ਹੀ ਨਹੀਂ ਸਗੋਂ ਮੱਧ ਵਰਗ, ਇੱਥੋਂ ਤੱਕ ਕਿ ਕੁਝ ਉਚ ਮੱਧ ਵਰਗ ਦੇ ਲੋਕ ਵੀ ਉਮੜ ਪਏ।

ਸਾਨੂੰ ਇਹ ਕਹਾਣੀ ਹੁਣ ਕੌਮੀ ਪੱਧਰ ਉਤੇ ਦੁਹਰਾਉਣ ਦੀ ਲੋੜ ਹੈ- ਇਸ ਤੋਂ ਵੀ 25 ਗੁਣਾ ਵੱਧ ਇਕੱਠ ਕਰਕੇ। ਇਹ ਬੇਦਖਲਾਂ ਦਾ ਮਹਾਂ ਮਾਰਚ ਹੋਵੇ। ਇਸ ਵਿਚ ਸਿਰਫ ਕਿਸਾਨ ਤੇ ਮਜ਼ਦੂਰ ਹੀ ਸ਼ਾਮਿਲ ਨਾ ਹੋਣ ਸਗੋਂ ਸੰਕਟ ਦੇ ਝੰਬੇ ਹੋਰ ਲੋਕ ਵੀ ਸ਼ਿਰਕਤ ਕਰਨ। ਤੇ ਇਸ ਤੋਂ ਵੀ ਅਹਿਮ, ਇਸ ਵਿਚ ਉਹ ਜਿਊੜੇ ਵੀ ਸ਼ਾਮਿਲ ਹੋਣ ਜਿਹੜੇ ਇਸ ਸੰਕਟ ਦੀ ਮਾਰ ਤੋਂ ਤਾਂ ਬਚੇ ਹੋਏ ਹਨ ਪਰ ਆਪਣੇ ਸਾਥੀ ਮਨੁੱਖੀ ਜਿਊੜਿਆਂ ਦੀ ਦੁਰਦਸ਼ਾ ਤੋਂ ਪਸੀਜੇ ਹੋਏ ਹਨ। ਮੁਲਕ ਦੇ ਕੋਨੇ ਕੋਨੇ ਤੋਂ ਇਹ ਮਾਰਚ ਸ਼ੁਰੂ ਹੋਵੇ ਅਤੇ ਫਿਰ ਸਾਰੇ ਜਣੇ ਮੁਲਕ ਦੀ ਰਾਜਧਾਨੀ ਵਿਚ ਇਕੱਠੇ ਹੋਣ। ਨਾ ਲਾਲ ਕਿਲ੍ਹੇ 'ਤੇ ਕੋਈ ਰੈਲੀ ਹੋਵੇ, ਨਾ ਜੰਤਰ ਮੰਤਰ ਵਿਚ ਖੋਪੜੀਆਂ ਇਕੱਠੀਆਂ ਕੀਤੀਆਂ ਜਾਣ। ਇਹ ਮਾਰਚ ਸੰਸਦ ਨੂੰ ਘੇਰਾ ਪਾਵੇਗਾ ਅਤੇ ਮਜਬੂਰ ਕਰੇਗਾ ਕਿ ਉਨ੍ਹਾਂ ਦੀ ਗੱਲ ਸੁਣੀ ਜਾਵੇ ਅਤੇ ਅਗਾਂਹ ਕਾਰਵਾਈ ਕੀਤੀ ਜਾਵੇ। ਜੀ ਹਾਂ, ਉਹ ਦਿੱਲੀ ਮੱਲਣਗੇ।

ਇਸ ਵਿਰਾਟ ਯੋਜਨਾਬੰਦੀ ਦੀ ਅਮਲ ਵਿਚ ਲਿਆਉਣ ਲਈ ਕਈ ਮਹੀਨੇ ਲੱਗ ਸਕਦੇ ਹਨ ਜੋ ਵੱਡੀ ਵੰਗਾਰ ਹੋਵੇਗੀ। ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਜਥੇਬੰਦੀਆਂ ਦੀ ਇਮਦਾਦ ਨਾਲ ਅਜਿਹਾ ਸਭ ਤੋਂ ਵਿਸ਼ਾਲ ਅਤੇ ਮੋਕਲਾ ਸਾਂਝਾ ਇਕੱਠ ਸੰਭਵ ਹੈ। ਇਸ ਨੂੰ ਹਾਕਮਾਂ ਅਤੇ ਇਨ੍ਹਾਂ ਦੇ ਮੀਡੀਆ ਦੀ ਤਿੱਖੀ ਮੁਖਲਾਫ਼ਤ ਦਾ ਸਾਹਮਣਾ ਕਰਨਾ ਪਵੇਗਾ ਜੋ ਇਸ ਨੂੰ ਹਰ ਪੜਾਅ ਉਤੇ ਕਮਜ਼ੋਰ ਕਰਨਾ ਚਾਹੁਣਗੇ। ਅਜਿਹਾ ਕੀਤਾ ਜਾ ਸਕਦਾ ਹੈ। ਇਨ੍ਹਾਂ ਨਿਮਾਣਿਆਂ ਦੀ ਤਾਕਤ ਨੂੰ ਘਟਾ ਕੇ ਨਾ ਦੇਖੋ। ਇਹ ਲੋਕ ਗੱਲੀਂ-ਬਾਤੀਂ ਸਾਰਨ ਵਾਲੇ ਨਹੀਂ ਸਗੋਂ ਜਮਹੂਰੀਅਤ ਦਾ ਚਿਰਾਗ਼ ਬਲਦਾ ਰੱਖਣ ਵਾਲੇ ਇਹੀ ਲੋਕ ਹਨ।

ਇਹ ਜਮਹੂਰੀ ਰੋਸ ਵਿਖਾਵੇ ਦਾ ਸਭ ਤੋਂ ਉਤਮ ਰੂਪ ਹੋਵੇਗਾ- ਦਸ ਲੱਖ ਜਾਂ ਇਸ ਤੋਂ ਵੀ ਵੱਧ ਮਨੁੱਖੀ ਜਿਊੜੇ ਆਪਣੇ ਨੁਮਾਇੰਦਿਆਂ ਦੀ ਕਾਰਗੁਜ਼ਾਰੀ ਯਕੀਨੀ ਬਣਾਉਣ ਲਈ ਇਕੱਠੇ ਹੋਣਗੇ। ਜੇ ਅੱਜ ਭਗਤ ਸਿੰਘ ਹੁੰਦਾ ਤਾਂ ਇਨ੍ਹਾਂ ਬਾਰੇ ਜ਼ਰੂਰ ਕਹਿੰਦਾ: ਇਹ ਜਿਊੜੇ ਬੋਲ਼ਿਆਂ ਨੂੰ ਸੁਣਾ ਸਕਦੇ ਹਨ, ਮੁਨਾਖਿਆਂ ਨੂੰ ਸੁਜਾਖਾ ਬਣਾ ਸਕਦੇ ਹਨ ਅਤੇ ਮੌਨਧਾਰੀਆਂ ਨੂੰ ਬੋਲਣ ਲਈ ਮਜਬੂਰ ਕਰ ਸਕਦੇ ਹਨ।

---

*('ਪੀਪਲ'ਜ਼ ਆਰਕਾਈਵ ਆਫ ਰੂਰਲ ਇੰਡੀਆ' ਤੋਂ ਧੰਨਵਾਦ ਸਹਿਤ)*

# ਸੈਂਚੁਰੀ ਮਾਰ ਗਿਆ ਸਾਡਾ ਜਸਵੰਤ ਸਿੰਘ ਕੰਵਲ

## ਸੌਵੇਂ ਜਨਮ ਦਿਨ ’ਤੇ ਵਿਸ਼ੇਸ਼

**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਭਾਈ ਜੋਧ ਸਿੰਘ ਤੇ ਖੁਸ਼ਵੰਤ ਸਿੰਘ ਸੈਂਚੁਰੀ ਮਾਰਦੇ ਮਾਰਦੇ ਰਹਿ ਗਏ। ਹੁਣ ਆਸ ਜਸਵੰਤ ਸਿੰਘ ਕੰਵਲ ਉਤੇ ਸੀ। 26 ਜੂਨ ਨੂੰ ਉਸ ਦਾ ‘ਪੰਜਾਬ ਗੌਰਵ’ ਪੁਰਸਕਾਰ ਨਾਲ ਸਨਮਾਨ ਹੋਇਆ ਅਤੇ 27 ਜੂਨ 2018 ਨੂੰ ਉਹ ਪੂਰੇ ਸੌ ਵਰ੍ਹਿਆਂ ਦਾ ਹੋ ਗਿਆ। ਉਹ ਪੰਜਾਬੀ ਦਾ ਸਭ ਤੋਂ ਵੱਡਉਮਰਾ ਲੇਖਕ ਹੈ। ਭਾਈ ਜੋਧ ਸਿੰਘ 31 ਮਈ 1882 ਤੋਂ 4 ਦਸੰਬਰ 1981 ਤਕ 99 ਸਾਲ 6 ਮਹੀਨੇ 4 ਦਿਨ ਜੀਵਿਆ ਸੀ। ਖੁਸ਼ਵੰਤ ਸਿੰਘ 2 ਫਰਵਰੀ 1915 ਤੋਂ 20 ਮਾਰਚ 2014 ਤਕ 99 ਸਾਲ 1 ਮਹੀਨਾ 18 ਦਿਨ ਜਿਉਂਦਾ ਰਿਹਾ। ਦੇਵਿੰਦਰ ਸਤਿਆਰਥੀ 28 ਮਈ 1908 ਤੋਂ 12 ਫਰਵਰੀ 2003 ਤੇ ਕਰਤਾਰ ਸਿੰਘ ਦੁੱਗਲ 1 ਮਾਰਚ 1917 ਤੋਂ 26 ਜਨਵਰੀ 2012 ਤਕ ਲਗਭਗ 95 ਸਾਲ ਜੀਵੇ। ਜਗਜੀਤ ਸਿੰਘ ਅਨੰਦ 28 ਦਸੰਬਰ 1921 ਤੋਂ 19 ਜੂਨ 2015 ਤਕ, ਕਰਨੈਲ ਸਿੰਘ ਪਾਰਸ 28 ਜੂਨ 1916 ਤੋਂ 28 ਫਰਵਰੀ 2009, ਨਾਟਕਕਾਰ ਹਰਚਰਨ ਸਿੰਘ 10 ਦਸੰਬਰ 1914 ਤੋਂ 4 ਦਸੰਬਰ 2006, ਪ੍ਰੋ. ਪ੍ਰੀਤਮ ਸਿੰਘ 11 ਜਨਵਰੀ 1918 ਤੋਂ 26 ਅਕਤੂਬਰ 2008 ਤੇ ਡਾ. ਜਸਵੰਤ ਸਿੰਘ ਨੇਕੀ 27 ਅਗਸਤ 1925 ਤੋਂ 11 ਸਤੰਬਰ 2015 ਤਕ ਜਿਉਂਦੇ ਰਹੇ। ਨੱਬੇ ਸਾਲਾਂ ਤੋਂ ਟੱਪਣ ਵਾਲੇ ਇਹੀ ਕੁਝ ਕੁ ਨਾਮੀ ਲੇਖਕ ਹਨ।

ਭਾਈ ਵੀਰ ਸਿੰਘ, ਭਾਈ ਸਾਹਿਬ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਪ੍ਰੋ. ਕਿਸ਼ਨ ਸਿੰਘ, ਸੋਹਣ ਸਿੰਘ ਸੀਤਲ, ਡਾ. ਮੋਹਨ ਸਿੰਘ ਦੀਵਾਨਾ, ਪਿਆਰਾ ਸਿੰਘ ਸਹਿਰਾਈ, ਬਲਵੰਤ ਗਾਰਗੀ, ਅੰਮ੍ਰਿਤਾ ਪ੍ਰੀਤਮ, ਸੰਤੋਖ ਸਿੰਘ ਧੀਰ, ਡਾ. ਹਰਿਭਜਨ ਸਿੰਘ, ਸੁਖਬੀਰ ਤੇ ਗੁਰਦਿਆਲ ਸਿੰਘ ਹੋਰੀਂ ਅੱਸੀਆਂ ਨੂੰ ਤਾਂ ਟੱਪ ਗਏ ਸਨ, ਕਈਆਂ ਨੇ ਚੁਰਾਸੀ ਵੀ ਕੱਟ ਲਈ ਸੀ ਪਰ ਨੱਬਿਆਂ ਦੀ ਪੌੜੀ ਨਾ ਚੜ੍ਹ ਸਕੇ।

ਭਾਈ ਕਾਨ੍ਹ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ. ਪੂਰਨ ਸਿੰਘ, ਨਾਵਲਕਾਰ ਨਾਨਕ ਸਿੰਘ, ਪ੍ਰਿੰ. ਤੇਜਾ ਸਿੰਘ, ਆਈ. ਸੀ. ਨੰਦਾ, ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ, ਬਲਰਾਜ ਸਾਹਨੀ ਤੇ ਕੁਲਵੰਤ ਸਿੰਘ ਵਿਰਕ ਹੋਰੀਂ ਅੱਸੀਆਂ ਨੂੰ ਵੀ ਨਾ ਢੁੱਕੇ। ਸ਼ਿਵ ਕੁਮਾਰ, ਸੰਤ ਰਾਮ ਉਦਾਸੀ, ਅਮਿਤੋਜ, ਕਰਮਜੀਤ ਕੁੱਸਾ ਤੇ ਪਾਸ਼ ਹੋਰੀਂ ਜੁਆਨੀ ਪਹਿਰੇ ਹੀ ਚਲੇ ਗਏ ਜਿਵੇਂ ਅੰਗਰੇਜ਼ੀ ਦਾ ਕਵੀ ਕੀਟਸ ਗਿਆ ਸੀ। ਸ਼ੇਕਸਪੀਅਰ 52 ਸਾਲ ਤੇ ਮੁਨਸ਼ੀ ਪ੍ਰੇਮ ਚੰਦ 56 ਸਾਲ ਜੀਵੇ। ਟੈਗੋਰ ਨੇ 80 ਸਾਲ ਤੇ ਬਰਟਰੰਡ ਰੱਸਲ ਨੇ 97 ਸਾਲ ਉਮਰ ਭੋਗੀ। ਲਿਓ ਤਾਲਸਤਾਏ ਨੇ 82 ਸਾਲ, ਜਦ ਕਿ ਦੁਨੀਆਂ ਦੇ ਬਹੁਤ ਸਾਰੇ ਨਾਮਵਰ ਲੇਖਕ ਸੱਤਰ ਬਹੱਤਰ ਸਾਲਾਂ ਤੋਂ ਵੀ ਘੱਟ ਜੀਵਨ ਜੀਵੇ। ਨਾਵਲਕਾਰ ਕੰਵਲ ਨੂੰ 27 ਜੂਨ ਨੂੰ ਸੌਵਾਂ ਸਾਲ ਲੱਗ ਰਿਹੈ। ਸੌਵਾਂ ਸਾਲ ਕ੍ਰਿਕਟ ਦੀ ਸੈਂਚੁਰੀ ਵਾਂਗ ਸੌਵੇਂ ਰੱਨ ਵਾਂਗ ਹੀ ਰਿਸਕੀ ਹੁੰਦੈ। ਜੇ ਉਹਦੀ ਸੈਂਚੁਰੀ ਵੱਜ ਗਈ ਤਾਂ ਵਿਸ਼ਵ ਲੇਖਕਾਂ ਵਿਚ ਸਾਡੇ ਇਸ ਪੰਜਾਬੀ ਲੇਖਕ ਦਾ ਵਿਸ਼ਵ ਰਿਕਾਰਡ ਹੋਵੇਗਾ!

ਕੰਵਲ ਦੀ ਸਿਹਤ ਹਾਲੇ ਕਾਇਮ ਹੈ। ਅੰਦਰਲੇ ਘਰੋਂ ਬਾਹਰਲੇ ਤੇ ਬਾਹਰਲੇ ਘਰੋਂ ਅੰਦਰਲੇ ਘਰ ਗੇੜੇ ਮਾਰਦਾ ਰਹਿੰਦੈ। ਕਦੇ ਕਦੇ ਪਿੰਡ ਦੀ ਫਿਰਨੀ ‘ਤੇ ਤੁਰਿਆ ਜਾਂਦਾ ਆਪਣੇ ਆਪ ਨਾਲ ਗੱਲਾਂ ਕਰਦਾ ਵੀ ਵੇਖਿਆ ਜਾ ਸਕਦੈ। ਹਵਾ ‘ਚ ਹੱਥ ਦੀਆਂ ਉਂਗਲਾਂ ਤਾਣਦਾ ਆਪਣੇ ਜਾਣੇ ਨੁਕਤੇ ਸਿੱਧ ਕਰਦਾ ਲੱਗਦੈ। ਉਹ 1943 ਤੋਂ ਕਿਤਾਬਾਂ ਲਿਖਦਾ ‘ਜੀਵਨ ਕਣੀਆਂ’ ਤੋਂ ‘ਧੁਰ ਦਰਗਾਹ’ ਤਕ ਪਹੁੰਚ ਗਿਐ। ਉਹਦੀਆਂ ਕਿਤਾਬਾਂ ਦਾ ਸੈਂਕੜਾ ਵੀ ਹੋਣ ਵਾਲਾ ਹੈ। ‘ਧੁਰ ਦਰਗਾਹ’ ਦੇ ਸਰਵਰਕ ਉਤੇ ਸਤਰਾਂ ਛਪੀਆਂ ਹਨ: ਦਿਲ ਦੇ ਤਾਰਿਓ! ਰੂਹ ਦੇ ਪਿਆਰਿਓ! ਵਿਛੜਨ ਦਾ ਵੇਲਾ ਧੱਕਾ ਦੇ ਕੇ ਆ ਗਿਆ ਏ। ਧੱਕੇ ਮਾਰਦੇ ਮੇਲੇ ਨੇ ਇਕ ਦਿਨ ਖਿਲਰਨਾ ਹੀ ਹੈ। ਆਓ, ਰਲ ਮਿਲ ਕੇ ਇਸ ਮੇਲੇ ਨੂੰ ਯਾਦਗਾਰੀ ਬਣਾਈਏ। ਯਾਰਾਂ ਦੋਸਤਾਂ, ਪਾਠਕਾਂ, ਲੇਖਕਾਂ ਤੇ ਅਨਾਦੀ ਮੇਲ ਮਿਲਾਪੀਆਂ ਨੂੰ, ਘੁੱਟ ਘੁੱਟ ਜੱਫੀਆਂ ਪਾ ਕੇ ਮਿਲੀਏ ਤੇ ਪਿਆਰ ਦੀਆਂ ਪੱਕੀਆਂ ਲੀਹਾਂ ਨੂੰ ਯਾਦਗਾਰੀ ਬਣਾਈਏ…। ਕਿਤਾਬ ਦੇ ਅੰਤ ਵਿਚ ਲਿਖਿਆ ਹੈ-ਨਾ ਮਰਿਆ ਨਾ ਜੀਵਿਆ, ਜਸਵੰਤ ਸਿੰਘ ਕੰਵਲ।

28 ਜਨਵਰੀ 2018 ਨੂੰ ਅਸੀਂ ‘ਕੱਠਿਆਂ ਨੇ ਢੁੱਡੀਕੇ ਦਾ ਖੇਡ ਮੇਲਾ ਵੇਖਿਆ। ਮੈਂ ਕੈਨੇਡਾ ਤੋਂ ਢੁੱਡੀਕੇ ਪਹੁੰਚਿਆ ਸਾਂ। ਠੰਢ ਹੋਣ ਕਰਕੇ ਕੰਵਲ ਭੂਰੀ ਦੀ ਬੁੱਕਲ ਮਾਰੀ ਬੈਠਾ ਸੀ। ਮੇਲੇ ਜਾਣ ਨੂੰ ਆਖਿਆ ਤਾਂ ਉਹ ਜਕੋ-ਤਕੇ ਵਿਚ ਪੈ ਗਿਆ ਪਰ ਮੈਂ ਇਹ ਕਹਿ ਕੇ ਤਿਆਰ ਕਰ ਲਿਆ, “ਕੀ ਪਤਾ ਮੁੜ ਕੇ ‘ਕੱਠਿਆਂ ਮੇਲਾ ਵੇਖਣਾ ਨਸੀਬ ਹੀ ਨਾ ਹੋਵੇ!”

ਕੰਵਲ ਕਾਰ ਵਿਚ ਬਹਿਣ ਲੱਗਾ ਤਾਂ ਮੈਂ ਪਹਿਲੀ ਵਾਰ ਉਹਦੇ ਹੱਥ ‘ਚ ਖੂੰਡੀ ਵੇਖੀ ਜੋ ਤੁਰਨ ਲੱਗਿਆਂ ਉਹਦੇ ਲੜਕੇ ਸਰਬਜੀਤ ਨੇ ਮੱਲੋ-ਮੱਲੀ ਫੜਾਈ। ਮੇਲੇ ‘ਚ ਸਟੇਜ ਦੀਆਂ ਉੱਚੀਆਂ ਪੌੜੀਆਂ ਚੜ੍ਹਨ ਦੀ ਥਾਂ ਅਸੀਂ ਹੇਠਲੀਆਂ ਕੁਰਸੀਆਂ ‘ਤੇ ਹੀ ਬੈਠ ਗਏ। ਮੇਲਾ ਵੇਖਦਿਆਂ ਉਸ ਨੇ ਖੁਸ਼ ਹੋ ਕੇ ਕਿਹਾ, “ਲੈ ਮੈਂ ਹੁਣ ਸਾਲ ਭਰ ਨੀ ਡੋਲਦਾ!”

1961-62 ਵਿਚ ਜਦੋਂ ਮੈਂ ਮੁਕਤਸਰ ਬੀ. ਐਡ. ਕਰਦਾ ਸਾਂ ਤਾਂ ਇਹੋ ਜਿਹਾ ਡਾਇਲਾਗ ਹੀ ਮਾਘੀ ਦੇ ਮੇਲੇ ਵਿਚ ਇਕ ਛੜੇ ਦੇ ਮੂੰਹੋਂ ਸੁਣਿਆ ਸੀ। ਉਸ ਨੂੰ ਤੀਵੀਂ ਬਣੇ ਨੱਚਾਰ ਨੇ ਫੱਟੇ ਉਤੇ ਨੱਚਦਿਆਂ ਅੱਖ ਮਾਰੀ ਤਾਂ ਉਸ ਨੇ ਛਾਤੀ ‘ਤੇ ਹੱਥ ਰੱਖ ਕੇ ਕਿਹਾ ਸੀ, “ਲੈ ਮੈਂ ਹੁਣ ਛੇ ਮਹੀਨੇ ਨੀ ਡੋਲਦਾ!” 2009 ‘ਚ ਕੰਵਲ ਦਾ 91ਵਾਂ ਜਨਮ ਦਿਨ ਢੁੱਡੀਕੇ ਖੇਡ ਮੇਲੇ ਵਿਚ ਹੀ ਮਨਾਇਆ ਗਿਆ ਸੀ। ਮੈਂ ਮਾਈਕ ਤੋਂ ਕਿਹਾ ਸੀ, “ਆਓ ਕੰਵਲ ਸਾਹਿਬ ਨੂੰ ਵਧਾਈਆਂ ਦੇਈਏ ਤੇ ਦੁਆਵਾਂ ਕਰੀਏ ਬਈ ਇਸ ਮੇਲੇ ਦਾ ਬਾਨੀ, ਬਾਈ ਕੰਵਲ ਸੌ ਸਾਲ ਜੀਵੇ!” ਉਦੋਂ ਤੋਂ ਉਹਦਾ ਜਨਮ ਦਿਨ ਪਿੰਡ ਵੱਲੋਂ ਹੀ ਮਨਾਇਆ ਜਾ ਰਿਹੈ।

1950ਵਿਆਂ ਵਿਚ ਜਦੋਂ ਕੰਵਲ ਪਿੰਡ ਦਾ ਸਰਪੰਚ ਬਣਿਆ ਤਾਂ ਉਸ ਨੇ ਲਾਲਾ ਲਾਜਪਤ ਰਾਏ ਦੇ ਸਾਥੀ ਲਾਲਾ ਮੋਹਨ ਲਾਲ ਐਮ. ਐਲ. ਸੀ. ਨਾਲ ਰਲ ਕੇ ਲਾਲੇ ਦੇ ਜਨਮ ਸਥਾਨ ਢੁੱਡੀਕੇ ਦੇ ਵਿਕਾਸ ਦੀ ਸਕੀਮ ਬਣਾਈ। 28 ਜਨਵਰੀ 1956 ਨੂੰ ਲਾਲਾ ਜੀ ਦੇ ਜਨਮ ਦਿਵਸ ‘ਤੇ ‘ਕੱਠ ਕਰ ਕੇ ‘ਲਾਜਪਤ ਰਾਏ ਖੇਡ ਮੇਲਾ’ ਕਰਾਉਣ ਦਾ ਪ੍ਰੋਗਰਾਮ ਉਲੀਕਿਆ। ਜੁਲਾਈ 1959 ਵਿਚ ਸਵਰਗੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸ਼ਤਰੀ ਢੁੱਡੀਕੇ ਆਏ। ਫਿਰ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਨੇ ਲਾਲਾ ਜੀ ਦੇ ਜਨਮ ਸਥਾਨ ਮੈਮੋਰੀਅਲ ਦੀ ਬੁਨਿਆਦ ਰੱਖੀ ਤੇ ਲਾਲਾ ਜੀ ਦੀ ਪਹਿਲੀ ਜਨਮ ਸ਼ਤਾਬਦੀ ਮੌਕੇ 28 ਜਨਵਰੀ 1965 ਨੂੰ ਤਤਕਾਲੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸ਼ਤਰੀ ਨੇ ਲਾਜਪਤ ਰਾਏ ਸੈਂਟੇਨਰੀ ਕਾਲਜ ਦਾ ਨੀਂਹ ਪੱਥਰ ਰੱਖਿਆ। ਸੀਮੈਂਟ ਵਾਲੇ ਤਸਲੇ ਨਾਲ ਸ਼ਾਸ਼ਤਰੀ ਦੀ ਉਂਗਲ ‘ਤੇ ਝਰੀਟ ਆ ਗਈ ਜਿਸ ਨਾਲ ਖੂਨ ਦੀਆਂ ਕੁਝ ਬੂੰਦਾਂ ਵੀ ਨੀਂਹ ਵਿਚ ਪੈ ਗਈਆਂ। ਮੈਨੂੰ ਇਸ ਕਾਲਜ ਵਿਚ ਤੀਹ ਸਾਲ ਪੜ੍ਹਾਉਣ ਦਾ ਮੌਕਾ ਮਿਲਿਆ ਅਤੇ ਮੈਂ ਵੀਹ ਸਾਲ ਕੰਵਲ ਦੇ ਗੁਆਂਢ ਰਿਹਾ।

ਕੰਵਲ ਨਾਵਲਕਾਰ ਹੀ ਨਹੀਂ, ਕਹਾਣੀਕਾਰ, ਵਾਰਤਕਕਾਰ, ਕਵੀ, ਪੱਤਰਕਾਰ, ਚਿੱਠੀ ਲੇਖਕ, ਰੇਖਾ ਚਿਤਰਕਾਰ, ਸਾਹਿਤ ਸਭੀਆ, ਕਾਨਫਰੰਸੀਆ, ਇਨਾਮੀਆ, ਸੈਲਾਨੀ, ਰਾਜਸੀ ਪਾਰਟੀਆਂ ਦਾ ਸਲਾਹਕਾਰ, ਸ਼ਤਰੰਜ ਦਾ ਖਿਡਾਰੀ ਤੇ ਕਬੀਲਦਾਰ ਵੀ ਹੈ। ਉਸ ਨੇ ਆਸ਼ਕੀ ਵੀ ਕੀਤੀ ਜਿਸ ਦਾ ਵੇਰਵਾ ਉਹਦੀ ਪੁਸਤਕ ‘ਪੁੰਨਿਆਂ ਦਾ ਚਾਨਣ’ ਵਿਚੋਂ ਪੜ੍ਹਿਆ ਜਾ ਸਕਦੈ। ਉਹ ਦਸਵੀਂ ਤਕ ਹੀ ਪੜ੍ਹ ਸਕਿਆ ਸੀ। ਫਿਰ ਮਲਾਇਆ ’ਚ ਜਾਂਦਾ ਰਿਹਾ, ਮੁੜ ਕੇ ਖੇਤੀ ਕੀਤੀ, ਸਾਧ ਤੋਂ ਵੇਦਾਂਤ ਪੜ੍ਹਿਆ ਅਤੇ ਸਾਧ ਬਣਦਾ-ਬਣਦਾ ਬਚਿਆ।




*ਢੁੱਡੀਕੇ ਦਾ ਖੇਡ ਮੇਲਾ ਵੇਖਦੇ ਜਸਵੰਤ ਸਿੰਘ ਕੰਵਲ ਤੇ ਸਰਵਣ ਸਿੰਘ। ਇਹ ਫੋਟੋ ਢੁੱਡੀਕੇ ਖੇਡ ਮੇਲੇ ਦੇ ਆਖਰੀ ਦਿਨ 28 ਜਨਵਰੀ 2018 ਦੀ ਹੈ।*

*ਇਹ ਫੋਟੋ ਢੁੱਡੀਕੇ ਖੇਡ ਮੇਲੇ ਦੇ ਆਖਰੀ ਦਿਨ 28 ਜਨਵਰੀ 2018 ਦੀ ਹੈ। 1960-70ਵਿਆਂ ਦੌਰਾਨ ਇਸ ਖੇਡ ਮੇਲੇ ਵਿਚ ਕੰਵਲ ਤੇ ਸਰਵਣ ਸਿੰਘ ‘ਕੱਠੇ ਕੁਮੈਂਟਰੀ ਕਰਿਆ ਕਰਦੇ। ਕੰਵਲ ਨੂੰ ਖਿਡਾਰੀ ਦੇ ਨਾਂ ਦਾ ਪਤਾ ਨਾ ਹੁੰਦਾ ਤਾਂ ਉਹ ਕਹਿੰਦਾ, “ਚੱਲਿਆ ਲਾਲ ਰੰਗ ਦੇ ਕੱਛੇ ਵਾਲਾ ਮੁੰਡਾ ਕੌਡੀ ਪਾਉਣ। ਵੇਖੋ ਕਿਹੜਾ ਮਾਈ ਦਾ ਲਾਲ ਇਹਨੂੰ ਫੜ੍ਹਦਾ?”*

*ਉਨ੍ਹੀਂ ਦਿਨੀਂ ਕੰਵਲ ਲਾਲ ਰੰਗ ਦੇ ਕੱਛੇ ‘ਚੋਂ ਇਨਕਲਾਬ ਭਾਲਦਾ। ਫਿਰ ਕਦੇ ਬੱਗਿਆਂ ਨੂੰ ਭੰਡਦਾ, ਕਦੇ ਨੀਲਿਆਂ ਨੂੰ ਤੇ ਹੁਣ ਲਾਲਾਂ ਨੂੰ ਵੀ ਨਹੀਂ ਬਖਸ਼ਦਾ। ਇਕ ਵਾਰ ਦੋਵੇਂ ਰੈਫਰੀ ਬਣੇ ਕਬੱਡੀ ਦਾ ਮੈਚ ਖਿਡਾ ਰਹੇ ਸਨ। ਕੰਵਲ ਧੱਕੜ ਧਾਵੀ ਦੀ ਫੇਟ ‘ਚ ਆ ਗਿਆ। ਹੌਲੇ ਜੁੱਸੇ ਦੇ ਕੰਵਲ ਦੀਆਂ ਲੋਟ ਪੋਟਣੀਆਂ ਲੱਗ ਗਈਆਂ। ਉਹਦੀ ਪੱਗ ਲਹਿ ਗਈ, ਗੁਲੂਬੰਦ ਖੁੱਲ੍ਹ ਗਿਆ, ਘੜੀ ਡਿੱਗ ਪਈ ਪਰ ਅਸ਼ਕੇ ਕੰਵਲ ਦੇ ਕਿ ਵਿੱਸਲ ਉਹਦੇ ਮੂੰਹ ਵਿਚ ਹੀ ਰਹੀ। ਉਸ ਨੇ ਵਿੱਸਲ ਵਜਾ ਕੇ ਪੁਆਇੰਟ ਦਿੱਤਾ ਤੇ ਪੱਗ ਲੱਕ ਦੁਆਲੇ ਲਪੇਟ ਕੇ ਅਗਲੀ ਕਬੱਡੀ ਪੁਆਉਣ ਲੱਗਾ। ਐਸਾ ਸਿਰੜ ਹੈ, ਬਾਈ ਕੰਵਲ ਦਾ। ਇਹੀ ਸਿਰੜ ਉਹਤੋਂ ਸੈਂਚੁਰੀ ਮਰਵਾ ਗਿਐ!*


ਪਿੰਡ ਦੇ ਪਾਰਟੀਬਾਜ਼ੀ ਵਾਲੇ ਮਾਹੌਲ ਵਿਚ ਵੈਲੀ ਬਣਨ ਦੇ ਆਸਾਰ ਸਨ ਪਰ ਉਹ ਵੈਲੀ/ਬਦਮਾਸ਼ ਬਣਨੋਂ ਵੀ ਬਚ ਗਿਆ। ਫਿਰ ਸ਼੍ਰੋਮਣੀ ਕਮੇਟੀ ਦੀ ਕਲਰਕੀ ਕੀਤੀ। ਮਲਾਇਆ ਵਿਚ ਉਹਦੇ ‘ਤੇ ਇਕ ਚੀਨਣ ਤੇ ਇਕ ਮਲਾਇਣ ਮਾਇਲ ਹੋਈਆਂ ਰਹੀਆਂ ਪਰ ਉਹ ਉਨ੍ਹਾਂ ਦੇ ਹੱਥ ਨਾ ਆਇਆ। ਕਰਮਾਂ ਦੀ ਖੇਡ ਵੇਖੋ ਕਿ ਦਸਵੀਂ ਫੇਲ੍ਹ ਅਤੇ ਪੰਜ ਬੱਚਿਆਂ ਦੇ ਬਾਪ ਉਤੇ ਲਾਹੌਰ ਤੋਂ ਐਮ. ਬੀ. ਬੀ. ਐਸ. ਪਾਸ ਡਾਕਟਰ ਜਸਵੰਤ ਗਿੱਲ ਮਰ ਮਿਟੀ ਜਿਸ ਦੀ ਯਾਦ ਵਿਚ ਉਸ ਨੇ ‘ਪੁੰਨਿਆਂ ਦਾ ਚਾਨਣ’ ਤੇ ‘ਧੁਰ ਦਰਗਾਹ’ ਪੁਸਤਕਾਂ ਲਿਖੀਆਂ ਅਤੇ ਹਰ ਸਾਲ ਜਸਵੰਤ ਗਿੱਲ ਯਾਦਗਾਰੀ ਅਵਾਰਡ ਦਿੱਤਾ ਜਾ ਰਿਹੈ। ‘ਭਾਵਨਾ’ ਕਾਵਿ ਸੰਗ੍ਰਿਹ ਦੀ ਪਾਰਵਤੀ ਤਾਂ ਸੀ ਹੀ ਜਸਵੰਤ ਗਿੱਲ ਜਿਸ ਦਾ ਕਈ ਸਾਲਾਂ ਬਾਅਦ ਪਤਾ ਲੱਗਾ। ਕੰਵਲ ਨੂੰ ‘ਭੇਤ’ ਛੁਪਾ ਕੇ ਰੱਖਣਾ ਆਉਂਦੈ। ਕਈ ਸਾਲ ਮੈਂ ਕੋਲ ਰਹਿੰਦਾ ਹੋਇਆ ਵੀ ਉਹਦਾ ਭੇਤ ਨਹੀਂ ਸੀ ਪਾ ਸਕਿਆ। ਬੜੀ ਦੇਰ ਬਾਅਦ ਉਸ ਨੇ ਕਿਹਾ, “ਲਿਖ ਦੇਹ ਜਸਵੰਤ ਗਿੱਲ ਮੇਰੀ ਪਤਨੀ ਹੈ।”

---

ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਨੂੰ ਸਰੂ ਦਾ ਰੁੱਖ ਕਿਹਾ ਜਾ ਸਕਦੈ। ਉਹ ਵਗਦੀਆਂ ਹਵਾਵਾਂ ਦੇ ਵੇਗ ‘ਚ ਝੂੰਮਦੈ। ਕਦੇ ਖੱਬੇ ਲਹਿਰਾਉਂਦੈ, ਕਦੇ ਸੱਜੇ ਤੇ ਕਦੇ ਵਾਵਰੋਲੇ ਵਾਂਗ ਘੁੰਮਦੈ। ਉਹਦੀਆਂ ਟਾਹਣੀਆਂ ਲਚਕਦਾਰ ਹਨ, ਤਣਾ ਮਜ਼ਬੂਤ ਤੇ ਜੜ੍ਹਾਂ ਡੂੰਘੀਆਂ ਜਿਸ ਕਰਕੇ ਵਾਵਰੋਲੇ ਤਾਂ ਕੀ, ਝੱਖੜ ਤੂਫਾਨ ਵੀ ਉਸ ਨੂੰ ਧਰਤੀ ਤੋਂ ਨਹੀਂ ਹਿਲਾ ਸਕੇ। ਉਹ ਜਿੰਨਾ ਧਰਤੀ ਤੋਂ ਉਤੇ ਹੈ, ਉਨਾ ਹੀ ਧਰਤੀ ਦੇ ਥੱਲੇ ਹੈ। ਉਹ ਵੇਗਮੱਤਾ ਲੇਖਕ ਹੈ ਤੇ ਲੋਹੜੇ ਦਾ ਜਜ਼ਬਾਤੀ। ਉਹਦੇ ਰੁਮਾਂਚਿਕ ਰਉਂ ‘ਚ ਲਿਖੇ ਜਜ਼ਬਾਤੀ ਸੰਵਾਦ ਸਿੱਧੇ ਦਿਲਾਂ ‘ਤੇ ਵਾਰ ਕਰਦੇ ਹਨ। ਮਿਹਣੇ ਮਾਰਦੇ ਤੇ ਆਰਾਂ ਲਾਉਂਦੇ ਹਨ। ਉਸ ਨੇ ਹਜ਼ਾਰਾਂ ਸੰਵਾਦ ਰਚੇ ਜੋ ਨੌਜੁਆਨਾਂ ਤੇ ਮੁਟਿਆਰਾਂ ਦੀਆਂ ਡਾਇਰੀਆਂ ਉਤੇ ਚੜ੍ਹਦੇ ਰਹੇ। ਉਹਦੀ ਪ੍ਰੀਤਭਿੱਜੀ ਰੁਮਾਂਚਿਕ ਸ਼ੈਲੀ ਨੇ ਲੱਖਾਂ ਪਾਠਕ ਪੱਟੇ। ਡਾ. ਜਸਵੰਤ ਗਿੱਲ ਉਹਦੇ ਨਾਵਲ ‘ਰਾਤ ਬਾਕੀ ਹੈ’ ਦੀ ਪੱਟੀ ਢੁੱਡੀਕੇ ਆ ਬੈਠੀ ਸੀ।

ਕੰਵਲ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਸ ਨੇ ਪਹਿਲੀ ਵਾਰ ਪੰਜਾਬ ਦੇ ਪੇਂਡੂ ਜੀਵਨ ਨੂੰ ਆਪਣੇ ਨਾਵਲਾਂ ਵਿਚ ਦਰਸਾਇਆ। ਉਹਦੇ ਕਈ ਨਾਵਲਾਂ ਦੇ ਦਰਜਨ ਤੋਂ ਵੱਧ ਐਡੀਸ਼ਨ ਛਪੇ। ਉਹਦੀਆਂ ਕਿਤਾਬਾਂ ਦੀਆਂ ਕੁਲ ਕਾਪੀਆਂ ਦਸ ਲੱਖ ਤੋਂ ਵੀ ਵੱਧ ਛਪ ਗਈਆਂ ਹੋਣਗੀਆਂ। ਇਕ ਕਾਪੀ ਦੀ ਦਸ ਵੀਹ ਰੁਪਏ ਵੀ ਰਾਇਲਟੀ ਮਿਲੀ ਹੋਵੇ ਤਾਂ ਲਾ ਲਓ ਹਿਸਾਬ ਕਿੰਨੀ ਰਾਇਲਟੀ ਮਿਲੀ? ਜਿਹੜੇ ਕਹਿੰਦੇ ਹਨ ਕਿ ਪੰਜਾਬੀ ਵਿਚ ਲਿਖਣਾ ਖਾਕ ਛਾਨਣਾ ਹੈ, ਕੰਵਲ ਨੂੰ ਪੁੱਛੋ ਕਿਤਾਬਾਂ ਲਿਖ ਕੇ ਕੀ ਖੱਟਿਆ?

ਪੰਜਾਬੀ ਵਿਚ ਉਸ ਦੇ ਸਭ ਤੋਂ ਬਹੁਤੇ ਪਾਠਕ ਹਨ/ਸਨ। ਉਸ ਨੇ ਕਲਮ ਦੀ ਕਮਾਈ ਨਾਲ ਪਰਿਵਾਰ ਪਾਲਿਆ, ਚਾਰੇ ਧੀਆਂ ਹੋਸਟਲਾਂ ਵਿਚ ਐਮ. ਐਸਸੀ. ਤਕ ਪੜ੍ਹਾਈਆਂ ਅਤੇ ਡਾਕਟਰ, ਪ੍ਰੋਫੈਸਰ ਤੇ ਇੰਜੀਨੀਅਰ ਜੁਆਈਆਂ ਦੇ ਲੜ ਲਾਈਆਂ। ਜਿੰਨੀ ਜਮੀਨ ਉਹਨੂੰ ਵਿਰਸੇ ‘ਚ ਮਿਲੀ ਸੀ, ਓਦੂੰ ਵੱਧ ਕਲਮ ਦੀ ਕਮਾਈ ਨਾਲ ਬਣਾਈ। ਦੇਸ਼ ਵਿਦੇਸ਼ ਦੀਆਂ ਸੈਰਾਂ ਵੱਖ ਕੀਤੀਆਂ। ਬਣਦਾ ਸਰਦਾ ਦਸਵੰਧ ਵੀ ਪਿੰਡ ਦੇ ਲੇਖੇ ਲਾਇਆ। ਸਾਹਿਤ ਟਰੱਸਟ ਢੁੱਡੀਕੇ ਵੱਲੋਂ ਲੱਖਾਂ ਦੇ ਇਨਾਮ ਦਿੱਤੇ। ਪੰਜਾਹ ਸਾਲ ਪਹਿਲਾਂ ਜਦੋਂ ਕਾਲਜ ਦੇ ਪ੍ਰੋਫੈਸਰਾਂ ਤੇ ਪ੍ਰਿੰਸੀਪਲ ਨੂੰ ਵੀ ਇਨਕਮ ਟੈਕਸ ਨਹੀਂ ਸੀ ਭਰਨਾ ਪੈਂਦਾ, ਕੰਵਲ ਉਦੋਂ ਵੀ ਰਾਇਲਟੀ ਦਾ ਇਨਕਮ ਟੈਕਸ ਭਰਦਾ ਸੀ।



ਕੰਵਲ ਦਾ ਕੱਦ ਸਰੂ ਵਾਂਗ ਲੰਮਾ ਹੈ ਤੇ 100 ਸਾਲ ਦਾ ਹੋ ਕੇ ਵੀ ਉਹ ਸਿੱਧਾ ਸਲੋਟ ਹੈ। ਸਿਰਫ ਖੱਬੀ ਅੱਖ ਦੀ ਨਜ਼ਰ ਕੁਝ ਕਮਜ਼ੋਰ ਹੋਈ ਹੈ। ਦਿਲ ਨੂੰ ਤਕਲੀਫ ਹੋਈ ਸੀ ਜੋ ਇਲਾਜ ਕਰਾਉਣ ਨਾਲ ਠੀਕ ਹੋ ਗਈ। ਖਾਣ ਪੀਣ ਲੱਗਾ ਅਜੇ ਵੀ ਅੱਧੀ ਰੋਟੀ ਸ਼ੱਕਰ ਘਿਉ ਨਾਲ ਖਾਂਦੈ। ਚਮਚਾ ਕੁਦਾਰੂ ਵੀ ਦਰਕਾਰ ਹੈ। ਕਿਤਾਬਾਂ ਲਿਖਣ ਦਾ ਰਿਕਾਰਡ ਤਾਂ ਹੈ ਹੀ, ਸੰਭਵ ਹੈ ਸਾਹਿਤਕ ਉਮਰ ਦਾ ਰਿਕਾਰਡ ਵੀ ਰੱਖ ਜਾਵੇ। ‘ਜੀਵਨ ਕਣੀਆਂ’ ਤੋਂ ‘ਧੁਰ ਦਰਗਾਹ’ ਤਕ ਪੁੱਜੇ ਨੂੰ ਵੀ ਨਾ ਪ੍ਰਕਾਸ਼ਕ ਰਾਇਲਟੀ ਦੇਣੋ ਹਟਦੇ ਨੇ ਤੇ ਨਾ ਉਹ ਲਿਖਣੋ ਬੱਸ ਕਰ ਰਿਹੈ।

ਬਾਈ ਕੰਵਲ ਨਾਲ ਮੇਰੀ ਮਿਲਣੀ ਨਾਵਲ ‘ਪੂਰਨਮਾਸ਼ੀ’ ਪੜ੍ਹਨ ਨਾਲ ਹੋਈ ਸੀ। ਉਸ ਨੂੰ ਮਿਲਣ ਤੋਂ ਪਹਿਲਾਂ ਮੈਂ ਉਹਦੇ ਪਾਤਰਾਂ ਨੂੰ ਮਿਲਿਆ। ਰੂਪ ਨੂੰ ਮਿਲਿਆ, ਚੰਨੋ ਨੂੰ ਮਿਲਿਆ, ਸ਼ਾਮੋ ਨੂੰ, ਜਗੀਰ ਨੂੰ ਤੇ ਦਿਆਲੇ ਅਮਲੀ ਨੂੰ ਮਿਲਿਆ। ਉਹਦੇ ਨਾਵਲ ਵਿਚਲੇ ‘ਨਵੇਂ ਪਿੰਡ’ ਉਰਫ ਢੁੱਡੀਕੇ ਨੂੰ ਮਿਲਿਆ ਜਿਥੇ ਰੂਪ ਦਾ ਖੂਹ ਚਲਦਾ ਸੀ ਤੇ ਬਚਨੋ ਗੋਹੇ ਵਾਲਾ ਬੱਠਲ ਧੋਣ ਆਈ ਸੀ। ਇਹ ਮੂੰਹ ’ਨ੍ਹੇਰੇ ਮਿਲਣ ਦਾ ਬਹਾਨਾ ਸੀ। ਖੁਸ਼ਵੰਤ ਸਿੰਘ ਨੇ ਇਸ ਚਲਦੇ ਖੂਹ ਦੇ ਬਿਰਤਾਂਤ ਨੂੰ ਇਲੱਸਟ੍ਰੇਟਿਡ ਵੀਕਲੀ ਵਿਚ ਵਡਿਆਇਆ ਸੀ। ਜਿਥੇ ਖੂਹ ਹੁੰਦਾ ਸੀ, ਖੇਤ ਹੁੰਦੇ ਸਨ ਤੇ ਬਚਨੋ ਰੂਪ ਨੂੰ ਮਿਲੀ ਸੀ, ਉਥੇ ਹੁਣ ਕੰਵਲ ਦਾ ਘਰ ਹੈ। ਖੂਹ ਬੇਆਬਾਦ ਹੋ ਗਿਐ ਪਰ ਪੂਰਨਮਾਸ਼ੀ ਵਿਚ ਆਬਾਦ ਹੈ।

ਉਸ ਖੂਹ ਦੀ ਮੌਣ ਉਤੇ ਬਲਰਾਜ ਸਾਹਨੀ ਵੀ ਬੈਠਿਆ ਤੇ ਆਉਂਦੇ ਜਾਂਦੇ ਵੀ ਬਥੇਰੇ ਬੈਠੇ। ਉਹਦੀ ਨਿਸ਼ਾਨੀ ਅਜੇ ਵੀ ਕਾਇਮ ਹੈ। ਪੂਰਨਮਾਸ਼ੀ ਲੋਕ ਗੀਤਾਂ ਨਾਲ ਭਰੀ ਪਈ ਸੀ। ਹਰ ਕਾਂਡ ਦੇ ਅੱਗੇ ਤੇ ਪਿੱਛੇ ਇਕ ਟੱਪਾ ਸੀ। ਮੈਂ ਪੂਰਨਮਾਸ਼ੀ ਕਾਹਦੀ ਪੜ੍ਹੀ, ਬੱਸ ਕੰਵਲ ਦਾ ਹੋ ਕੇ ਰਹਿ ਗਿਆ। ਫਿਰ ਮੈਂ ਉਸ ਨੂੰ ਏਨਾ ਮਿਲਿਆ ਕਿ ਹੁਣ ਤਕ ਮਿਲਦਾ ਹੀ ਆ ਰਿਹਾਂ। ਪੌਣੀ ਸਦੀ ਲੰਘ ਗਈ ਉਹਨੂੰ ਲਿਖਦਿਆਂ ਅਤੇ ਉਹ ਅਜੇ ਵੀ ਲਿਖੀ ਜਾ ਰਿਹੈ। ਉਹਦੀ ਰਚਨਾਤਮਿਕਤਾ ਦਾ ਕੋਈ ਹੱਦ-ਬੰਨਾ ਨਹੀਂ। ਉਹ ਸਿਰਜਣਾ ਦਾ ਭਰ ਵਗਦਾ ਦਰਿਆ ਹੈ। ਉਸ ਨੇ ਪੰਜ ਲੱਖ ਤੋਂ ਵੱਧ ਸੰਵਾਦ ਤੇ ਪੰਜਾਹ ਲੱਖ ਤੋਂ ਵੱਧ ਲਫਜ਼ ਲਿਖ ਛੱਡੇ ਨੇ! ਉਹਦੀ ਲਿਖਣ ਦੀ ਮੈਰਾਥਨ ਅਜੇ ਵੀ ਜਾਰੀ ਹੈ। ਉਸ ਨੇ ਕਈ ਵਾਰ ਕਿਹਾ ਹੈ ਕਿ ਆਹ ਉਹਦੀ ਆਖਰੀ ਪੁਸਤਕ ਹੈ ਪਰ ਲੱਗਦੈ ਉਹ ਤਦ ਤਕ ਲਿਖਦਾ ਰਹੇਗਾ ਜਦ ਤਕ ਅੰਤਿਮ ਸਵਾਸ ਨਹੀਂ ਲੈ ਲੈਂਦਾ!

ਮੈਂ ਉਹਨੂੰ ਉਠਦਾ ਬੈਠਦਾ, ਤੁਰਦਾ ਫਿਰਦਾ, ਪੜ੍ਹਦਾ ਲਿਖਦਾ, ਬੋਲਦਾ ਚਲਦਾ, ਹਸਦਾ ਖੇਡਦਾ, ਮਸਤੀ ਮਾਰਦਾ, ਇਸ਼ਕ ਕਰਦਾ ਤੇ ਹੰਝੂ ਵਹਾਉਂਦਾ ਵੇਖਦਾ ਰਿਹਾਂ। ਕਦੇ ਖੇੜੇ ‘ਚ ਖਿੜਦਾ, ਕਦੇ ਉਦਾਸੀ ‘ਚ ਝੂਰਦਾ। ਕਦੇ ਕਾਨਫਰੰਸਾਂ ‘ਤੇ ਜਾਂਦਾ, ਕਦੇ ਸਾਹਿਤ ਸਭਾਵਾਂ ‘ਚ ਬੋਲਦਾ। ਕਦੇ ਕੋਟ ਪੈਂਟ ਪਾਏ ਹੁੰਦੇ, ਕਦੇ ਲੁੰਗੀ ਲਾਈ ਹੁੰਦੀ। ਕਦੇ ਮੰਡਾਸਾ ਮਾਰਿਆ ਹੁੰਦਾ, ਕਦੇ ਲੋਈ ਲਈ ਹੁੰਦੀ। ਕਦੇ ਨੰਗੇ ਸਿਰ ਤੇ ਕਦੇ ਪਰਨਾ ਵਲ੍ਹੇਟਿਆ ਹੁੰਦਾ। ਕਦੇ ਕੰਬਲੀ ਦੀ ਬੁੱਕਲ, ਕਦੇ ਖੇਸ ਦੀ ਬੁੱਕਲ। ਕਦੇ ਧੂਣੀ ਰਮਾਉਂਦਾ, ਕਦੇ ਧੁੱਪ ਸੇਕਦਾ। ਕਦੇ ਵੱਟ ਬੰਨੇ, ਕਦੇ ਟਾਹਲੀ ਦੀ ਛਾਂਵੇਂ। ਕਦੇ ਪੱਬਾਂ ਭਾਰ ਬੈਠਾ ਤੇ ਕਦੇ ਝੂਲਾ ਝੂਲਦਾ। ਕਦੇ ਨਿਆਣਿਆਂ ਨਾਲ ਕੌਡਾਂ ਖੇਡਦਾ। ਕਦੇ ਅੰਦਰਲੇ ਘਰ, ਕਦੇ ਬਾਹਰਲੀ ਕੋਠੀ। ਕਦੇ ਤਾਸ਼ ਖੇਡਦਾ, ਕਦੇ ਸ਼ਤਰੰਜ। ਕਦੇ ਡਾਕਘਰ, ਕਦੇ ਢੁੱਡੀਕੇ ਦੀ ਫਿਰਨੀ ‘ਤੇ। ਕਦੇ ‘ਕੱਲਾ ਬੈਠਾ ਆਪਣੇ ਆਪ ਨਾਲ ਗੱਲਾਂ ਕਰਦਾ। ਕਦੇ ਬਰਾਂਡੇ ਵਿਚ ਕੁਰਸੀ ਮੇਜ਼ ‘ਤੇ ਪੜ੍ਹਦਾ ਲਿਖਦਾ।

1967 ਵਿਚ ਕੰਵਲ ਨੇ ਹੀ ਮੈਨੂੰ ਦਿੱਲੀ ਦੇ ਖਾਲਸਾ ਕਾਲਜ ਤੋਂ ਪੱਟਿਆ ਸੀ, ਵਰਨਾ ਮੈਂ ਦਿੱਲੀ ‘ਚ ਹੀ ਦਿਲ ਲਾਈ ਰੱਖਣਾ ਸੀ। ਅਨੂਪ ਵਿਰਕ ਉਹਦੇ ਬਾਰੇ ਲਿਖਦੈ:

ਉਹ ਚੰਨ ਚਾਨਣੀ ਰਾਤ ਜਿਹਾ
ਔੜਾਂ ਵਿਚ ਹੋਈ ਬਰਸਾਤ ਜਿਹਾ
ਉਹ ਸੁਪਨਾ ਸਾਹਿਤ ਸਮੁੰਦਰ ਦਾ
ਉਹ ਅਕਾਸ਼ ਦੀ ਖੁੱਲ੍ਹੀ ਕਿਤਾਬ ਜਿਹਾ
ਉਹ ਇਸ਼ਟ ਜਿਹਾ ਉਹ ਇਸ਼ਕ ਜਿਹਾ
ਮੇਰੇ ਸੀਨੇ ਅੰਦਰ ਲਿਸ਼ਕ ਰਿਹਾ।

# ਅਮਰੀਕਾ ਦੀ ਆਜ਼ਾਦੀ ਅਤੇ ਇਸ ਦਾ ਪਿਛੋਕੜ

**4 ਜੁਲਾਈ 'ਤੇ ਵਿਸ਼ੇਸ਼**

***ਅਮਰੀਕਾ ਦਾ ਆਜ਼ਾਦੀ ਦਿਵਸ ਹਰ ਸਾਲ 4 ਜੁਲਾਈ ਨੂੰ ਮਨਾਇਆ ਜਾਂਦਾ ਹੈ। ਸਾਰਾ ਜੱਗ ਜਾਣਦਾ ਹੈ ਕਿ ਅਮਰੀਕਾ ਦੀ ਖੋਜ ਇਟਲੀ ਦੇ ਬਾਸ਼ਿੰਦੇ ਕ੍ਰਿਸਟੋਫਰ ਕੋਲੰਬਸ ਨੇ ਕੀਤੀ ਸੀ ਪਰ ਬਹੁਤ ਘੱਟ ਲੋਕਾਂ ਨੂੰ ਇਲਮ ਹੋਵੇਗਾ ਕਿ ਅੱਜ ਦੇ ਅਮਰੀਕਾ ਦੀ ਕਾਇਮੀ ਵਿਚ ਇੰਗਲੈਂਡ ਦਾ ਕੀ ਯੋਗਦਾਨ ਹੈ? 4 ਜੁਲਾਈ 1776 ਨੂੰ ਅਮਰੀਕਾ ਦੀਆਂ 13 ਕਾਲੋਨੀਆਂ ਦੀ ਬਰਤਾਨਵੀ ਸਾਮਰਾਜ ਤੋਂ ਆਜ਼ਾਦੀ ਦਾ ਐਲਾਨ ਕੀਤਾ ਗਿਆ। ਇਨ੍ਹਾਂ ਆਜ਼ਾਦ ਹੋਈਆਂ ਕਾਲੋਨੀਆਂ ਨੂੰ ਯੂਨਾਈਟਿਡ ਸਟੇਟਸ ਦਾ ਨਾਂ ਦਿੱਤਾ ਗਿਆ। 4 ਜੁਲਾਈ ਨੂੰ ਦੇਸ਼ ਭਰ ਵਿਚ ਛੁੱਟੀ ਹੁੰਦੀ ਹੈ ਅਤੇ ਅਮਰੀਕੀ ਲੋਕ ਇਸ ਦਿਹਾੜੇ ਨੂੰ ਬੜੇ ਚਾਅ ਨਾਲ ਮਨਾਉਂਦੇ ਹਨ। ਹਰਮਹਿੰਦਰ ਚਹਿਲ ਨੇ ਅਮਰੀਕਾ ਦੀ ਆਜ਼ਾਦੀ ਬਾਰੇ ਲਿਖੇ ਇਸ ਦਿਲਚਸਪ ਲੇਖ ਵਿਚ ਸੰਯੁਕਤ ਰਾਸ਼ਟਰ ਅਮਰੀਕਾ ਦੀ ਕਾਇਮੀ ਦੇ ਪਿਛੋਕੜ ਦੀਆਂ ਪਰਤਾਂ ਐਨ ਉਸੇ ਤਰ੍ਹਾਂ ਫਰੋਲੀਆਂ ਹਨ ਜਿਵੇਂ ਪਿਆਜ ਦੇ ਛਿਲਕੇ ਇਕ ਇਕ ਕਰ ਕੇ ਉਤਰਦੇ ਜਾਂਦੇ ਹਨ। -ਸੰਪਾਦਕ***



**ਹਰਮਹਿੰਦਰ ਚਹਿਲ**

ਪੰਦਰਵੀਂ ਸਦੀ ਦੇ ਆਖਰੀ ਵਰ੍ਹਿਆਂ ਤੱਕ ਅਮਰੀਕਨ ਮਹਾਂਦੀਪ ਬਾਰੇ ਕੋਈ ਨਹੀਂ ਜਾਣਦਾ ਸੀ। ਇਹ ਤਾਂ ਕ੍ਰਿਸਟੋਫਰ ਕੋਲੰਬਸ ਨੂੰ ਅਚਾਨਕ ਲੱਭੀ ਧਰਤੀ ਸੀ। ਉਦੋਂ ਫਰਾਂਸ, ਇੰਗਲੈਂਡ ਪੁਰਤਗਾਲ ਅਤੇ ਸਪੇਨ ਵਰਗੇ ਮੁਲਕ ਸਾਊਥ ਏਸ਼ੀਆ ਵੱਲ ਸੋਨਾ, ਹੀਰੇ, ਜਵਾਹਰਾਤ ਅਤੇ ਗਰਮ ਮਸਾਲੇ ਵਗੈਰਾ ਲੁੱਟਣ ਧਰਤੀ ਰਸਤੇ ਹੀ ਜਾਂਦੇ ਸਨ। ਫਿਰ ਤੁਰਕ ਸਲਤਨਤ ਫੈਲਣ ਨਾਲ ਇਨ੍ਹਾਂ ਨੂੰ ਕੋਈ ਨਵਾਂ ਰਾਹ ਲੱਭਣ ਦੀ ਲੋੜ ਮਹਿਸੂਸ ਹੋਈ। ਸਭ ਤੋਂ ਪਹਿਲਾਂ ਸਪੇਨ ਨੇ ਇਹ ਕੰਮ ਕਰਨ ਦੀ ਸੋਚਦਿਆਂ ਕੋਲੰਬਸ ਨੂੰ ਤਿਆਰ ਕੀਤਾ। ਕੋਲੰਬਸ ਸਮੁੰਦਰੀ ਯਾਤਰਾਵਾਂ ਦਾ ਮਾਹਰ ਸੀ ਅਤੇ ਇਹ ਉਸ ਦਾ ਮਨ ਭਾਉਂਦਾ ਕੰਮ ਸੀ। ਉਸ ਨੇ ਆਪਣੇ ਸਾਥੀਆਂ ਸਮੇਤ ਇੰਡੀਆ ਜਾਣ ਲਈ ਧਰਤੀ ਦੇ ਬਿਲਕੁਲ ਉਪਰ ਦੀ ਘੁੰਮ ਕੇ ਜਾਣ ਦੀ ਵਿਉਂਤ ਬਣਾਈ। 1492 ਦੇ ਅਗਸਤ ਮਹੀਨੇ ਉਸ ਨੇ ਆਮ ਤੋਂ ਉਲਟ, ਛਿਪਦੇ ਸੂਰਜ ਵੱਲ ਆਪਣੇ ਬੇੜੇ ਠਿਲ੍ਹ ਦਿੱਤੇ।

ਦੋ ਕੁ ਮਹੀਨਿਆਂ ਬਾਅਦ ਅਕਤੂਬਰ ਵਿਚ ਉਸ ਨੇ ਧਰਤੀ ਦੇਖੀ ਤਾਂ ਸਮਝਿਆ ਕਿ ਉਹ ਇੰਡੀਆ ਪਹੁੰਚ ਗਿਆ ਹੈ। ਉਸ ਨੇ ਅੱਜ ਦੇ ਬਹਾਮਾ ਟਾਪੂ 'ਤੇ ਉਤਰਦਿਆਂ ਉਥੇ ਦੇ ਲੋਕਾਂ ਨੂੰ ਇੰਡੀਅਨ ਕਹਿ ਕੇ ਪੁਕਾਰਿਆ। ਉਹ ਇੰਡੀਅਨ, ਭਾਵ ਭਾਰਤੀ ਨਹੀਂ ਸਨ ਪਰ ਉਨ੍ਹਾਂ ਨੂੰ ਮਿਲਿਆ ਇੰਡੀਆ ਨਾਮ, ਪਿੱਛੋਂ ਉਨ੍ਹਾਂ ਨਾਲ ਪੱਕੇ ਤੌਰ 'ਤੇ ਜੁੜ ਗਿਆ। ਜਦੋਂ ਕੋਲੰਬਸ ਨੂੰ ਪਤਾ ਲੱਗਾ ਕਿ ਉਹ ਬਿਲਕੁਲ ਨਵੀਂ ਧਰਤੀ 'ਤੇ ਪਹੁੰਚ ਗਿਆ ਹੈ ਤਾਂ ਉਹ ਬੜਾ ਹੈਰਾਨ ਹੋਇਆ। ਉਸ ਨੇ ਆਪਣਾ ਮਕਸਦ, ਭਾਵ ਸੋਨਾ ਆਦਿ ਲੁੱਟਣ ਦਾ ਕੰਮ ਸ਼ੁਰੂ ਕਰ ਦਿੱਤਾ ਪਰ ਉਸ ਨੂੰ ਕਿਤਿਓਂ ਵੀ ਸੋਨਾ ਨਾ ਲੱਭਾ। ਜਦੋਂ ਕੁਝ ਵੀ ਨਾ ਮਿਲਿਆ ਤਾਂ ਉਹ ਸੈਂਕੜੇ ਲੋਕਾਂ ਨੂੰ ਬੰਦੀ ਬਣਾ ਕੇ ਲੈ ਤੁਰਿਆ ਅਤੇ ਵਾਪਸ ਜਾ ਕੇ ਉਨ੍ਹਾਂ ਨੂੰ ਗੁਲਾਮਾਂ ਦੀ ਮੰਡੀ 'ਚ ਵੇਚ ਦਿੱਤਾ। ਕੋਲੰਬਸ ਦੇ ਇਸ ਪਾਸੇ ਆਉਣ ਨਾਲ ਬਾਕੀ ਦੁਨੀਆਂ ਨੂੰ ਵੀ ਇਸ ਬਾਰੇ ਪਤਾ ਲੱਗ ਗਿਆ ਤੇ ਹੋਰ ਲੋਕ ਵੀ ਇਧਰ ਆਉਣ ਲੱਗੇ। ਅਮੈਰਿਗੋ ਵੈਸਪੁਸੀ ਨਾਮੀ ਇਟਾਲੀਅਨ ਨੇ ਕਈ ਗੇੜੇ ਲਾਏ ਅਤੇ ਇਸ ਧਰਤੀ ਨੂੰ ਨਵੀਂ ਦੁਨੀਆਂ ਕਿਹਾ।

ਅਮੈਰਿਗੋ ਵੈਸਪੁਸੀ ਵਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਉਸ ਵੇਲੇ ਦੇ ਜਰਮਨ ਨਕਸ਼ਾ-ਨਵੀਸ ਮਾਰਟਿਨ ਵਾਲਡਸੀਮੁਲਰ ਨੇ ਇਸ ਨਵੀਂ ਦੁਨੀਆਂ ਦਾ ਨਕਸ਼ਾ ਬਣਾਇਆ। ਉਸ ਨੇ ਸਾਰੀ ਜਾਣਕਾਰੀ ਅਮੈਰਿਗੋ ਵੈਸਪੁਸੀ ਦੀਆਂ ਲਿਖਤਾਂ ਤੋਂ ਲਈ ਸੀ, ਇਸ ਕਰ ਕੇ ਉਸ ਨੇ ਇਸ ਨਵੀਂ ਦੁਨੀਆਂ ਦਾ ਨਾਮ ਉਸੇ ਦੇ ਨਾਂ 'ਤੇ ਹੀ ਰੱਖਦਿਆਂ ਇਸ ਨੂੰ ਅਮੈਰਿਕਾ ਦਾ ਨਾਮ ਦਿੱਤਾ। ਜਲਦੀ ਹੀ ਯੂਰਪੀ ਲੋਕ ਉਧਰ ਵਹੀਰਾਂ ਘੱਤ ਤੁਰੇ। ਉਦੋਂ ਇਨ੍ਹਾਂ 'ਚ ਜ਼ਿਆਦਾ ਸਪੇਨ ਦੇ ਲੋਕ ਸਨ।

ਸਪੇਨੀ ਜਰਨਲ ਹਰਨਨ ਕੋਰਟਸ ਨੇ ਆਪਣੇ ਪੰਜ ਸੌ ਫੌਜੀਆਂ ਨਾਲ ਇਧਰ ਚਾਲੇ ਪਾ ਦਿੱਤੇ। ਉਸ ਨੇ ਮੈਕਸੀਕੋ ਤੋਂ ਲੈ ਕੇ ਅੱਜ ਦੇ ਪੇਰੂ ਤੱਕ ਦਾ ਇਲਾਕਾ ਗਾਹ ਮਾਰਿਆ। ਅੱਗੇ ਚੱਲ ਕੇ 1565 ਵਿਚ ਸਪੇਨ ਨੇ ਪਹਿਲੀ ਵਾਰ ਹੁਣ ਦੇ ਅਮਰੀਕਾ ਦੀ ਧਰਤੀ ਉਪਰ ਪੈਰ ਪਾਏ। ਜੋ ਆਬਾਦੀ ਉਨ੍ਹਾਂ ਕਾਇਮ ਕੀਤੀ, ਉਹ ਅੱਜ ਦਾ ਫਲੋਰਿਡਾ ਸੀ ਪਰ ਸਪੇਨ ਫਲੋਰਿਡਾ ਤੋਂ ਅੱਗੇ ਨਾ ਆਇਆ ਸਗੋਂ ਉਸ ਨੇ ਦੂਰ ਦੱਖਣ ਵੱਲ ਕਾਲੋਨੀਆਂ ਵਸਾਈਆਂ ਜੋ ਅੱਜ ਦਾ ਦੱਖਣੀ ਅਮਰੀਕਾ (ਸਾਊਥ ਅਮੈਰਿਕਾ) ਹੈ।

ਸਪੇਨ ਤੋਂ ਬਾਅਦ ਫਰਾਂਸ ਨੇ ਸ਼ੁਰੂਆਤ ਕੀਤੀ ਪਰ ਫਰਾਂਸ ਵੀ ਇਧਰ ਨਾ ਆਇਆ। ਉਸ ਨੇ ਅੱਜ ਦੇ ਕੈਨੇਡਾ ਵੱਲ ਆਪਣਾ ਇਲਾਕਾ ਵਸਾ ਲਿਆ। ਇੰਗਲੈਂਡ ਨੇ 1585 ਵਿਚ ਇਸ ਧਰਤੀ 'ਤੇ ਪਹਿਲੀ ਵਾਰੀ ਪੈਰ ਪਾਏ। ਸ਼ੁਰੂ 'ਚ ਉਸ ਨੂੰ ਨਿਰਾਸ਼ਾ ਮਿਲੀ ਅਤੇ ਜਾਨੀ ਨੁਕਸਾਨ ਵੀ ਬਹੁਤ ਹੋਇਆ ਪਰ ਲਗਾਤਾਰ ਗੇੜਿਆਂ ਨੇ ਇੰਗਲੈਂਡ ਦੇ ਲੋਕਾਂ ਨੂੰ ਉਤਸ਼ਾਹਤ ਕੀਤਾ। ਫਰਾਂਸ ਅਤੇ ਸਪੇਨ ਦੀ ਕਾਮਯਾਬੀ ਦੇਖਦਿਆਂ ਇੰਗਲੈਂਡ ਦੇ ਅਮੀਰ ਵਪਾਰੀਆਂ ਨੇ 'ਲੰਡਨ ਕੰਪਨੀ' ਨਾਂ ਹੇਠ ਸਾਂਝੀ ਸਟਾਕ ਕੰਪਨੀ ਬਣਾਈ ਅਤੇ ਇਸ ਦੇ ਸ਼ੇਅਰ ਵੇਚ ਕੇ ਪੈਸਾ ਇਕੱਠਾ ਕੀਤਾ ਤਾਂ ਕਿ ਨਵੀਂ ਧਰਤੀ ਉਪਰ ਜਾ ਕੇ ਕਮਾਈ ਕੀਤੀ ਜਾਵੇ। ਇੰਗਲੈਂਡ ਦੀ ਰਾਣੀ ਐਲਿਜ਼ਾਬੈਥ (ਪਹਿਲੀ) ਨੇ ਕੰਪਨੀ ਨੂੰ ਇਜਾਜ਼ਤ ਦਿੰਦਿਆਂ ਨਵੀਂ ਦੁਨੀਆਂ 'ਤੇ ਇਲਾਕਾ ਆਬਾਦ ਕਰਨ ਲਈ ਚਾਰਟਰ (ਪਟਾ) ਲਿਖ ਕੇ ਦੇ ਦਿੱਤਾ।

1606 ਦੇ ਦਸੰਬਰ ਮਹੀਨੇ ਲੰਡਨ ਕੰਪਨੀ ਨੇ ਇਧਰ ਬੰਦੇ ਤੋਰੇ ਜਿਨ੍ਹਾਂ ਨੇ ਇਥੇ ਆ ਕੇ ਜੇਮਜ਼ ਟਾਊਨ ਸ਼ਹਿਰ ਵਸਾਇਆ ਅਤੇ ਇਸ ਇਲਾਕੇ ਨੂੰ ਰਾਣੀ ਦੇ ਨਾਂ 'ਤੇ ਰੱਖਣ ਦੀ ਸੋਚੀ। ਰਾਣੀ ਨੇ ਵਿਆਹ ਨਹੀਂ ਸੀ ਕਰਵਾਇਆ, ਇਸ ਕਰ ਕੇ ਉਸ ਨੂੰ ਵਰਜਿਨ ਕੁਈਨ ਵੀ ਕਿਹਾ ਜਾਂਦਾ ਸੀ। ਇਸ ਨਵੇਂ ਵਸਾਏ ਇਲਾਕੇ ਨੂੰ ਲੰਡਨ ਕੰਪਨੀ ਵਾਲਿਆਂ ਨੇ ਰਾਣੀ ਦੇ ਨਾਂ 'ਤੇ ਵਰਜੀਨੀਆ ਦਾ ਨਾਂ ਦਿੱਤਾ। ਸ਼ੁਰੂ 'ਚ ਇਹ ਲੋਕ ਸਿਰਫ ਸੋਨਾ ਵਗੈਰਾ ਹੀ ਲੱਭਦੇ ਸਨ ਜੋ ਇਥੇ ਨਹੀਂ ਸੀ। ਫਿਰ ਹੌਲੀ ਹੌਲੀ ਹੋਰ ਚੀਜ਼ਾਂ ਵਾਪਸ ਇੰਗਲੈਂਡ ਲਿਜਾ ਕੇ ਵੇਚਣ ਲੱਗੇ ਜਿਨ੍ਹਾਂ ਵਿਚ ਤੰਬਾਕੂ ਮੁੱਖ ਸੀ। ਵਕਤ ਦੇ ਨਾਲ ਤੰਬਾਕੂ ਤੋਂ ਬਹੁਤ ਕਮਾਈ ਹੋਣ ਲੱਗੀ। ਇਸ ਵਪਾਰ ਤੋਂ ਉਤਸ਼ਾਹਤ ਹੋ ਕੇ ਲੰਡਨ ਕੰਪਨੀ ਜ਼ਿਆਦਾ ਲੋਕਾਂ ਨੂੰ ਇਧਰ ਭੇਜਣ ਲੱਗੀ। 1620 ਤੱਕ ਹਜ਼ਾਰਾਂ ਲੋਕ ਇਥੇ ਪਹੁੰਚ ਚੁੱਕੇ ਸਨ। ਆਪਣੇ ਨਿੱਤ ਦਿਨ ਦੇ ਮਸਲੇ ਨਜਿੱਠਣ ਲਈ ਇਨ੍ਹਾਂ ਕਾਲੋਨੀਆਂ ਵਾਲਿਆਂ ਨੇ ਆਪਣੀ ਸਭਾ ਬਣਾ ਲਈ ਜਿਸ ਨੂੰ ਹਾਊਸ ਆਫ ਬਰਗੀਸਸ ਕਿਹਾ ਗਿਆ। ਇਸ ਹਾਊਸ ਦਾ ਮੁਖੀ ਵੀ ਥਾਪ ਦਿੱਤਾ ਗਿਆ। ਜ਼ਿਆਦਾ ਦਿਸ਼ਾ ਨਿਰਦੇਸ਼ ਇੰਗਲੈਂਡ ਤੋਂ ਹੀ ਆਉਂਦੇ ਸਨ ਪਰ ਵਕਤ ਨਾਲ ਕੁਝ ਵਕਤੀ ਨਿਯਮ ਖੁਦ ਇਹ ਹਾਊਸ ਬਣਾਉਣ ਲੱਗਾ।

ਹਰ ਕੋਈ ਇਸ ਨਵੀਂ ਧਰਤੀ 'ਤੇ ਸਿਰਫ ਪੈਸਾ ਕਮਾਉਣ ਦੇ ਚੱਕਰ ਵਿਚ ਨਹੀਂ ਸੀ ਆਇਆ। ਉਸ ਵੇਲੇ ਇੰਗਲੈਂਡ ਵਿਚ ਰੋਮਨ ਕੈਥੋਲਿਕ ਘੱਟ ਗਿਣਤੀ ਵਿਚ ਸਨ ਅਤੇ ਉਨ੍ਹਾਂ ਉਪਰ ਜ਼ਿਆਦਤੀਆਂ ਹੁੰਦੀਆਂ ਸਨ। ਪਹੁੰਚ ਵਾਲੇ ਲੋਕਾਂ ਨੇ ਸੋਚਿਆ ਕਿ ਕਿਉਂ ਨਾ ਨਵੀਂ ਧਰਤੀ ਉਪਰ ਜਾ ਕੇ ਖੁੱਲ੍ਹ ਅਤੇ ਆਜ਼ਾਦੀ ਨਾਲ ਰਿਹਾ ਜਾਵੇ। ਇਸੇ ਮੰਤਵ ਨਾਲ ਵੱਡੇ ਗਰੁਪ ਨੇ ਲੰਡਨ ਕੰਪਨੀ ਤੋਂ ਇਜਾਜ਼ਤ ਲੈ ਕੇ ਸਮਝੌਤਾ (ਮੇਫਲਾਵਰ ਕੰਪੈਕਟ) ਕੀਤਾ ਤੇ ਨਵੀਂ ਦੁਨੀਆਂ 'ਤੇ ਜਾ ਪਹੁੰਚੇ। ਇਸੇ ਤਰ੍ਹਾਂ ਇਕ ਹੋਰ ਧਾਰਮਿਕ ਘੱਟ ਗਿਣਤੀ ਦੇ ਸੈਂਕੜੇ ਰਿਸ਼ਤੇਦਾਰ ਅਤੇ ਸਬੰਧੀਆਂ ਨੇ ਇਕੱਠੇ ਹੋ ਕੇ ਮੈਸਾਚੂਸੈਟਸ ਬੇਅ ਨਾਂ ਹੇਠ ਸਾਂਝੀ ਕੰਪਨੀ ਬਣਾਈ ਅਤੇ ਸਰਕਾਰ ਤੋਂ ਨਵੀਂ ਧਰਤੀ 'ਤੇ ਜਾ ਕੇ ਵਸਣ ਦੀ ਇਜਾਜ਼ਤ ਮੰਗੀ। ਛੇਤੀ ਹੀ ਸਰਕਾਰ ਨੇ ਇਸ ਕੰਪਨੀ ਨੂੰ ਪਟਾ ਲਿਖ ਦਿੱਤਾ। ਇਸ ਗਰੁਪ ਦਾ ਮੁਖੀ ਜੌਹਨ ਵਿਨਟਰੋਪ ਸੀ। ਇਹ ਕਾਫਲਾ ਜੂਨ 1630 ਵਿਚ ਨਵੀਂ ਧਰਤੀ 'ਤੇ ਪਹੁੰਚਿਆ ਅਤੇ ਇਨ੍ਹਾਂ ਬੋਸਟਨ ਸ਼ਹਿਰ ਵਸਾਇਆ। ਆਪਣੇ ਨਵੇਂ ਇਲਾਕੇ ਨੂੰ ਇਨ੍ਹਾਂ ਨਿਊ ਇੰਗਲੈਂਡ ਦਾ ਨਾਂ ਦਿੱਤਾ। ਇਸ ਗਰੁਪ ਵਿਚ ਸਭ ਅਮੀਰ ਅਤੇ ਪੜ੍ਹੇ-ਲਿਖੇ ਲੋਕ ਸਨ ਜੋ ਬਿਹਤਰ ਆਜ਼ਾਦ ਜੀਵਨ ਜਿਉਣ ਦੇ ਮੰਤਵ ਨਾਲ ਆਏ ਸਨ। ਇਹ ਸਾਰੇ ਰਿਸ਼ਤੇਦਾਰੀਆਂ ਕਰ ਕੇ ਇਕ ਦੂਜੇ ਨਾਲ ਜੁੜੇ ਹੋਏ ਸਨ, ਇਸ ਲਈ ਇਨ੍ਹਾਂ ਇਕੱਠੇ ਰਹਿੰਦਿਆਂ ਆਪਣੀ ਸਭਾ ਬਣਾ ਲਈ ਅਤੇ ਜੌਹਨ ਵਿਨਟਰੋਪ ਨੂੰ ਗਵਰਨਰ ਚੁਣ ਲਿਆ। ਬੜੀ ਛੇਤੀ ਇਨ੍ਹਾਂ ਦੀ ਗਿਣਤੀ ਵੀਹ ਹਜ਼ਾਰ ਦੇ ਕਰੀਬ ਪਹੁੰਚ ਗਈ। ਇਨ੍ਹਾਂ ਬੜੀ ਤਰੱਕੀ ਕੀਤੀ।

ਕੁਝ ਦੇਰ ਬਾਅਦ ਇਨ੍ਹਾਂ ਵਿਚ ਦਰਾੜ ਪੈ ਗਈ ਅਤੇ ਸਿਰਕੱਢ ਸ਼ਖਸ ਰੋਜਰ ਵਿਲੀਅਮ ਨੇ ਬਗਾਵਤ ਕਰ ਦਿੱਤੀ। ਉਸ ਨੇ ਆਪਣੇ ਗਰੁਪ ਨਾਲ ਇਹ ਇਲਾਕਾ ਛੱਡ ਦਿੱਤਾ ਅਤੇ ਦੂਰ ਜਾ ਕੇ ਰੋਡੇ ਆਈਲੈਂਡ ਨਾਂ ਦੀ ਕਾਲੋਨੀ ਵਸਾ ਲਈ। ਬੜੀ ਛੇਤੀ ਉਸ ਨੂੰ ਇੰਗਲੈਂਡ ਸਰਕਾਰ ਤੋਂ ਪਟਾ ਮਿਲ ਗਿਆ ਅਤੇ ਉਸ ਨੇ ਆਪਣੀ ਸਭਾ ਬਣਾ ਲਈ। ਇਉਂ ਇਕ ਹੋਰ ਗਰੁਪ ਨੇ ਦੂਰ ਜਾ ਕੇ ਕੁਨੈਕਟੀਕਟ ਨਾਮੀ ਕਾਲੋਨੀ ਆਬਾਦ ਕਰ ਲਈ। ਅੱਗੇ ਚੱਲ ਕੇ 1679 ਤੱਕ ਮੈਸਾਚੂਸੈਟਸ ਬੇਅ ਕੰਪਨੀ ਤੋਂ ਹੀ ਅੱਗੇ ਦੋ ਗਰੁਪਾਂ ਨੇ ਮੇਨ ਅਤੇ ਨਿਊ ਹੈਂਪਸ਼ਾਇਰ ਕਾਲੋਨੀਆਂ ਵਸਾਈਆਂ।

1632 ਵਿਚ ਇਕ ਹੋਰ ਧਾਰਮਿਕ ਆਗੂ ਲਾਰਡ ਬਾਲਟੀਮੋਰ ਨੇ ਇੰਗਲੈਂਡ ਦੇ ਬਾਦਸ਼ਾਹ ਤੋਂ ਆਪਣੀ ਕੰਪਨੀ ਲਈ ਚਾਰਟਰ ਅਪਲਾਈ ਕੀਤਾ। ਜਦੋਂ ਤੱਕ ਲਾਰਡ ਬਾਲਟੀਮੋਰ ਦਾ ਪਟਾ ਮਨਜ਼ੂਰ ਹੋਇਆ, ਉਦੋਂ ਤੱਕ ਉਸ ਦੀ ਮੌਤ ਹੋ ਚੁਕੀ ਸੀ ਪਰ ਉਸ ਦੇ ਪੁੱਤਰ ਕਲਵਰਟ ਨੇ ਬਾਲਟੀਮੋਰ ਸ਼ਹਿਰ ਵਸਾਇਆ ਅਤੇ ਆਪਣੇ ਇਲਾਕੇ ਦਾ ਨਾਂ ਮੈਰੀਲੈਂਡ ਰੱਖਿਆ। ਅੱਗੇ ਚੱਲ ਕੇ 1663 ਵਿਚ ਵਰਜੀਨੀਆ ਅਤੇ ਫਲੋਰਿਡਾ ਦੇ ਵਿਚਕਾਰ ਇਕ ਹੋਰ ਕਾਲੋਨੀ ਵਸੀ ਜਿਸ ਦਾ ਨਾਂ ਇੰਗਲੈਂਡ ਦੀ ਮੌਕੇ ਦੀ ਰਾਣੀ ਕੈਰੋਲਾਈਨਾ ਦੇ ਨਾਂ 'ਤੇ ਨਾਰਥ ਕੈਰੋਲਾਈਨਾ ਰੱਖਿਆ ਗਿਆ।




ਹਾਲੈਂਡ ਨੇ ਵੀ ਇਸ ਨਵੀਂ ਦੁਨੀਆਂ ਵਿਚ ਪੈਰ ਪਾਇਆ। ਹੱਡਸਨ ਦਰਿਆ ਦੇ ਕਿਨਾਰੇ ਉਸ ਨੇ ਮੈਨਹਟਨ ਆਈਸਲੈਂਡ ਸ਼ਹਿਰ ਅਤੇ ਆਲੇ-ਦੁਆਲੇ ਦਾ ਵੱਡਾ ਇਲਾਕਾ ਵਸਾਇਆ ਹੋਇਆ ਸੀ ਪਰ ਹਾਲੈਂਡ ਦਾ ਥਾਪਿਆ ਗਵਰਨਰ ਲੋਕਾਂ ਨੂੰ ਪਸੰਦ ਨਹੀਂ ਸੀ। ਉਧਰ, ਯੂਰਪ ਵਿਚ ਹਾਲੈਂਡ ਅਤੇ ਇੰਗਲੈਂਡ ਵਿਚਕਾਰ ਲੜਾਈ ਸ਼ੁਰੂ ਹੋ ਗਈ ਤਾਂ ਇੰਗਲੈਂਡ ਨੇ ਇਥੇ ਕਿਸਮਤ ਅਜ਼ਮਾਉਣ ਦੀ ਸੋਚਦਿਆਂ ਵਡੇਰੀ ਫੌਜ ਇਧਰ ਨੂੰ ਤੋਰ ਦਿੱਤੀ। ਇੰਗਲੈਂਡ ਦੀ ਫੌਜ ਨੇ ਆ ਕੇ ਘੇਰਾ ਪਾ ਲਿਆ। ਹਾਲੈਂਡ ਦੀ ਹਾਲਤ ਕਮਜ਼ੋਰ ਸੀ। ਬਿਨਾ ਲੜਿਆਂ ਇਹ ਇਲਾਕਾ ਉਨ੍ਹਾਂ ਇੰਗਲੈਂਡ ਦੇ ਹਵਾਲੇ ਕਰ ਦਿੱਤਾ। ਇਥੇ ਕਬਜ਼ਾ ਕਰਦਿਆਂ ਇੰਗਲੈਂਡ ਨੇ ਇਸ ਵਡੇਰੇ ਇਲਾਕੇ ਦਾ ਨਵਾਂ ਨਾਂ ਨਿਊ ਯਾਰਕ ਰੱਖ ਦਿੱਤਾ ਅਤੇ ਆਪਣਾ ਗਵਰਨਰ ਥਾਪ ਦਿੱਤਾ। ਇਸ ਦਾ ਹੇਠਲਾ ਭਾਗ ਇੰਗਲੈਂਡ ਦੇ ਬਾਦਸ਼ਾਹ ਨੇ ਆਪਣੇ ਦੋਸਤ ਲਾਰਡ ਜਾਰਜ ਕਾਰਟਰੇਟ ਨੂੰ ਦੇ ਦਿੱਤਾ। ਕਾਰਟਰੇਟ ਕਦੇ ਇੰਗਲਿਸ਼ ਚੈਨਲ ਇਲਾਕੇ ਜਰਸੀ ਦਾ ਗਵਰਨਰ ਰਿਹਾ ਸੀ। ਉਸ ਦੇ ਨਾਂ 'ਤੇ ਇਸ ਇਲਾਕੇ ਦਾ ਨਾਂ ਨਿਊ ਜਰਸੀ ਰੱਖਿਆ ਗਿਆ।

ਐਡਮਿਰਲ ਵਿਲੀਅਮ ਪੈਨ ਬਹੁਤ ਅਮੀਰ ਸੀ ਅਤੇ ਇੰਗਲੈਂਡ ਦੇ ਬਾਦਸ਼ਾਹ ਤੱਕ ਉਸ ਦੀ ਪਹੁੰਚ ਸੀ। ਉਸ ਨੇ ਆਪਣੇ ਪੁੱਤਰ ਲਈ ਇਸ ਨਵੀਂ ਦੁਨੀਆਂ ਵਾਸਤੇ ਬਾਦਸ਼ਾਹ ਤੋਂ ਪਟਾ ਲਿਖਵਾ ਲਿਆ। ਜੂਨੀਅਰ ਪੈਨ ਨੇ ਆਪਣਾ ਬਹੁਤ ਵੱਡਾ ਗਰੁਪ ਇਕੱਠਾ ਕੀਤਾ ਅਤੇ 1681 ਵਿਚ ਨਵੀਂ ਦੁਨੀਆਂ 'ਤੇ ਆ ਪੁੱਜਾ। ਉਸ ਨੇ ਜੋ ਇਲਾਕਾ ਰੋਕਿਆ, ਉਸ ਦਾ ਨਾਂ ਰੱਖਿਆ ਪੈਨਸਿਲਵੇਨੀਆ। ਇਸੇ ਇਲਾਕੇ 'ਚੋਂ ਅੱਗੇ ਚੱਲ ਕੇ ਡੈਲਵੇਅਰ ਦਰਿਆ ਦੇ ਆਲੇ-ਦੁਆਲੇ ਡੈਲਵੇਅਰ ਕਾਲੋਨੀ ਬਣੀ। ਬਹੁਤ ਪਿੱਛੋਂ ਜਾ ਕੇ 1732 ਵਿਚ ਇਕ ਹੋਰ ਲੌਰਡ ਜੇਮਜ਼ ਔਗਲੇਥਨ ਨੇ ਮੌਕੇ ਦੇ ਬਾਦਸ਼ਾਹ ਜੌਰਜ ਦੂਜੇ ਤੋਂ ਚਾਰਟਰ ਪ੍ਰਾਪਤ ਕਰ ਕੇ ਜੋ ਆਪਣਾ ਇਲਾਕਾ ਵਸਾਇਆ, ਉਸ ਦਾ ਨਾਂ ਬਾਦਸ਼ਾਹ ਦੇ ਨਾਂ 'ਤੇ ਜੌਰਜੀਆ ਰੱਖਿਆ।

ਉਦੋਂ ਤੱਕ ਫਲੋਰਿਡਾ ਨੂੰ ਛੱਡ ਕੇ ਇੰਗਲੈਂਡ ਦੀ ਸਰਕਾਰ ਤੋਂ ਮਾਨਤਾ ਪ੍ਰਾਪਤ ਬਾਰਾਂ ਕਾਲੋਨੀਆਂ ਇਸ ਨਵੀਂ ਧਰਤੀ 'ਤੇ ਵਸ ਚੁਕੀਆਂ ਸਨ। ਇਥੋਂ ਦੇ ਬਹੁਤੇ ਬਾਸ਼ਿੰਦੇ ਬਰਤਾਨਵੀ ਸਨ ਪਰ ਇਸ ਤੋਂ ਬਿਨਾ ਡੱਚ, ਆਇਰਸ਼ ਅਤੇ ਜਰਮਨ ਵੀ ਬਹੁਤ ਸਨ। ਮੌਸਮ ਦਾ ਵਖਰੇਵਾਂ, ਧਰਤੀ ਦੀ ਵਿਲੱਖਣਤਾ, ਕਾਲੋਨੀਆਂ 'ਚ ਵਸਣ ਵਾਲੇ ਲੋਕਾਂ ਦੀ ਵੱਖੋ ਵੱਖਰੀ ਪਛਾਣ ਅਤੇ ਕੁਝ ਕੁ ਹੋਰ ਕਾਰਨਾਂ ਕਰ ਕੇ ਇਨ੍ਹਾਂ ਕਾਲੋਨੀਆਂ ਦੇ ਲੋਕ ਅਗਾਂਹ ਤਿੰਨ ਭਾਗਾਂ 'ਚ ਵੰਡੇ ਗਏ। ਉਤਰ ਵੱਲ ਦੇ ਇਲਾਕੇ ਨਿਊ ਇੰਗਲੈਂਡ, ਵਿਚਕਾਰਲੇ ਮਿਡਲ ਅਤੇ ਤੀਸਰੇ ਸਾਊਦਰਨ ਕਹਾਉਣ ਲੱਗੇ। ਹੌਲੀ-ਹੌਲੀ ਤਿੰਨ ਗਰੁਪ ਬਣ ਗਏ। ਨਿਊ ਇੰਗਲੈਂਡ ਵਾਲੇ ਤਕਨੀਕੀ ਤੌਰ 'ਤੇ ਅਗਾਂਹ ਵਧਣ ਲੱਗੇ। ਉਹ ਸਮੁੰਦਰੀ ਜਹਾਜ ਤੇ ਇਸ ਤਰ੍ਹਾਂ ਦੀਆਂ ਹੋਰ ਨਵੀਆਂ ਮਸ਼ੀਨੀ ਚੀਜ਼ਾਂ ਬਣਾਉਣ ਲੱਗੇ। ਮਿਡਲ ਵਿਚ ਬਹੁਤੇ ਲੋਕ ਪਸ਼ੂ ਪਾਲਣ ਦਾ ਕੰਮ ਕਰਦੇ ਸਨ, ਉਨ੍ਹਾਂ ਦਾ ਫਰ ਦਾ ਬਿਜਨਸ ਵਧਣ-ਫੁੱਲਣ ਲੱਗਾ। ਇਸ ਤੋਂ ਬਿਨਾ ਸਬਜ਼ੀਆਂ ਮੱਕੀ ਆਦਿ ਮੁੱਖ ਫਸਲਾਂ ਸਨ।

ਉਧਰ, ਦੱਖਣ (ਸਾਊਥ) ਵੱਲ ਜਮੀਨਾਂ ਬਹੁਤ ਖੁੱਲ੍ਹੀਆਂ ਸਨ। ਉਹ ਜਮੀਨਾਂ ਤੰਬਾਕੂ, ਕਪਾਹ, ਚੌਲ ਵਗੈਰਾ ਲਈ ਬੜੀਆਂ ਉਪਜਾਊ ਸਨ। ਬਹੁਤ ਵੱਡੇ ਵੱਡੇ ਫਾਰਮ ਸਨ ਪਰ ਇਨ੍ਹਾਂ ਵੱਡੇ ਫਾਰਮਾਂ ਉਪਰ ਲੇਬਰ ਪੂਰੀ ਨਹੀਂ ਆਉਂਦੀ ਸੀ। ਇਸ ਮੁਸ਼ਕਿਲ ਦਾ ਹੱਲ ਡੱਚ ਸ਼ਿਪ ਮਾਲਕਾਂ ਨੇ ਕੀਤਾ। ਉਹ ਪਹਿਲੀ ਵਾਰ 1619 ਵਿਚ ਅਫਰੀਕਨ ਕਾਲਿਆਂ ਦਾ ਜਹਾਜ ਭਰ ਕੇ ਲਿਆਏ। ਅਸਲ ਵਿਚ ਇਹ ਗੁਲਾਮ ਸਨ। ਮੰਨਿਆ ਜਾਂਦਾ ਹੈ ਕਿ ਇਥੋਂ ਹੀ ਅਮਰੀਕਾ ਵਿਚ ਗੁਲਾਮ ਪ੍ਰਥਾ ਸ਼ੁਰੂ ਹੋਈ। ਜਦੋਂ ਫਾਰਮ ਮਾਲਕਾਂ ਨੂੰ ਇਨ੍ਹਾਂ ਲੋਕਾਂ ਤੋਂ ਕੰਮ ਕਰਵਾਉਣ ਦਾ ਭੁਸ ਪੈ ਗਿਆ ਤਾਂ ਉਨ੍ਹਾਂ ਦੀ ਲੋੜ ਪੂਰੀ ਕਰਨ ਲਈ ਹੋਰ ਗੁਲਾਮ ਇਧਰ ਲਿਆਂਦੇ ਜਾਣ ਲੱਗੇ। ਇਉਂ ਦੱਖਣ ਦਾ ਸਾਰਾ ਇਲਾਕਾ ਗੁਲਾਮਾਂ ਨਾਲ ਭਰ ਗਿਆ। ਉਥੇ ਦੋ ਹੀ ਤਬਕੇ-ਮਾਲਕ ਅਤੇ ਗੁਲਾਮ ਰਹਿ ਗਏ ਸਨ।

ਇਹ ਕਾਲੋਨੀਆਂ ਚੰਗੀ ਤਰ੍ਹਾਂ ਵਸ ਗਈਆਂ ਸਨ। ਜਿਨ੍ਹਾਂ ਲੋਕਾਂ ਨੇ ਇਹ ਵਸਾਈਆਂ, ਉਹ ਤਾਂ ਚਿਰੋਕੇ ਇਸ ਜਹਾਨ ਤੋਂ ਚਲੇ ਗਏ ਸਨ; ਹੁਣ ਤਾਂ ਅਗਲੀਆਂ ਪੀੜ੍ਹੀਆਂ ਆ ਗਈਆਂ ਸਨ, ਜਿਨ੍ਹਾਂ ਦੀ ਇਹ ਮਾਤਭੂਮੀ ਸੀ। ਬੀਤਦੇ ਵਕਤ ਨਾਲ ਮੁਕਾਮੀ ਕਾਲੋਨੀਆਂ ਵਾਲਿਆਂ ਨੇ ਆਪਣੀ ਸਹੂਲਤ ਲਈ ਨਿੱਤ ਦੇ ਕੰਮਾਂ ਲਈ ਆਪਣੀਆਂ ਕੌਂਸਲਾਂ ਚੁਣਨ ਦਾ ਤਰੀਕਾ ਅਪਨਾ ਲਿਆ ਸੀ। ਉਹ ਆਪਣੀਆਂ ਸਭਾਵਾਂ ਚੁਣਦੇ ਅਤੇ ਅੱਗੇ ਗਵਰਨਰ ਦੀ ਚੋਣ ਕਰਦੇ ਪਰ ਇਨ੍ਹਾਂ ਕਾਲੋਨੀਆਂ ਦੇ ਮੋਢੀ ਸ਼ੁਰੂ ਵਿਚ ਆਪਣੀ ਸਰਕਾਰ (ਇੰਗਲੈਂਡ ਸਰਕਾਰ) ਤੋਂ ਇਜਾਜ਼ਤ ਲੈ ਕੇ ਅਤੇ ਪਟੇ ਲਿਖਵਾ ਕੇ ਲਿਆਏ ਅਤੇ ਇਥੇ ਕਾਲੋਨੀਆਂ ਵਸਾਈਆਂ। ਇਸ ਕਰ ਕੇ ਇਹ ਸਭ ਕਾਲੋਨੀਆਂ ਇੰਗਲੈਂਡ ਸਰਕਾਰ ਦੀ ਮਲਕੀਅਤ ਸਨ ਪਰ ਇੰਨੀ ਦੂਰੋਂ ਇੰਨੇ ਵੱਡੇ ਸਿਸਟਮ ਨੂੰ ਕੰਟਰੋਲ ਕਰਨਾ ਇੰਗਲੈਂਡ ਲਈ ਔਖਾ ਸੀ। ਉਹ ਸਾਰੇ ਗਵਰਨਰਾਂ ਨੂੰ ਸਾਲ 'ਚ ਇਕ ਵਾਰ ਬੁਲਾਉਂਦੇ ਅਤੇ ਦਿਸ਼ਾ ਨਿਰਦੇਸ਼ ਦਿੰਦੇ। ਗਵਰਨਰ ਇੰਗਲੈਂਡ ਸਰਕਾਰ ਦੇ ਨੁਮਾਇੰਦੇ ਹੁੰਦੇ ਸਨ। ਇੰਗਲੈਂਡ ਸਰਕਾਰ ਜੋ ਟੈਕਸ ਵਗੈਰਾ ਇਕੱਠੇ ਕਰਦੀ ਸੀ, ਉਹ ਇਨ੍ਹਾਂ ਗਵਰਨਰਾਂ ਰਾਹੀਂ ਹੀ ਕਰਦੀ ਸੀ ਪਰ ਕਾਲੋਨੀਆਂ ਦੇ ਲੋਕਾਂ ਨੂੰ ਇਹ ਗੱਲ ਚੁੱਭਦੀ ਸੀ।

ਫਿਰ ਇਕ ਗੱਲ ਹੋਰ ਵੀ ਸੀ-ਕਾਲੋਨੀਆਂ ਵਾਲਿਆਂ ਦੀ ਇੰਡੀਅਨਜ਼ (ਮੂਲ ਨਿਵਾਸੀ-ਨੇਟਿਵ) ਨਾਲ ਲੜਾਈ ਚੱਲਦੀ ਰਹਿੰਦੀ ਸੀ। ਇਹ ਝਗੜੇ ਨਿਬੇੜਨ ਲਈ ਕਾਲੋਨੀਆਂ ਵਾਲਿਆਂ ਨੂੰ ਆਪ ਜੱਦੋਜਹਿਦ ਕਰਨੀ ਪੈਂਦੀ ਸੀ। ਉਹ ਵਾਰ-ਵਾਰ ਇੰਗਲੈਂਡ ਸਰਕਾਰ ਨੂੰ ਕਹਿੰਦੇ ਰਹਿੰਦੇ ਕਿ ਉਹ ਇੰਗਲੈਂਡ ਸਰਕਾਰ ਦੀ ਪਰਜਾ ਹਨ, ਇਸ ਕਰ ਕੇ ਬਾਹਰਲਿਆਂ ਦੀ ਲੜਾਈ ਵੇਲੇ ਇੰਗਲੈਂਡ ਉਨ੍ਹਾਂ ਨੂੰ ਬਚਾਵੇ। ਪਰ ਇੰਗਲੈਂਡ ਚੁੱਪ ਵੱਟ ਜਾਂਦਾ। ਇਹ ਗੱਲ ਵੀ ਕਾਲੋਨੀਆਂ ਵਾਲਿਆਂ 'ਚ ਗੁੱਸਾ ਭਰ ਰਹੀ ਸੀ ਕਿ ਜਦੋਂ ਇੰਗਲੈਂਡ ਨੇ ਉਨ੍ਹਾਂ ਦੀ ਕੋਈ ਮਦਦ ਹੀ ਨਹੀਂ ਕਰਨੀ ਤਾਂ ਫਿਰ ਉਹ ਟੈਕਸ ਕਿਸ ਗੱਲ ਲਈ ਇਕੱਠੇ ਕਰਦਾ ਹੈ? ਇਉਂ ਬੇਗਾਨਗੀ ਦੀ ਭਾਵਨਾ ਪੈਦਾ ਹੁੰਦੀ ਗਈ।

ਉਧਰ, ਕੈਨੇਡਾ ਵਾਲੇ ਪਾਸੇ ਤੋਂ ਫਰਾਂਸ ਵੀ ਪੰਗਾ ਪਾਈ ਰੱਖਦਾ ਸੀ। ਇਸ ਪਾਸੇ ਜਾਨਵਰਾਂ ਦੀਆਂ ਖੱਲਾਂ ਦਾ ਵੱਡਾ ਵਪਾਰ ਸੀ। ਫਰਾਂਸ ਅਮਰੀਕਾ ਦੇ ਨਾਲ ਲੱਗਦੇ ਇਲਾਕਿਆਂ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ ਤਾਂ ਕਿ ਫਰ ਦਾ ਵਪਾਰ ਉਸ ਦੇ ਹੱਥ ਆ ਸਕੇ। ਉਸ ਦੀਆਂ ਫੌਜਾਂ ਦਾ ਮੁਕਾਬਲਾ ਵੀ ਕਾਲੋਨੀਆਂ ਵਾਲਿਆਂ ਨੂੰ ਆਪ ਹੀ ਕਰਨਾ ਪੈਂਦਾ ਸੀ। ਯੂਰਪ 'ਚ ਇੰਗਲੈਂਡ ਅਤੇ ਫਰਾਂਸ ਵਿਚਾਲੇ ਲੜਾਈ ਚਲਦੀ ਹੀ ਰਹਿੰਦੀ ਸੀ, ਇਸ ਲਈ ਫਰਾਂਸ ਅਮਰੀਕਾ ਵੱਲ ਲੜਾਈ ਕਰਨ ਤੋਂ ਨਹੀਂ ਸੀ ਝਿਜਕਦਾ। ਫਰਾਂਸ ਦੇ ਨਿਤ ਦੇ ਝਗੜਿਆਂ ਤੋਂ ਅੱਕ ਕੇ ਵਰਜੀਨੀਆ ਕਾਲੋਨੀ ਦੇ ਗਵਰਨਰ ਨੇ ਇਕ ਪਾਸਾ ਕਰਨ ਦੀ ਸੋਚਦਿਆਂ ਵੱਡੀ ਫੌਜ ਉਧਰ ਤੋਰ ਦਿੱਤੀ। ਫੌਜ ਦੀ ਅਗਵਾਈ ਨੌਜਵਾਨ ਕਰਨਲ ਜਾਰਜ ਵਾਸ਼ਿੰਗਟਨ ਕਰ ਰਿਹਾ ਸੀ। ਵਰਜੀਨੀਆ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਪਰ ਇਕ ਵਾਰ ਫਿਰ ਹਾਲਤ ਪਲਟ ਗਈ ਜਦੋਂ ਵਿਲੀਅਮ ਪਿਟ, ਇੰਗਲੈਂਡ ਦਾ ਪ੍ਰਧਾਨ ਮੰਤਰੀ ਬਣਿਆ। ਉਸ ਨੇ ਕਾਲੋਨੀਆਂ ਵਾਲਿਆਂ ਦੀ ਮਦਦ ਕਰਦਿਆਂ 1763 'ਚ ਪੂਰੀ ਫੌਜ ਇਧਰ ਤੋਰ ਦਿੱਤੀ।

ਫਰਾਂਸ ਅਤੇ ਇੰਗਲੈਂਡ ਵਿਚਕਾਰ ਇਧਰ ਕੈਨੇਡਾ ਤੇ ਅਮਰੀਕਾ ਦੀ ਧਰਤੀ 'ਤੇ ਫੈਸਲਾਕੁਨ ਲੜਾਈ ਹੋਈ। ਫਰਾਂਸ ਹਾਰ ਗਿਆ। ਹਾਰੇ ਹੋਏ ਫਰਾਂਸ ਨੇ ਕੈਨੇਡਾ ਦਾ ਬਹੁਤ ਸਾਰਾ ਹਿੱਸਾ ਇੰਗਲੈਂਡ ਹਵਾਲੇ ਕਰ ਦਿੱਤਾ। ਉਸ ਵੇਲੇ ਅਮਰੀਕਾ ਦੇ ਮੱਧ ਵਿਚ ਲੂਸੀਆਨਾ ਬਹੁਤ ਵੱਡੀ ਕਾਲੋਨੀ ਸੀ। ਫਰਾਂਸ ਨੂੰ ਉਹ ਕਾਲੋਨੀ ਵੀ ਇੰਗਲੈਂਡ ਨੂੰ ਸੌਂਪਣੀ ਪਈ। ਉਧਰ, ਸਪੇਨ ਵੀ ਪਿੱਛੇ ਹੋਈ ਲੜਾਈ ਦਰਮਿਆਨ ਫਲੋਰਿਡਾ ਕਾਲੋਨੀ ਇੰਗਲੈਂਡ ਨੂੰ ਹਾਰ ਚੁਕਾ ਸੀ।

ਇਸ ਲੜਾਈ ਨਾਲ ਇੰਗਲੈਂਡ ਦਾ ਰਾਜ ਭਾਗ ਬਹੁਤ ਦੂਰ ਦੂਰ ਤੱਕ ਫੈਲ ਗਿਆ। ਹੁਣ ਇੰਗਲੈਂਡ

*(ਬਾਕੀ ਅਗਲੇ ਸਫੇ 'ਤੇ)*

ਕਾਲੋਨੀਆਂ ਦੇ ਗਵਰਨਰ ਵੀ ਉਥੋਂ ਹੀ ਭੇਜਣ ਲੱਗ ਪਿਆ। ਅਗਾਂਹ ਗਵਰਨਰ ਕੋਲ ਬ੍ਰਿਟਿਸ਼ ਫੌਜ ਹੁੰਦੀ ਸੀ। ਗਵਰਨਰ ਅਤੇ ਫੌਜ ਦਾ ਜ਼ਿਆਦਾ ਕੰਮ ਟੈਕਸ ਉਗਰਾਹੁਣਾ ਹੀ ਸੀ। ਬਾਕੀ ਪ੍ਰਬੰਧ ਕਾਲੋਨੀਆਂ ਦੀਆਂ ਸਭਾਵਾਂ ਆਪ ਕਰਦੀਆਂ ਪਰ ਇਸ ਦਾ ਪ੍ਰਬੰਧ ਕਰਨਾ ਵੀ ਮੁਸ਼ਕਿਲ ਹੋ ਗਿਆ। ਇੰਗਲੈਂਡ ਨੇ ਭਾਵੇਂ ਥਾਂਉਂ ਥਾਂਈਂ ਬਹੁਤ ਸਾਰੀ ਫੌਜ ਰੱਖੀ ਹੋਈ ਸੀ ਪਰ ਕਈ ਪਾਸੀਂ ਚੱਲ ਰਹੀ ਲੜਾਈ ਕਾਰਨ ਇਹ ਕਾਫੀ ਨਹੀਂ ਸੀ; ਖਾਸ ਕਰ ਕੇ ਨੇਟਿਵ ਇੰਡੀਅਨ ਆਪਣੇ ਹੱਕਾਂ ਲਈ ਜੱਦੋਜਹਿਦ ਤੇਜ਼ ਕਰ ਰਹੇ ਸਨ। ਇਹ ਭਾਵੇਂ ਫਰਾਂਸ ਸੀ, ਜਾਂ ਉਸ ਦੀ ਥਾਂ ਇੰਗਲੈਂਡ, ਇੰਡੀਅਨਾਂ ਦਾ ਸਭ ਕੁਝ ਖੋਹਿਆ ਜਾ ਰਿਹਾ ਸੀ। ਆਖਰ 1763 ਵਿਚ ਇੰਡੀਅਨਾਂ ਨੇ ਗਰੇਟ ਲੇਕਸ ਤੋਂ ਲੈ ਕੇ ਧੁਰ ਦੱਖਣ (ਮੈਕਸੀਕੋ) ਤੱਕ ਲੜਾਈ ਛੇੜ ਦਿੱਤੀ। ਇਹ ਬਹੁਤ ਵੱਡੀ ਲੜਾਈ ਸੀ। ਕੋਈ ਵਾਹ ਨਾ ਜਾਂਦੀ ਦੇਖ ਕੇ ਇੰਗਲੈਂਡ ਨੇ ਬਿਨਾ ਕਾਲੋਨੀਆਂ ਵਾਲਿਆਂ ਦੀ ਸਹਿਮਤੀ ਦੇ ਇੰਡੀਅਨਾਂ ਨਾਲ ਸਮਝੌਤਾ ਕਰ ਲਿਆ। ਇਸ ਸੰਧੀ ਮੁਤਾਬਕ ਕਾਲੋਨੀਆਂ ਵਾਲਿਆਂ 'ਤੇ ਪਾਬੰਦੀ ਲਾ ਦਿੱਤੀ ਕਿ ਉਹ ਐਪਲੈਚਿਨ ਪਹਾੜ ਦੇ ਪੱਛਮ ਵੱਲ ਨਹੀਂ ਵਧਣਗੇ। ਇਕ ਕਿਸਮ ਦੀ ਲਕੀਰ ਖਿੱਚੀ ਗਈ। ਇਸ ਨਾਲ ਕਾਲੋਨੀਆਂ ਵਾਲਿਆਂ 'ਚ ਰੋਸ ਫੈਲ ਗਿਆ ਅਤੇ ਉਨ੍ਹਾਂ ਨੇ ਇਹ ਸੰਧੀ ਮੰਨਣ ਤੋਂ ਨਾਂਹ ਕਰ ਦਿੱਤੀ। ਇਉਂ ਉਨ੍ਹਾਂ ਦੀ ਇੰਡੀਅਨਾਂ ਨਾਲ ਖਿੱਚੋਤਾਣ ਉਵੇਂ ਹੀ ਜਾਰੀ ਰਹੀ।

ਲਗਾਤਾਰ ਲੜਾਈਆਂ ਕਾਰਨ ਇੰਗਲੈਂਡ ਕਰਜ਼ੇ 'ਚ ਡੁੱਬ ਗਿਆ ਸੀ। ਉਸ ਨੇ ਇਹ ਘਾਟਾ ਪੂਰਾ ਕਰਨ ਲਈ ਅਮਰੀਕਨ ਕਾਲੋਨੀਆਂ ਨੂੰ ਜਾਣ ਵਾਲੀਆਂ ਵਸਤਾਂ 'ਤੇ ਟੈਕਸ ਲਾਉਣ ਲਈ ਨਵਾਂ ਐਕਟ ਬਣਾ ਦਿੱਤਾ ਜਿਸ ਦਾ ਨਾਂ ਸ਼ੂਗਰ ਐਕਟ ਸੀ। ਅਮਰੀਕਨ ਕਾਲੋਨੀਆਂ ਖੰਡ, ਚੌਲ, ਟੈਕਸਟਾਈਲ, ਕੌਫੀ, ਸ਼ਰਾਬ, ਤੰਬਾਕੂ ਅਤੇ ਹੋਰ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਵਸਤਾਂ ਇੰਗਲੈਂਡ ਨੂੰ ਬਰਾਮਦ ਕਰਦੀਆਂ ਸਨ। ਸ਼ੂਗਰ ਐਕਟ ਅਧੀਨ ਇਨ੍ਹਾਂ ਚੀਜ਼ਾਂ ਉਪਰ ਡਿਊਟੀ ਬਹੁਤ ਵਧ ਗਈ। ਇਸ ਨਾਲ ਕਾਲੋਨੀਆਂ ਵਾਲਿਆਂ 'ਚ ਇੰਗਲੈਂਡ ਪ੍ਰਤੀ ਨਫਰਤ ਫੈਲ ਗਈ। ਇਨ੍ਹੀਂ ਹੀ ਦਿਨੀਂ ਸਟੈਂਪ ਐਕਟ ਤਹਿਤ ਹੋਰ ਬਹੁਤ ਸਾਰੇ ਟੈਕਸ ਲਾ ਦਿੱਤੇ ਗਏ। ਜਦੋਂ ਟੈਕਸ ਲਗਾਤਾਰ ਵਧਦੇ ਗਏ ਤਾਂ ਕਾਲੋਨੀਆਂ ਵਾਲੇ ਸੋਚਣ ਲੱਗੇ ਕਿ ਇੰਗਲੈਂਡ ਉਨ੍ਹਾਂ ਲਈ ਕਰਦਾ ਤਾਂ ਕੁਝ ਨਹੀਂ ਪਰ ਟੈਕਸ ਬੇਵਜ੍ਹਾ ਉਗਰਾਹ ਰਿਹਾ ਹੈ। ਉਨ੍ਹਾਂ ਆਪੋ-ਆਪਣੇ ਨੁਮਾਇੰਦੇ ਚੁਣੇ ਅਤੇ ਸਾਰੀਆਂ ਕਾਲੋਨੀਆਂ ਦੇ ਨੁਮਾਇੰਦੇ ਇਕੱਠੇ ਹੋ ਕੇ ਇੰਗਲੈਂਡ ਪਹੁੰਚੇ। ਉਨ੍ਹਾਂ ਆਪਣੇ ਇਸ ਇਕੱਠ ਨੂੰ ਕਾਂਗਰਸ ਦਾ ਨਾਂ ਦਿੱਤਾ ਅਤੇ ਇੰਗਲੈਂਡ ਦੀ ਪਾਰਲੀਮੈਂਟ 'ਚ ਆਪਣਾ ਪੱਖ ਪੇਸ਼ ਕੀਤਾ ਪਰ ਕੋਈ ਸੁਣਵਾਈ ਨਾ ਹੋਈ। ਮੁੜਨ ਲੱਗਿਆਂ ਇਸ ਕਾਂਗਰਸ ਨੇ ਅਲਟੀਮੇਟਮ ਦੇ ਦਿੱਤਾ ਕਿ ਜੇ ਅਗਾਂਹ ਤੋਂ ਕੋਈ ਅਜਿਹਾ ਟੈਕਸ ਲਾਇਆ ਗਿਆ ਤਾਂ ਇੰਗਲੈਂਡ ਲਈ ਨਤੀਜੇ ਚੰਗੇ ਨਹੀਂ ਹੋਣਗੇ।

ਇਸ ਪਿੱਛੋਂ 1764 'ਚ ਵਰਜੀਨੀਆ ਦੀ ਸਭਾ 'ਹਾਊਸ ਆਫ ਬਰਗੀਸਸ' ਵਿਚ ਪੈਟਰਿਕ ਹੈਨਰੀ ਨਾਮੀ ਨੁਮਾਇੰਦੇ ਨੇ ਕਾਲੋਨੀਆਂ ਲਈ ਵੱਧ ਅਧਿਕਾਰਾਂ ਵਾਲੇ ਕਈ ਮਤੇ ਪੇਸ਼ ਕੀਤੇ, ਜੋ ਬਰਤਾਨਵੀ ਪਾਰਲੀਮੈਂਟ ਨੂੰ ਸਿੱਧੀ ਚੁਣੌਤੀ ਸੀ। ਹਾਊਸ ਨੇ ਇਨ੍ਹਾਂ ਨੂੰ ਪਾਸ ਕਰ ਦਿੱਤਾ। ਵਰਜੀਨੀਆ ਕਾਲੋਨੀ ਵਿਚ ਇਹ ਮਤੇ ਪਾਸ ਹੋਣ ਦੀ ਦੇਰ ਸੀ ਕਿ ਬਾਕੀ ਕਾਲੋਨੀਆਂ ਵੀ ਇਹੋ ਕੁਝ ਕਰਨ ਲੱਗੀਆਂ। ਇਸ ਤੋਂ ਚਿੜ੍ਹ ਕੇ ਇੰਗਲੈਂਡ ਨੇ ਨਿਊ ਯਾਰਕ ਦੀ ਸਭਾ ਭੰਗ ਕਰ ਦਿੱਤੀ। ਇਸ ਨਾਲ ਸਾਰੀਆਂ ਕਾਲੋਨੀਆਂ 'ਚ ਰੋਸ ਫੈਲ ਗਿਆ। ਕਾਲੋਨੀਆਂ ਦੇ ਸਾਂਝੇ ਨੁਮਾਇੰਦਿਆਂ ਦਾ ਕਹਿਣਾ ਸੀ ਕਿ ਬਰਤਾਨਵੀ ਪਾਰਲੀਮੈਂਟ ਵਿਚ ਕਾਲੋਨੀਆਂ ਵਾਲਿਆਂ ਦਾ ਕੋਈ ਵੀ ਨੁਮਾਇੰਦਾ ਨਹੀਂ ਅਤੇ ਬਰਤਾਨੀਆ ਜੋ ਚਾਹੇ ਕਰਦਾ ਹੈ, ਇਸ ਲਈ ਉਹ ਤਾਂ ਸਾਰੇ ਫਿਰ ਗੁਲਾਮ ਹੋਏ। ਇਸ ਗੱਲ ਨੂੰ ਵਰਜੀਨੀਆ ਦੇ ਨਾਮੀ ਵਕੀਲ ਥੌਮਸ ਜੈਫਰਸਨ ਨੇ ਆਪਣੇ ਢੰਗ ਨਾਲ ਪ੍ਰਚਾਰਿਆ। ਅਖਬਾਰਾਂ ਵਿਚ ਲੇਖ ਲਿਖੇ। ਇਸ ਨਾਲ ਕਾਲੋਨੀਆਂ ਵਾਲਿਆਂ 'ਚ ਨਵੀਂ ਚਰਚਾ ਚੱਲ ਪਈ ਕਿ ਉਹ ਤਾਂ ਸਿਰਫ ਬਰਤਾਨੀਆ ਦੇ ਗੁਲਾਮ ਹਨ।

ਇਨ੍ਹੀਂ ਦਿਨੀਂ ਹੀ ਮੈਸਾਚੂਸੈਟਸ ਵਿਚ ਮੁਜਾਹਰੇ ਸ਼ੁਰੂ ਹੋ ਗਏ। ਗਵਰਨਰ ਨੇ ਫੌਜ ਬੁਲਾ ਲਈ ਅਤੇ ਦਰਜਨਾਂ ਮੁਜਾਹਰਾਕਾਰੀ ਮਾਰੇ ਗਏ। ਇਹ ਚੰਗਿਆੜੀ ਹੋਰ ਭੜਕ ਗਈ। ਉਦੋਂ ਹੀ ਬਰਤਾਨਵੀ ਪਾਰਲੀਮੈਂਟ ਨੇ ਇਕ ਹੋਰ 'ਟੀ ਐਕਟ' ਪਾਸ ਕਰ ਦਿੱਤਾ ਜਿਸ ਮੁਤਾਬਕ 'ਈਸਟ ਇੰਡੀਆ ਟੀ ਕੰਪਨੀ' ਜੋ ਅਮਰੀਕਨ ਕਾਲੋਨੀਆਂ ਵਿਚ ਚਾਹ ਵੇਚਦੀ ਸੀ, ਨੇ ਚਾਹ ਵੇਚਣ 'ਤੇ ਟੈਕਸ ਵਧਾ ਦਿੱਤਾ। ਮੁਜਾਹਰਾਕਾਰੀਆਂ ਨੇ ਇਸ ਕੰਪਨੀ ਦੇ ਚਾਹ ਦੇ ਭਰੇ ਕਈ ਜਹਾਜ ਸਮੁੰਦਰ 'ਚ ਹੀ ਰੋੜ੍ਹ ਦਿੱਤੇ। ਇਸ ਨਾਲ ਤਣਾਅ ਹੋਰ ਵਧ ਗਿਆ। ਇਸੇ ਵੇਲੇ ਵਰਜੀਨੀਆ ਦੇ ਥੌਮਸ ਜੈਫਰਸਨ ਨੇ ਮੈਸਾਚੂਸੈਟਸ ਦੇ ਮੁਜਾਹਰਾਕਾਰੀਆਂ ਦੇ ਹੱਕ 'ਚ ਲੇਖ ਲਿਖਣੇ ਅਤੇ ਛਪਵਾਉਣੇ ਸ਼ੁਰੂ ਕਰ ਦਿੱਤੇ। ਉਹ ਰਾਤੋ ਰਾਤ ਕਾਲੋਨੀਆਂ ਵਾਲਿਆਂ ਦਾ ਹੀਰੋ ਬਣ ਗਿਆ। ਫਿਰ ਬਰਤਾਨੀਆ ਨੇ ਕਿਊਬੈਕ ਐਕਟ ਪਾਸ ਕਰ ਦਿੱਤਾ ਜਿਸ ਮੁਤਾਬਕ ਉਤਰ ਵੱਲ ਦੀਆਂ ਨਿਊ ਯਾਰਕ ਸਮੇਤ ਕਈ ਕਾਲੋਨੀਆਂ ਬ੍ਰਿਟਿਸ਼ ਕੈਨੇਡਾ ਨਾਲ ਰਲਾਉਣ ਦੀ ਤਜਵੀਜ਼ ਸੀ। ਇਸ ਦਾ ਵੀ ਥਾਂ ਪੁਰ ਥਾਂ ਵਿਰੋਧ ਸ਼ੁਰੂ ਹੋ ਗਿਆ। ਬਰਤਾਨੀਆ ਸਮਝੌਤੇ ਦਾ ਕੋਈ ਰਾਹ ਕੱਢਣ ਦੀ ਥਾਂ ਧੱਕਾ ਕਰਦਾ ਚਲਿਆ ਗਿਆ।


ਫਿਰ 1774 'ਚ ਸਾਰੀਆਂ ਕਾਲੋਨੀਆਂ ਨੇ ਸਾਂਝਾ ਗਰੁਪ ਬਣਾਉਣ ਲਈ ਆਪੋ-ਆਪਣੇ ਡੈਲੀਗੇਟ ਚੁਣੇ ਜੋ ਇੰਗਲੈਂਡ ਸਰਕਾਰ ਮੂਹਰੇ ਆਪਣੇ ਅਧਿਕਾਰ ਰੱਖ ਸਕਣ। ਇਸ ਗਰੁਪ ਨੂੰ ਕਾਂਟੀਨੈਂਟਲ ਕਾਂਗਰਸ ਦਾ ਨਾਂ ਦਿੱਤਾ ਗਿਆ ਅਤੇ ਇਨ੍ਹਾਂ ਦੀ ਪਹਿਲੀ ਮੀਟਿੰਗ ਸਤੰਬਰ 1774 ਵਿਚ ਫਿਲਾਡੈਲਫੀਆ ਵਿਚ ਹੋਈ। ਮੀਟਿੰਗ ਵਿਚ ਜੌਹਨ ਐਡਮਸ ਦਾ ਲਿਖਿਆ ਮਤਾ ਪਾਸ ਕੀਤਾ ਗਿਆ, ਜਿਸ ਦੀ ਮੁੱਖ ਮਦ ਸੀ- 'ਕਾਲੋਨੀਆਂ ਵਾਲਿਆਂ ਦੀ ਜ਼ਿੰਦਗੀ, ਆਜ਼ਾਦੀ ਅਤੇ ਪ੍ਰਾਪਰਟੀ' ਦੇ ਅਧਿਕਾਰ। ਮੀਟਿੰਗ ਵਿਚ ਇੰਗਲੈਂਡ ਵਲੋਂ ਲਾਏ ਗਏ ਸਾਰੇ ਟੈਕਸ ਅਤੇ ਪਾਸ ਕੀਤੇ ਹੋਰ ਕਾਨੂੰਨ ਨਾ-ਮਨਜ਼ੂਰ ਕਰ ਦਿੱਤੇ ਗਏ। ਕਾਲੋਨੀਆਂ ਦੀ ਬਿਹਤਰੀ ਲਈ ਕਈ ਹੋਰ ਮਤੇ ਪਾਸ ਕਰਦਿਆਂ ਇਹ ਕਾਂਟੀਨੈਂਟਲ ਕਾਂਗਰਸ ਵਾਪਸ ਚਲੀ ਗਈ। ਜਾਣ ਤੋਂ ਪਹਿਲਾਂ ਇਸ ਕਾਂਗਰਸ ਨੇ ਮਈ ਮਹੀਨੇ ਮਿਲਣ ਦੀ ਤਾਰੀਖ ਤੈਅ ਕਰ ਲਈ। ਇਹ ਪਹਿਲੀ ਵਾਰ ਸੀ ਜਦੋਂ ਵੱਖੋ ਵੱਖ ਕਾਲੋਨੀਆਂ ਵਾਲਿਆਂ ਦੀ ਸਾਂਝੀ ਕੌਂਸਲ ਬਣੀ ਸੀ।

ਹਾਲਾਤ ਮਈ ਤੋਂ ਪਹਿਲਾਂ ਹੀ ਖਰਾਬ ਹੋ ਗਏ। ਮੈਸਾਚੂਸੈਟਸ ਗਵਰਨਰ ਨੇ ਬਾਗੀਆਂ ਨੂੰ ਕੁਚਲਣ ਲਈ ਫੌਜ ਭੇਜ ਦਿੱਤੀ। ਇਸ ਵਿਚ ਕਾਲੋਨੀਆਂ ਦੇ ਬਹੁਤ ਸਾਰੇ ਲੜਾਕੇ, ਜਿਨ੍ਹਾਂ ਨੂੰ ਬਰਤਾਨਵੀ ਸਰਕਾਰ ਬਾਗੀ ਕਹਿੰਦੀ ਸੀ, ਮਾਰੇ ਗਏ। ਬਰਤਾਨੀਆ ਦੇ ਵੀ ਹਜ਼ਾਰਾਂ ਸਿਪਾਹੀ ਇਸ ਲੜਾਈ ਵਿਚ ਮਰ ਗਏ। ਬਦਲਦੇ ਹਾਲਾਤ ਨਾਲ ਦੋ ਧਿਰਾਂ ਆਹਮੋ-ਸਾਹਮਣੇ ਆਈਆਂ ਸਨ। ਇਕ ਪਾਸੇ ਇੰਗਲੈਂਡ ਦੀ ਫੌਜ ਸੀ ਤੇ ਦੂਸਰੇ ਪਾਸੇ ਕਾਲੋਨੀਆਂ ਦੇ ਲੜਾਕੇ ਸਨ। ਜਦੋਂ ਹਾਲਾਤ ਜ਼ਿਆਦਾ ਵਿਗੜ ਗਏ ਤਾਂ ਕਾਂਟੀਨੈਂਟਲ ਕਾਂਗਰਸ ਨੇ ਹੰਗਾਮੀ ਮੀਟਿੰਗ ਸੱਦ ਲਈ। ਦਸ ਮਈ 1775 ਨੂੰ ਇਸ ਕਾਂਗਰਸ ਦੀ ਮੀਟਿੰਗ ਹੋਈ। ਇਸ ਵਿਚ ਪੂਰੇ ਜ਼ੋਰ ਨਾਲ ਬਰਤਾਨੀਆ ਨਾਲ ਲੜਨਾ ਤੈਅ ਹੋਇਆ। ਇਸ ਕਾਰਜ ਲਈ ਸਾਰੀਆਂ ਕਾਲੋਨੀਆਂ ਦੀ ਸਾਂਝੀ ਫੌਜ ਵਧਾਉਣ ਦਾ ਪ੍ਰਸਤਾਵ ਪਾਸ ਹੋਇਆ। ਨਾਲ ਹੀ ਵਰਜੀਨੀਆ ਦੇ ਜਾਰਜ ਵਾਸ਼ਿੰਗਟਨ ਨੂੰ ਇਸ ਫੌਜ ਦਾ ਮੁਖੀ ਥਾਪਿਆ ਗਿਆ। ਕਾਂਟੀਨੈਂਟਲ ਕਰੰਸੀ ਸ਼ੁਰੂ ਕਰਨ ਦੀ ਤਜਵੀਜ਼ ਰੱਖੀ ਗਈ ਪਰ ਅਜੇ ਤੱਕ ਕਾਂਗਰਸ ਨੇ ਪੂਰਨ ਆਜ਼ਾਦੀ ਦਾ ਪ੍ਰਸਤਾਵ ਪਾਸ ਨਹੀਂ ਸੀ ਕੀਤਾ।

ਉਧਰ, ਬਰਤਾਨੀਆ ਨੇ ਬਗਾਵਤ ਕੁਚਲਣ ਲਈ 20,000 ਫੌਜੀ ਇਧਰ ਨੂੰ ਤੋਰ ਦਿੱਤੇ। ਅਪਰੈਲ 1776 ਨੂੰ ਕਾਂਟੀਨੈਂਟਲ ਕਾਂਗਰਸ ਫਿਰ ਇਕੱਠੀ ਹੋਈ। ਕੁਝ ਕੁ ਕਾਲੋਨੀਆਂ, ਜਿਨ੍ਹਾਂ 'ਚ ਨਾਰਥ ਕੈਰੋਲਾਈਨਾ ਸ਼ਾਮਲ ਸੀ, ਪੂਰਨ ਆਜ਼ਾਦੀ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਇੰਗਲੈਂਡ ਆਪਣਾ ਮੂਲ ਮੁਲਕ ਹੈ, ਇਸ ਕਰ ਕੇ ਕਿਵੇਂ ਨਾ ਕਿਵੇਂ ਉਸ ਨਾਲ ਸੁਲ੍ਹਾ ਕਰ ਲਈ ਜਾਵੇ। ਇਸ ਮੌਕੇ ਥੌਮਸ ਜੈਫਰਸਨ ਵਰਗੇ ਤੇਜ਼ ਤਰਾਰ ਵਕੀਲਾਂ ਨੇ ਬਹਿਸ ਕੀਤੀ ਕਿ ਆਪਾਂ ਜਿਸ ਸਟੇਜ 'ਤੇ ਆਣ ਪਹੁੰਚੇ ਹਾਂ, ਇਥੇ ਸੁਲ੍ਹਾ ਸੰਭਵ ਨਹੀਂ; ਜਾਂ ਆਜ਼ਾਦੀ ਮਿਲੇਗੀ ਜਾਂ ਫਿਰ ਆਪਾਂ ਨੂੰ ਕੁਚਲ ਦਿੱਤਾ ਜਾਵੇਗਾ।

ਕਾਂਟੀਨੈਂਟਲ ਕਾਂਗਰਸ ਨੇ ਕਮੇਟੀ ਚੁਣੀ, ਜਿਸ ਨੇ ਖਰੜਾ ਤਿਆਰ ਕਰਨਾ ਸੀ। ਉਂਜ ਤਾਂ ਇਸ ਕਮੇਟੀ ਵਿਚ ਹਰ ਕਾਲੋਨੀ ਤੋਂ ਨੁਮਾਇੰਦੇ ਲਏ ਗਏ ਪਰ ਕਮੇਟੀ ਨੇ ਅਗਾਂਹ ਸਬ ਕਮੇਟੀ ਬਣਾ ਕੇ ਸਾਰਾ ਕੰਮ ਉਸ ਦੇ ਹਵਾਲੇ ਕਰ ਦਿੱਤਾ। ਇਸ ਸਬ ਕਮੇਟੀ ਦੇ ਦੋ ਹੀ ਮੈਂਬਰ ਸਨ-ਇਕ ਵਰਜੀਨੀਆ ਦਾ ਥੌਮਸ ਜੈਫਰਸਨ ਅਤੇ ਦੂਸਰਾ ਜੌਹਨ ਐਡਮਸ। ਥੌਮਸ ਜੈਫਰਸਨ ਅਤੇ ਜੌਹਨ ਐਡਮਸ ਨੇ ਦਸਤਾਵੇਜ਼ ਤਿਆਰ ਕਰ ਲਿਆ। ਇਸ ਨੂੰ 'ਡੈਕਲੇਰੇਸ਼ਨ ਆਫ ਇੰਡੀਪੈਂਡੈਂਸ' (ਆਜ਼ਾਦੀ ਦਾ ਐਲਾਨਨਾਮਾ) ਦਾ ਨਾਂ ਦਿੱਤਾ ਗਿਆ। ਉਨ੍ਹਾਂ ਇਹ ਦਸਤਾਵੇਜ਼ ਦੋ ਜੁਲਾਈ ਨੂੰ ਕਾਂਟੀਨੈਂਟਲ ਕਾਂਗਰਸ ਦੀ ਮੀਟਿੰਗ ਵਿਚ ਪੇਸ਼ ਕਰ ਦਿੱਤਾ। ਦੋ ਦਿਨਾਂ ਦੀ ਵਿਚਾਰ ਚਰਚਾ ਪਿੱਛੋਂ ਕਾਂਟੀਨੈਂਟਲ ਕਾਂਗਰਸ ਨੇ ਇਹ ਮਤਾ 4 ਜੁਲਾਈ 1776 ਨੂੰ ਪਾਸ ਕਰ ਦਿੱਤਾ ਅਤੇ ਸਭਾਪਤੀ ਜੌਹਨ ਹੈਨਕੂਕ ਨੇ ਇਸ 'ਤੇ ਦਸਤਖਤ ਕਰ ਦਿੱਤੇ। ਇਸ ਪਿੱਛੋਂ ਇਸ ਮਤੇ ਮੁਤਾਬਕ ਕਾਂਟੀਨੈਂਟਲ ਕਾਂਗਰਸ ਨੇ ਐਲਾਨ ਕਰ ਦਿੱਤਾ ਕਿ ਅੱਜ ਚਾਰ ਜੁਲਾਈ 1776 ਤੋਂ ਅਮਰੀਕਾ ਆਜ਼ਾਦ ਹੈ। ਲੋਕਾਂ ਨੂੰ ਅਪੀਲ ਕੀਤੀ ਗਈ ਕਿ ਬਰਤਾਨੀਆ ਨੂੰ ਇਥੋਂ ਬਾਹਰ ਕੱਢਣ ਲਈ ਕਾਂਗਰਸ ਦੀ ਮਦਦ ਕਰਨ। ਹੋਰ ਮੁਲਕਾਂ ਨੂੰ ਵੀ ਬੇਨਤੀ ਕੀਤੀ ਗਈ ਕਿ ਅਮਰੀਕਾ ਨੂੰ ਆਜ਼ਾਦ ਮੁਲਕ ਤਸਲੀਮ ਕੀਤਾ ਜਾਵੇ। ਅੱਗੇ ਚੱਲ ਕੇ ਅਮਰੀਕਾ ਦਾ ਝੰਡਾ 1777 ਵਿਚ ਪਾਸ ਹੋਇਆ। ਉਸ ਵਿਚ 13 ਧਾਰੀਆਂ ਸਨ ਅਤੇ 13 ਹੀ ਸਟਾਰ ਸਨ। ਉਸ ਵੇਲੇ ਅਮਰੀਕਾ ਦੀਆਂ ਕੁੱਲ 13 ਕਾਲੋਨੀਆਂ ਜਾਂ ਕਹਿ ਲਵੋ ਸਟੇਟਾਂ ਸਨ।

ਹੁਣ ਅਸਲੀ ਲੜਾਈ ਸ਼ੁਰੂ ਹੋਣੀ ਸੀ। ਮਤਾ ਤਾਂ ਪਾਸ ਹੋ ਗਿਆ ਪਰ ਬਰਤਾਨੀਆ ਨੂੰ ਕੱਢਣ ਲਈ ਲੜਾਈ ਲੜਨੀ ਪੈਣੀ ਸੀ। ਸਾਰੀਆਂ 13 ਸਟੇਟਾਂ ਇੰਗਲੈਂਡ ਤੋਂ ਆਜ਼ਾਦ ਤਾਂ ਹੋਣਾ ਚਾਹੁੰਦੀਆਂ ਸਨ ਪਰ ਉਸ ਵੇਲੇ ਉਨ੍ਹਾਂ ਦਾ ਸਾਂਝੇ ਰਲ-ਮਿਲ ਕੇ ਰਹਿਣ ਦਾ ਕੋਈ ਇਰਾਦਾ ਨਹੀਂ ਸੀ। ਉਹ ਸਿਰਫ ਆਜ਼ਾਦੀ ਲੈਣ ਲਈ ਇਕੱਠੇ ਹੋਏ ਸਨ। ਇਸ ਵਾਸਤੇ ਇਕ ਹੋਰ ਕਮੇਟੀ ਬਣਾਈ ਗਈ ਜਿਸ ਨੇ 'ਆਰਟੀਕਲਜ਼ ਆਫ ਕਨਫੈਡਰੇਸ਼ਨ' ਤਿਆਰ ਕੀਤਾ। ਇਸ ਦਾ ਮੰਤਵ ਸਾਂਝੀ ਫੌਜ ਅਤੇ ਉਸ ਲਈ ਪੈਸੇ ਦਾ ਬੰਦੋਬਸਤ ਕਰਨਾ ਸੀ। ਇਸ ਮਤੇ ਵਿਚ ਇਹ ਵੀ ਲਿਖਿਆ ਗਿਆ ਕਿ ਸਾਰੀਆਂ ਸਟੇਟਾਂ ਸਿਰਫ ਇੰਗਲੈਂਡ ਤੋਂ ਆਜ਼ਾਦੀ ਲੈਣ ਲਈ ਇਕੱਠੀਆਂ ਹਨ। ਇਸ ਤੋਂ ਬਿਨਾ ਉਨ੍ਹਾਂ ਦਾ ਇਕ ਦੂਜੇ ਨਾਲ ਕੋਈ ਲੈਣਾ ਦੇਣਾ ਨਹੀਂ। ਉਹ ਸਭ ਆਪੋ-ਆਪਣੇ ਥਾਂ ਆਜ਼ਾਦ ਅਤੇ ਖੁਦਮੁਖਤਿਆਰ ਹਨ। ਇਹ ਯੂਨੀਅਨ ਸਿਰਫ ਦੋਸਤ ਸਟੇਟਾਂ ਦੀ ਯੂਨੀਅਨ ਹੈ ਜਿਸ ਦਾ ਮੰਤਵ ਸਾਂਝੇ ਦੁਸ਼ਮਣ ਬਰਤਾਨੀਆ ਨਾਲ ਲੜਨਾ ਹੈ।



ਪਹਿਲਾ ਅਮਰੀਕੀ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ

'ਕਨਫੈਡਰੇਸ਼ਨ ਆਫ ਸਟੇਟਸ' ਬਣ ਤਾਂ ਗਈ ਪਰ ਇਸ ਕੋਲ ਨਾ ਤਾਂ ਕੋਈ ਬਹੁਤੇ ਅਧਿਆਰ ਸਨ ਅਤੇ ਨਾ ਹੀ ਇਸ ਦੇ ਨੁਮਾਇੰਦੇ ਅਨੁਭਵੀ ਸਨ। ਉਸ ਵੇਲੇ ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਇਹ ਇਕਾਈ ਕੰਮ ਕਿਵੇਂ ਕਰੇਗੀ? ਨਾ ਹੀ ਇਸ ਪਾਸ ਕੋਈ ਨਵਾਂ ਕਾਨੂੰਨ ਬਣਾਉਣ ਦੀ ਅਥਾਰਟੀ ਸੀ। ਬਸ ਉਸ ਵੇਲੇ ਇਕੋ ਇਕ ਵੱਡਾ ਕੰਮ ਬਰਤਾਨੀਆ ਤੋਂ ਆਜ਼ਾਦ ਹੋਣਾ ਸੀ। ਸਭ ਦੀ ਸੋਚ ਸੀ ਕਿ ਇਕ ਵਾਰ ਆਜ਼ਾਦੀ ਮਿਲ ਗਈ, ਉਸ ਪਿੱਛੋਂ ਜਿਵੇਂ ਕੋਈ ਸਟੇਟ ਚਾਹੇਗੀ, ਉਵੇਂ ਕਰ ਸਕਣ ਲਈ ਉਹ ਆਜ਼ਾਦ ਹੋਵੇਗੀ। ਜਾਪਦਾ ਸੀ ਕਿ ਇਹ ਕਨਫੈਡਰੇਸ਼ਨ ਆਜ਼ਾਦੀ ਪਿਛੋਂ ਆਪਣੇ ਆਪ ਖਤਮ ਹੋ ਜਾਵੇਗੀ।

ਚਾਰ ਜੁਲਾਈ ਨੂੰ ਜਦੋਂ ਆਜ਼ਾਦੀ ਦਾ ਮਤਾ ਪਾਸ ਹੋ ਗਿਆ ਤਾਂ ਬਰਤਾਨੀਆ ਜ਼ੋਰ-ਸ਼ੋਰ ਨਾਲ ਇਸ ਨੂੰ ਦਬਾਉਣ 'ਤੇ ਤੁਲ ਗਿਆ। ਉਸ ਨੇ ਵੱਡੀ ਫੌਜ ਤੋਰ ਦਿੱਤੀ। ਅੱਗੇ ਜਰਨਲ ਜਾਰਜ ਵਾਸ਼ਿੰਗਟਨ ਦੀ ਕਮਾਂਡ ਹੇਠ ਕਨਫੈਡਰੇਸ਼ਨ ਆਰਮੀ ਤਿਆਰ ਸੀ। ਸ਼ੁਰੂ 'ਚ ਜਾਰਜ ਵਾਸ਼ਿੰਗਟਨ ਦੀ ਆਰਮੀ ਬਰਤਾਨੀਆ ਦੇ ਮੁਕਾਬਲੇ ਛੋਟੀ ਸੀ ਅਤੇ ਪੂਰੀ ਸਿਖਿਅਤ ਵੀ ਨਹੀਂ ਸੀ। ਉਸ ਨੂੰ ਪੂਰੀ ਮਦਦ ਵੀ ਨਹੀਂ ਸੀ ਮਿਲ ਰਹੀ। ਬਰਤਾਨੀਆ ਨੂੰ ਵੀ ਇੰਨੀ ਦੂਰੋਂ ਆ ਕੇ ਲੜਨਾ ਪੈ ਰਿਹਾ ਸੀ। ਸੋ, ਉਹਦੇ ਲਈ ਵੀ ਇਹ ਜੰਗ ਇੰਨੀ ਸੌਖੀ ਨਹੀਂ ਸੀ। ਕਈ ਲੜਾਈਆਂ ਵਿਚ ਅਮਰੀਕਨਾਂ ਦਾ ਬੜਾ ਨੁਕਸਾਨ ਹੋਇਆ। ਫਿਲਾਡੈਲਫੀਆ ਬਰਤਾਨੀਆ ਦੇ ਕਬਜ਼ੇ ਵਿਚ ਸੀ। ਜਾਰਜ ਵਾਸ਼ਿੰਗਟਨ ਵੀਹ ਮੀਲ ਦੂਰ ਸੀ। ਉਪਰੋਂ ਬਰਫਬਾਰੀ ਸ਼ੁਰੂ ਹੋ ਗਈ। ਵਾਸ਼ਿੰਗਟਨ ਦੀ ਫੌਜ ਕੋਲ ਲੋੜੀਂਦਾ ਕੱਪੜਾ-ਲੱਤਾ ਵੀ ਨਹੀਂ ਸੀ। ਇਸ ਠੰਢ ਅਤੇ ਹੋਰ ਬਿਮਾਰੀਆਂ ਕਾਰਨ ਉਸ ਦਾ ਬੜਾ ਨੁਕਸਾਨ ਹੋਇਆ ਅਤੇ ਹਜ਼ਾਰਾਂ ਫੌਜੀ ਮਰ ਗਏ। ਉਸ ਨੇ ਕਾਂਟੀਨੈਂਟਲ ਕਾਂਗਰਸ ਤੋਂ ਮਾਲੀ ਮਦਦ ਮੰਗੀ ਪਰ ਉਸ ਨੂੰ ਨਾਂਹ ਦੇ ਬਰਾਬਰ ਹੀ ਇਹ ਮਦਦ ਮਿਲੀ। ਫਿਰ ਵੀ ਉਸ ਨੇ ਹੌਸਲਾ ਨਾ ਹਾਰਿਆ ਅਤੇ ਇਕ ਥਾਂ ਉਸ ਦੀ ਹੌਸਲੇ ਭਰੀ ਕਾਰਵਾਈ ਨੇ ਲੜਾਈ ਦਾ ਰੁਖ ਬਦਲ ਦਿੱਤਾ।

ਦਸੰਬਰ ਮਹੀਨੇ ਬਰਤਾਨਵੀ ਫੌਜਾਂ ਟਰੈਂਟਨ ਸ਼ਹਿਰ ਕਬਜ਼ੇ 'ਚ ਕਰ ਕੇ ਕ੍ਰਿਸਮਸ ਮਨਾ ਰਹੀਆਂ ਸਨ। ਜਾਰਜ ਵਾਸ਼ਿੰਗਟਨ ਨੇ ਸਿਰਫ ਪੰਝੀ ਸੌ ਫੌਜੀਆਂ ਨਾਲ ਉਨ੍ਹਾਂ ਨੂੰ ਘੇਰ ਲਿਆ। ਸੁਤੇ-ਸਿਧ ਪਏ ਘੇਰੇ ਕਾਰਨ ਬਰਤਾਨਵੀ ਸੰਭਲ ਨਾ ਸਕੇ। ਅੰਤ ਜਾਰਜ ਵਾਸ਼ਿੰਗਟਨ ਨੇ ਬਹੁਤ ਸਾਰੀ ਬਰਤਾਨਵੀ ਫੌਜ ਤੋਂ ਆਤਮ ਸਮਰਪਣ ਕਰਵਾਇਆ। ਇਸ ਘਟਨਾ ਨੇ ਲੜਾਈ ਦਾ ਨਕਸ਼ਾ ਬਦਲ ਦਿੱਤਾ। ਜਾਰਜ ਵਾਸ਼ਿੰਗਟਨ ਹੀਰੋ ਬਣ ਗਿਆ ਅਤੇ ਕਾਂਟੀਨੈਂਟਲ ਕਾਂਗਰਸ ਵੀ ਸਰਗਰਮ ਹੋ ਗਈ। ਅਮਰੀਕਨਾਂ ਵਿਚ ਜਜ਼ਬਾ ਭਰ ਗਿਆ। ਉਹ ਧੜਾਧੜ ਭਰਤੀ ਹੋਣ ਲੱਗੇ। ਇਸ ਤੋਂ ਅੱਗੇ ਬਰਤਾਨੀਆ ਦਾ ਦਬਦਬਾ ਘਟਦਾ ਗਿਆ। ਜਾਰਜ ਵਾਸ਼ਿੰਗਟਨ ਨਿਤ ਨਵੀਆਂ ਜਿੱਤਾਂ ਦਰਜ ਕਰਦਾ ਗਿਆ ਪਰ ਬਰਤਾਨੀਆ ਅਜੇ ਵੀ ਤਾਕਤ ਵਿਚ ਸੀ ਸਗੋਂ ਨਿਊ ਯਾਰਕ ਤਾਂ ਹਮੇਸ਼ਾ ਹੀ ਉਸ ਦੇ ਕਬਜ਼ੇ 'ਚ ਰਿਹਾ ਪਰ ਫਿਰ ਵੀ ਉਹ ਹਾਰ ਵਲ ਵਧ ਰਿਹਾ ਸੀ।

ਜਦੋਂ ਥਾਂ ਥਾਂ ਬਰਤਾਨੀਆ ਦੀ ਹਾਰ ਹੁੰਦੀ ਗਈ ਤਾਂ ਉਸ ਨੇ ਇਕ ਹੋਰ ਪੱਤਾ ਖੇਡਿਆ ਕਿ ਉਹ ਪਿਛਲੇ ਸਾਰੇ ਕਾਨੂੰਨ ਰੱਦ ਕਰ ਕੇ ਅਮਰੀਕਨ ਲੋਕਾਂ ਦੀ ਮਰਜ਼ੀ ਮੁਤਾਬਕ ਨਵੇਂ ਕਾਨੂੰਨ ਬਣਾਉਣ ਲਈ ਤਿਆਰ ਹੈ ਬਸ਼ਰਤੇ ਅਮਰੀਕਨ ਕਾਲੋਨੀਆਂ ਵਾਲੇ ਲੜਾਈ ਬੰਦ ਕਰ ਦੇਣ। ਇਹ ਗੱਲ ਬਣੀ ਨਾ, ਕਿਉਂਕਿ ਹੁਣ ਤੱਕ ਆਜ਼ਾਦੀ ਅਮਰੀਕਨ ਕਾਲੋਨੀਆਂ ਵਾਲਿਆਂ ਦਾ ਸੁਪਨਾ ਬਣ ਚੁਕੀ ਸੀ ਤੇ ਉਹ ਹਰ ਹਾਲਤ ਵਿਚ ਬਰਤਾਨੀਆ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਸਨ। ਜਦੋਂ ਬਰਤਾਨੀਆ ਦੀ ਇਹ ਤਜਵੀਜ਼ ਰੱਦ ਹੋ ਗਈ ਤਾਂ ਉਸ ਨੇ ਜੰਗ ਹੋਰ ਤੇਜ਼ ਕਰ ਦਿੱਤੀ। ਇਧਰ ਕਾਲੋਨੀਆਂ ਵਾਲੇ ਵੀ ਧੜਾਧੜ ਲੜਾਈ 'ਚ ਸ਼ਾਮਲ ਹੋ ਰਹੇ ਸਨ। ਉਸੇ ਵੇਲੇ ਫਰਾਂਸ ਇਨ੍ਹਾਂ ਦੀ ਮੱਦਦ 'ਤੇ ਆ ਪਹੁੰਚਿਆ ਤੇ ਉਸ ਨੇ ਕਰੀਬ ਸੱਤ ਹਜ਼ਾਰ ਫੌਜੀ ਤੋਰ ਦਿੱਤੇ।

ਜਾਰਜ ਵਾਸ਼ਿੰਗਟਨ ਨੇ ਬੜੀ ਸਕੀਮ ਨਾਲ ਆਪਣੀ ਫੌਜ ਨਾਲ ਬਰਤਾਨੀਆ ਦੀ ਵੱਡੀ ਫੌਜ, ਜੋ ਕੋਰਨਵਾਲਸ ਵਿਚ ਸੀ, ਘੇਰ ਲਈ। ਉਧਰੋਂ ਫਰਾਂਸ ਦੀ ਨਵੀਂ ਆਈ ਫੌਜ ਨੇ ਚੈਸਪੀਕ ਬੇਅ ਬੰਦ ਕਰ ਦਿੱਤਾ। ਇਸ ਨਾਲ ਬਰਤਾਨਵੀ ਫੌਜ ਲਈ ਨਿਕਲਣ ਭੱਜਣ ਦਾ ਰਾਹ ਬੰਦ ਹੋ ਗਿਆ। ਜਾਰਜ ਵਾਸ਼ਿੰਗਟਨ ਵੱਲੋਂ ਘੇਰੀ ਬਰਤਾਨਵੀ ਫੌਜ ਕੋਲ ਹਥਿਆਰ ਸੁੱਟਣ ਤੋਂ ਬਿਨਾ ਕੋਈ ਰਾਹ ਨਾ ਰਿਹਾ। ਫਿਰ 18 ਅਕਤੂਬਰ 1781 ਨੂੰ ਬ੍ਰਿਟਿਸ਼ ਜਨਰਲ ਨੇ ਬਹੁਤ ਵੱਡੀ ਫੌਜ ਸਮੇਤ ਆਤਮ ਸਮਰਪਣ ਕਰ ਦਿੱਤਾ। ਇਸ ਦੇ ਨਾਲ ਹੀ ਬਰਤਾਨਵੀ ਫੌਜਾਂ ਦਾ ਲੱਕ ਟੁੱਟ ਗਿਆ। ਬਰਤਾਨੀਆ ਨੇ ਜੰਗ ਬੰਦ ਕਰਨ ਲਈ ਸੰਧੀਨਾਮਾ ਤਿਆਰ ਕੀਤਾ। ਫਿਰ ਬਰਤਾਨਵੀ ਸਰਕਾਰ ਅਤੇ ਕਨਫੈਡਰੇਸ਼ਨ ਆਫ ਸਟੇਟਸ ਵਿਚਕਾਰ ਇਸ ਸੰਧੀ 'ਤੇ ਦਸਤਖਤ ਹੋਏ ਅਤੇ 15 ਅਪਰੈਲ 1783 ਨੂੰ ਕਾਂਟੀਨੈਂਟਲ ਕਾਂਗਰਸ ਨੇ ਸੰਧੀ ਮਨਜ਼ੂਰ ਕਰ ਲਈ। ਇਸੇ ਦਿਨ ਬਰਤਾਨੀਆ ਵੱਲੋਂ ਅਮਰੀਕਾ ਨੂੰ ਆਜ਼ਾਦ ਮੁਲਕ ਵਜੋਂ ਮਾਨਤਾ ਮਿਲ ਗਈ। ਇਸ ਦੇ ਨਾਲ ਹੀ ਸੱਤ ਸਾਲ ਚੱਲੀ ਜੰਗ ਪੱਕੇ ਤੌਰ 'ਤੇ ਖਤਮ ਹੋ ਗਈ। ਇਸ ਸੰਧੀ ਵੇਲੇ ਜੇ ਅਮਰੀਕਨ ਲੀਡਰ ਢੰਗ ਨਾਲ ਗੱਲਬਾਤ ਚਲਾਉਂਦੇ ਤਾਂ ਸਮੁੱਚਾ ਕੈਨੇਡਾ, ਅਮਰੀਕਾ ਨਾਲ ਮਿਲਾ ਸਕਦੇ ਸਨ ਪਰ ਦੂਰ ਅੰਦੇਸ਼ੀ ਦੀ ਘਾਟ ਕਾਰਨ ਉਹ ਅਜਿਹਾ ਨਾ ਕਰ ਸਕੇ। ਸੰਧੀ ਮੁਤਾਬਕ ਅਮਰੀਕਾ ਦੀ ਹੱਦ ਉਤਰ ਵੱਲ ਮੇਨ ਤੋਂ ਲੈ ਕੇ ਗਰੇਟ ਲੇਕਸ ਤੱਕ ਅਤੇ ਐਟਲਾਂਟਕ ਤੱਟ ਤੋਂ ਮਿਸੀਸਿਪੀ ਦਰਿਆ ਤੱਕ ਮਿਥੀ ਗਈ।

ਕਾਲੋਨੀਆਂ ਆਜ਼ਾਦ ਤਾਂ ਹੋ ਗਈਆਂ ਅਤੇ ਸਮੁੱਚੇ ਮੁਲਕ ਨੂੰ ਯੂਨਾਈਟਡ ਸਟੇਟਸ ਦਾ ਨਾਂ ਵੀ ਮਿਲ ਗਿਆ ਪਰ ਅਗਲੇ ਬਹੁਤ ਸਾਲ ਅਮਰੀਕਾ ਲਈ ਜੋਖਮ ਭਰੇ ਸਨ। ਸਟੇਟਾਂ ਆਪਸ ਵਿਚ ਲੜਦੀਆਂ ਰਹਿੰਦੀਆਂ ਸਨ। ਕਦੇ ਸਰਹੱਦ ਦਾ ਝਗੜਾ, ਕਦੇ ਵਪਾਰ ਦਾ; ਕਦੇ ਕਰੰਸੀ ਦਾ ਤੇ ਕਦੇ ਕਿਸੇ ਹੋਰ ਗੱਲ ਦਾ। ਕਈ ਸਟੇਟਾਂ ਤਾਂ ਇਹ ਵੀ ਸੋਚਦੀਆਂ ਸਨ ਕਿ ਹੁਣ ਅਸੀਂ ਬਰਤਾਨੀਆ ਤੋਂ ਆਜ਼ਾਦ ਹੋ ਚੁਕੇ ਹਾਂ, ਹੁਣ ਯੂਨੀਅਨ ਦੀ ਕੋਈ ਲੋੜ ਨਹੀਂ। ਸਟੇਟਾਂ ਆਪੋ-ਆਪਣੇ ਕਾਨੂੰਨ ਬਣਾਉਂਦੀਆਂ ਰਹਿੰਦੀਆਂ, ਜੋ ਕਈ ਵਾਰ ਗੁਆਂਢੀ ਸਟੇਟ ਦੇ ਹੱਕ 'ਚ ਨਹੀਂ ਸਨ ਹੁੰਦੇ। ਕਾਂਟੀਨੈਂਟਲ ਕਾਂਗਰਸ ਨੂੰ ਹੁਣ ਸਿਰਫ ਕਾਂਗਰਸ ਅਤੇ ਸਟੇਟਾਂ ਦੇ ਇਕੱਠ ਨੂੰ ਯੂਨੀਅਨ ਕਿਹਾ ਜਾਣ ਲੱਗਾ। ਉਂਜ ਇਸ ਕਾਂਗਰਸ ਦੀ ਬਹੁਤੀ ਤਾਕਤ ਨਹੀਂ ਸੀ। ਜੇ ਉਹ ਕੋਈ ਕਾਨੂੰਨ ਬਣਾਉਂਦੀ ਤਾਂ ਕਈ ਸਟੇਟਾਂ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੰਦੀਆਂ। ਕਾਂਗਰਸ ਕੋਲ ਅਜੇ ਤੱਕ ਕੋਈ ਢੰਗ ਤਰੀਕਾ ਨਹੀਂ ਸੀ ਜਿਸ ਨਾਲ ਮੁਲਕ ਨੂੰ ਇਕ ਕਰ ਕੇ ਚਲਾਇਆ ਜਾਵੇ। ਉਂਜ, ਸਟੇਟਾਂ ਦੇ ਸਿਆਣੇ ਲੀਡਰ ਸਮਝਦੇ ਸਨ ਕਿ ਜੇ ਤਰੱਕੀ ਕਰਨੀ ਹੈ ਤਾਂ ਯੂਨੀਅਨ ਨੂੰ ਤਕੜਾ ਕਰਨਾ ਪਵੇਗਾ, ਫਿਰ ਹੀ ਅੰਤਰ-ਰਾਜੀ ਮਸਲੇ ਹੱਲ ਹੋਣਗੇ। ਕਈ ਸਾਲ ਇਸੇ ਤਰ੍ਹਾਂ ਲੰਘ ਗਏ।

ਫਿਰ ਕਾਫੀ ਸੋਚ ਵਿਚਾਰ ਤੋਂ ਬਾਅਦ ਸਟੇਟਾਂ ਦੇ ਸਿਆਣੇ ਲੀਡਰਾਂ ਨੇ ਮਈ 1787 ਵਿਚ ਕਨਵੈਨਸ਼ਨ ਬੁਲਾਈ। ਹਰ ਸਟੇਟ ਤੋਂ ਡੈਲੀਗੇਟ ਸੱਦੇ ਗਏ। ਹੁਣ ਤੱਕ ਸਟੇਟਾਂ ਆਪਸ ਵਿਚ ਉਲਝਦੀਆਂ ਹੰਭ ਚੁਕੀਆਂ ਸਨ। ਇਸ ਕਰ ਕੇ ਇਕ ਅੱਧ ਨੂੰ ਛੱਡ ਕੇ ਹਰ ਸਟੇਟ ਨੇ ਆਪਣੇ ਨੁਮਾਇੰਦੇ ਭੇਜੇ। ਕਨਵੈਨਸ਼ਨ ਬੜੇ ਚੰਗੇ ਢੰਗ ਨਾਲ ਸ਼ੁਰੂ ਹੋਈ। ਸਭ ਤੋਂ ਪਹਿਲਾਂ ਇਹ ਫੈਸਲਾ ਕੀਤਾ ਗਿਆ ਕਿ ਇਸ ਕਨਵੈਨਸ਼ਨ ਦਾ ਕੋਈ ਚੰਗਾ ਪ੍ਰਧਾਨ ਚੁਣਿਆ ਜਾਵੇ। ਸਭ ਦੀਆਂ ਨਜ਼ਰਾਂ ਜਾਰਜ ਵਾਸ਼ਿੰਗਟਨ 'ਤੇ ਗਈਆਂ ਕਿਉਂਕਿ ਉਸ ਨੇ ਬਰਤਾਨੀਆ ਖਿਲਾਫ ਬੜੀ ਚੰਗੀ ਲੜਾਈ ਲੜੀ ਅਤੇ ਜਿੱਤ ਪ੍ਰਾਪਤ ਕੀਤੀ ਸੀ। ਇਸ ਕਰ ਕੇ ਉਹ ਨੈਸ਼ਨਲ ਹੀਰੋ ਸੀ। ਉਸ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ।

ਕਈ ਦਿਨਾਂ ਦੀ ਬਹਿਸ ਪਿੱਛੋਂ ਕਾਂਗਰਸ ਦੇ ਦੋ ਹਾਊਸ ਬਣਾਉਣ ਦੀ ਤਜਵੀਜ਼ ਹੋਂਦ 'ਚ ਆਈ। ਇਕ ਨੂੰ ਨੁਮਾਇੰਦਾ ਸਦਨ (ਹਾਊਸ ਆਫ ਰੀਪਰੈਜ਼ੈਂਟੇਟਿਵ) ਅਤੇ ਦੂਸਰੇ ਨੂੰ ਸੈਨੇਟ ਕਿਹਾ ਗਿਆ। ਜਦੋਂ ਕਾਂਗਰਸ ਦੇ ਦੋਨੋਂ ਹਾਊਸ ਸਥਾਪਤ ਹੋ ਗਏ ਤਾਂ ਐਗਜ਼ੈਕੇਟਿਵ ਅਤੇ ਜੂਡੀਸ਼ਰੀ ਦੀ ਸਥਾਪਨਾ ਕੀਤੀ ਗਈ। ਇਸੇ ਤਰ੍ਹਾਂ ਇਹ ਤੈਅ ਕੀਤਾ ਗਿਆ ਕਿ ਪ੍ਰਧਾਨ ਅਤੇ ਉਪ ਪ੍ਰਧਾਨ ਦੀ ਚੋਣ ਕਿਵੇਂ ਹੋਵੇ। ਕਈ ਮਹੀਨੇ ਲਗਾਤਾਰ ਹੁੰਦੀ ਬਹਿਸ ਨਾਲ ਫੈਸਲੇ ਕੀਤੇ ਗਏ ਅਤੇ ਹੌਲੀ ਹੌਲੀ ਸੈਂਟਰਲ ਗਵਰਨਮੈਂਟ ਸਥਾਪਤ ਹੋ ਗਈ। ਫਿਰ ਜਦੋਂ ਅਮਰੀਕਨ ਪ੍ਰਧਾਨ ਵਾਸਤੇ ਵੋਟਾਂ ਪਈਆਂ ਤਾਂ ਜਾਰਜ ਵਾਸ਼ਿੰਗਟਨ ਫਿਰ ਤੋਂ ਬਹੁ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਜੌਹਨ ਐਡਮਸ ਉਪ ਪ੍ਰਧਾਨ ਬਣਿਆ। 30 ਅਪਰੈਲ 1789 ਨੂੰ ਜਾਰਜ ਵਾਸ਼ਿੰਗਟਨ ਨੇ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕੀ। ਇਉਂ ਮੁਲਕ ਆਜ਼ਾਦ ਤਾਂ ਭਾਵੇਂ 1776 ਵਿਚ ਹੋ ਗਿਆ ਸੀ ਪਰ ਸਰਕਾਰ ਸਹੀ ਢੰਗ ਤਰੀਕੇ ਨਾਲ 1789 ਵਿਚ ਜਾ ਕੇ ਚੱਲਣੀ ਸ਼ੁਰੂ ਹੋਈ। ਅੱਠ ਸਾਲ ਬਾਅਦ ਜਾਰਜ ਵਾਸ਼ਿੰਗਟਨ ਨੇ ਆਪ ਹੀ ਤੀਸਰੀ ਵਾਰ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ। ਅਗਲਾ ਰਾਸ਼ਟਰਪਤੀ ਜੌਹਨ ਐਡਮਸ ਬਣਿਆ। ਜਾਰਜ ਵਾਸ਼ਿੰਗਟਨ ਨੇ ਇਕ ਤਰ੍ਹਾਂ ਨਾਲ ਰਾਸ਼ਟਰਪਤੀ ਦੀ ਮਿਆਦ ਦੋ ਵਾਰੀਆਂ ਤੱਕ ਸੀਮਤ ਕਰ ਦਿੱਤੀ। ਫਿਰ ਹੌਲੀ-ਹੌਲੀ ਅਮਰੀਕਨ ਸਰਕਾਰ ਡਿੱਕ-ਡੋਲੇ ਖਾਂਦੀ ਅੱਗੇ ਵਧਣ ਲੱਗੀ।

ਅਗਲੇ ਕੋਈ ਵੀਹ ਸਾਲ ਤੱਕ ਅਮਰੀਕਾ ਨੂੰ ਕੋਈ ਬਾਹਰਲੀ ਵੱਡੀ ਚੁਣੌਤੀ ਨਹੀਂ ਦੇਖਣੀ ਪਈ ਪਰ ਯੂਰਪ ਵਿਚ ਇੰਗਲੈਂਡ ਅਤੇ ਫਰਾਂਸ ਦਾ ਝਗੜਾ ਚੱਲਦਾ ਹੀ ਰਹਿੰਦਾ ਸੀ। ਫਿਰ 1814 ਵਿਚ ਅਮਰੀਕਾ ਅਣਚਾਹੇ ਹੀ ਇਨ੍ਹਾਂ ਮੁਲਕਾਂ ਦੀ ਲੜਾਈ ਵਿਚ ਘੜੀਸਿਆ ਗਿਆ। ਇਕ ਵਾਰ ਫਿਰ ਬਰਤਾਨੀਆ ਨਾਲ ਜੰਗ ਸ਼ੁਰੂ ਹੋ ਗਈ। ਬਰਤਾਨੀਆ ਨੇ ਉਧਰੋਂ ਕੈਨੇਡਾ ਵਾਲੇ ਪਾਸਿਉਂ ਅਤੇ ਦੂਜੇ ਪਾਸੇ ਸਮੁੰਦਰੀ ਫੌਜਾਂ ਰਾਹੀਂ ਅਮਰੀਕਾ ਨੂੰ ਘੇਰ ਲਿਆ। ਲਹੂ ਡੋਲਵੀਂ ਜੰਗ ਹੋਈ। ਪਹਿਲੀ ਵਾਰ ਅਮਰੀਕਨਾਂ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਦੀ ਆਜ਼ਾਦੀ ਫਿਰ ਖਤਰੇ ਵਿਚ ਹੈ। ਉਨ੍ਹਾਂ ਨੂੰ ਇਹ ਵੀ ਯਕੀਨ ਹੋ ਗਿਆ ਕਿ ਜੇ ਇਸ ਵਾਰ ਬਰਤਾਨਵੀ ਕਾਮਯਾਬ ਹੋ ਗਏ ਤਾਂ ਉਹ ਸਦਾ ਲਈ ਗੁਲਾਮ ਹੋ ਜਾਣਗੇ। ਇਸ ਲਈ ਹਰ ਅਮਰੀਕਨ ਇਸ ਲੜਾਈ ਵਿਚ ਜਾਨ ਤਲੀ 'ਤੇ ਰੱਖ ਕੇ ਲੜਿਆ। ਆਖਰ ਜਿੱਤ ਅਮਰੀਕਾ ਦੀ ਹੋਈ। ਇਸ ਦੇ ਨਾਲ ਹੀ ਹਰ ਇਕ ਨੂੰ ਅਹਿਸਾਸ ਹੋ ਗਿਆ ਕਿ ਸੈਂਟਰਲ ਗੌਰਮਿੰਟ ਬਿਨਾ ਨਾ ਹੀ ਆਜ਼ਾਦੀ ਕਾਇਮ ਰਹਿ ਸਕਦੀ ਹੈ ਤੇ ਨਾ ਹੀ ਤਰੱਕੀ ਹੋ ਸਕਦੀ ਹੈ। ਆਪਸੀ ਝਗੜੇ ਦੂਰ ਕਰਦਿਆਂ ਸਾਰੀਆਂ ਸਟੇਟਾਂ, ਯੂਨਾਈਟਿਡ ਸਟੇਟਸ ਨੂੰ ਕਾਮਯਾਬ ਕਰਨ ਦੇ ਰਾਹ ਪੈ ਗਈਆਂ। ਇਥੋਂ ਹੀ ਅਮਰੀਕਨ ਜਮਹੂਰੀਅਤ ਮਜ਼ਬੂਤ ਹੋਣ ਦੇ ਰਾਹ ਪਈ।

# ਮੈਕਸਿਮ ਗੋਰਕੀ ਦੀ ਪ੍ਰਤਿਭਾ

***ਰੂਸ ਦੇ ਸੰਸਾਰ ਪ੍ਰਸਿੱਧ ਲੇਖਕ ਮੈਕਸਿਮ ਗੋਰਕੀ (1868-1936) ਦਾ ਅਸਲ ਨਾਂ ਅਲੈਕਸੇਈ ਮੈਕਸਿਮੋਵਿਚ ਪੇਸ਼ਕੋਵ ਸੀ ਪਰ ਉਹ ਸਾਰੇ ਸੰਸਾਰ ਵਿਚ ਗੋਰਕੀ ਦੇ ਨਾਂ ਨਾਲ ਮਸ਼ਹੂਰ ਹੋਇਆ। ਉਸ ਦਾ ਸ਼ਾਹਕਾਰ ਨਾਵਲ 'ਮਾਂ' ਸੰਸਾਰ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਇਆ ਅਤੇ ਸਲਾਹਿਆ ਵੀ ਬਹੁਤ ਗਿਆ। ਇਸ ਨਾਵਲ ਵਿਚ ਸੰਘਰਸ਼ ਦਾ ਸੇਕ ਪਾਠਕ ਹਰ ਪੰਨੇ ਉਤੇ ਮਹਿਸੂਸ ਕਰਦਾ ਹੈ। ਪੰਜਾਬੀ ਦੇ ਨਾਵਲਕਾਰ (ਮਰਹੂਮ) ਗੁਰਦਿਆਲ ਸਿੰਘ ਇਥੇ ਗੋਰਕੀ ਦੇ ਉਸ ਲੇਖ ਨਾਲ ਤੁਆਰਫ ਕਰਵਾ ਰਹੇ ਹਨ ਜਿਸ ਵਿਚ ਗੋਰਕੀ ਨੇ ਇਕ ਸਾਧਾਰਨ ਬਾਵਰਚੀ (ਰਸੋਈਏ) ਦਾ ਅਸਾਧਾਰਨ ਚਿੱਤਰ ਖਿੱਚਿਆ ਹੈ। -ਸੰਪਾਦਕ***

ਮੈਕਸਿਮ ਗੋਰਕੀ ਰੂਸ ਦੇ ਮਹਾਨ ਲੇਖਕਾਂ ਵਿਚ ਸ਼ਾਮਲ ਹੈ ਅਤੇ ਉਸ ਨੂੰ ਉਸ ਦੇ ਨਾਵਲ 'ਮਾਂ' ਕਰ ਕੇ ਵਧੇਰੇ ਜਾਣਿਆ ਜਾਂਦਾ ਹੈ। ਮੈਂ ਉਸ ਦੀ ਤਿੰਨ ਭਾਗਾਂ ਵਿਚ ਲਿਖੀ ਸਵੈ-ਜੀਵਨੀ ਕਰ ਕੇ ਵੀ ਉਹਨੂੰ ਵੱਡਾ ਲੇਖਕ ਮੰਨਦਾ ਰਿਹਾ ਹਾਂ ਜਿਸ ਦੇ ਪਹਿਲੇ ਭਾਗ 'ਮੇਰਾ ਬਚਪਨ' ਦਾ ਮੈਂ ਅਨੁਵਾਦ ਕੀਤਾ ਸੀ।


ਗੋਰਕੀ ਦੀ ਸਵੈ-ਜੀਵਨੀ ਨੂੰ ਉਹਦੀਆਂ ਬਹੁਤ ਪ੍ਰਸਿਧ ਰਚਨਾਵਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। ਹੇਠ ਦਿੱਤਾ ਪ੍ਰਸੰਗ ਉਸ ਦੀ ਸਵੈ-ਜੀਵਨੀ ਦੇ ਦੂਜੇ ਭਾਗ 'ਮੇਰੇ ਸ਼ਾਗਿਰਦੀ ਦੇ ਦਿਨ' ਵਿਚੋਂ ਲਿਆ ਗਿਆ ਹੈ। ਇਸ ਵਿਚ ਉਹਨੇ ਉਸ ਸਮੇਂ ਦਾ ਹਾਲ ਦੱਸਿਆ ਹੈ, ਜਦੋਂ ਉਹ ਅੱਲ੍ਹੜ ਉਮਰੇ ਦਰਿਆ ਵਿਚ ਚਲਦੇ ਜਹਾਜ ਵਿਚ ਭਾਂਡੇ ਮਾਂਜਣ ਦਾ ਕੰਮ

**ਗੁਰਦਿਆਲ ਸਿੰਘ**

ਕਰਦਾ ਸੀ। ਇਸ ਵਿਚ ਜਹਾਜ ਦੀ ਰਸੋਈ ਦੇ ਬਾਵਰਚੀ (ਸਮੂਰੀ) ਦਾ ਜ਼ਿਕਰ ਹੈ, ਜੋ ਵਿਲੱਖਣ ਪਾਤਰ ਹੈ। ਇਸੇ ਪ੍ਰਸੰਗ ਵਿਚ ਮਹਾਨ ਰੂਸੀ ਲੇਖਕ ਗੋਗੋਲ ਦੇ ਛੋਟੇ ਨਾਵਲ 'ਤਾਰਾਸ ਬਲਬਾ' ਦਾ ਵੀ ਜ਼ਿਕਰ ਹੈ, ਜਿਸ ਦੇ ਮੁੱਖ ਪਾਤਰ ਤਾਰਾਸ ਬਲਬਾ ਦਾ ਛੋਟਾ ਪੁੱਤਰ ਦੁਸ਼ਮਣਾਂ ਨਾਲ ਰਲ ਕੇ (ਇਕ ਹਸੀਨ ਕੁੜੀ ਦੇ ਪ੍ਰੇਮ ਕਾਰਨ) ਆਪਣੀ ਹੀ ਫੌਜ ਦੇ ਵਿਰੁਧ ਲੜਨ ਆਉਂਦਾ ਹੈ ਤਾਂ ਤਾਰਾਸ ਬਲਬਾ ਆਪਣੇ ਉਸ ਪੁੱਤਰ ਨੂੰ ਆਪ ਮਾਰਦਾ ਹੈ। ਉਸ ਬਾਰੇ ਸਮੂਰੀ ਦੇ ਵਿਚਾਰ ਤੇ ਭਾਵਨਾਵਾਂ ਦਾ ਜ਼ਿਕਰ ਬਹੁਤ ਰੌਚਕ ਹੈ। ਅਜਿਹੇ ਸਾਧਾਰਨ ਪਾਤਰਾਂ ਦੇ ਮਹੱਤਵ ਦਾ ਜਿਸ ਗਹਿਰਾਈ ਨਾਲ ਗੋਰਕੀ ਜ਼ਿਕਰ ਕਰਦਾ ਹੈ, ਉਹ ਉਸ ਦੇ ਵੱਡਾ ਲੇਖਕ ਹੋਣ ਦਾ ਪ੍ਰਮਾਣ ਹੈ। ਉਸ ਪਾਤਰ ਦਾ ਜ਼ਿਕਰ ਹੇਠ ਲਿਖੇ ਅਨੁਸਾਰ ਹੈ:

ਇਕ ਦਿਨ ਮੈਂ (ਗੋਰਕੀ) ਉਹਨੂੰ ਕਹਿ ਬੈਠਾ, "ਤੁਸੀਂ ਬਾਵਰਚੀ ਕਿਵੇਂ ਬਣ ਗਏ, ਜਦੋਂ ਕਿ ਦੂਜੇ (ਤੁਹਾਡੇ ਜਿਹੇ ਕੋਈ) ਚੋਰ ਤੇ ਕਾਤਲ ਬਣ ਗਏ ਨੇ?"

"ਮੈਂ ਬਾਵਰਚੀ ਨਹੀਂ, ਬਾਵਰਚੀਖਾਨੇ ਦਾ ਦਰੋਗਾ ਹਾਂ। ਬਾਵਰਚੀ ਸਿਰਫ ਤੀਵੀਆਂ ਈ ਹੁੰਦੀਆਂ ਨੇ।" ਉਹਨੇ ਨਾਸਾਂ ਫੁਲਾ ਕੇ ਕਿਹਾ; ਫਿਰ ਇਕ ਪਲ ਸੋਚਣ ਪਿਛੋਂ ਕਿਹਾ, "ਲੋਕਾਂ ਦਾ ਫਰਕ ਉਨ੍ਹਾਂ ਦੇ ਦਿਮਾਗਾਂ 'ਚ ਹੁੰਦੈ। ਕੁਝ ਲੋਕੀਂ ਹੁਸ਼ਿਆਰ




ਹੁੰਦੇ ਨੇ, ਕੁਝ ਨਾਲਾਇਕ ਤੇ ਕੁਝ ਨਿਰੇ ਬੁੱਧੂ। ਠੀਕ ਕਿਤਾਬਾਂ ਪੜ੍ਹਨ ਨਾਲ ਹੁਸ਼ਿਆਰ ਹੋਈਦੈ, ਕਾਲੇ ਜਾਦੂ ਦੀਆਂ ਤੇ ਹੋਰ, ਸਾਰੀਆਂ ਈ ਕਿਤਾਬਾਂ ਪੜ੍ਹਨੀਆਂ ਪੈਂਦੀਆਂ ਨੇ। ਠੀਕ ਕਿਤਾਬਾਂ ਲੱਭਣ ਦਾ ਇਕੋ ਢੰਗ ਇਹੋ ਈ ਹੁੰਦੈ।"

ਉਹ ਮੈਨੂੰ ਹਮੇਸ਼ਾ ਹੀ ਕਹਿੰਦਾ ਰਹਿੰਦਾ ਸੀ, "ਪੜ੍ਹ, ਜੇ ਤੈਨੂੰ ਕਿਸੇ ਕਿਤਾਬ ਦੀ ਸਮਝ ਨਾ ਲੱਗੇ, ਉਹਨੂੰ ਸੱਤ ਵਾਰੀ ਪੜ੍ਹ। ਜੇ ਸੱਤ ਵਾਰਾਂ ਨਾਲ ਕੁਝ ਨਾ ਬਣੇ ਤਾਂ ਬਾਰਾਂ ਵਾਰੀ ਪੜ੍ਹ।"

ਸਮੂਰੀ (ਬਾਵਰਚੀ) ਚੁੱਪ-ਗੜੁੱਪ ਰਸਦੀਏ ਸਮੇਤ ਜਹਾਜ ਵਿਚ ਹਰ ਇਕ ਨਾਲ ਹੀ ਰੁੱਖਾ ਬੋਲਦਾ ਸੀ ਤੇ ਜਦੋਂ ਕਦੀ ਉਹ ਕਿਸੇ ਨਾਲ ਗੱਲ ਕਰਦਾ, ਉਹ ਘਿਰਣਾ ਨਾਲ ਹੇਠਲਾ ਬੁੱਲ੍ਹ ਬਾਹਰ ਨੂੰ ਲਮਕਾ ਲੈਂਦਾ। ਆਪਣੀਆਂ ਮੁੱਛਾਂ ਨੂੰ ਵੱਟ ਚਾੜ੍ਹਦਾ, ਤੇ ਲਫਜ਼ਾਂ ਨੂੰ ਇੰਜ ਥੁੱਕਦਾ ਜਿਵੇਂ ਪੱਥਰ ਦੇ ਵੱਟੇ ਸੁੱਟ ਰਿਹਾ ਹੋਵੇ ਪਰ ਮੇਰੇ ਨਾਲ ਉਹ ਨਰਮੀ ਤੇ ਧਿਆਨ ਨਾਲ ਪੇਸ਼ ਆਉਂਦਾ, ਭਾਵੇਂ ਉਹਦੇ ਇਸ ਧਿਆਨ ਵਿਚ ਕੁਝ ਅਜਿਹਾ ਵੀ ਹੁੰਦਾ ਸੀ, ਜੋ ਮੈਨੂੰ ਡਰਾ ਦਿੰਦਾ ਸੀ। ਮੈਨੂੰ ਮਹਿਸੂਸ ਹੁੰਦਾ ਕਿ ਨਾਨੀ ਦੀ ਭੈਣ ਵਾਂਗ ਬਾਵਰਚੀ ਵੀ ਕੁਝ ਕੁਝ ਉਲਾਰ ਸੀ।

"ਪੜ੍ਹਨਾ ਬੰਦ ਕਰ।" ਉਹ ਕਹਿੰਦਾ, ਤੇ ਕਿੰਨਾ ਚਿਰ ਲੇਟਿਆ ਰਹਿੰਦਾ। ਉਹਦੀਆਂ ਅੱਖਾਂ ਮੀਟੀਆਂ ਹੁੰਦੀਆਂ, ਨੱਕ ਵਿਚੋਂ ਭਾਰਾ ਭਾਰਾ ਸਾਹ ਆ ਰਿਹਾ ਹੁੰਦਾ। ਉਹਦਾ ਵੱਡਾ ਸਾਰਾ ਢਿੱਡ ਹੇਠਾਂ-ਉਤੇ ਹੋ ਰਿਹਾ ਹੁੰਦਾ। ਉਹਦੇ ਹੱਥ ਲੋਥ ਵਾਂਗ ਛਾਤੀ ਉਤੇ ਰੱਖੇ ਹੁੰਦੇ। ਉਹਦੀਆਂ ਸੜੀਆਂ ਹੋਈਆਂ ਵਾਲਾਂ ਵਾਲੀਆਂ ਉਂਗਲਾਂ ਇੰਜ ਫਰਕ ਰਹੀਆਂ ਹੁੰਦੀਆਂ ਜਿਵੇਂ ਉਹ ਅਦਿਸ ਸਿਲਾਈਆਂ ਨਾਲ ਕੋਈ ਅਦਿਸ ਜੁਰਾਬ ਬੁਣ ਰਹੀਆਂ ਹੋਣ। ਫੇਰ ਚਾਣਚੱਕ ਹੀ ਉਹ ਬੁੜ-ਬੁੜਾਉਣ ਲੱਗ ਪੈਂਦਾ।

"ਮਿਸਾਲ ਦੇ ਤੌਰ 'ਤੇ ਦਿਮਾਗ ਨੂੰ ਲਵੋ ਤੇ ਵੇਖੋ, ਉਹਦਾ ਕੀ ਬਣਾ ਸਕਦੇ ਹੋ। ਦਿਮਾਗ ਕੰਜੂਸੀ ਨਾਲ ਦਿੱਤਾ ਜਾਂਦੈ, ਤੇ ਸਭ ਨੂੰ ਇਕੋ ਜਿੰਨਾ ਨਹੀਂ ਦਿੱਤਾ ਜਾਂਦਾ। ਜੇ ਕਿਤੇ ਇਹ ਸਾਰਿਆਂ ਕੋਲ ਇਕੋ ਜਿੰਨਾ ਹੁੰਦਾ? ਪਰ ਇਹ ਹੁੰਦਾ ਨਹੀਂ। ਇਕ ਜਣਾ ਸਮਝਦੈ, ਦੂਜਾ ਨਹੀਂ ਸਮਝਦਾ ਤੇ ਤੀਜੇ ਨੂੰ ਸਮਝਣ ਦੀ ਖਾਹਿਸ਼ ਈ ਕੋਈ ਨਹੀਂ।"

ਲਫਜ਼ਾਂ 'ਤੇ ਥਿੜਕਦਾ ਉਹ ਮੈਨੂੰ ਆਪਣੀ ਜ਼ਿੰਦਗੀ ਦੀਆਂ ਫੌਜੀ ਹੋਣ ਵੇਲੇ ਦੀਆਂ ਕਹਾਣੀਆਂ ਸੁਣਾਉਂਦਾ। ਮੈਨੂੰ ਉਹਦੀਆਂ ਕਹਾਣੀਆਂ ਵਿਚੋਂ ਕਦੇ ਵੀ ਕੋਈ ਗੱਲ ਨਾ ਲੱਭਦੀ ਤੇ ਉਹ ਹਮੇਸ਼ਾ ਹੀ ਬੇ-ਸੁਆਦੀਆਂ ਹੁੰਦੀਆਂ, ਖਾਸ ਕਰ ਕੇ ਇਸ ਗੱਲੋਂ ਕਿ ਉਹ ਕਦੀ ਵੀ ਮੁੱਢੋਂ ਸ਼ੁਰੂ ਨਹੀਂ ਸੀ ਕਰਦਾ, ਸਗੋਂ ਜਿਥੋਂ ਉਹਦਾ ਮਨ ਕਰਦਾ, ਸ਼ੁਰੂ ਕਰ ਦਿੰਦਾ।

"ਫਿਰ ਕੀ ਹੋਇਆ ਕਿ ਰੈਜੀਮੈਂਟ ਦੇ ਕਮਾਂਡਰ ਨੇ ਉਸ ਫੌਜੀ ਨੂੰ ਬੁਲਾਇਆ ਤੇ ਕਹਿਣ ਲੱਗਾ, "ਤੈਨੂੰ ਕੀ ਕਿਹਾ ਸੀ ਲਫਟੈਨ ਨੇ?" ਤੇ ਉਹਨੇ ਹਰ ਗੱਲ ਦਾ ਜਵਾਬ ਦੇ ਦਿੱਤਾ, ਜਿਵੇਂ ਉਹ ਹੋਈ ਸੀ ਕਿਉਂਕਿ ਫੌਜੀ ਨੂੰ ਸੱਚ ਦੱਸਣਾ ਈ ਪੈਂਦਾ ਏ। ਕਮਾਂਡਰ ਨੇ ਉਹਦੇ ਵੱਲ ਤੱਕਿਆ, ਜਿਵੇਂ ਉਹ ਪੱਥਰ ਦੀ ਕੰਧ ਹੋਵੇ। ਫਿਰ ਉਹਨੇ ਮੂੰਹ ਭੁਆ ਲਿਆ ਤੇ ਨਜ਼ਰਾਂ ਨੀਵੀਆਂ ਕਰ ਲਈਆਂ। ਗੱਲ ਹੋਈ ਨਾ!"

ਬਾਵਰਚੀ ਨੇ ਖਿਚਵਾਂ ਸਾਹ ਲਿਆ ਤੇ ਮੁੜ ਬੁੜ-ਬੁੜਾਉਣ ਲੱਗ ਪਿਆ।

"ਹੈ ਨਾ ਜਿਵੇਂ ਮੈਨੂੰ ਪਤਾ ਹੋਵੇ, ਬੰਦੇ ਨੂੰ ਕੀ ਕਹਿਣਾ ਚਾਹੀਦੈ ਤੇ ਕੀ ਨਹੀਂ। ਲਫਟੈਨ ਨੂੰ ਉਨ੍ਹਾਂ ਜੇਲ੍ਹ 'ਚ ਬੰਦ ਕਰ ਦਿੱਤਾ ਤੇ ਉਹਦੀ ਮਾਂ ਨੂੰ... ਵਾਹ ਉਏ ਮਨਾ! ਮੈਨੂੰ ਕਦੀ ਕਿਸੇ ਨੇ ਕੁਝ ਨਹੀਂ ਸਿਖਾਇਆ।"

ਗਰਮੀ ਪੈ ਰਹੀ ਸੀ। ਹਰ ਚੀਜ਼ ਹੌਲੀ-ਹੌਲੀ ਡੋਲ ਰਹੀ ਸੀ ਤੇ ਆਵਾਜ਼ ਕਰ ਰਹੀ ਸੀ। ਕੈਬਿਨ ਦੀਆਂ ਧਾਤ ਦੀਆਂ ਕੰਧਾਂ ਤੋਂ ਪਾਰ ਪੈਡਲ-ਪਹੀਏ ਠੱਪ-ਠੱਪ ਵਜਦੇ ਤੇ ਪਾਣੀ ਉਛਾਲੇ ਖਾਂਦਾ। ਦਰਿਆ, ਤਾਕੀ ਅੱਗਿਓਂ ਚੌੜੇ ਵਹਿਣ ਵਿਚ ਵਹਿੰਦਾ ਜਾਂਦਾ। ਦੂਰ ਚਰਾਂਦਾਂ ਦੀ ਪੱਟੀ ਦਿਸ ਰਹੀ ਸੀ। ਰੁੱਖ ਨਜ਼ਰਾਂ ਵਿਚ ਪਲਮ ਰਹੇ ਸਨ। ਮੇਰੇ ਕੰਨ ਇਨ੍ਹਾਂ ਸਭ ਆਵਾਜ਼ਾਂ ਨਾਲ ਇੰਨੇ ਇਕ ਰਸ ਹੋ ਗਏ ਸਨ ਕਿ ਮੈਨੂੰ ਸਿਰਫ ਚੁੱਪ ਹੀ ਮਹਿਸੂਸ ਹੁੰਦੀ ਸੀ, ਭਾਵੇਂ ਜਹਾਜ ਦੇ ਅਗਲੇ ਹਿੱਸੇ ਵਿਚ ਮਲਾਹ ਇਕਸਾਰ ਆਵਾਜ਼ 'ਚ ਦੁਹਰਾਉਂਦਾ ਰਹਿੰਦਾ ਸੀ, "ਸਤ-ਤ। ਸਤ-ਤ।"

ਮੈਂ ਹਰ ਚੀਜ਼ ਤੋਂ ਅਭਿੱਜ ਰਹਿਣਾ ਚਾਹੁੰਦਾ ਸਾਂ। ਨਾ ਗੱਲਾਂ ਸੁਣਨੀਆਂ ਚਾਹੁੰਦਾ ਸਾਂ, ਨਾ ਕੰਮ ਕਰਨਾ, ਸਿਰਫ ਬਾਵਰਚੀਖਾਨੇ ਦੀ ਤੱਤੀ, ਚਿੰਦੀ ਹਵਾੜ ਦੀ ਮਾਰ ਤੋਂ ਦੂਰ ਕਿਤੇ ਛਾਂ ਵਿਚ ਬੈਠਣਾ ਤੇ ਪਾਣੀ ਉਤੋਂ ਤਿਲਕਦੀ ਇਸ ਚੁੱਪ ਚੁਪੀਤੀ, ਥੱਕੀ-ਟੁੱਟੀ ਜ਼ਿੰਦਗੀ ਉਤੇ ਉਂਘਲਾਉਂਦੀਆਂ ਨੀਝਾਂ ਲਾਉਣੀਆਂ ਚਾਹੁੰਦਾ ਸਾਂ।

"ਪੜ੍ਹ!" ਬਾਵਰਚੀ ਨੇ ਖਿਝ ਕੇ ਮੈਨੂੰ ਕਿਹਾ।


ਪਹਿਲੇ ਦਰਜੇ ਦੇ ਬੈਰੇ ਤਕ ਵੀ ਉਸ ਤੋਂ ਡਰਦੇ ਸਨ। ਇੰਜ ਲੱਗਦਾ ਸੀ ਕਿ ਮਸਕੀਨ, ਮੂੰਹ-ਮੀਟੇ ਰਸਦੀਏ ਦੇ ਦਿਲ ਵਿਚ ਵੀ ਸਮੂਰੀ ਦਾ ਸਹਿਮ ਬੈਠਾ ਹੋਇਆ ਸੀ।

"ਓਏ ਸੂਰਾ!" ਸਮੂਰੀ ਸ਼ਰਾਬਖਾਨੇ ਦੇ ਬੈਰਿਆਂ ਨੂੰ ਦਬਕਾ ਮਾਰਦਾ, "ਏਧਰ ਆ ਓਏ ਚੋਰਾ! ਆਦਮਖੋਰਾ, ਛਤਰਿਆ!"

ਜਹਾਜ ਦੇ ਮਜ਼ਦੂਰ ਤੇ ਭੱਠ-ਝੋਕੇ ਉਹਦੀ ਇੱਜਤ ਕਰਦੇ, ਇਥੋਂ ਤਕ ਕਿ ਉਹਦੀ ਖੁਸ਼ਾਮਦ ਵੀ। ਉਹ ਉਨ੍ਹਾਂ ਨੂੰ ਤਰੀ ਵਿਚੋਂ ਗੋਸ਼ਤ ਦੇ ਟੁਕੜੇ ਦੇ ਦਿੰਦਾ ਤੇ ਉਨ੍ਹਾਂ ਦੇ ਟੱਬਰ ਤੇ ਪਿੰਡ ਦੇ ਰਹਿਣ-ਸਹਿਣ ਬਾਰੇ ਪੁੱਛਦਾ। ਮੈਲੇ ਤੇ ਥਿੰਦੇ ਬਾਇਲੋਰੂਸੀ ਭੱਠ ਝੋਕੇ ਜਹਾਜ ਦੀ ਜੂਠ ਸਮਝੇ ਜਾਂਦੇ ਸਨ। ਰੂਸੀ ਉਨ੍ਹਾਂ ਨੂੰ ਯਾਕ ਸੱਦਦੇ ਸਨ ਤੇ ਇਹ ਕਹਿ ਕੇ ਚਿੜਾਉਂਦੇ ਸਨ, "ਯਾਕ, ਯਾਕ, ਕਰੋ ਸੂ ਕਿੱਸਾ ਪਾਕ।"

ਇਹਦੇ ਨਾਲ ਸਮੂਰੀ ਨੂੰ ਤਾਅ ਚੜ੍ਹ ਜਾਂਦਾ। ਉਹ ਭੜਕ ਪੈਂਦਾ ਤੇ ਉਹਦਾ ਮੂੰਹ ਲਾਲ ਹੋ ਜਾਂਦਾ। ਉਹ ਭੱਠ-ਝੋਕਿਆਂ ਨੂੰ ਦਬਕਾ ਮਾਰਦਾ, "ਇੰਜ ਉਤੋਂ ਦੀ ਕਿਉਂ ਲੰਘ ਜਾਣ ਦਿੰਦੇ ਓ; ਮੂੰਹ ਭੰਨ ਕੇ ਰੱਖ ਦਿਓ, ਸਾਲੇ ਕੈਟਸੈਪਾਂ ਦਾ!"

ਇਕ ਵਾਰੀ ਅਮਲੇ ਦੇ ਅਜ਼ਬ ਫੋਰਮੈਨ ਨੇ ਉਹਨੂੰ ਕਿਹਾ, "ਯਾਕ ਤੇ ਖੋਖੋਲ, ਦੋਵੇਂ ਈ ਮਾਤਾ



ਮੈਕਸਿਮ ਗੋਰਕੀ

ਦਾ ਮਾਲ ਨੇ।"

ਬਾਵਰਚੀ ਨੇ ਉਹਨੂੰ ਪੇਟੀ ਤੇ ਧੌਣ ਤੋਂ ਫੜ ਲਿਆ ਤੇ ਸਿਰੋਂ ਉਤਾਂਹ ਚੁੱਕ ਕੇ ਝੂਣਨ ਲੱਗ ਪਿਆ।

"ਕਹੇਂ ਤਾਂ ਭੜਥਾ ਬਣਾ ਦਿਆਂ ਤੇਰਾ!" ਉਹ ਕੜਕਿਆ।

ਅਕਸਰ ਝਗੜੇ ਹੁੰਦੇ ਰਹਿੰਦੇ ਸਨ, ਜਿਹੜੇ ਲੜਾਈਆਂ ਬਣ ਕੇ ਮੁੱਕਦੇ ਪਰ ਕਦੀ ਵੀ ਕਿਸੇ ਨੇ ਸਮੂਰੀ ਨੂੰ ਨਹੀਂ ਸੀ ਮਾਰਿਆ। ਇਕ ਤਾਂ ਇਹ ਗੱਲ ਸੀ ਕਿ ਉਹ ਇੰਨਾ ਤਕੜਾ ਸੀ, ਜਿੰਨਾ ਆਮ ਬੰਦਾ ਨਹੀਂ ਹੁੰਦਾ, ਤੇ ਦੂਜੇ ਕਪਤਾਨ ਦੀ ਪਤਨੀ ਜੋ ਮੁੰਡਿਆਂ ਵਾਂਗ ਕੱਟੇ ਵਾਲਾਂ ਵਾਲੀ ਲੰਮ-ਸਲੰਮੀ ਤੇ ਸੁਹਣੀ ਸੀ, ਨਾਲ ਉਹਦੀ ਚੰਗੀ ਬਣਦੀ ਸੀ।

ਉਹ ਮੱਟ ਦੇ ਮੱਟ ਵੋਦਕਾ ਪੀ ਜਾਂਦਾ, ਪਰ ਉਹਨੂੰ ਚੜ੍ਹੀ ਕਦੀ ਨਹੀਂ ਸੀ। ਉਹ ਸਵੇਰੇ ਪੀਣੀ ਸ਼ੁਰੂ ਕਰਦਾ, ਚਾਰ ਵਾਰਾਂ ਵਿਚ ਬੋਤਲ ਮੁਕਾ ਛੱਡਦਾ, ਤੇ ਬੀਅਰ ਉਹ ਸਾਰਾ ਸਾਰਾ ਦਿਨ ਸੁੜਕਦਾ ਰਹਿੰਦਾ। ਹੌਲੀ ਹੌਲੀ ਉਹਦੇ ਮੂੰਹ 'ਤੇ ਲਾਲੀ ਚੜ੍ਹ ਜਾਂਦੀ ਤੇ ਉਹਦੀਆਂ ਕਾਲੀਆਂ ਅੱਖਾਂ ਫੈਲ ਜਾਂਦੀਆਂ, ਜਿਵੇਂ ਹੈਰਾਨ ਹੋਵੇ।

ਕਦੀ ਕਦੀ ਰਾਤੀਂ ਉਹ ਘੰਟਿਆਂ ਬੱਧੀ ਡੈੱਕ 'ਤੇ ਬੈਠਾ ਰਹਿੰਦਾ। ਉਹਦਾ ਵੱਡਾ ਸਾਰਾ ਚਿੱਟਾ ਆਕਾਰ ਪਿੱਛੇ ਹਟ ਰਹੀਆਂ ਦੂਰੀਆਂ ਉਤੇ ਨਿਗ੍ਹਾ ਟਿਕਾਈ ਰੱਖਦਾ। ਇਹੋ ਜਿਹੇ ਵੇਲੇ ਬਹੁਤੇ ਲੋਕ ਉਸ ਤੋਂ ਤ੍ਰਹਿੰਦੇ ਸਨ, ਪਰ ਮੈਨੂੰ ਉਹਦੇ ਉਤੇ ਤਰਸ ਆਉਂਦਾ।

ਲਾਲ-ਮੂੰਹਾਂ ਤੇ ਮੁੜ੍ਹਕੇ ਭਿੱਜਾ ਯਾਕੋਵ ਈਵਾਨੋਵਿਚ ਰਸੋਈ ਵਿਚੋਂ ਨਿਕਲਦਾ, ਆਪਣੀ ਗੰਜੀ ਟੋਟਣੀ ਖੁਰਕਦਾ ਤੇ ਫਿਰ ਐਵੇਂ ਹੱਥ ਮਾਰ ਕੇ ਲੋਪ ਹੋ ਜਾਂਦਾ। ਜਾਂ ਉਹ ਦੂਰੋਂ ਕਿਤੋਂ ਆਵਾਜ਼ ਮਾਰਦਾ, "ਮੱਛੀ ਤ੍ਰੁੱਕ ਰਹੀ ਏ।"

"ਇਹਦਾ ਸਲਾਦ ਬਣਾ ਲਓ।"

"ਜੇ ਕਿਸੇ ਨੇ ਮੱਛੀ ਦੀ ਤਰੀ ਜਾਂ ਉਬਲੀ ਹੋਈ ਮੱਛੀ ਮੰਗ ਲਈ, ਫਿਰ?"

"ਬਣਾ ਲੈ। ਉਹ ਸਾਰਾ ਕੁਝ ਖਾ ਲੈਂਦੇ ਨੇ।"

ਕਦੀ ਕਦੀ ਮੈਂ ਉਹਦੇ ਕੋਲ ਜਾਣ ਦਾ ਹੌਸਲਾ ਕਰਦਾ।

"ਕੀ ਗੱਲ ਏ?" ਕੁਝ ਜ਼ੋਰ ਲਾ ਕੇ ਮੂੰਹ ਮੇਰੇ ਵੱਲ ਭੁਆਉਂਦਿਆਂ ਪੁੱਛਦਾ।

"ਕੁਝ ਨਹੀਂ।"

"ਚੱਲ ਠੀਕ ਏ ਫਿਰ।"

ਇਕ ਵਾਰੀ ਮੈਂ ਉਹਨੂੰ ਕਿਹਾ, "ਤੁਸੀਂ ਸਾਰਿਆਂ ਨੂੰ ਇੰਨਾ ਡਰਾ ਕਿਉਂ ਦਿੰਦੇ ਓ? ਤੁਸੀਂ ਤਾਂ ਬਹੁਤ ਚੰਗੇ ਓ।"

ਮੈਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਇਸ ਸਵਾਲ ਨਾਲ ਉਹਨੂੰ ਗੁੱਸਾ ਨਾ ਚੜ੍ਹਿਆ।

"ਚੰਗਾ ਮੈਂ ਸਿਰਫ ਤੇਰੇ ਨਾਲ ਆਂ।" ਉਹਨੇ ਜਵਾਬ ਦਿੱਤਾ ਪਰ ਛੇਤੀ ਹੀ ਸੋਚਾਂ-ਡੁੱਬੇ, ਸੁਖਾਵੇਂ ਲਹਿਜੇ ਵਿਚ ਕਹਿਣ ਲੱਗਾ, "ਜਾਂ ਸ਼ੈਦ ਮੈਂ ਸਾਰਿਆਂ ਨਾਲ ਈ ਚੰਗਾ ਹਾਂ, ਪਰ ਮੈਂ ਕਦੀ ਦਿਖਾਵਾ ਨਹੀਂ ਕਰਦਾ। ਬੰਦੇ ਨੂੰ ਚੰਗਾ ਹੋਣ ਦਾ ਦਿਖਾਵਾ ਨਹੀਂ ਕਰਨਾ ਚਾਹੀਦਾ, ਨਹੀਂ ਤਾਂ ਲੋਕ ਉਹਦਾ ਘੋਗਾ ਚਿੱਤ ਕਰ ਦੇਣਗੇ। ਚੰਗੇ ਬੰਦੇ 'ਤੇ ਲੋਕੀਂ ਇੰਜ ਚੜ੍ਹ ਜਾਂਦੇ ਨੇ ਜਿਵੇਂ ਸੁੱਕੇ-ਰੜੇ ਥਾਂ ਉਤੇ ਚਿੱਕੜ ਚੜ੍ਹ ਕੇ ਉਸ ਥਾਂ ਦਾ ਨਾਂ-ਨਿਸ਼ਾਨ ਮਿਟਾ ਦਿੰਦੈ। ਜਾਹ ਮੈਨੂੰ ਥੋੜ੍ਹੀ ਕੁ ਬੀਅਰ ਲਿਆ ਦੇਹ।"

ਜਦੋਂ ਉਹਨੇ ਗਲਾਸ ਭਰ ਕੇ ਬੀਅਰ ਪੀ ਲਈ ਤਾਂ ਆਪਣੀਆਂ ਮੁੱਛਾਂ ਚੱਟਦਿਆਂ ਕਹਿਣ ਲੱਗਾ, "ਪੰਖੇਰੂਆ, ਜੇ ਤੂੰ ਰਤਾ ਕੁ ਵੱਡਾ ਹੁੰਦਾ ਤਾਂ ਤੈਨੂੰ ਮੈਂ ਬੜੀਆਂ ਈ ਗੱਲਾਂ ਸੁਣਾ ਸਕਦਾ ਸਾਂ। ਮੈਨੂੰ ਸੁਣਾਉਣ ਜੋਗੀਆਂ ਦੋ ਚਾਰ ਗੱਲਾਂ ਆਉਂਦੀਆਂ ਨੇ, ਮੂਰਖ ਨਹੀਂ ਮੈਂ। ਤੈਨੂੰ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਨੇ। ਬੰਦੇ ਨੂੰ ਜਿਹੜੀ ਗੱਲ ਦੀ ਸਮਝ ਹੋਣੀ ਚਾਹੀਦੀ ਏ, ਉਹ ਕਿਤਾਬਾਂ ਹੀ ਉਹਨੂੰ ਦੱਸਦੀਆਂ ਨੇ। ਕਿਤਾਬ ਖਾਸ ਚੀਜ਼ ਏ। ਬੀਅਰ ਪੀਏਂਗਾ?"

"ਮੈਨੂੰ ਚੰਗੀ ਨਹੀਂ ਲੱਗਦੀ।"

"ਠੀਕ ਏ। ਪੀਣੀ ਸ਼ੁਰੂ ਨਾ ਕਰੀਂ। ਸ਼ਰਾਬ ਪੀਣਾ ਦੁਖਦਾਈ ਏ, ਬਹੁਤ ਵੱਡਾ ਦੁੱਖ। ਵੋਦਕਾ ਸ਼ੈਤਾਨ ਦਾ ਕੰਮ ਏ। ਮੇਰੇ ਕੋਲ ਪੈਸੇ ਹੁੰਦੇ ਤਾਂ ਮੈਂ ਤੈਨੂੰ ਸਕੂਲੇ ਪਾਉਂਦਾ। ਅਨਪੜ੍ਹ ਤਾਂ ਬੱਸ ਢੱਗਾ ਹੁੰਦੈ ਨਿਰਾ। ਚਾਹੋ ਤਾਂ ਸ਼ੈਫਟਾਂ ਵਿਚਾਲੇ ਖਲ੍ਹਿਆਰ ਦਿਓ, ਭਾਵੇਂ ਗੋਸ਼ਤ ਬਣਾ ਲਓ, ਉਹ ਸਿਰਫ ਆਪਣੀ ਪੂਛ ਈ ਹਿਲਾਉਂਦਾ ਰਹਿੰਦੈ।"

ਕਪਤਾਨ ਦੀ ਵਹੁਟੀ ਨੇ ਉਹਨੂੰ ਗੋਗੋਲ ਦੀ ਕਿਤਾਬ ਦਿੱਤੀ। ਮੈਂ ਉਹਨੂੰ 'ਭਿਆਨਕ ਬਦਲਾ' ਕਹਾਣੀ ਪੜ੍ਹ ਕੇ ਸੁਣਾਈ। ਮੈਨੂੰ ਉਹ ਬਹੁਤ ਚੰਗੀ ਲੱਗੀ, ਪਰ ਸਮੂਰੀ ਗੁੱਸੇ ਨਾਲ ਕੜਕਿਆ, "ਐਵੇਂ ਯਬਲੀਆਂ ਮਾਰੀਆਂ ਹੋਈਆਂ ਨੇ। ਖਿਆਲੀ ਕਹਾਣੀ ਏ। ਜ਼ਰੂਰ ਹੋਰ ਤਰ੍ਹਾਂ ਦੀਆਂ ਕਿਤਾਬਾਂ ਵੀ ਹੋਣੀਆਂ ਨੇ।" ਉਹਨੇ ਕਿਤਾਬ ਮੈਥੋਂ ਲੈ ਲਈ ਤੇ ਕਪਤਾਨ ਦੀ ਪਤਨੀ ਕੋਲੋਂ ਇਕ ਹੋਰ ਲੈ ਆਇਆ।

"ਆਹ ਲੈ, ਪੜ੍ਹ ਤਾਰਾਸ। ਇਹਦਾ ਦੂਜਾ ਨਾਂ ਕੀ ਏ?" ਉਹਨੇ ਉਦਾਸੀ ਨਾਲ ਹੁਕਮ ਦਿੱਤਾ। "ਕਹਾਣੀ ਲੱਭ। ਕਹਿੰਦੀ ਸੀ ਚੰਗੀ ਏ। ਕਿਸ ਲਈ ਚੰਗੀ ਏ? ਸ਼ੈਦ ਉਹਦੇ ਲਈ ਚੰਗੀ ਹੋਵੇ ਤੇ ਮੇਰੇ ਲਈ ਮੰਦੀ। ਦੇਖਿਐ, ਵਾਲ ਕਿੰਜ ਕਟਾਏ ਹੋਏ ਨੇ? ਕੰਨ ਵੀ ਕਿਉਂ ਨਹੀਂ ਕਟਾ ਲਏ?"

ਜਦੋਂ ਅਸੀਂ ਉਸ ਥਾਂ 'ਤੇ ਪਹੁੰਚੇ, ਜਿਥੇ ਤਾਰਾਸ, ਓਸਤਾਪ ਨੂੰ ਲੜਨ ਲਈ ਵੰਗਾਰਦਾ ਹੈ, ਰਸੋਈਆ ਭਰੜਾਇਆ ਹਾਸਾ ਹੱਸਣ ਲੱਗ ਪਿਆ।

"ਕਿਵੇਂ ਏ ਫਿਰ?" ਉਹਨੇ ਕਿਹਾ, "ਇਕ ਕੋਲ ਦਿਮਾਗ ਏ ਤੇ ਦੂਜੇ ਕੋਲ ਤਾਕਤ। ਕਿਹੋ ਜਿਹੀਆਂ ਚੀਜ਼ਾਂ ਲਿਖਦੇ ਨੇ, ਉਠ ਨਾ ਹੋਣ ਤਾਂ।" ਉਹ ਧਿਆਨ ਨਾਲ ਸੁਣਦਾ, ਪਰ ਅਕਸਰ ਬੁੜ-ਬੁੜ ਕਰਦਾ।

"ਹੂੰ ਬੇਵਕੂਫ! ਇਕੋ ਵਾਰ ਨਾਲ ਬੰਦੇ ਨੂੰ ਮੋਢੇ ਤੋਂ ਲੱਕ ਤਕ ਨਹੀਂ ਚੀਰਿਆ ਜਾ ਸਕਦਾ। ਤੇ ਨਾ ਬੰਦੇ ਨੂੰ ਬਰਛੇ ਉਤੇ ਟੰਗਿਆ ਜਾ ਸਕਦਾ ਏ, ਬਰਛਾ ਤਾਂ ਟੁੱਟ ਜਾਏਗਾ। ਮੈਂ ਆਪ ਫੌਜੀ ਨਹੀਂ ਰਿਹਾ ਭਲਾ?"

ਆਂਦਰੀ ਦੀ ਗੱਦਾਰੀ ਨਾਲ ਉਹਨੂੰ ਬਹੁਤ ਧੱਕਾ ਲੱਗਾ।

"ਹੈ ਨਾ ਜੂਠ ਕਿਸੇ ਥਾਂ ਦੀ?... ਤੀਵੀਂ ਪਿੱਛੇ! ਹੂੰ।"

ਪਰ ਜਦੋਂ ਤਾਰਾਸ ਨੇ ਆਪਣੇ ਪੁੱਤਰ ਨੂੰ ਮਾਰਿਆ, ਸਮੂਰੀ ਨੇ ਆਪਣੀਆਂ ਲੱਤਾਂ ਫੱਟੇ ਦੇ ਪਾਸੇ ਵਲ ਲਮਕਾ ਲਈਆਂ। ਸਿਰ ਨੂੰ ਹੱਥਾਂ ਵਿਚ ਘੁੱਟ ਲਿਆ ਤੇ ਰੋਣ ਲੱਗ ਪਿਆ। ਹੌਲੀ-ਹੌਲੀ ਅੱਥਰੂ ਉਹਦੀਆਂ ਗੱਲ੍ਹਾਂ 'ਤੇ ਤਿਲਕਣ ਲੱਗ ਪਏ। ਫਿਰ ਫਰਸ਼ ਉਤੇ ਤ੍ਰਿਪਣ ਲੱਗੇ। ਉਹਨੇ ਨੱਕ ਸੁੜਕਿਆ ਤੇ ਬੁੜ-ਬੁੜ ਕੀਤੀ।

"ਯਾ ਖੁਦਾ, ਯਾ ਖੁਦਾ!"

ਇਕਦਮ ਹੀ ਉਹ ਮੈਨੂੰ ਭਬਕ ਕੇ ਪਿਆ, "ਪੜ੍ਹੀ ਚੱਲ। ਸ਼ੈਤਾਨ ਦੀਏ ਔਲਾਦੇ, ਪੜ੍ਹੀ ਚਲ!"

ਜਦੋਂ ਮਰ ਰਹੇ ਓਸਤਾਪ ਨੇ ਆਪਣੇ ਪਿਓ ਨੂੰ ਆਵਾਜ਼ ਦਿੱਤੀ, "ਬਾਪੂ! ਸੁਣਦੇ ਪਏ ਓ?"

"ਸਭ ਖਤਮ ਹੋ ਗਿਐ", ਸਮੂਰੀ ਨੇ ਰੋਂਦੂ ਆਵਾਜ਼ 'ਚ ਕਿਹਾ, "ਸਭ ਕੁਝ। ਬਸ ਮੁੱਕ ਗਿਆ ਸਭੋ ਕੁਝ। ਉਫ! ਕੇਡਾ ਚੰਦਰਾ ਬੰਦਾ ਏ! ਉਨ੍ਹੀਂ ਦਿਨੀਂ ਅਸਲੀ ਬੰਦੇ ਹੁੰਦੇ ਸਨ। ਉਹ ਤਾਰਾਸ ਹੈ ਨਾ? ਰੱਬ ਦੀ ਸਹੁੰ, ਅਸਲੀ ਬੰਦਾ ਏ।"

ਉਹਨੇ ਕਿਤਾਬ ਮੇਰੇ ਹੱਥੋਂ ਲੈ ਲਈ ਤੇ ਉਹਦੀ ਜਿਲਦ ਨੂੰ ਆਪਣੇ ਅੱਥਰੂਆਂ ਨਾਲ ਭਿਉਂਦਿਆਂ ਉਹਨੂੰ ਧਿਆਨ ਨਾਲ ਵਾਚਿਆ।

"ਚੰਗੀ ਕਿਤਾਬ ਦਿਨ-ਦਿਹਾਰ ਵਰਗੀ ਹੁੰਦੀ ਏ।" ਅੱਥਰੂ ਵਹਾਉਂਦਿਆਂ ਉਹਨੇ ਕਿਹਾ।

ਇਸ ਪਿੱਛੋਂ ਅਸੀਂ 'ਈਵਨੋਹੋ' ਪੜ੍ਹਿਆ। ਸਮੂਰੀ ਨੂੰ ਰਿਚਰਡ ਪਲੈਨਾਤਾਜੇਨੇਤ ਚੰਗਾ ਲੱਗਾ।

"ਇਹ ਹੋਇਆ ਨਾ ਬਾਦਸ਼ਾਹ!" ਉਹਨੇ ਪ੍ਰਭਾਵਸ਼ਾਲੀ ਢੰਗ ਨਾਲ ਕਿਹਾ ਪਰ ਮੈਨੂੰ ਕਿਤਾਬ ਅਕਾ ਦੇਣ ਵਾਲੀ ਲੱਗੀ।

ਆਮ ਤੌਰ 'ਤੇ ਸਾਡੇ ਸੁਆਦ ਵੱਖੋ-ਵੱਖਰੇ ਸਨ। ਮੈਨੂੰ 'ਰਹਿੰਦੂ ਟਾਮ ਜੋਹਨ ਦੇ ਇਤਿਹਾਸ' ਦੇ ਪੁਰਾਣੇ ਅਨੁਵਾਦ 'ਥਾਮਸ ਜੋਹਨ ਦੀ ਕਹਾਣੀ' ਨੇ ਕੀਲ ਲਿਆ ਸੀ।

"ਮੂਰਖਤਾ!" ਸਮੂਰੀ ਨੇ ਬੁੜ-ਬੁੜ ਕੀਤੀ। "ਮੈਂ ਥਾਮਸ ਨੂੰ ਕੀ ਸਮਝਦਾਂ? ਕੀ ਲੈਣਾ ਮੈਂ ਉਸ ਕੋਲੋਂ? ਹੋਰ ਕਿਤਾਬਾਂ ਵੀ ਤਾਂ ਹੋਣਗੀਆਂ।" ਇਕ ਦਿਨ ਮੈਂ ਉਹਨੂੰ ਦੱਸਿਆ ਕਿ ਮੈਨੂੰ ਪਤਾ ਸੀ ਕਿ ਹੋਰ ਕਿਤਾਬਾਂ ਵੀ ਹੁੰਦੀਆਂ ਨੇ, ਵਰਜਿਤ ਕਿਤਾਬਾਂ, ਗੁਪਤ ਕਿਤਾਬਾਂ ਜੋ ਰਾਤ ਵੇਲੇ ਭੋਰਿਆਂ ਵਿਚ ਪੜ੍ਹੀਆਂ ਜਾਂਦੀਆਂ ਹਨ।

ਉਹਦੀਆਂ ਅੱਖਾਂ ਅੱਡੀਆਂ ਗਈਆਂ ਤੇ ਮੁੱਛਾਂ ਖੜ੍ਹੀਆਂ ਹੋ ਗਈਆਂ।

"ਕੀ ਕਿਹਾ ਈ? ਕਿੱਡੇ ਝੂਠ ਬੋਲ ਰਿਹੈਂ?"

"ਮੈਂ ਝੂਠ ਨਹੀਂ ਬੋਲ ਰਿਹਾ। ਇਕ ਵਾਰੀ ਪਾਪ ਮੰਨਣ ਵੇਲੇ ਪਾਦਰੀ ਨੇ ਮੈਥੋਂ ਉਨ੍ਹਾਂ ਬਾਰੇ ਪੁੱਛਿਆ ਸੀ, ਤੇ ਉਸ ਤੋਂ ਪਹਿਲਾਂ ਮੈਂ ਲੋਕਾਂ ਨੂੰ ਪੜ੍ਹਦਿਆਂ ਤੇ ਰੋਂਦਿਆਂ ਸੁਣਿਆ ਸੀ।"

ਬਾਵਰਚੀ ਨੇ ਮੇਰੇ ਵੱਲ ਬੁਝੀਆਂ-ਬੁਝੀਆਂ ਅੱਖਾਂ ਨਾਲ ਤੱਕਿਆ।

"ਕੌਣ ਰੋਇਆ ਸੀ!" ਉਹਨੇ ਪੁੱਛਿਆ।

"ਸੁਣਨ ਵਾਲੀ ਇਕ ਤੀਵੀਂ। ਦੂਜੀ ਤਾਂ ਡਰ ਕੇ ਭੱਜ ਵੀ ਗਈ ਸੀ।"

"ਓਹ-ਓਹ ਸੁਫਨੇ ਦੇਖ ਰਿਹੈਂ", ਹੌਲੀ-ਹੌਲੀ ਅੱਖਾਂ ਮੁੰਗੇਰਦਿਆਂ ਸਮੂਰੀ ਨੇ ਕਿਹਾ ਪਰ ਕੁਝ ਅਟਕਣ ਪਿੱਛੋਂ ਉਹਨੇ ਆਖਿਆ, "ਜ਼ਰੂਰ ਕਿਤੇ ਨਾ ਕਿਤੇ ਕੋਈ ਭੇਤ ਵਾਲੀ ਗੱਲ ਏ। ਹੋਏ ਬਿਨਾ ਰਹਿ ਈ ਨਹੀਂ ਸਕਦੀ ਪਰ ਮੈਂ ਬਹੁਤ ਬੁੱਢਾ ਹੋ ਗਿਆਂ... ਪਰ ਉਸ ਕਿਸਮ ਦਾ ਨਹੀਂ... ਫਿਰ ਜਦੋਂ ਕਦੀ ਖਿਆਲ ਆਉਂਦੈ...।"

ਉਹ ਏਡੀ ਖੁਸ਼-ਬਿਆਨੀ ਨਾਲ ਘੰਟਿਆਂ ਬੱਧੀ ਬੋਲ ਸਕਦਾ ਸੀ।

ਅਸਲੋਂ ਅਚੇਤ ਹੀ ਮੈਨੂੰ ਪੜ੍ਹਨ ਦੀ ਆਦਤ ਪੈ ਗਈ, ਤੇ ਮੈਂ ਖੁਸ਼ੀ ਨਾਲ ਪੜ੍ਹਦਾ। ਕਿਤਾਬਾਂ ਜੋ ਦੱਸਦੀਆਂ, ਉਹ ਜ਼ਿੰਦਗੀ ਤੋਂ ਸੁਖਦਾਈ ਹੱਦ ਤੱਕ ਵੱਖਰਾ ਹੁੰਦਾ ਤੇ ਇਹਦੇ ਨਾਲ ਜ਼ਿੰਦਗੀ ਨਿਤ ਔਖੇਰੀ ਹੁੰਦੀ ਜਾਂਦੀ।

## ਸਾਡਾ ਵਿਰਸਾ ਸਾਡਾ ਮਾਣ

# ਪੰਜਾਬ ਦੇ ਜਲਸੇ


***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਮਿਲਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ 'ਸੁਦੇਸ਼ ਸੇਵਕ' (1909 ਤੋਂ 1911 ਤੱਕ ਛਪਿਆ) ਅਤੇ 'ਸੰਸਾਰ' (ਸਤੰਬਰ 1912 ਤੋਂ ਜੁਲਾਈ 1914 ਤੱਕ ਛਪਿਆ) ਵਿਚ ਛਪੀਆਂ ਲਿਖਤਾਂ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ। ਇਨ੍ਹਾਂ ਲਿਖਤਾਂ ਵਿਚ ਉਸ ਵਕਤ ਪਰਦੇਸ ਪੁੱਜੇ ਜਿਉੜਿਆਂ ਵੱਲੋਂ ਹੰਢਾਈਆਂ ਮੁਸੀਬਤਾਂ ਦਾ ਪਤਾ ਲਗਦਾ ਹੈ। ਇਨ੍ਹਾਂ ਲਿਖਤਾਂ ਦੇ ਸ਼ਬਦ-ਜੋੜ ਤੇ ਵਾਕ ਬਣਤਰ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰੇ ਹੋ ਸਕਣ। -ਸੰਪਾਦਕ***

18 ਅਗਸਤ ਨੂੰ ਲਾਹੌਰ ਵਿਚ ਬੜੇ ਪ੍ਰੇਮ ਤੇ ਜੋਸ਼ ਨਾਲ ਹਿੰਦੂ, ਮੁਸਲਮਾਨ ਤੇ ਸਿੱਖ ਭਰਾਵਾਂ ਨੇ ਰਲ ਕੇ ਕੈਨੇਡਾ ਦੇ ਹਿੰਦੁਸਤਾਨੀਆਂ ਦੇ ਦੁੱਖਾਂ ਨੂੰ ਆਪਣੇ ਜਿਗਰੀ ਦੁੱਖਾਂ ਵਜੋਂ ਪ੍ਰਗਟ ਕਰਨ ਲਈ ਬਰੈਡਲਾ ਹਾਲ ਲਾਹੌਰ ਵਿਚ ਇਕ ਬੜਾ ਭਾਰਾ ਜਲਸਾ ਕੀਤਾ। ਭਾਈ ਬਲਵੰਤ ਸਿੰਘ ਤੇ ਨੰਦ ਸਿੰਘ ਜੀ ਨੇ ਭਰਾਵਾਂ ਨੂੰ ਇਥੇ ਦੇ ਕਸ਼ਟ ਸੁਣਾਏ। ਸਰਦਾਰ ਬਘੇਲ ਸਿੰਘ ਜੀ ਰਾਈਸ ਕੱਲਾ ਜਲਸੇ ਦੇ ਪ੍ਰਧਾਨ ਸਨ। ਆਪ ਨੇ ਤੇ ਹੋਰ ਕਈ ਪਿਆਰਿਆਂ ਨੇ ਦਰਦ ਭਰੇ ਵਿਖਿਆਨ ਦਿੱਤੇ, ਜਿਨ੍ਹਾਂ ਵਿਚ ਮੌਲਵੀ ਜਫਰ ਅਲੀ ਖਾਂ ਜੀ ਨੇ ਕਿਹਾ ਕਿ ਭਰਾਵੋ, ਮੈਂ ਕੁਲ ਦੁਨੀਆਂ ਫਿਰ ਕੇ ਇਹ ਤੱਤ ਕੱਢ ਕੇ ਲਿਆਇਆ ਹਾਂ ਕਿ ਹਿੰਦੂ, ਮੁਸਲਮਾਨ ਤੇ ਸਿੱਖ ਸਭ ਇਕ ਜਾਨ ਹੋ ਜਾਓ। ਕੈਨੇਡਾ ਵਾਸੀ ਹਿੰਦੀਆਂ ਦੇ ਅਸਹਿ ਦੁੱਖਾਂ ਦੀ ਇਕ ਅਰਜ਼ੀ ਕੁਲ ਪੰਜਾਬੀਆਂ ਵੱਲੋਂ ਸਰਕਾਰ ਹਿੰਦ ਦੀ ਸੇਵਾ ਵਿਚ ਪੇਸ਼ ਕਰਨ ਦਾ ਮਤਾ ਪਕਾਇਆ ਗਿਆ ਜਿਸ ਲਈ ਕੁਲ ਸੂਬੇ ਦੇ ਪ੍ਰਸਿਧ ਆਗੂ ਚੁਣੇ ਗਏ। ਇਸੇ ਤਰ੍ਹਾਂ ਦੇ 23 ਅਗਸਤ ਨੂੰ ਅੰਬਾਲੇ ਵਿਚ, 27 (ਨੂੰ) ਲੁਧਿਆਣੇ ਵਿਚ, 28 ਨੂੰ ਜਲੰਧਰ, 31 ਨੂੰ ਫਿਰੋਜ਼ਪੁਰ ਵਿਚ ਜਲਸੇ ਹੋਏ। ਹੋਰ ਵੀ ਸ਼ਹਿਰਾਂ ਵਿਚ ਜਲਸੇ ਹੋ ਕੇ ਵਾਇਸਰਾਏ ਹਿੰਦ ਦੀ ਸੇਵਾ ਵਿਚ ਅਰਜ਼ੀ ਪੇਸ਼ ਕੀਤੀ ਜਾਵੇਗੀ।

### ਲਾਹੌਰ ਵਿਚ ਕਮੇਟੀ

ਭਾਈ ਬਲਵੰਤ ਸਿੰਘ ਹੋਰਾਂ ਦੀ ਸਾਨੂੰ ਲਾਹੌਰ ਤੋਂ ਆਈ ਚਿੱਠੀ ਤੋਂ ਇਹ ਪੜ੍ਹ ਕੇ ਬੜੀ ਖੁਸ਼ੀ ਹੋਈ ਕਿ ਉਥੇ ਕੈਨੇਡਾ ਵਿਚ ਸਾਡੇ ਉਤੇ ਹੋ ਰਹੀਆਂ ਸਖਤੀਆਂ ਦੀ ਬਾਬਤ ਸਾਡੀ ਮਦਦ ਕਰਨ ਵਾਲੀ ਕਮੇਟੀ ਕਾਇਮ ਹੋ ਗਈ ਹੈ ਜਿਸ ਦੇ ਸਕੱਤਰ ਪੰਡਤ ਰਾਜ ਭਜਦਤ ਚੌਧਰੀ ਬੀ.ਏ. ਬੈਰਿਸਟਰ, ਭਾਈ ਮਿਹਰ ਸਿੰਘ ਜੀ ਚਾਵਲਾ ਤੇ ਮੀਆਂ ਜਲਾਲਉਦੀਨ ਬੈਰਿਸਟਰ ਨੀਯਤ ਹੋਏ ਹਨ।





***ਕੈਨੇਡਾ ਵਿਚ 28 ਅਗਸਤ 1912 ਨੂੰ ਜਨਮਿਆ ਪਹਿਲਾ ਸਿੱਖ ਬਾਲਕ ਹਰਦਿਆਲ ਸਿੰਘ। ਉਸ ਦਾ ਪਿਤਾ ਬਲਵੰਤ ਸਿੰਘ ਵੈਨਕੂਵਰ ਗੁਰਦੁਆਰੇ ਦਾ ਸਰਕਰਦਾ ਲੀਡਰ ਸੀ ਅਤੇ (ਸੱਜੇ) ਬਾਅਦ ਵਿਚ ਹਰਦਿਆਲ ਸਿੰਘ।***

ਲਾਹੌਰ ਵਿਚ ਪਹਿਲਾ ਇਕੱਠ 14 ਸਤੰਬਰ ਨੂੰ ਹੋਣ ਵਾਲਾ ਸੀ। ਇਸ ਤੋਂ ਪਿਛੋਂ ਹੋਰ ਕਈ ਜੋੜ ਮੇਲ ਪੰਜਾਬ ਦੇ ਕਈ ਸ਼ਹਿਰਾਂ ਵਿਚ ਹੋਣਗੇ ਤੇ ਉਨ੍ਹਾਂ ਵਿਚ ਹਰ ਜਗ੍ਹਾ ਦੇ ਉਘੇ ਉਘੇ ਸੱਜਣਾਂ ਦੇ ਦਸਤਖਤ ਕਰ ਕੇ ਇਕ ਅਰਜ਼ੀ ਵਿਚ ਇਥੇ ਸਾਡੇ ਪੁਰ ਹੋ ਰਹੀਆਂ ਸਭ ਬੇਇਨਸਾਫੀਆਂ ਨੂੰ ਹਿੰਦੁਸਤਾਨ ਦੀ ਸਰਕਾਰ ਦੇ ਪੇਸ਼ ਕੀਤਾ ਜਾਵੇਗਾ। ਇਹ ਵਕਤ ਸਾਡੀ ਕੈਨੇਡਾ ਨਿਵਾਸੀਆਂ ਦੀ ਪ੍ਰੀਖਿਆ ਹੈ। ਅਸੀਂ ਭਾਵੇਂ ਥੋੜ੍ਹੀ ਗਿਣਤੀ ਵਿਚ ਹਾਂ, ਪਰ ਸਾਡੇ ਮਗਰ ਸਾਡੀ ਤੀਹ ਕਰੋੜ ਕੌਮ ਹੈ। ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਕੈਨੇਡਾ ਵਰਗੀ ਥੋੜ੍ਹੇ ਜਿਹੇ ਹੀ ਨਿਤ ਵਧ ਰਹੀਆਂ ਬੇਇਨਸਾਫੀਆਂ ਤੇ ਸਖਤੀਆਂ ਵੱਲ ਨੂੰ ਇਕ ਜਾਨ ਹੋ ਕੇ ਪਈਏ। ਸਾਰੇ ਹੀ ਇਕ ਦੇਸ਼ ਇਕ ਕੌਮ ਇਕ ਲਹੂ ਹੋਣ ਦਾ ਦੁਨੀਆਂ ਨੂੰ ਪੱਕਾ ਸਬੂਤ ਦੇ ਦੇਈਏ। ਜਦ ਅਸੀਂ ਬੋਲੀਏ ਤਾਂ ਸਾਡੀ ਇਕ ਆਵਾਜ਼ ਹੋਵੇ, ਜਦ ਅਸੀਂ ਤੁਰੀਏ ਤਾਂ ਸਾਡਾ ਇਕ ਰਸਤਾ ਹੋਵੇ, ਦੁਨੀਆਂ ਸਾਡੇ ਇਤਫਾਕ ਨੂੰ ਦੇਖ ਕੇ ਦੰਗ ਰਹਿ ਜਾਵੇ। ਕੇਵਲ ਇਕ ਇਸ ਸ਼ਕਤੀ ਨਾਲ ਹੀ ਅਸੀਂ ਇਥੇ ਦੇ ਹਜ਼ਾਰਾਂ ਭਰਾ ਕਰੋੜਾਂ ਦੀ ਤਾਕਤ ਬਣ ਸਕਦੇ ਹਾਂ।

ਹੁਣ ਜ਼ਰੂਰੀ ਹੈ ਕਿ ਜਿਥੇ ਇਕ ਪਾਸੇ ਇੰਡੀਆ ਵਿਚ ਸਾਡੇ ਪੁਰ ਹੋ ਰਹੀਆਂ ਬੇਇਨਸਾਫੀਆਂ ਦੀ ਪੁਕਾਰ ਇਥੋਂ ਗਏ ਹੋਏ ਭਰਾ ਕਰਨਗੇ, ਅਸੀਂ ਇਥੇ ਉਨ੍ਹਾਂ ਤੋਂ ਦਸ ਗੁਣਾਂ ਜ਼ੋਰ ਲਾਈਏ। ਹੁਣ ਸੁਸਤੀ ਤੇ ਈਰਖਾ ਦਾ ਸਮਾਂ ਨਹੀਂ ਹੈ। ਇਕ ਖਾਸ ਸਮਾਂ ਹੈ। ਜੋ ਕਿਰਸਾਨ ਵੇਲੇ ਸਿਰ ਫਸਲ ਨੂੰ ਪਾਣੀ ਨਹੀਂ ਦਿੰਦੇ, ਉਨ੍ਹਾਂ ਦੇ ਬੋਹਲ ਵੀ ਨਹੀਂ ਹੁੰਦੇ। ਸਾਡੀ ਹੁਣ ਫਸਲ ਦਾ ਸਮਾਂ ਹੈ। ਅੱਜ ਦੇ ਕੀਤੇ ਹੋਏ ਉਕਤ ਦਾ ਫਲ ਆਪ ਕਈ ਸਾਲਾਂ ਤਾਂਈਂ ਖਾਵੋਗੇ। ਪਿਆਰੇ ਭਰਾਵੋ! ਇਕ ਜਾਨ ਹੋ ਕੇ ਕੈਨੇਡਾ ਵਿਚ ਆਪਣੀ ਤਾਕਤ ਨੂੰ ਕੌਮਾਂ ਵਾਲੀ ਤਾਕਤ ਬਣਾ ਕੇ ਦੱਸ ਦਿਓ।

ਬੇਇਨਸਾਫੀ ਘਟ ਨਹੀਂ ਰਹੀ ਸਗੋਂ ਵਧ ਰਹੀ ਹੈ। ਪਰ ਸਾਡੇ ਪਰ ਹੋ ਰਹੇ ਜ਼ੁਲਮ ਦੇ ਤਪ ਨੂੰ ਮੋੜ ਨਹੀਂ ਪੈ ਰਿਹਾ ਸਗੋਂ ਪੈਰ ਪਰ ਮੁਹਰਕਾ ਬਣ ਕੇ ਸਾਡੀ ਜਾਨ ਨੂੰ ਖਾਣ ਦੇ ਫਿਕਰ ਵਿਚ ਹੈ। ਇਸ ਲਈ ਅੱਜ ਦਵਾਈ ਦਾਰੂ ਦਾ ਸਮਾਂ ਹੈ, ਪਰ ਸਿਟਿਆਂ ਤੋਂ ਸ਼ਾਇਦ ਕੀ ਵਿਗਾੜ ਹੋ ਜਾਵੇ। ਪਿਆਰੇ ਭਰਾਵੋ! 'ਸੰਸਾਰ' ਇਸ ਵਕਤ ਆਪ ਦੀ ਸੇਵਾ ਵਿਚ ਜ਼ੋਰ ਨਾਲ ਬੇਨਤੀ ਕਰਦਾ ਹੈ ਕਿ ਹੁਣ ਜਿਉਂ ਜਿਉਂ ਇੰਡੀਆ 'ਚ ਸਾਡੇ ਦੁੱਖਾਂ ਦੇ ਦਰਦੀ ਬੋਲਣ, ਤਿਉਂ ਤਿਉਂ ਤੁਸੀਂ ਇਥੇ ਆਪਣੇ ਪਰ ਵਧ ਰਹੀਆਂ ਪੀੜਾਂ ਦੀਆਂ ਦਸ ਗੁਣਾ ਚੰਗਰਲੀਆਂ ਮਾਰੋ।

### ਗੁਰਦੁਆਰਾ ਕਲਕੱਤਾ ਤੇ ਜਹਾਜ਼ੀ ਕੰਪਨੀਆਂ

ਸਾਡੇ ਪਾਸ ਦੇਸ਼ ਤੋਂ ਆ ਰਹੇ ਭਰਾਵਾਂ ਵੱਲੋਂ ਕਲਕੱਤੇ ਦੇ ਗੁਰਦੁਆਰੇ ਦੇ ਪ੍ਰਬੰਧਕਾਂ ਬਾਰੇ ਬਹੁਤ ਸਾਰੀਆਂ ਸ਼ਿਕਾਇਤਾਂ ਆਈਆਂ ਹਨ, ਜਿਨ੍ਹਾਂ ਦਾ ਹੋਣਾ ਸੱਚਮੁੱਚ ਸਾਡੀ ਕੌਮ ਲਈ ਬਹੁਤ ਨਮੋਸ਼ੀ ਦਾ ਕਾਰਨ ਹੈ। ਦੋ ਬਹੁਤ ਹੀ ਅਸ਼ਰਾਫ਼ ਤੇ ਕੈਨੇਡਾ ਦੇ ਭਰਾਵਾਂ ਦੇ ਉਘੇ ਦੁੱਖ ਭਰੇ ਲਫਜ਼ਾਂ ਵਿਚ ਆਪਣਾ ਹਾਲ ਜਿਸ ਤਰ੍ਹਾਂ ਕਿ ਉਨ੍ਹਾਂ ਦੀ ਗੁਰਦੁਆਰੇ ਵਿਚ ਹੱਤਕ ਕੀਤੀ ਗਈ, ਇਉਂ ਦੱਸਦੇ ਹਨ ਕਿ ਇਸ ਕਲਕੱਤੇ ਦੇ ਧਾਰਮਿਕ ਅਸਥਾਨ ਵਿਚ ਜਹਾਜ਼ਾਂ ਦੇ ਟਿਕਟ ਵੇਚਣ ਦਾ ਵਪਾਰ ਚੱਲਦਾ ਹੈ। ਗ੍ਰੰਥੀ ਤੇ ਗੁਰਦੁਆਰੇ ਦੇ ਪ੍ਰਬੰਧਕ ਉਨ੍ਹਾਂ ਆਦਮੀਆਂ ਨੂੰ ਗੁਰਦੁਆਰੇ ਵਿਚ ਰਹਿਣ ਦਿੰਦੇ ਹਨ ਜੋ ਉਨ੍ਹਾਂ ਦੀ ਰਾਹੀਂ ਅੰਗਰੇਜ਼ੀ ਜਹਾਜ਼ੀ ਕੰਪਨੀਆਂ ਤੋਂ ਟਿਕਟ ਲੈਣ ਕਿਉਂਕਿ 30 ਰੁਪਏ ਮਹੀਨਾ ਇਕ ਜਹਾਜ਼ਾਂ ਦੀ ਕੰਪਨੀ ਵੱਲੋਂ ਕਮਿਸ਼ਨ ਦੇ ਗੁਰਦੁਆਰੇ ਨੂੰ ਮਿਲਦੇ ਹਨ ਤੇ ਗੁਰਦੁਆਰੇ ਵਿਚ ਕਈ ਸਿੱਖ ਦਲਾਲ ਰਹਿੰਦੇ ਹਨ ਜੋ ਹਾਵੜੇ ਸਟੇਸ਼ਨ ਪਰ ਉਤਰਦੇ ਹੀ ਭੋਲੇ ਭਾਲਿਆਂ ਨੂੰ ਗੁਰਦੁਆਰੇ ਲੈ ਤੁਰਦੇ ਹਨ ਤੇ ਉਥੇ ਜਾ ਕੇ ਪੁੱਛਦੇ ਹਨ ਕਿ ਤੁਸੀਂ ਟਿਕਟ ਕਿਥੋਂ ਲੈਣਾ ਹੈ। ਚਲੋ ਅਸੀਂ ਲੈ ਦੇਈਏ। ਅੱਵਲ ਤਾਂ ਉਨ੍ਹਾਂ ਵਿਚੋਂ ਕੋਈ ਭੀ ਸਿੱਖ ਦੇਖ ਕੇ ਨਾਂਹ ਨਹੀਂ ਕਰਦਾ, ਪਰ ਜੇ ਕੋਈ ਕਹੇ ਕਿ ਮੈਂ ਜਾਪਾਨੀ ਕੰਪਨੀ ਦੇ ਜਹਾਜ਼ ਵਿਚ ਜਾਣਾ ਹੈ ਤਾਂ ਉਸ ਨੂੰ ਗੁਰਦੁਆਰੇ ਵਿਚੋਂ ਕੱਢ ਦਿੱਤਾ ਜਾਂਦਾ ਹੈ।

ਇਹ ਸਾਡੇ ਦੋ ਭਰਾ ਦੱਸਦੇ ਹਨ ਕਿ ਅਸੀਂ ਜਾਪਾਨੀ ਕੰਪਨੀ ਦੇ ਜਹਾਜ਼ ਵਿਚ ਆਉਣਾ ਸੀ। ਪਹਿਲਾਂ ਤਾਂ ਅਸੀਂ ਉਨ੍ਹਾਂ ਦਲਾਲਾਂ ਦੇ ਨਾਲ ਗੁਰਦੁਆਰੇ ਜਾ ਰਹੇ, ਪਰ ਜਦ ਪਤਾ ਲੱਗਾ ਕਿ ਇਨ੍ਹਾਂ ਨੇ ਸਾਡੇ ਕਮਿਸ਼ਨ ਵਾਲੀ ਟਿਕਟ ਨਹੀਂ ਲੈਣਾ ਤਾਂ ਸਾਡੇ ਨਾਲ ਝਟ ਤੋਤੇ-ਚਸ਼ਮ ਹੋ ਗਏ ਤੇ ਸਾਨੂੰ ਗੁਰਦੁਆਰੇ ਤੋਂ ਕੱਢ ਦਿੱਤਾ ਗਿਆ। ਸਾਡਾ ਦਿਲ ਉਸ ਵਕਤ ਤੋਂ ਹੀ ਸੜ ਰਿਹਾ ਹੈ ਕਿ ਸਾਡੇ ਗੁਰਦੁਆਰੇ 'ਚ ਜਿਸ ਦੀਆਂ ਬੜੀਆਂ ਜ਼ਰੂਰੀ ਅਪੀਲਾਂ ਅਖਬਾਰਾਂ ਵਿਚ ਛਪ ਰਹੀਆਂ ਹਨ, ਇਹ ਕੁਝ ਹੋ ਰਿਹਾ ਹੈ। ਜਾਪਾਨੀ ਤੇ ਅੰਗਰੇਜ਼ੀ ਜਹਾਜ਼ੀ ਕੰਪਨੀਆਂ ਦੇ ਵਪਾਰ ਦਾ ਟਾਕਰਾ ਹੈ। ਉਹ ਇਕ ਦੂਜੇ ਨੂੰ ਤੋੜਨ ਲਈ ਭਾੜਾ ਘਟਾ ਰਹੀਆਂ ਹਨ। ਮੁਸਾਫਰਾਂ ਦੀ ਮਰਜ਼ੀ ਹੈ, ਜਿਥੋਂ ਜੀ ਚਾਹੇ ਟਿਕਟ ਲੈਣ, ਪਰ ਗੁਰਦੁਆਰੇ ਵਿਚ ਸਤਿਗੁਰੂ ਦੇ ਸਿੱਖਾਂ ਦੀ ਕਮਿਸ਼ਨ ਦੇ ਟਕਿਆਂ ਪਿੱਛੇ ਇਹ ਨਰਾਦਰੀ ਸੁਣ ਕੇ ਹਰ ਇਕ ਹਿਰਦਾ ਦੁਖ ਉਠਦਾ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਅਸਥਾਨ ਦੀਵਾਨ ਹਰ ਥਾਂ ਦਿਨੋ ਦਿਨ ਵਧਣ ਫੁੱਲਣ, ਪਰ ਜੇ ਕਲਕੱਤੇ ਦੇ ਦੀਵਾਨ ਨੇ ਇਸ ਹੀ ਕੰਮ ਦਾ ਪ੍ਰਚਾਰ ਕਰਨਾ ਹੈ ਤਾਂ ਇਸ ਦੇ ਰਜਿਸਟਰੀ ਕਰਾਉਣ ਤੇ ਉਸ ਲਈ ਦਰਜਨਾਂ ਅਪੀਲਾਂ ਕਰਨ ਦੀ ਕੀ ਲੋੜ ਸੀ? ਅਸੀਂ ਖਾਲਸਾ ਦੀਵਾਨ ਦੇ ਪ੍ਰਬੰਧਕਾਂ ਦੀ ਸੇਵਾ ਵਿਚ ਅਰਜ਼ ਕਰਦੇ ਹਾਂ ਕਿ ਉਹ ਝਟਪਟ ਇਸ ਕਾਰਜ ਦੀ ਅਸਲੀਅਤ ਨੂੰ, ਜੋ ਕਿ ਉਨ੍ਹਾਂ ਹੀ ਪਰ ਨਹੀਂ ਸਗੋਂ ਸਾਡੀ ਕੌਮ ਪੁਰ ਆਉਂਦੀ ਹੈ, ਖੋਲ੍ਹ ਕੇ ਪ੍ਰਗਟ ਕਰਨ ਕਿ ਕੀ ਠੀਕ ਕਿਸੇ ਕੰਪਨੀ ਵੱਲੋਂ ਗੁਰਦੁਆਰੇ ਨੂੰ 30 ਰੁਪਏ ਮਹੀਨਾ ਕਮਿਸ਼ਨ ਮਿਲਦਾ ਹੈ ਤੇ ਜੋ ਭਰਾ ਅੰਗਰੇਜ਼ੀ ਕੰਪਨੀਆਂ ਦਾ ਟਿਕਟ ਨਹੀਂ ਲੈਂਦੇ, ਉਨ੍ਹਾਂ ਨੂੰ ਗੁਰਦੁਆਰੇ ਵਿਚੋਂ ਕੱਢਿਆ ਜਾਂਦਾ ਹੈ?

### ਸੇਠ ਰੁਸਤੁਮ ਜੀ ਅਫਰੀਕਾ ਦੀ ਜੇਲ੍ਹ ਵਿਚ

ਕੌਮੀ ਕੰਧ ਉਸਾਰਨ ਲਈ ਸਦਾ ਹੀ ਉਸ ਦੀਆਂ ਨੀਂਹਾਂ ਵਿਚ ਦੁੱਖਾਂ ਤੇ ਕੁਰਬਾਨੀਆਂ ਦੀ ਰੋੜੀ ਪੈਂਦੀ ਹੈ। ਸਾਰੇ ਕੌਮੀ ਇਤਿਹਾਸ ਦਾ ਇਕ ਪਤਰਾ ਲਹੂ ਨਾਲ ਲਿਖਿਆ ਪਿਆ ਹੈ। ਜਿਨ੍ਹਾਂ ਨੇ ਆਪਣੀ ਕੌਮੀ ਰਖਿਆ ਲਈ ਕੁਰਬਾਨੀਆਂ ਕੀਤੀਆਂ, ਦੁੱਖ ਝੱਲੇ, ਵਾਰ ਦਿੱਤੇ, ਅੱਜ ਉਨ੍ਹਾਂ ਦਾ ਨਾਮ ਸੁਣ ਕੇ ਹਾਲ ਪੜ੍ਹ ਕੇ ਅਸੀਂ ਜੀਉਂਦੇ ਹਾਂ ਤੇ ਉਨ੍ਹਾਂ ਦੇ ਲਟ-ਲਟ ਕਰ ਰਹੇ ਜੀਵਨ ਹੀ ਸਾਨੂੰ ਧਿੱਕਦੇ ਹਨ ਤੇ ਸਾਡੇ ਢਹਿ ਰਹੇ ਦਿਲਾਂ ਨੂੰ ਕਹਿੰਦੇ ਹਨ ਕਿ ਅਧਰਮ ਤੇ ਬੇਇਨਸਾਫੀ ਹੁੰਦੀ ਹੋਵੇ ਤਾਂ ਸਾਡੇ ਵਾਂਗ ਦੁੱਖ ਝੱਲੋ, ਕੁਰਬਾਨੀਆਂ ਕਰੋ, ਜ਼ਰੂਰ ਫਤਿਹ ਹੋਵੇਗੀ।

ਅਫਰੀਕਾ ਤੋਂ ਖਬਰ ਆਈ ਹੈ ਕਿ ਸੇਠ ਰੁਸਤੁਮ ਜੀ ਪਾਰਸੀ ਨੂੰ, ਜੋ ਕਿ 20 ਸਾਲ ਤੋਂ ਉਥੇ ਰਹਿੰਦੇ ਹਨ ਤੇ ਬੜੇ ਧਨਾਢ ਤੇ ਪਾਰਸੀ ਬਰਾਦਰੀ ਵਿਚੋਂ ਸਰਦਾਰ ਹਨ, (ਟੈਕਸ) ਹਾਲਾ ਦੇਣ ਤੋਂ ਨਾਂਹ ਕਰਨ ਬਦਲੇ ਤਿੰਨ ਮਹੀਨੇ ਦੀ ਸਖਤ ਕੈਦ ਹੋਈ ਹੈ। ਅਫਰੀਕਾ ਵਿਚ ਧਰਮੀ ਹਿੰਦੁਸਤਾਨੀਆਂ ਨੇ ਫੇਰ ਬੇਇਨਸਾਫੇ ਕਾਨੂੰਨ ਦਾ ਟਾਕਰਾ ਸ਼ੁਰੂ ਕਰ ਦਿੱਤਾ ਹੈ। ਜਥੇਬੰਦੀ ਤੇ ਧਰਮ ਦੀ ਲੜਾਈ ਹੋਵੇ ਤਾਂ ਐਸੀ ਹੀ ਹੋਵੇ ਕਿ ਗਰੀਬ ਤੋਂ ਗਰੀਬ ਭਰਾ ਤੋਂ ਲੈ ਕੇ ਸੇਠ ਰੁਸਤੁਮ ਜੀ ਵਰਗੇ ਅਮੀਰਾਂ ਤਕ ਆਪਣੇ ਕੌਮੀ ਹੱਕ ਲੈਣ ਲਈ ਇਕ ਰਸਤੇ ਹੋ ਕੇ ਸਭ ਦੁੱਖ ਝੱਲਣ ਨੂੰ ਤਿਆਰ ਹੋਣ। ਜੇਲ੍ਹ ਦੇ ਅਫਸਰਾਂ ਨੇ ਸੇਠ ਜੀ ਨਾਲ ਅਜਮ ਕੈਦੀਆਂ ਵਰਗਾ ਵਰਤਾਓ ਕੀਤਾ ਤੇ ਉਨ੍ਹਾਂ ਦਾ ਜਨੇਊ ਉਤਾਰ ਦਿੱਤਾ, ਜਿਸ ਨੂੰ ਉਹ ਮਰਨ ਤਕ ਆਪਣੇ ਸਰੀਰ ਦੇ ਨਾਲ ਰੱਖਣਾ ਧਰਮ ਸਮਝਦੇ ਹਨ। ਸਰਕਾਰੀ ਅਫਸਰਾਂ ਦੇ ਸੇਠ ਜੀ ਦੇ ਧਰਮ ਵਿਚ ਦਖਲ ਦੇਣ ਨਾਲ ਬਹੁਤ ਰੌਲਾ ਮਚ ਗਿਆ ਹੈ। ਸੇਠ ਜੀ ਨਾਲ ਫੇਰ ਭੀ ਬਹੁਤ ਪਾਰਸੀ ਕੈਦ ਵਿਚ ਗਏ ਸਨ। ਸਾਰਿਆਂ ਨੇ ਰੋਟੀ ਖਾਣ ਤੇ ਪਾਣੀ ਤਕ ਪੀਣ ਤੋਂ ਨਾਂਹ ਕੀਤੀ। ਕੈਦ ਵਿਚ ਭੁੱਖ ਨਾਲ ਸਰੀਰ ਬਹੁਤ ਨਿਰਬਲ ਤੇ ਵਿਆਕੁਲ ਹੋ ਗਏ। ਅੰਤ ਅਫਸਰਾਂ ਨੂੰ ਛੱਡਣੇ ਪਏ।

ਕੈਨੇਡਾ ਦੇ ਭਰਾ ਸੋਹਣੇ-ਸੋਹਣੇ ਪਲੰਘਾਂ ਉਤੇ ਸੌਂ ਕੇ ਐਸ਼ ਲੁੱਟ ਕੇ ਵ੍ਹਿਸਕੀ ਤੇ ਬਰਾਂਡੀ ਦੇ ਡੁਘੂ ਲਾ ਕੇ ਕੁਕਰਮ ਕਰਕੇ ਆਪਣੇ ਮਹਿਲ ਮਾੜੀਆਂ ਬਣਾ ਕੇ ਬੈਂਕਾਂ ਵਿਚ ਹਜ਼ਾਰਾਂ ਡਾਲਰ ਜਮ੍ਹਾਂ ਕਰਕੇ ਫੇਰ ਨਾਲ ਹੀ ਆਪਣੇ ਹੱਕ ਬਚਾਉਣਾ ਚਾਹੁੰਦੇ ਹਨ ਤੇ ਇਸ ਹਾਲਤ ਵਿਚ ਭੀ ਸੇਵਾ, ਕੁਰਬਾਨੀ ਤੇ ਜਥੇਬੰਦੀ ਦੀ ਟਾਹਰ ਮਾਰ ਬਹਿੰਦੇ ਹਨ, ਪਰ ਇਹ ਲੱਛਣ ਕੌਮੀ ਸੇਵਾ ਦੇ ਨਹੀਂ ਹਨ। ਕੌਮੀ ਸੇਵਾ ਦੇ ਜੇ ਬਚਣਾ ਹੈ ਤਾਂ ਇਕੋ ਹੀ ਸੱਚ ਤੇ ਕੁਰਬਾਨੀ ਦੀ ਸੜਕ ਹੈ, ਨਿਤਰ ਪਵੋ, ਨਹੀਂ ਤਾਂ ਫੇਰ ਗਰਕ ਹੋਣ ਵਿਚ ਤਾਂ ਕਿਸੇ ਨੂੰ ਪੁੱਛਣ ਦੀ ਲੋੜ ਹੀ ਨਹੀਂ ਹੈ।

### ਹਿੰਦੁਸਤਾਨੀਆਂ ਦੀ ਨਰਾਦਰੀ ਦਾ ਇਕ ਹੋਰ ਝਾਕਾ-ਉਨਤਾਲੀ ਸਿੱਖ ਬੰਦ

ਅਨੰਦ ਤੇ ਆਰਾਮ ਵਿਚ ਪਿਆ ਹੋਇਆ ਅਮੀਰ ਕੀ ਜਾਣਦਾ ਹੈ ਕਿ ਗਰੀਬ ਨੂੰ ਕੀ-ਕੀ ਕਸ਼ਟ ਹੁੰਦੇ ਹਨ। ਲਹੂ ਪੀਣ ਵਾਲਾ ਬਘਿਆੜ ਕੀ ਜਾਣਦਾ ਹੈ ਕਿ ਜਿਨ੍ਹਾਂ ਜਾਨਵਰਾਂ ਨੂੰ ਪਾੜੇ ਤੇ ਉਸ ਦਾ ਢਿੱਡ ਭਰਦਾ ਹੈ ਤੇ ਉਹ ਅਨੰਦ ਹੁੰਦਾ ਹੈ। ਉਨ੍ਹਾਂ ਨਿਮਾਣਿਆਂ ਤੇ ਹੀਣਿਆਂ ਨੂੰ ਕਿੰਨੀ ਪੀੜ ਹੁੰਦੀ ਹੈ ਤੇ ਜਾਨ ਤੋਂ ਜਾਂਦੇ ਹਨ। ਜ਼ੋਰਾਵਰ ਤੇ ਕਮਜ਼ੋਰ ਸਦਾ ਇਕ ਰਸ ਨਹੀਂ ਪੀਂਦੇ। ਜੋ ਅੱਜ ਕਮਜ਼ੋਰ ਹੈ, ਉਹ ਕਲ੍ਹ ਨੂੰ ਜ਼ੋਰਾਵਰ ਭੀ ਹੋਵੇਗਾ। ਜੋ ਅੱਜ ਜ਼ੋਰਾਵਰ ਹੈ, ਉਹ ਕਲ੍ਹ ਕਮਜ਼ੋਰ ਭੀ ਹੋਵੇਗਾ। ਕਮਜ਼ੋਰ ਤੇ ਜ਼ੋਰਾਵਰ ਆਪਣੀ ਦੁਖੀ ਤੇ ਸੁਖੀ ਦਸ਼ਾ ਵਿਚ ਔਖੇ ਸੌਖੇ ਦਿਨ ਬਤੀਤ ਕਰ ਰਹੇ ਹਨ, ਪਰ ਜੇ ਕਿਸੇ ਸੁਖੀ ਨੇ ਦੁਖੀ ਦੇ ਅਨੰਦ ਦਾ ਪਤਾ ਲੈਣਾ ਹੋਵੇ ਤਾਂ ਸਾਡੇ ਪਾਸ ਆ ਜਾਵੇ। ਜੇ ਕਿਸੇ ਨੇ ਬੇਇਨਸਾਫੀ ਦੀ ਪੀੜ ਦਾ ਪਤਾ ਲੈਣਾ ਹੋਵੇ ਤਾਂ ਸਾਨੂੰ ਕੈਨੇਡਾ ਦੇ ਹਿੰਦੁਸਤਾਨੀਆਂ ਨੂੰ ਆ ਪੁੱਛੇ। ਅਸੀਂ ਚੰਗੀ ਤਰ੍ਹਾਂ ਇਸ ਪੀੜ ਨੂੰ ਖੋਲ੍ਹ ਕੇ ਦੱਸ ਸਕਦੇ ਹਾਂ ਕਿਉਂਕਿ ਸਾਨੂੰ ਇਸ ਦੁੱਖ ਨਾਲ ਹਰ ਰੋਜ਼ ਦਾ ਵਾਹ ਪੈ ਗਿਆ ਹੈ। ਅਜੇ ਸੀਆਟਲ ਦੇ 60 ਭਰਾਵਾਂ ਨੂੰ 3 ਮਹੀਨੇ ਦੇ ਬੇਅੰਤ ਕਸ਼ਟਾਂ ਮਗਰੋਂ ਅਨੇਕ ਮੁਸ਼ਕਲਾਂ ਨਾਲ ਸਾਰਾ ਜ਼ੋਰ ਲਾ ਕੇ ਜ਼ਮਾਨਤਾਂ ਦੇ ਕੇ ਕੈਦ ਵਿਚੋਂ ਕੱਢਿਆ ਹੈ। ਅਜੇ ਦਸ ਭਰਾ ਉਥੇ ਕੈਦ ਵਿਚ ਬੈਠੇ ਕੂਕ ਰਹੇ ਹਨ। ਅਜੇ ਉਸ ਮੁਕੱਦਮੇ ਦਾ ਰਾਤ ਦਿਨ ਦਾ ਫਿਕਰ ਸਾਨੂੰ ਸਭਨਾਂ ਨੂੰ ਚਕਰਾ ਰਿਹਾ ਹੈ। ਹੁਣ ਸਾਡੀਆਂ ਅੱਖਾਂ ਦੇ ਸਾਹਮਣੇ ਸਤਾਰਾਂ ਅਕਤੂਬਰ ਤੋਂ ਹੋਰ 39 ਸਿੰਘ ਹਾਂਗਕਾਂਗ ਤੋਂ ਆ ਰਹੇ, ਵਿਕਟੋਰੀਏ ਵਿਚ ਬੰਦ ਕੀਤੇ ਗਏ ਹਨ।

### ਕੁਝ ਕਰਨ ਦਾ ਵੇਲਾ ਹੈ-ਸਿੰਘਣੀਆਂ ਮੰਗਵਾ ਲਓ

ਇਸ ਵਕਤ ਭਾਈ ਬਲਵੰਤ ਸਿੰਘ, ਨਰਾਇਣ ਸਿੰਘ ਤੇ ਨੰਦ ਸਿੰਘ ਹੋਰੀ ਦੇਸ਼ ਵਿਚ ਹਨ ਤੇ ਉਮੀਦ ਹੈ ਕਿ ਹੁਣ ਜਲਦੀ ਹੀ ਕੈਨੇਡਾ ਨੂੰ ਮੁੜਨਗੇ। ਜੇ ਭਾਈ ਹੋਰਾਂ ਦੇ ਨਾਲ ਸਿੰਘਣੀਆਂ ਦਾ ਜੱਥਾ ਆ ਜਾਵੇ ਤਾਂ ਜਿਸ ਮਤਲਬ ਲਈ ਉਹ ਦੇਸ਼ ਗਏ ਸਨ, ਉਸ ਦਾ ਇਕ ਹਿੱਸਾ ਠੀਕ ਤੌਰ ਪੁਰ ਪੂਰਨ ਹੁੰਦਾ ਹੈ। ਅਸੀਂ ਸਭ ਭਰਾਵਾਂ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਕੁਝ ਭਰਾ ਜ਼ਰੂਰੀ ਭਾਈ ਬਲਵੰਤ ਸਿੰਘ ਹੋਰਾਂ ਨੂੰ ਲਿਖਣ ਕਿ ਉਹ ਉਨ੍ਹਾਂ ਦੀਆਂ ਸਿੰਘਣੀਆਂ ਨੂੰ ਜ਼ਰੂਰ ਨਾਲ ਲਈ ਆਉਣ ਤੇ ਦੂਜੇ ਪਾਸੇ ਘਰਾਂ ਨੂੰ ਤਾਕੀਦੀ ਚਿੱਠੀਆਂ ਪਾਈਆਂ ਜਾਣ ਕਿ ਸਿੰਘਣੀਆਂ ਉਨ੍ਹਾਂ ਦੇ ਨਾਲ ਤੁਰ ਆਉਣ। ਜੇ ਕੋਈ ਰੋਕ ਹੋਵੇ ਤਾਂ ਹਾਂਗਕਾਂਗ ਜਾ ਕੇ ਇਹ ਬੀਬੀਆਂ ਤੇ ਬੱਚੇ ਅਟਕ ਜਾਣ ਤੇ ਉਨ੍ਹਾਂ ਦੇ ਪਾਸ ਭਾਈ ਨਾਰਾਇਣ ਸਿੰਘ ਜਾਂ ਹੋਰ ਇਕ ਸੱਜਣ ਠਹਿਰ ਜਾਣ। ਉਨ੍ਹਾਂ ਦੇ ਹਾਂਗਕਾਂਗ ਪੁੱਜ ਗਿਆਂ ਤੋਂ ਉਮੀਦ ਨਹੀਂ ਹੈ ਜੇ ਕੋਈ ਰੋਕ ਹੋਵੇ ਤੇ ਜੇ ਹੋਵੇ ਭੀ, ਉਸ ਦਾ ਖੂਬ ਇਥੇ ਮੁਕਾਬਲਾ ਕੀਤਾ ਜਾਵੇਗਾ ਜਿਸ ਤਰ੍ਹਾਂ ਕਿ ਭਾਈ ਬਲਵੰਤ ਸਿੰਘ ਹੋਰਾਂ ਦੇ ਟੱਬਰ ਆਏ ਸਨ, ਪਰ ਇਹ ਮੌਕਾ ਕਿਸੇ ਸੂਰਤ ਵਿਚ ਨਹੀਂ ਖੁੰਝਣਾ ਚਾਹੀਦਾ ਹੈ ਤੇ ਇਸ ਵਕਤ ਜ਼ਰੂਰ ਸਿੰਘਣੀਆਂ ਤੇ ਬੱਚਿਆਂ ਦਾ ਜੱਥਾ ਸਾਡੇ ਡੈਲੀਗੇਟਾਂ ਨਾਲ ਆਉਣਾ ਚਾਹੀਦਾ ਹੈ।

ਉਮੀਦ ਹੈ, ਸਭ ਭਰਾ ਇਸ ਬੇਨਤੀ ਉਤੇ ਚੰਗੀ ਤਰ੍ਹਾਂ ਵਿਚਾਰ ਕਰਕੇ ਇਸ ਦੇ ਪੂਰਨ ਕਰਨ ਲਈ ਜਿਥੋਂ ਤਕ ਉਨ੍ਹਾਂ ਤੋਂ ਹੋ ਸਕੇ, ਝਟਪਟ ਬੰਦੋਬਸਤ ਕਰਨਗੇ। ਅਸੀਂ ਦੇਸ਼ ਗਏ ਹੋਏ ਭਾਈ ਹੀਰਾ ਸਿੰਘ ਜੀ ਨੰਗਲ ਵਾਲੇ, ਭਾਈ ਦੇਵਾ ਸਿੰਘ ਕੋਟਫਤੂਹੀ ਵਾਲੇ ਹੋਰ ਸੱਜਣਾਂ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਉਹ ਵੀ ਪਿੰਡਾਂ ਵਿਚ ਬਹੁਤੀ ਦੇਰ ਅਟਕਣ ਦਾ ਖਿਆਲ ਨਾ ਕਰਨ, ਸਗੋਂ ਹੋਰ ਭਰਾਵਾਂ ਨੂੰ ਵੀ ਬੇਨਤੀਆਂ ਕਰਕੇ ਤੇ ਆਪ ਸਿੰਘਣੀਆਂ ਤੇ ਬੱਚਿਆਂ ਸਮੇਤ ਭਾਈ ਬਲਵੰਤ ਸਿੰਘ ਹੋਰਾਂ ਦੇ ਨਾਲ ਤਿਆਰੀ ਕਰਨ ਤੇ ਕੈਨੇਡਾ ਵਿਚ ਆਉਣ ਲੱਗਿਆਂ ਸਿੰਘ ਸੂਰਬੀਰਾਂ ਦਾ ਪਰਿਵਾਰਾਂ ਸਮੇਤ ਇਕ ਅਸਚਰਜ ਜੱਥਾ ਹੋਵੇ।

### ਚੀਫ ਜੱਜ ਦਾ ਹੁਕਮ-ਕਾਨੂੰਨ ਰੱਦੀ ਹੈ-ਬੰਦ ਹਿੰਦੀ ਛੱਡ ਦਿੱਤੇ ਜਾਣ

ਸੰਨ 1910 ਵਿਚ ਕੈਨੇਡਾ ਦੀ ਸਰਕਾਰ ਨੇ ਹਿੰਦੁਸਤਾਨੀਆਂ ਨੂੰ ਕੈਨੇਡਾ ਵਿਚ ਵੜਨ ਤੋਂ ਰੋਕਣ ਲਈ ਇਕ ਰੱਦੀ ਕਾਨੂੰਨ ਪਾਸ ਕੀਤਾ। ਕਾਨੂੰਨ ਦੀਆਂ ਸ਼ਰਤਾਂ ਨੂੰ ਦੇਖ ਕੇ ਹਰ ਕੋਈ ਹੱਸਦਾ ਸੀ। ਕੁਲ ਦੁਨੀਆਂ ਇਸ ਦੀਆਂ ਚਤਰਾਈਆਂ ਨੂੰ ਜਾਣਦੀ ਸੀ। ਇਸ ਨੂੰ ਪਾਸ ਕਰਨ ਵਾਲੀ ਸਰਕਾਰ ਇਸ ਦੇ ਰੱਦੀਪੁਣੇ ਨੂੰ ਸਮਝਦੀ ਸੀ। ਇਨ੍ਹਾਂ ਸਾਰੀਆਂ ਗੱਲਾਂ ਦੇ ਹੁੰਦੇ ਹੋਏ ਭੀ ਇਸ ਨੂੰ ਕਾਨੂੰਨ ਕਿਹਾ ਗਿਆ। ਇਸ ਨੂੰ ਇਨਸਾਫ ਦੱਸਿਆ ਗਿਆ ਤੇ ਇਸ ਪੁੱਠੇ ਕਾਨੂੰਨ ਨੇ ਹਿੰਦੁਸਤਾਨੀਆਂ ਨੂੰ ਹੱਦ ਦਰਜੇ ਤਕ ਖੁਆਰ ਕੀਤਾ। ਇਸ ਅਵੱਲੇ ਕਾਨੂੰਨ ਨੇ ਪਤੀਆਂ ਤੇ ਇਸਤਰੀਆਂ ਨੂੰ ਨਖੇੜਿਆ, ਬੱਚਿਆਂ ਨੂੰ ਰੋਲਿਆ। ਦੁਨੀਆਂ ਵਿਚ ਇਕ ਬੜੇ ਭਾਰੇ ਮੁਲਕ ਤੇ ਇਕ ਉਘੀ ਕੌਮ ਦੀ ਰੱਜ ਕੇ ਬੇਇਜ਼ਤੀ ਕੀਤੀ ਗਈ। ਅਨੇਕ ਹਿੰਦੁਸਤਾਨੀ ਇਸ ਦੇ ਕਾਬੂ ਆ ਗਏ। ਅਨੇਕਾਂ ਹੀ ਰਗੜੇ ਗਏ। ਹਜ਼ਾਰਾਂ ਤੇ ਲੱਖਾਂ ਡਾਲਰ ਉਨ੍ਹਾਂ ਭਰਾਵਾਂ ਦੇ ਰੁਲੇ ਜਿਨ੍ਹਾਂ ਨੂੰ ਕੈਨੇਡਾ ਪੁੱਜਦਿਆਂ ਨੂੰ ਹੀ ਵਾਪਸ ਮੋੜਿਆ ਗਿਆ। ਧਰਮ ਦੇ ਪ੍ਰਚਾਰਕਾਂ ਨੂੰ ਕਿਤੇ ਰੋਕ ਨਹੀਂ ਹੋਈ ਪਰ ਇਸ ਕਾਨੂੰਨ ਨੇ ਹਿੰਦੁਸਤਾਨੀਆਂ, ਧਰਮ ਪ੍ਰਚਾਰਕਾਂ ਨੂੰ ਭੀ ਕੈਨੇਡਾ ਦੀ ਹੱਦ ਤਕ ਨਾ ਛੋਹਣ ਦਿੱਤਾ। ਇਸ ਰੱਦੀ ਕਾਨੂੰਨ ਪੁਰ ਹੀ ਬਸ ਨਹੀਂ ਸੀ, ਸਗੋਂ ਜਹਾਜ਼ੀ ਕੰਪਨੀਆਂ ਨੂੰ ਵੀ ਹਿੰਦੁਸਤਾਨੀਆਂ ਨੂੰ ਟਿਕਟ ਨਾ ਵੇਚਣ ਲਈ ਕਿਹਾ ਗਿਆ।



for the rest of his natural life.

**HINDUS MAY NOT VOTE IN VANCOUVER**

Victoria, April 18.—(Special.)—Mr. W. J. Bowser in the House this afternoon gave notice of an amendment to the Vancouver Incorporation Act by which Hindus will be prevented from voting in municipal elections. This is necessary, as Mr. Bowser's general bill denies the franchise to the Hindus only in the provincial elections.

**PREMIER RUTHERFORD TO VISIT ENGLAND**

***ਸਾਲ 1907 ਵਿਚ ਬ੍ਰਿਟਿਸ਼ ਕੋਲੰਬੀਆ ਪ੍ਰੀਮੀਅਰ ਬਰੌਸ਼ਰ ਵਿਚ ਛਪੀ ਖਬਰ ਜਿਸ ਵਿਚ ਭਾਰਤੀ ਨੂੰ ਵੋਟ ਦੇ ਹੱਕ ਤੋਂ ਨਾਂਹ ਕਰਨ ਬਾਰੇ ਖੁਲਾਸਾ ਕੀਤਾ ਗਿਆ ਹੈ।***

# ਸੂਬੇਦਾਰ ਦੀ ਘੋੜੀ

**'ਸੂਬੇਦਾਰ ਦੀ ਘੋੜੀ' ਮਾਸਟਰ ਬਚਿੱਤਰ ਸਿੰਘ ਦੀ ਸਵੈ-ਜੀਵਨੀ 'ਸੂਰਜ ਚੜ੍ਹਨ ਤੋਂ ਪਹਿਲਾਂ' ਦਾ ਨਿੱਕਾ ਜਿਹਾ ਟੋਟਾ ਹੈ ਜਿਸ ਵਿਚ ਆਜ਼ਾਦੀ ਤੋਂ ਪਹਿਲਾਂ ਦੀਆਂ ਗੱਲਾਂ ਉਨ੍ਹਾਂ ਸੁਣਾਈਆਂ ਹਨ। ਇਹ ਉਨ੍ਹਾਂ ਦੇ ਬਚਪਨ ਵਾਲੇ ਦਿਨ ਸਨ। ਇਸ ਲਿਖਤ ਵਿਚ ਉਹ ਪਾਠਕ ਨੂੰ ਇਕੋ ਵੇਲੇ ਜ਼ਿੰਦਗੀਆਂ ਦੀਆਂ ਕਈ ਸੱਚਾਈਆਂ ਦੇ ਰੂ-ਬ-ਰੂ ਕਰ ਜਾਂਦੇ ਹਨ। ਸਭ ਤੋਂ ਵੱਡੀ ਗੱਲ, ਇਸ ਵਿਚ ਕਹਾਣੀ ਵਰਗਾ ਰਸ ਡੁੱਲ੍ਹ ਡੁੱਲ੍ਹ ਪੈਂਦਾ ਹੈ। -ਸੰਪਾਦਕ**

ਭਾਨ ਅਜੇ ਚਾਰ ਸਾਲ ਦਾ ਸੀ ਜਦੋਂ ਉਸ ਦੇ ਮਾਤਾ-ਪਿਤਾ ਨੂੰ ਉਨ੍ਹਾਂ ਦਾ ਰਿਸ਼ਤੇਦਾਰ ਬਾਬੂ ਬਲਵੰਤ ਸਿੰਘ ਜ਼ਿਲ੍ਹਾ ਮਿੰਟਗੁਮਰੀ (ਸਾਹੀਵਾਲ) ਲੈ ਗਿਆ। ਇਥੇ ਬਾਬੂ ਬਲਵੰਤ ਸਿੰਘ ਦੀ ਅੱਠ ਮੁਰੱਬੇ ਜ਼ਮੀਨ ਸੀ ਜੋ ਉਸ ਨੇ ਕੁਝ ਕੁ ਤਾਂ ਕੀਮਤ ਤਾਰ ਕੇ ਖਰੀਦੀ ਸੀ ਅਤੇ ਕੁਝ ਮੁਫਤ ਲਈ ਸੀ। ਉਹ ਮਹਿਕਮਾ ਸਿੰਜਾਈ ਵਿਚ ਓਵਰਸੀਅਰ ਦੀ ਨੌਕਰੀ ਕਰਦਾ ਸੀ। ਜ਼ਿਲ੍ਹਾ ਮਿੰਟਗੁਮਰੀ ਦੇ ਪਿੰਡ ਚੱਕ 151/9-ਐਲ ਵਿਚ ਬਲਵੰਤ ਸਿੰਘ ਦੇ ਸ਼ਾਨਦਾਰ ਮਕਾਨ ਸਨ, ਜਿਨ੍ਹਾਂ ਦੀ ਚਾਰ ਦੀਵਾਰੀ ਦੇ ਅੰਦਰ ਇਕ ਗੁੱਠ ਵਿਚ ਇਕ-ਅੱਧੇ ਕੱਚੇ-ਪੱਕੇ ਕੋਠੇ ਵਿਚ ਭਾਨ ਦੇ ਮਾਤਾ-ਪਿਤਾ ਪਰਿਵਾਰ ਸਮੇਤ ਰਹਿੰਦੇ ਸਨ।



ਮਾਸਟਰ ਬਚਿੱਤਰ ਸਿੰਘ

ਬਾਬੂ ਬਲਵੰਤ ਸਿੰਘ ਨੇ ਆਏ ਗਏ ਅਫਸਰਾਂ ਦੇ ਠਹਿਰਨ ਲਈ ਵੱਡੇ ਗੇਟ ਨਾਲ ਦੋ ਬੈਠਕਾਂ ਅਤੇ ਇਕ ਬਾਥਰੂਮ ਵੀ ਬਣਵਾਇਆ ਹੋਇਆ ਸੀ। ਇਨ੍ਹਾਂ ਬੈਠਕਾਂ ਵਿਚ ਅਫਸਰਾਂ ਲਈ ਮੇਜ਼ ਕੁਰਸੀਆਂ ਅਤੇ ਇਕ-ਅੱਧ ਪਲੰਘ ਵੀ ਪਿਆ ਰਹਿੰਦਾ।

ਪਿੰਡ ਵਿਚ ਦੋ ਪ੍ਰਕਾਰ ਦੇ ਲੋਕ ਸਨ। ਇਕ ਤਾਂ ਦੁਨੀਆਂ ਦੀ ਪਹਿਲੀ ਜੰਗ ਵਿਚ ਲੜ ਚੁਕੇ ਸੂਬੇਦਾਰ, ਹਵਾਲਦਾਰ ਸਨ ਜਿਨ੍ਹਾਂ ਨੂੰ ਅੰਗਰੇਜ਼ ਸਰਕਾਰ ਨੇ ਬਤੌਰ ਇਨਾਮ ਦੇ ਕੇ ਦੋ-ਦੋ ਮੁਰੱਬੇ ਸੂਬੇਦਾਰਾਂ ਨੂੰ ਤੇ ਇਕ ਇਕ ਹਵਲਦਾਰਾਂ ਨੂੰ ਦਿਤੇ ਹੋਏ ਸਨ ਤਾਂ ਕਿ ਅਗਲੀਆਂ ਜੰਗਾਂ ਵਾਸਤੇ ਭਰਤੀ ਸੌਖੀ ਮਿਲ ਸਕੇ। ਦੂਜੀ ਸ਼੍ਰੇਣੀ ਆਬਾਦਕਾਰਾਂ ਦੀ ਸੀ। ਇਹ ਉਹ ਲੋਕ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਆ ਕੇ ਇਥੇ ਜ਼ਮੀਨਾਂ ਆਬਾਦ ਕੀਤੀਆਂ। ਇਨ੍ਹਾਂ ਨੂੰ ਵੀ ਅੰਗਰੇਜ਼ ਸਰਕਾਰ ਨੇ ਇਕ-ਇਕ, ਦੋ-ਦੋ ਮੁਰੱਬੇ ਦਿਤੇ ਹੋਏ ਸਨ।

ਇਸ ਪਿੰਡ ਵਿਚ ਰਹਿੰਦਿਆਂ ਭਾਨ ਹੁਣ ਛੇ ਸਾਲ ਦਾ ਹੋ ਗਿਆ ਸੀ ਪਰ ਪਿੰਡ ਵਿਚ ਕੋਈ ਸਕੂਲ ਨਹੀਂ ਸੀ ਅਤੇ ਨਾ ਹੀ ਕਿਤੇ ਨੇੜੇ-ਤੇੜੇ ਸੀ।

ਪਿੰਡ ਦੇ ਸਾਰੇ ਮੁੰਡੇ ਡੰਗਰ ਚਾਰਦੇ ਸਨ, ਭਾਵੇਂ ਉਹ ਸੂਬੇਦਾਰਾਂ, ਸਰਦਾਰਾਂ ਦੇ ਹੀ ਮੁੰਡੇ ਸਨ। ਪਿੰਡ ਦੇ ਬਾਕੀ ਮੁੰਡਿਆਂ ਨਾਲ ਭਾਨ ਵੀ ਡੰਗਰ ਚਾਰਨ ਲੱਗ ਪਿਆ। ਪਿੰਡ ਤੋਂ ਬਾਹਰ ਕਈ ਮੀਲਾਂ ਤੱਕ ਬੰਜਰ ਜ਼ਮੀਨ ਪਈ ਸੀ ਜਿਥੇ ਰੇਤੇ ਦੇ ਟਿੱਬਿਆਂ ਉਪਰ ਝਾੜੀਆਂ ਉਗੀਆਂ ਹੋਈਆਂ ਸਨ। ਪਸ਼ੂ ਟਿੱਬਿਆਂ ਉਪਰ ਚੜ੍ਹ ਕੇ ਘਾਹ ਚਰਦੇ ਰਹਿੰਦੇ। ਇਸ ਦ੍ਰਿਸ਼ ਦਾ ਵਧੀਆ ਪੱਖ ਇਹ ਸੀ ਕਿ ਛੋਟੀ ਨਹਿਰ ਜਿਸ ਨੂੰ ਰਜਵਾਹਾ ਕਹਿੰਦੇ ਸਨ, ਇਸ ਉਜਾੜ ਵਿਚੋਂ ਵਗਦੀ ਸੀ। ਇਹ ਬਿਲਕੁਲ ਇਸ ਤਰ੍ਹਾਂ ਸੀ ਜਿਵੇਂ ਕਿਸੇ ਕਵੀ ਨੇ ਕਿਹਾ ਹੈ: ਮਾਰੂਥਲ ਵਿਚ ਫਸੀ ਚਾਨਣੀ, ਕੋਸੀ ਜਲ ਧਾਰਾ ਨੂੰ ਲੋਚੇ।

ਪਸ਼ੂ ਆਪਣੇ ਆਪ ਚਰਦੇ ਰਹਿੰਦੇ, ਮੁੰਡੇ ਜਾਂ ਤਾਂ ਤਾਸ਼ ਦੀਆਂ ਬਾਜ਼ੀਆਂ ਲਾਉਂਦੇ ਰਹਿੰਦੇ, ਜਾਂ ਫਿਰ ਨਹਿਰ ਵਿਚ ਮਜ਼ੇ ਨਾਲ ਨਹਾਉਂਦੇ। ਗਰਮੀਆਂ ਦੇ ਦਿਨਾਂ ਵਿਚ ਮੱਝਾਂ ਵੀ ਨਹਿਰ ਵਿਚ ਵੜ ਜਾਂਦੀਆਂ, ਪਰ ਮਹਿਕਮਾ ਨਹਿਰ ਦੇ ਬੇਲਦਾਰ ਤੋਂ ਡਰਦਿਆਂ ਉਨ੍ਹਾਂ ਨੂੰ ਛੇਤੀ ਹੀ ਬਾਹਰ ਕੱਢਣਾ ਪੈਂਦਾ। ਜੇ ਕਦੇ ਮੌਕੇ 'ਤੇ ਹੀ ਬੇਲਦਾਰ ਆ ਜਾਵੇ ਤਾਂ ਉਹ ਸਾਰੇ ਪਸ਼ੂਆਂ ਨੂੰ ਲਿਜਾ ਕੇ ਫਾਟਕ ਅੰਦਰ ਬੰਦ ਕਰ ਦਿੰਦਾ, ਪਰ ਅਜਿਹੀ ਹਾਲਤ ਕਦੇ ਘੱਟ ਹੀ ਪੈਦਾ ਹੁੰਦੀ, ਕਿਉਂਕਿ ਬੇਲਦਾਰ ਨੂੰ ਦੂਰੋਂ ਤੱਕ ਕੇ ਮੁੰਡੇ ਮੱਝਾਂ ਨੂੰ ਬਾਹਰ ਕੱਢ ਕੇ ਭਜਾ ਲਿਜਾਂਦੇ ਸਨ।

ਦੋ ਸਾਲ ਡੰਗਰ ਚਾਰਦਿਆਂ ਭਾਨ ਨੂੰ ਹੌਲੀ-ਹੌਲੀ ਇਹ ਮਹਿਸੂਸ ਹੋਣ ਲੱਗ ਗਿਆ ਸੀ ਕਿ ਬਾਕੀ ਸਾਰੇ ਮੁੰਡੇ ਮੁਰੱਬਿਆਂ ਵਾਲਿਆਂ ਦੇ ਸਨ। ਉਸ ਦੇ ਪਿਤਾ ਦਾ ਤਾਂ ਕੋਈ ਮੁਰੱਬਾ ਨਹੀਂ ਸੀ ਅਤੇ ਉਹ ਬੇਜ਼ਮੀਨੇ ਕਿਸਾਨ ਵਜੋਂ ਬਲਵੰਤ ਸਿੰਘ ਦੀ ਜ਼ਮੀਨ ਵਾਹ ਕੇ ਆਪਣਾ ਟੱਬਰ ਪਾਲ ਰਿਹਾ ਸੀ। ਇਸ ਸੋਚ ਨੇ ਉਸ ਅੰਦਰ ਹੀਣ ਭਾਵ ਪੈਦਾ ਕੀਤੀ, ਜਿਸ ਨੇ ਉਸ ਦੀ ਅਗਲੀ ਸੋਚ ਅਤੇ ਦ੍ਰਿਸ਼ਟੀਕੋਣ ਤੈਅ ਕੀਤਾ।

ਦੋ ਸਾਲ ਪਸ਼ੂ ਚਾਰਨ ਪਿਛੋਂ ਇਕ ਦਿਨ ਪਿੰਡ ਵਿਚ ਡੌਂਡੀ ਪਿੱਟ ਗਈ ਕਿ "ਪਿੰਡ ਵਿਚ ਸਕੂਲ ਖੁੱਲ੍ਹ ਗਿਆ ਹੈ, ਮੁੰਡਿਆਂ ਨੂੰ ਦਾਖਲ ਕਰਾਓ।" ਅਸਲ ਵਿਚ ਸਕੂਲ ਬਾਬੂ ਬਲਵੰਤ ਸਿੰਘ ਜਿਸ ਦਾ ਅਫਸਰਾਂ ਨਾਲ ਬਹੁਤ ਮੇਲ-ਮੁਲਾਹਜਾ ਸੀ, ਨੇ ਹੀ ਖੁਲ੍ਹਵਾਇਆ ਸੀ। ਬਲਵੰਤ ਸਿੰਘ ਦਾ ਆਪਣਾ ਭਤੀਜਾ ਵੀ ਪਸ਼ੂ ਚਾਰਦਾ ਸੀ। ਅਗਲੇ ਦਿਨ ਸਵੇਰੇ ਭਾਨ ਤੇ ਹਰਬੰਸ (ਬਾਬੂ ਦਾ ਭਤੀਜਾ) ਸਭ ਤੋਂ ਪਹਿਲਾਂ ਸਕੂਲੇ ਜਾ ਦਾਖਲ ਹੋਏ। ਮੁਨਸ਼ੀ ਨੇ ਸਾਰੇ ਮੁੰਡਿਆਂ ਦੀ ਉਮਰ ਛੇ ਸਾਲ ਦਰਜ ਕੀਤੀ, ਚਾਹੇ ਕਈ ਮੁੰਡੇ ਦਸ ਸਾਲ ਦੇ ਵੀ ਸਨ। ਭਾਨ ਅਤੇ ਹਰਬੰਸ ਅੱਠ ਸਾਲ ਦੇ ਸਨ। ਰਿਵਾਜ ਅਨੁਸਾਰ ਅਧਿਆਪਕ ਨੇ ਉਨ੍ਹਾਂ ਦੀ ਉਮਰ ਛੇ ਸਾਲ ਦਰਜ ਕੀਤੀ।

ਮੁਨਸ਼ੀ ਜੀ ਨੇ ਸਾਰੇ ਮੁੰਡਿਆਂ ਨੂੰ ਉਰਦੂ ਦਾ ਕਾਇਦਾ ਦਿੱਤਾ ਤੇ ਪਹਿਲਾ ਸਬਕ ਅਲਫ ਅੰਬ, ਬੇ ਬਿੱਲੀ ਆਦਿ ਸਾਰੇ ਵਿਦਿਆਰਥੀਆਂ ਨੂੰ ਦਿੱਤਾ ਅਤੇ ਕਿਹਾ ਕਿ ਉਹ ਅਗਲੇ ਦਿਨ ਕਾਇਦੇ ਦੀ ਕੀਮਤ ਇਕ ਆਨਾ ਨਾਲ ਲੈ ਕੇ ਆਉਣ।

ਸਕੂਲ ਖੁੱਲ੍ਹਣ ਨਾਲ ਭਾਨ ਵਾਸਤੇ ਵਧੀਆ ਮੋੜ ਹੋਂਦ ਵਿਚ ਆਇਆ। ਮੁਨਸ਼ੀ ਜੀ ਇਕੱਲੇ-ਇਕੱਲੇ ਮੁੰਡੇ ਨੂੰ ਬੁਲਾ ਕੇ ਉਰਦੂ ਲਿਪੀ ਦੇ ਕੁਝ ਅੱਖਰ ਦੱਸ ਦੇ ਯਾਦ ਕਰਨ ਲਈ ਦਿੰਦੇ। ਦੂਜੇ ਦਿਨ ਦੇ ਅਖੀਰ 'ਤੇ ਜਦੋਂ ਬਾਕੀ ਮੁੰਡੇ ਅਜੇ ਲਿਪੀ ਦੀ ਦੂਜੀ ਸਤਰ ਯਾਦ ਕਰ ਰਹੇ ਸਨ, ਭਾਨ ਸਾਰੀ ਲਿਪੀ ਯਾਦ ਕਰ ਕੇ ਮੁਨਸ਼ੀ ਜੀ ਨੂੰ ਸੁਣਾ ਗਿਆ।

ਅਗਲੇ ਦਿਨ ਅਧਿਆਪਕ ਨੇ ਭਾਨ ਦੀ ਡਿਊਟੀ ਲਾ ਦਿੱਤੀ ਕਿ ਉਹ ਸਬਕ ਯਾਦ ਕਰਨ ਵਿਚ ਬਾਕੀ ਮੁੰਡਿਆਂ ਦੀ ਮਦਦ ਕਰੇ। ਇਉਂ ਬਾਕੀ ਮੁੰਡਿਆਂ ਨੂੰ ਇੰਜ ਜਾਪਣ ਲੱਗਾ ਜਿਵੇਂ ਭਾਨ ਸਹਾਇਕ ਅਧਿਆਪਕ ਬਣ ਗਿਆ ਹੋਵੇ, ਉਸ ਨੇ ਪੜ੍ਹਾਈ ਵਿਚ ਬਾਕੀ ਮੁੰਡਿਆਂ ਨਾਲੋਂ ਬਹੁਤ ਫਰਕ ਜੋ ਪਾ ਲਿਆ ਸੀ। ਇਸ ਕਾਰਨ ਦੂਜੇ ਮੁੰਡੇ ਉਸ ਨੂੰ ਮਾਣ-ਆਦਰ ਦੇਣ ਲੱਗੇ, ਉਸ ਦੇ ਅੰਦਰ ਪੈਦਾ ਹੋ ਰਿਹਾ ਹੀਣ ਭਾਵ ਕਿਸੇ ਹੱਦ ਤਕ ਦੂਰ ਹੋਣ ਲੱਗਾ ਅਤੇ ਆਤਮ-ਵਿਸ਼ਵਾਸ ਪੈਦਾ ਹੋਣ ਲੱਗਾ। ਜੇ ਕਿਤੇ ਸਕੂਲ ਨਾ ਖੁੱਲ੍ਹਦਾ ਤਾਂ ਉਹ ਕੰਮ ਕਰਦਾ, ਮਿੱਟੀ ਵਿਚ ਮਿੱਟੀ ਹੋ ਕੇ ਕਿਸੇ ਅਨਪੜ੍ਹ ਕਿਸਾਨ ਵਾਂਗ ਜੀਵਨ ਬਿਤਾਉਂਦਾ, ਜਿਵੇਂ ਉਸ ਦਾ ਪਿਤਾ ਬਿਤਾ ਰਿਹਾ ਸੀ।

ਇਹ ਜਾਣ ਕੇ ਕਿ ਉਸ ਦਾ ਪੁੱਤਰ ਪਿੰਡ ਦੇ ਬਾਕੀ ਮੁੰਡਿਆਂ ਦੇ ਮੁਕਾਬਲੇ ਵਧੇਰੇ ਲਾਇਕ ਸੀ, ਉਸ ਦੇ ਮਾਪੇ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਚਿੱਤ ਵਿਚ ਤਹੱਈਆ ਕਰ ਲਿਆ ਕਿ ਉਹ ਜਿਥੋਂ ਤਕ ਪੜ੍ਹਨਾ ਚਾਹੇਗਾ, ਉਸ ਨੂੰ ਪੜ੍ਹਾਉਣਗੇ। ਚੌਥੀ ਜਮਾਤ ਵਿਚ ਉਹ ਸੈਂਟਰ ਵਿਚੋਂ ਪਹਿਲੇ ਨੰਬਰ 'ਤੇ ਆਇਆ ਤਾਂ ਉਨ੍ਹਾਂ ਦਾ ਉਤਸ਼ਾਹ ਹੋਰ ਵਧ ਗਿਆ।

ਚੌਥੀ ਪਾਸ ਕਰਨ ਪਿਛੋਂ ਬਾਬੂ ਦਾ ਭਤੀਜਾ ਤਾਂ ਮਿੰਟਗੁਮਰੀ ਸ਼ਹਿਰ ਦੇ ਹਾਈ ਸਕੂਲ ਜਾ ਦਾਖਲ ਹੋਇਆ, ਭਾਨ ਪਿੰਡ ਤੋਂ ਕੋਈ ਤਿੰਨ ਕੁ ਮੀਲ ਦੂਰ ਕ੍ਰਿਸਚੀਅਨ ਮਿਸ਼ਨ ਸਕੂਲ ਵਿਚ ਦਾਖਲ ਹੋ ਗਿਆ। ਉਸ ਸਕੂਲ ਵਿਚ ਵੀ ਮਹੀਨੇ ਕੁ ਪਿਛੋਂ ਉਹ ਸਭ ਤੋਂ ਵਧੀਆ ਵਿਦਿਆਰਥੀ ਮੰਨਿਆ ਜਾਣ ਲੱਗਾ।

ਇਹ ਸਕੂਲ ਭਾਨ ਨੂੰ ਬਹੁਤ ਪਸੰਦ ਆਇਆ। ਉਥੇ ਮਿਹਨਤ ਬਹੁਤ ਕਰਵਾਈ ਜਾਂਦੀ ਸੀ। ਅੱਠਵੀਂ ਤੱਕ ਉਸ ਨੇ ਦੁਨੀਆਂ ਬਾਰੇ ਏਨਾ ਗਿਆਨ ਪ੍ਰਾਪਤ ਕਰ ਲਿਆ ਕਿ ਅੱਠਵੀਂ ਪਾਸ ਵਿਦਿਆਰਥੀ ਤੋਂ ਆਮ ਤੌਰ 'ਤੇ ਆਸ ਨਹੀਂ ਕੀਤੀ ਜਾ ਸਕਦੀ। ਹੈਡਮਾਸਟਰ ਰਾਮ ਲਾਲ ਬਹੁਤ ਵਧੀਆ ਅਧਿਆਪਕ ਅਤੇ ਪ੍ਰਬੰਧਕ ਸੀ। ਅੱਠਵੀਂ ਵਿਚ ਪੜ੍ਹਦਿਆਂ ਭਾਨ ਏਸ਼ੀਆ, ਯੂਰਪ ਦੇ ਸਾਰੇ ਮਸ਼ਹੂਰ ਦੇਸ਼ਾਂ ਦੇ ਨਾਮ, ਉਨ੍ਹਾਂ ਦੀਆਂ ਰਾਜਧਾਨੀਆਂ ਝਟ ਗਲੋਬ ਜਾਂ ਨਕਸ਼ੇ 'ਤੇ ਦਿਖਾ ਸਕਦਾ ਸੀ।



ਸਮੁੰਦਰੀ ਖੋਜਕਾਰਾਂ-ਕੋਲੰਬਸ, ਵਾਸਕੋ ਡੀ ਗਾਮਾ, ਕੈਪਟਨ ਕੁਕ, ਸਰ ਵਾਲਟਰ ਗਲੇ ਡਰੇਕ ਆਦਿ ਦੇ ਸਮੁੰਦਰੀ ਰਾਹ ਉਸ ਦੀਆਂ ਉਂਗਲੀਆਂ 'ਤੇ ਚੜ੍ਹ ਗਏ ਸਨ।

ਉਂਜ, ਪਿੰਡ ਵਿਚ ਉਸ ਦਾ ਸਮਾਜਿਕ ਰੁਤਬਾ ਬੇਜ਼ਮੀਨੇ ਕਿਸਾਨ ਦੇ ਪੁੱਤਰ ਵਾਲਾ ਹੀ ਸੀ। ਉਨ੍ਹਾਂ ਦਿਨਾਂ ਵਿਚ ਪਿੰਡ ਵਿਚ ਅੱਧਾ ਮੁਰੱਬਾ ਜ਼ਮੀਨ ਨੀਲਾਮ ਹੋਣ ਵਾਲੀ ਸੀ। ਉਸ ਦੇ ਪਿਤਾ ਨੇ ਇਰਾਦਾ ਬਣਾ ਲਿਆ ਤੇ ਪਿੰਡ ਦੇ ਸਾਰੇ ਲੋਕਾਂ ਨੇ ਉਸ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਸ ਤੋਂ ਉਪਰ ਬੋਲੀ ਨਹੀਂ ਦੇਣਗੇ ਪਰ ਬਾਬੂ ਬਲਵੰਤ ਸਿੰਘ ਨੇ ਉਹ ਅੱਧਾ ਮੁਰੱਬਾ ਵੀ ਆਪ ਹੀ ਖਰੀਦ ਲਿਆ। ਜੇ ਭਾਨ ਦਾ ਪਿਤਾ ਕਰਤਾਰ ਸਿੰਘ ਆਪਣੀ ਜ਼ਮੀਨ ਖਰੀਦ ਲੈਂਦਾ ਤਾਂ ਫਿਰ ਬਾਬੂ ਬਲਵੰਤ ਦੀ ਜ਼ਮੀਨ 'ਤੇ ਕੌਣ ਕਾਸ਼ਤ ਕਰਦਾ? ਇਹ ਅਜਿਹੀ ਮਿਸਾਲ ਸੀ ਕਿ ਅਮੀਰ ਰਿਸ਼ਤੇਦਾਰ ਆਪਣੇ ਗਰੀਬ ਰਿਸ਼ਤੇਦਾਰਾਂ ਦੀ ਕਿਵੇਂ ਦੁਰਵਰਤੋਂ ਕਰਦੇ ਹਨ।

ਉਨ੍ਹਾਂ ਦਿਨਾਂ ਵਿਚ ਕਾਰਾਂ ਤਾਂ ਬਹੁਤੇ ਲੋਕਾਂ ਨੇ ਕਦੇ ਦੇਖੀਆਂ ਵੀ ਨਹੀਂ ਸਨ, ਪਰ ਮੁਰੱਬਿਆਂ ਵਾਲੇ ਆਉਣ ਜਾਣ ਵਾਸਤੇ ਸਵਾਰੀ ਲਈ ਘੋੜੀਆਂ ਜ਼ਰੂਰ ਰੱਖਦੇ ਸਨ। ਉਸ ਸਮੇਂ ਬਾਬੂ ਬਲਵੰਤ ਸਿੰਘ ਕੋਲ ਤਿੰਨ ਘੋੜੇ ਸਨ। ਇਨ੍ਹਾਂ ਵਿਚੋਂ ਇਕ ਵੱਡਾ ਅਰਬੀ ਨਸਲ ਦਾ ਸੀ ਜਿਸ 'ਤੇ ਬਾਬੂ ਕਦੇ-ਕਦੇ ਦੌਰੇ 'ਤੇ ਜਾਂਦਾ ਹੁੰਦਾ ਸੀ। ਇਸ ਘੋੜੇ 'ਤੇ ਕਿਸੇ ਹੋਰ ਨੂੰ ਸਵਾਰੀ ਕਰਨ ਦੀ ਆਗਿਆ ਨਹੀਂ ਸੀ। ਦੂਜਾ ਸੀ, ਟਾਂਗੇ ਵਾਲਾ ਘੋੜਾ। ਬਾਬੂ ਨੇ ਮਿੰਟਗੁਮਰੀ ਆਉਣ-ਜਾਣ ਲਈ ਟਾਂਗਾ ਰੱਖਿਆ ਹੋਇਆ ਸੀ। ਤੀਜਾ ਆਮ ਸਵਾਰੀ ਵਾਲਾ ਤੇ ਲੋਕਾਂ ਨੂੰ ਮੰਗਵਾਂ ਦੇਣ ਲਈ ਸੀ।

ਭਾਨ ਇਨ੍ਹਾਂ ਘੋੜਿਆਂ ਨੂੰ ਪਾਣੀ ਪਿਆਉਣ ਦੇ ਬਹਾਨੇ ਇਕੱਲੇ-ਇਕੱਲੇ ਨੂੰ ਵਾਰੀ ਨਾਲ ਲੈ ਜਾਂਦਾ। ਬਾਬੂ ਦੇ ਨੌਕਰ ਇਸ ਗੱਲ 'ਤੇ ਰਾਜ਼ੀ ਸਨ ਕਿ ਉਨ੍ਹਾਂ ਦਾ ਸਮਾਂ ਬਚ ਜਾਂਦਾ ਸੀ। ਰੋਜ਼ ਪਾਣੀ ਪਿਆਉਣ ਕਾਰਨ ਘੋੜੇ ਪੂਰੀ ਤਰ੍ਹਾਂ ਭਾਨ ਦੇ ਹੱਥਾਂ 'ਤੇ ਆ ਗਏ ਸਨ। ਉਹ ਪਹਿਲਾਂ ਤਾਂ ਲਗਾਮ ਫੜ੍ਹ ਕੇ ਪੈਦਲ ਹੀ ਇਹ ਕੰਮ ਕਰਦਾ ਪਰ ਕੁਝ ਸਮੇਂ ਪਿਛੋਂ ਉਹ ਘੋੜੇ 'ਤੇ ਸਵਾਰ ਹੋ ਕੇ ਜਾਣ ਲੱਗ ਪਿਆ। ਗੰਜੀ ਬਾਰ ਦੇ ਪਿੰਡਾਂ ਦੇ ਬਾਜ਼ਾਰ ਬੜੇ ਖੁੱਲ੍ਹੇ ਸਨ ਜਿਥੇ ਘੋੜੇ ਸਰਪੱਟ ਭਜਾਏ ਜਾ ਸਕਦੇ ਸਨ; ਨਾਲੇ ਇਕ ਗੱਲ ਹੋਰ ਵੀ ਸੀ: ਉਹ ਅਲਾਣੇ (ਕਾਠੀ ਤੋਂ ਬਿਨਾ) ਘੋੜੇ ਦੌੜਾਉਂਦਾ ਸੀ।

ਇਕ ਦਿਨ ਜਦੋਂ ਭਾਨ ਘੋੜੇ ਨੂੰ ਪਾਣੀ ਪਿਆਉਣ ਲਿਜਾ ਰਿਹਾ ਸੀ ਤਾਂ ਸੂਬੇਦਾਰ ਵਰਿਆਮ ਸਿੰਘ ਦੇ ਮੁੰਡੇ ਆਪਣੀ ਅੱਥਰੀ ਘੋੜੀ ਨੂੰ ਤੋਰ ਕੇ ਪਾਣੀ ਪਿਆਉਣ ਲਿਜਾ ਰਹੇ ਸਨ। ਦੇਖ ਕੇ ਭਾਨ ਨੂੰ ਹਾਸਾ ਆ ਗਿਆ ਤੇ ਉਸ ਨੇ ਕਿਹਾ, "ਘੋੜੀ ਸਿਰਫ ਪੱਠੇ ਪਾਉਣ ਲਈ ਰੱਖੀ ਹੋਈ ਐ? ਇਸ 'ਤੇ ਸਵਾਰੀ ਕਰਦੇ ਤਾਂ ਦੇਖੇ ਨਹੀਂ?"

"ਤੂੰ ਵੀ ਬਾਬੂ ਦੇ ਘੋੜਿਆਂ 'ਤੇ ਹੀ ਚੜ੍ਹਿਆ ਰਹਿੰਦਾ ਹੈਂ ਜਿਹੜੇ ਸੀਲ ਨੇ। ਤੈਨੂੰ ਸਵਾਰ ਤਾਂ ਜਾਣੀਏ ਜੇ ਕਦੇ ਇਸ ਘੋੜੀ 'ਤੇ ਚੜ੍ਹ ਕੇ ਦਿਖਾਵੇਂ?" ਸੂਬੇਦਾਰ ਦੇ ਮੁੰਡਿਆਂ ਨੇ ਕਿਹਾ।

"ਤੁਸੀਂ ਜਿਸ ਵੇਲੇ ਵੀ ਕਹੋ ਤੇ ਜਿਥੇ ਕਹੋ, ਮੈਂ ਇਸ ਘੋੜੀ ਦੀ ਸਵਾਰੀ ਕਰਨ ਨੂੰ ਤਿਆਰ ਹਾਂ।" ਭਾਨ ਨੇ ਉਤਰ ਦਿੱਤਾ।

"ਚੱਲ ਫੇਰ ਕੱਲ੍ਹ ਨੂੰ ਹੀ ਸਹੀ। ਕੱਲ੍ਹ ਇਸੇ ਵੇਲੇ ਲਗਭਗ ਦਸ ਵਜੇ, ਅਸੀਂ ਘੋੜੀ ਲੈ ਆਵਾਂਗੇ ਤੇ ਲਗਾਮ ਤੇਰੇ ਹੱਥ ਫੜਾ ਦਿਆਂਗੇ ਤੇ ਤੂੰ ਘੋੜੀ 'ਤੇ ਚੜ੍ਹ ਕੇ ਦਿਖਾਈਂ।"

"ਬਹੁਤ ਚੰਗਾ", ਭਾਨ ਨੇ ਕਿਹਾ, "ਮੈਂ ਤੁਹਾਥੋਂ ਪਹਿਲਾਂ ਆ ਕੇ ਤੁਹਾਡੀ ਉਡੀਕ ਕਰ ਰਿਹਾ ਹੋਵਾਂਗਾ।"

ਅਗਲੇ ਦਿਨ ਐਤਵਾਰ ਸੀ। ਸਾਰੇ ਪਿੰਡ ਦੇ ਮੁੰਡੇ ਉਥੇ ਇਕੱਠੇ ਹੋ ਗਏ ਕਿ ਉਨ੍ਹਾਂ ਨੂੰ ਮੁਫਤ ਦਾ ਸ਼ੋਅ ਦੇਖਣ ਨੂੰ ਮਿਲ ਜਾਏਗਾ। ਸੂਬੇਦਾਰ ਤੋਂ ਸਿਵਾ ਇਸ ਘੋੜੀ 'ਤੇ ਹੋਰ ਕੋਈ ਸਵਾਰੀ ਨਹੀਂ ਸੀ ਕਰ ਸਕਦਾ। ਜਿਸ ਵੇਲੇ ਇਸ 'ਤੇ ਕੋਈ ਬੰਦਾ ਸਵਾਰ ਹੋ ਜਾਂਦਾ ਸੀ, ਇਹ ਪਿਛਲੀਆਂ ਲੱਤਾਂ ਭਾਰ ਸਿੱਧੀ ਖੜ੍ਹੀ ਹੋ ਜਾਂਦੀ ਸੀ। ਫਿਰ ਇਕਦਮ ਅਗਲੀਆਂ ਲੱਤਾਂ ਦੇ ਭਾਰ ਖਲੋ ਕੇ ਪਿਛਲੀਆਂ ਲੱਤਾਂ ਅਸਮਾਨ ਨੂੰ ਲਾ ਦਿੰਦੀ ਸੀ। ਜਦੋਂ ਉਹ ਇਕ ਦੋ ਵਾਰ ਇਸ ਪ੍ਰਕ੍ਰਿਆ ਨੂੰ ਦੁਹਰਾਉਂਦੀ ਤਾਂ ਸਵਾਰ ਵਿਚਾਰਾ ਹਵਾ ਵਿਚ ਉਡਦਾ ਸੱਤ ਗਜ 'ਤੇ ਜਾ ਕੇ ਡਿਗਦਾ।

ਅਗਲੇ ਦਿਨ ਮਿਥੇ ਸਮੇਂ ਮੁਤਾਬਕ ਸੂਬੇਦਾਰ ਦੇ ਮੁੰਡਿਆਂ ਨੇ ਸਾਰੇ ਪਿੰਡ ਦੇ ਮੁੰਡਿਆਂ ਦੇ ਸਾਹਮਣੇ ਘੋੜੀ ਦੀ ਲਗਾਮ ਭਾਨ ਦੇ ਹੱਥ ਫੜਾ ਦਿੱਤੀ। ਲਗਾਮ ਫੜ੍ਹ ਕੇ ਭਾਨ ਨੇ ਪਹਿਲਾਂ ਪੋਲਾ-ਪੋਲਾ ਹੱਥ ਘੋੜੀ ਦੇ ਮੂੰਹ 'ਤੇ ਫੇਰਿਆ, ਫੇਰ ਮੁੰਡਿਆਂ ਨੂੰ ਕਹਿਣ ਲੱਗਾ ਕਿ ਉਹ ਘੋੜੀ ਪਿੰਡ ਤੋਂ ਬਾਹਰ ਲੰਘਦੀ ਕੱਚੀ ਸੜਕ 'ਤੇ ਭਜਾਏਗਾ, ਪਿੰਡ ਵਿਚ ਨਹੀਂ ਤੇ ਫਿਰ ਉਹ ਪਿੰਡ ਤੋਂ ਬਾਹਰਲੀ ਸੜਕ ਵਲ ਤੁਰ ਪਿਆ। ਸੜਕ ਉਪਰ ਵੀ ਉਹ ਘੋੜੀ ਨੂੰ ਪੈਦਲ ਹੀ ਲਗਭਗ ਇਕ ਫਰਲਾਂਗ ਤੋਰ ਕੇ ਲੈ ਗਿਆ।

ਸਾਰੇ ਮੁੰਡੇ ਨਾਲ-ਨਾਲ ਆ ਰਹੇ ਸਨ। ਮੁੰਡੇ ਇਕ ਥਾਂ ਪੁਲੀ 'ਤੇ ਬੈਠ ਕੇ ਉਸ ਦੀ ਉਡੀਕ ਕਰਨ ਲੱਗੇ। ਭਾਨ ਹੁਣ ਕਿਸੇ ਹੱਦ ਤੱਕ ਘੋੜੀ ਘੋੜਿਆਂ ਦੇ ਸੁਭਾਅ ਤੋਂ ਵਾਕਫ ਹੋ ਗਿਆ ਸੀ। ਘੋੜਾ ਜੇ ਵਾਪਸ ਆਪਣੀ ਖੁਰਲੀ 'ਤੇ ਆਉਣਾ ਚਾਹੁੰਦਾ ਹੈ ਤਾਂ ਜੋ ਸਵਾਰ ਉਸ ਨੂੰ ਵਾਪਸ ਲਿਆ ਰਿਹਾ ਹੋਵੇ, ਉਸ ਨੂੰ ਉਹ ਸੁੱਟਣਾ ਨਹੀਂ ਚਾਹੁੰਦਾ, ਸਗੋਂ ਆਪਣਾ ਸ਼ੁਭਚਿੰਤਕ ਸਮਝਦਾ ਹੈ। ਕੱਚੀ ਸੜਕ 'ਤੇ ਇਕ ਫਰਲਾਂਗ ਜਾ ਕੇ ਘੋੜੀ ਨੂੰ ਨੀਵੀਂ ਥਾਂ ਖੜ੍ਹੀ ਕਰ ਕੇ ਉਹ ਅਡੋਲ ਉਸ 'ਤੇ ਸਵਾਰ ਹੋ ਗਿਆ। ਘੋੜੀ ਨੇ ਕੋਈ ਅੜੀ ਨਾ ਕੀਤੀ, ਕਿਉਂਕਿ ਉਸ ਦਾ ਮੂੰਹ ਪਿੰਡ ਵੱਲ ਸੀ। ਫਿਰ ਘੋੜੀ ਸਰਪੱਟ ਦੌੜ ਪਈ। ਜਦੋਂ ਉਹ ਮੁੰਡਿਆਂ ਦੇ ਕੋਲ ਦੀ ਲੰਘੀ ਤਾਂ ਉਹ ਹਵਾ ਨਾਲ ਗੱਲਾਂ ਕਰ ਰਹੀ ਸੀ ਤੇ ਭਾਨ ਨੀਵਾਂ ਹੋ ਕੇ ਉਸ ਦੇ ਨਾਲ ਲੱਗਾ ਹੋਇਆ ਸੀ। ਹੁਣ ਮੁੰਡੇ ਮਗਰ ਭੱਜੇ ਆ ਰਹੇ ਸਨ, ਸ਼ੋਅ ਕਰੀਬ ਖਤਮ ਸੀ ਤੇ ਭਾਨ ਪਿੰਡ 'ਚ ਚੰਗਾ ਘੋੜ ਸਵਾਰ ਵੀ ਸਮਝਿਆ ਜਾਣ ਲੱਗਾ।

ਪਿੰਡ ਵਾਲੀ ਪੁਲੀ ਕੋਲ ਉਸ ਨੇ ਘੋੜੀ ਰੋਕੀ ਤੇ ਮੁੰਡਿਆਂ ਦੀ ਉਡੀਕ ਕਰਨ ਲੱਗਾ। ਮੁੰਡੇ ਵੀ ਛੇਤੀ ਹੀ ਆਣ ਪਹੁੰਚੇ। ਘੋੜੀ ਨੂੰ ਬਹੁਤ ਦਮ ਚੜ੍ਹਿਆ ਹੋਇਆ ਸੀ ਤੇ ਉਸ ਦੀ ਜ਼ਬਾਨ ਇਕ ਗਿੱਠ ਮੂੰਹ ਤੋਂ ਬਾਹਰ ਸੀ। ਭਾਨ ਉਸ ਦਾ ਸਾਹ ਟਿਕਾਣੇ ਲਿਆਉਣ ਲਈ ਉਸ 'ਤੇ ਹੱਥ ਫੇਰ ਰਿਹਾ ਸੀ। ਉਸ ਨੇ ਮੁੰਡਿਆਂ ਨੂੰ ਕਿਹਾ, "ਜਿਸ ਦਾ ਜੀਅ ਚਾਹੇ, ਇਸ 'ਤੇ ਸਵਾਰੀ ਕਰ ਲਵੋ, ਹੁਣ ਇਹ ਕੁਝ ਨਹੀਂ ਕਹੇਗੀ।"

ਸੂਬੇਦਾਰ ਦੇ ਮੁੰਡਿਆਂ ਨੇ ਘੋੜੀ 'ਤੇ ਵਾਰੀ-ਵਾਰੀ ਸਵਾਰ ਹੋ ਕੇ ਦੇਖਿਆ, ਘੋੜੀ ਨੇ ਕੋਈ ਅੜੀ ਨਾ ਕੀਤੀ। ਉਹ ਜਿਧਰ ਵੀ ਮੋੜਨ, ਉਹ ਮੁੜਦੀ ਤੇ ਚੁਪ-ਚਾਪ ਤੁਰ ਪੈਂਦੀ। ਉਸ ਦਿਨ ਪਿਛੋਂ ਘੋੜੀ ਦਾ ਸੁਭਾਅ ਹੀ ਬਦਲ ਗਿਆ, ਉਹ ਅੜੀਅਲ ਦੀ ਬਜਾਏ ਸੀਲ ਘੋੜੀ ਬਣ ਗਈ। ਭਾਨ ਵਾਸਤੇ ਇਹ ਇਕ ਹੋਰ ਕਲਗੀ ਸੀ।

# ਬੱਬਰ ਲਾਭ ਸਿੰਘ ਜੱਸੋਵਾਲ

**ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਬੱਬਰ ਲਾਭ ਸਿੰਘ ਪੁੱਤਰ ਸੂਬਾ ਸਿੰਘ ਪੁਰੇਵਾਲ ਗੋਤ ਦਾ ਸਿੱਖ ਜੱਟ, ਪਿੰਡ ਜੱਸੋਵਾਲ (ਥਾਣਾ ਮਾਹਲਪੁਰ, ਜ਼ਿਲ੍ਹਾ ਹੁਸ਼ਿਆਰਪੁਰ) ਦਾ ਵਸਨੀਕ ਸੀ। ਇਹ ਪਿੰਡ ਬੱਬਰਾਂ ਦੀ ਹਾਈਕੋਰਟ ਕਰ ਕੇ ਮਸ਼ਹੂਰ ਸੀ। ਇਥੇ ਚੋਟੀ ਦੇ ਬੱਬਰਾਂ ਵਲੋਂ ਵੱਡੇ-ਵੱਡੇ ਫੈਸਲੇ ਕੀਤੇ ਜਾਂਦੇ ਸਨ, ਜਿਵੇਂ ਕਿਹੜੇ ਗੱਦਾਰਾਂ ਨੂੰ ਕੀ ਸਜ਼ਾ ਦੇਣੀ ਹੈ ਆਦਿ। ਉਹ ਪੰਜਾਬੀ ਭਾਸ਼ਾ ਦਾ ਕਵੀ ਸੀ ਅਤੇ ਉਸ ਨੇ 1955 ਵਿਚ ਬੱਬਰ ਅਕਾਲੀ ਸਾਜ਼ਿਸ਼ ਕੇਸ (1924) ਦਾ ਇਤਿਹਾਸ ਕਵਿਤਾ ਰੂਪ ਵਿਚ ਬੜੀ ਜੋਸ਼ੀਲੀ ਭਾਸ਼ਾ ਵਿਚ ਲਿਖਿਆ। ਉਸ ਵਿਚ ਬੱਬਰ ਦਲੀਪ ਸਿੰਘ ਧਾਮੀਆਂ, ਜੋ ਸਭ ਤੋਂ ਛੋਟੀ ਉਮਰ ਵਿਚ ਫਾਂਸੀ ਚੜ੍ਹਿਆ, ਦੇ ਮੂੰਹੋਂ ਇਹ ਸ਼ਬਦ ਕਹਾਏ ਹੈ ਕਿ ਰੱਬ ਨੇ ਜਿਸ ਕੰਮ ਲਈ ਮੈਨੂੰ ਸੰਸਾਰ ਵਿਚ ਭੇਜਿਆ ਸੀ, ਮੈਂ ਖੁਸ਼ ਹਾਂ ਕਿ ਉਹ ਮੈਂ ਪੂਰਾ ਕਰ ਚਲਿਆ ਹਾਂ। ਫਾਂਸੀ ਲੱਗਣ ਵਾਲੇ ਮੁਲਜ਼ਮਾਂ ਦਾ ਭਾਰ ਫਾਂਸੀ ਤੋਂ ਇਕ ਹਫਤਾ ਪਹਿਲਾਂ ਅਤੇ ਫਾਂਸੀ ਵਾਲੇ ਦਿਨ ਫੇਰ ਤੋਲਿਆ ਜਾਂਦਾ ਸੀ। ਬੱਬਰ ਦਲੀਪ ਸਿੰਘ ਉਰਫ ਦਲੀਪਾ ਧਾਮੀਆਂ ਦਾ ਭਾਰ ਇਕ ਹਫਤੇ ਵਿਚ ਵਧ ਗਿਆ ਸੀ।

ਵਾਅਦਾ ਮੁਆਫ ਗਵਾਹ ਬਤਨ ਸਿੰਘ ਪਿੰਡ ਪੰਡੋਰੀ ਨਿਜਰਾਂ ਨੇ ਲਾਭ ਸਿੰਘ ਵਿਰੁਧ ਬਿਆਨ ਵਿਚ ਕਿਹਾ ਕਿ ਬੱਬਰ ਕਿਸ਼ਨ ਸਿੰਘ ਗੜਗੱਜ ਵਲੋਂ ਇਕ ਚਿੱਠੀ, ਜੋ ਸਕੱਤਰ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਲਿਖੀ ਸੀ, ਉਹ ਲੈ ਕੇ ਗਿਆ ਸੀ ਅਤੇ ਉਸ ਦਾ ਜਵਾਬ ਲੈ ਕੇ ਜਦੋਂ ਉਹ ਪਿੰਡ ਜੱਸੋਵਾਲ ਗਿਆ ਤਾਂ ਬੱਬਰ ਲਾਭ ਸਿੰਘ ਦੇ ਘਰ ਗਿਆ ਤੇ ਉਹ ਉਸ ਨੂੰ ਸੰਤ ਫਕੀਰ ਸਿੰਘ ਦੀ ਕੁਟੀਆ ਲੈ ਗਿਆ। ਉਥੇ ਬੱਬਰ ਕਿਸ਼ਨ ਸਿੰਘ ਗੜਗੱਜ, ਬਾਬੂ ਸੰਤ ਸਿੰਘ ਛੋਟੀ ਹਰੀਓ, ਆਸਾ ਸਿੰਘ ਭਕੜੂਦੀ, ਕਰਮ ਸਿੰਘ ਦੌਲਤਪੁਰ, ਮਾਸਟਰ ਦਲੀਪ ਸਿੰਘ ਗੋਸਲ ਤੇ ਕਰਮ ਸਿੰਘ ਝਿੰਗੜਾਂ ਪਹਿਲਾਂ ਹੀ ਮੌਜੂਦ ਸਨ। ਡੁਪਲੀਕੇਟਰ ਉਥੇ ਮੰਗਾਉਣ ਦਾ ਵੀ ਪ੍ਰਬੰਧ ਕੀਤਾ ਗਿਆ ਸੀ।

ਬੱਬਰ ਲਾਭ ਸਿੰਘ ਨੂੰ ਬਾਕੀ ਬੱਬਰਾਂ ਵਾਂਗ ਬਹੁਤ ਤਸੀਹੇ ਦਿੱਤੇ ਗਏ। ਬੱਬਰ ਨੇ ਸਪੈਸ਼ਲ ਮੈਜਿਸਟਰੇਟ ਲੂਈਸ. ਏ. ਬੂੱਲ ਦੀ ਅਦਾਲਤ ਵਿਚ 14 ਜਨਵਰੀ 1924 ਨੂੰ ਬਿਆਨ ਦਿੰਦਿਆਂ ਬੂਟਾ ਰਾਮ ਇੰਸਪੈਕਟਰ ਵੱਲੋਂ ਉਸ ਨੂੰ ਦਿਤੇ ਤਸੀਹਿਆਂ ਬਾਰੇ ਬਿਆਨ ਦਿਤਾ ਕਿ ਉਸ ਦੀ ਦਾੜ੍ਹੀ ਨੂੰ ਹੱਥ ਵਿਚ ਉਪਰ ਹੇਠ ਕਰ ਕੇ ਕੁੱਟਦਾ ਤੇ ਮੇਖਾਂ ਵਾਲੇ ਬੂਟ ਮੂੰਹ 'ਤੇ ਮਾਰਦਾ ਤੇ ਠੁੱਡੇ ਮਾਰ ਮਾਰ ਉਸ ਨੂੰ ਬੇਹੋਸ਼ ਕਰ ਦਿੰਦਾ ਸੀ।

ਉਹ ਬਰਮਾ ਵਿਚ ਸੱਤ ਸਾਲ ਰਿਹਾ। ਉਥੋਂ ਵਾਪਸ ਆਉਣ 'ਤੇ ਉਹ ਅਕਾਲੀ ਸਜ ਗਿਆ। ਐਡੀਸ਼ਨਲ ਸੈਸ਼ਨ ਜੱਜ ਲਾਹੌਰ ਨੇ ਫੈਸਲਾ ਕੀਤਾ ਕਿ ਇਸ ਬੱਬਰ ਦਾ ਚੋਟੀ ਦੇ ਬੱਬਰਾਂ ਨਾਲ ਮੇਲ ਮਿਲਾਪ ਸੀ ਤੇ ਇਸ ਨੇ ਬੱਬਰ ਅਕਾਲੀ ਸਾਜ਼ਿਸ਼ ਵਿਚ ਪੂਰਾ ਹਿੱਸਾ ਪਾਇਆ ਹੈ ਅਤੇ ਇਸ ਲਈ ਇਸ ਨੂੰ ਆਈ.ਪੀ.ਸੀ. ਦੀ ਧਾਰਾ 120-ਬੀ ਅਤੇ 155 ਅਧੀਨ ਚਾਰ ਸਾਲ ਕੈਦ ਸਖਤ ਅਤੇ ਪੰਜਾਹ ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ ਜਾਂਦੀ ਹੈ।

# ਦਰਦ ਕਿਸਾਨੀ: ਪਿਛੋਕੜ 'ਤੇ ਇਕ ਝਾਤ (ਭਾਗ 3)

**ਕਿਸਾਨੀ ਦਰਦ**

***ਹਰੇ ਇਨਕਲਾਬ ਨੇ ਭਾਰਤ ਨੂੰ ਅਨਾਜ ਦੀ ਤੋਟ ਤੋਂ ਸੁਰਖਰੂ ਕੀਤਾ ਪਰ ਮੁਲਕ ਨੂੰ ਸਵੈ-ਨਿਰਭਰ ਕਰਨ ਵਾਲਾ ਕਿਸਾਨ ਇਸੇ ਹਰੇ ਇਨਕਲਾਬ ਦੇ ਮਾਰੂ ਸਿੱਟਿਆਂ ਕਾਰਨ ਪੈਰੋਂ ਹਿੱਲ ਗਿਆ। ਉਸ ਦੀ ਬਾਂਹ ਫੜ੍ਹਨ ਵਾਲਾ ਕੋਈ ਨਹੀਂ। ਕਰਜ਼ੇ ਦੀ ਮਾਰ ਹੇਠ ਆਇਆ ਕਿਸਾਨ ਹੁਣ ਖੁਦਕੁਸ਼ੀਆਂ ਦੇ ਰਾਹ ਪੈ ਚੁਕਾ ਹੈ। ਉਸ ਦੀ ਮਦਦ ਲਈ ਕੋਈ ਨਹੀਂ ਬਹੁੜ ਰਿਹਾ। ਇਨ੍ਹਾਂ ਹਾਲਾਤ ਦੇ ਪਿਛੋਕੜ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਦੇ ਲੰਮੇ ਲੇਖ ਦੀ ਪਾਠਕਾਂ ਲਈ ਤੀਜੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਉਨ੍ਹੀਂ ਦਿਨੀਂ ਕਾਲਜ ਛੁੱਟੀ ਹੋਣ ਕਰਕੇ ਮੈਂ ਜੀਰੀ ਲੁਆਉਣ ਪਿੰਡ ਗਿਆ ਹੋਇਆ ਸਾਂ। ਕੱਦੂ ਕਰਨ ਲਈ ਕਹਿਣ ਗਏ ਅਮਰੇ ਨੇ ਮੇਰੇ ਭਰਾ ਦੇ ਘਰੋਂ ਆਉਂਦਿਆਂ ਹੀ ਚਿੰਤਾ ਨਾਲ ਦੱਸਿਆ, "ਬੜਾ ਲੋਹੜਾ ਹੋਇਆ ਲਾਣੇਦਾਰ, ਹੁਣ ਤੋ ਹਫਤੇ ਦਸ ਦਿਨ ਗਾ ਸਿਆਪਾ ਛਿੜ ਪਿਆ।"

ਮੈਂ ਫਿਕਰ ਨਾਲ ਪੁੱਛਿਆ, "ਕੇ ਬਾਤ ਐ?" ਕਹਿਣ ਲੱਗਾ, "ਤੇਰਾ ਭਾਈ ਤੋ ਰਾਤ ਗਾ ਈ ਦਾਰੂ ਪੀਈ ਜਾਹਾ। ਔਹ ਕਿੱਥੇ ਆਵੇਗਾ ਕੱਦੂ ਕਰਨ!"

ਮੇਰਾ ਮੱਥਾ ਠਣਕ ਗਿਆ। ਸਭ ਨੂੰ ਪਤਾ ਸੀ ਕਿ ਜੇ ਉਹ ਸ਼ਰਾਬ ਪੀਣੀ ਸ਼ੁਰੂ ਕਰ ਦੇਵੇ ਤਾਂ ਕਈ ਕਈ ਦਿਨ ਨਹੀਂ ਸੀ ਹਟਦਾ। ਨਸ਼ੇ ਵਿਚ ਝਗੜਾ-ਝੇੜਾ ਵੀ ਬਥੇਰਾ ਕਰਦਾ ਤੇ ਅੰਤ ਕਿਸੇ ਕੋਠੜੀ ਵਿਚ ਬੰਦ ਕਰਨਾ ਪੈਂਦਾ। ਮੈਨੂੰ ਲੱਗਾ,

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਉਸ ਨੇ ਇੰਜ ਕਰ ਕੇ ਮੇਰੇ ਨਾਲ ਦਗਾ ਕੀਤਾ ਕਿਉਂਕਿ ਆਪਣਾ ਕੰਮ ਕਰਵਾ ਕੇ ਮੇਰਾ ਵਿਚੇ ਰੋਲ ਦਿੱਤਾ। ਪਲ ਭਰ ਲਈ ਮੈਂ ਉਸ ਦੀ ਸ਼ਰਾਬ ਬਿਰਤੀ ਨੂੰ ਵੀ ਕੋਸਿਆ ਜਿਸ ਨੇ ਭਰ ਜਵਾਨੀ ਵਿਚ ਹੀ ਉਸ ਦਾ ਕਸ ਕੇ ਪੱਲਾ ਫੜ੍ਹ ਲਿਆ ਸੀ। ਮਾਂ ਪਿਓ ਦੇ ਲਾਡ ਪਿਆਰ ਕਾਰਨ ਪੜ੍ਹਾਈ ਵਿਚੇ ਛੱਡ ਕੇ ਉਹ ਇਸ ਪਾਸੇ ਪੈ ਗਿਆ ਸੀ। ਹੁਣ ਮੇਰੇ ਪਿਤਾ ਜੀ ਵੀ ਉਸ ਦੀ ਇਸ ਗੱਲ ਤੋਂ ਬਹੁਤ ਨਾਰਾਜ਼ ਹੁੰਦੇ ਸਨ ਤੇ ਕਈ ਕਈ ਦਿਨ ਖਾਣਾ-ਪੀਣਾ ਛੱਡ ਦਿੰਦੇ ਸਨ।

ਉਨ੍ਹੀਂ ਦਿਨੀਂ ਕੋਈ ਵਿਰਲਾ ਹੀ ਸ਼ਰਾਬ ਪੀਂਦਾ ਸੀ। ਮੈਂ ਉਸ ਨੂੰ ਅਕਸਰ ਕਹਿੰਦਾ, "ਇਹ ਸ਼ਰਾਬ ਨਹੀਂ ਕਾਕਾ, ਸ਼ਰਾਪ ਹੈ ਸ਼ਰਾਪ! ਬਚ ਕੇ ਰਹਿ ਇਸ ਤੋਂ।" ਪਰ ਉਸ ਨੇ ਕਦੇ ਕਿਸੇ ਦੀ ਇਕ ਨਾ ਸੁਣੀ। ਮੈਨੂੰ ਨਹੀਂ ਸੀ ਪਤਾ ਕਿ ਇਹ ਇਕ ਸਮਾਜ-ਵਿਆਪਕ ਕਹਿਰ ਦੀ ਅਲਾਮਤ ਹੈ ਜੋ ਛੇਤੀ ਹੀ ਸਮੁੱਚੇ ਪੰਜਾਬ ਦੀਆਂ ਆਉਂਦੀਆਂ ਪੀੜ੍ਹੀਆਂ ਨੂੰ ਆਪਣੀ ਗ੍ਰਿਫਤ ਵਿਚ ਲੈ ਲਵੇਗੀ। ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਇਸ ਵਿਚ ਕੋਕੀਨ, ਸਮੈਕ ਤੇ ਚਿੱਟੇ ਵਰਗੀਆਂ ਕਿੰਨੀਆਂ ਹੋਰ ਮਰਗ-ਚੂੰਬੀ ਬਵਾਵਾਂ ਵੀ ਸ਼ਾਮਲ ਹੋ ਜਾਣਗੀਆਂ ਜੋ ਪੰਜਾਬ ਦੀ ਜਵਾਨੀ ਨੂੰ ਪਿੰਜਰ ਕਰ ਕੇ ਰੱਖ ਦੇਣਗੀਆਂ। ਇਹ ਤਾਂ ਖੈਰ ਕਿਸੇ ਸਭਿਆ ਇਨਸਾਨ ਦੀ ਸੋਚ ਵਿਚ ਆ ਹੀ ਨਹੀਂ ਸੀ ਸਕਦਾ ਕਿ ਸਮੇਂ ਦੇ ਸਿਆਸਤਦਾਨ ਇਨ੍ਹਾਂ ਮਾਰੂ ਜ਼ਹਿਰਾਂ ਨੂੰ ਹਟਾਉਣ ਦੀ ਥਾਂ ਇਨ੍ਹਾਂ 'ਤੇ ਸਿਆਸਤ ਕਰਨਗੇ। ਇਸ ਪਿੱਛਲ ਝਾਤ ਤੋਂ ਮੈਂ ਦੁਖੀ ਤਾਂ ਬਹੁਤ ਹੋਇਆ ਪਰ ਕਿਸੇ 'ਤੇ ਗੁੱਸਾ ਕਰਨ ਦੀ ਥਾਂ ਮੇਰਾ ਧਿਆਨ ਕੰਮ ਪੂਰਾ ਕਰਨ ਕਰਵਾਉਣ ਵੱਲ ਲੱਗ ਗਿਆ।

ਨਾ ਮੈਨੂੰ ਤੇ ਅਮਰੇ ਨੂੰ ਟਰੈਕਟਰ ਚਲਾਉਣਾ ਆਉਂਦਾ ਸੀ। ਪਿੰਡ ਵਿਚੋਂ ਵੀ ਕਿਸੇ ਨੇ ਸਾਡੀ ਕੋਈ ਮਦਦ ਨਹੀਂ ਸੀ ਕਰਨੀ। ਦਿਹਾੜੀ 'ਤੇ ਕੋਈ ਟਰੈਕਟਰ ਚਾਲਕ ਮਿਲਦਾ ਨਹੀਂ ਸੀ। ਮੈਂ ਅਮਰੇ ਨੂੰ ਕਿਹਾ ਕਿ ਉਹ ਦਿਮਾਗ ਲਾ ਕੇ ਕੋਈ ਬੰਦਾ ਲੱਭੇ ਜੋ ਇਕ ਦੋ ਦਿਨ ਸਾਡਾ ਕੰਮ ਕਰਵਾ ਦੇਵੇ। ਉਸ ਨੇ ਸੋਚ ਸੋਚ ਕੇ ਨਾਂਹ ਕਰ ਦਿੱਤੀ। ਦਰਅਸਲ ਉਨ੍ਹਾਂ ਵੇਲਿਆਂ ਵਿਚ ਜਿਮੀਂਦਾਰ ਟਰੈਕਟਰ ਚਲਾਉਣ ਜਿਹਾ ਟੌਹਰੀ ਕੰਮ ਸੀਰੀ ਜਾਂ ਨੌਕਰ ਨੂੰ ਨਹੀਂ ਸਨ ਸੌਂਪਦੇ। ਉਹ ਇਹ ਆਪ ਹੀ ਕਰਦੇ ਤੇ ਸੀਰੀ ਜਾਂ ਨੌਕਰ ਨੂੰ ਮਿੱਟੀ ਘੱਟੇ ਤੇ ਮਿਹਨਤ ਵਾਲਾ ਕੰਮ ਸੌਂਪਦੇ। ਇਹ ਲੋਕ ਵੀ ਜਿਮੀਂਦਾਰ ਦੀ ਮਹਿੰਗੀ ਮਸ਼ੀਨਰੀ ਨੂੰ ਹੱਥ ਲਾਉਣੋਂ ਡਰਦੇ। ਖਰਾਬ ਹੋਣ 'ਤੇ ਪੈਸੇ ਉਨ੍ਹਾਂ ਦੇ ਸਿਰ ਪੈ ਸਕਦੇ ਸਨ।

ਸਬੱਬੀਂ ਪਲੱਸ-ਟੂ ਵਿਚ ਪੜ੍ਹਦਾ ਮੇਰਾ ਵੱਡਾ ਲੜਕਾ ਮੇਰੇ ਨਾਲ ਹੀ ਪਿੰਡ ਆਇਆ ਹੋਇਆ ਸੀ। ਅਚਾਨਕ ਅਮਰੇ ਦਾ ਧਿਆਨ ਉਸ ਵਲ ਗਿਆ, "ਇੰਨਾ ਕ ਬੂਤਾ ਤੋ ਜੋਹ ਬਾਈ ਬੀ ਧੱਕ ਦੇ ਗਾ ਨਾਲੇ ਅੱਗੇ ਨੂੰ ਕੰਮ ਸਿੱਖ ਜੇਗਾ।"

ਲੜਕਾ ਬੋਲਿਆ, "ਟਰੈਕਟਰ ਤਾਂ ਮੈਂ ਚਲਾ ਲੈਨਾਂ ਪਰ ਇਹ ਕੱਦੂ ਮੈਨੂੰ ਨੀ ਆਉਂਦਾ।" ਅਮਰਾ ਕਹਿਣ ਲੱਗਾ, "ਕੱਦੂ ਮਾਂ ਕੋਈ ਬੇਦ ਪੜ੍ਹਨੇ ਐਂ ਬਾਈ, ਔਹ ਤੋ ਮੈਂ ਸਖਾ ਦਿਆਂਗਾ ਤੰਨੂੰ।"

ਅਸੀਂ ਇਵੇਂ ਹੀ ਕੀਤਾ। ਲੜਕਾ ਟਰੈਕਟਰ ਚਲਾਉਣ ਲੱਗਾ ਤੇ ਅਮਰਾ ਨਾਲ ਬੈਠ ਕੇ ਉਸ ਨੂੰ ਵਾਹੁਣ ਦਾ ਢੰਗ ਦੱਸਣ ਲੱਗਾ। ਤਿੰਨ ਚਾਰ ਦਿਨਾਂ ਪਿਛੋਂ ਡਿਗਦਾ-ਢਹਿੰਦਾ ਮੇਰਾ ਭਰਾ ਵੀ ਆ ਗਿਆ। ਸਾਡੀ ਜ਼ੀਰੀ ਲੱਗ ਗਈ।

ਜ਼ੀਰੀ ਲੱਗਣ ਪਿਛੋਂ ਮੈਂ ਦੋ ਕੰਮ ਕੀਤੇ। ਪਹਿਲਾ, ਮੈਂ ਆਪਣੇ ਲੜਕੇ ਨੂੰ ਫੌਰੀ ਚੰਡੀਗੜ੍ਹ ਭੇਜ ਦਿੱਤਾ। ਇਹ ਗੱਲ ਤਾਂ ਪੱਕੀ ਸੀ ਕਿ ਇਕ ਹਫਤੇ ਦੀ ਗਫਲਤ ਕਾਰਨ ਉਸ ਦੀ ਪੜ੍ਹਾਈ ਦਾ ਹਰਜ਼ ਹੋਇਆ ਹੋਵੇ। ਉਹ ਪਲੱਸ-ਟੂ ਦਾ ਇੰਜੀਨੀਅਰਿੰਗ ਦਾ ਵਿਦਿਆਰਥੀ ਸੀ ਜਿਸ ਦਾ ਇਹ ਅਹਿਮ ਸਾਲ ਸੀ। ਉਨ੍ਹੀਂ ਦਿਨੀਂ ਇੰਜੀਨੀਅਰਿੰਗ ਦੇ ਦਾਖਲੇ ਪੀ. ਈ. ਟੀ. ਟੈਸਟ ਨਾਲ ਨਹੀਂ ਸਨ ਹੁੰਦੇ, ਕੇਵਲ ਪ੍ਰੀ-ਇੰਜੀਨੀਅਰਿੰਗ ਭਾਵ ਪਲੱਸ-ਟੂ ਦੀ ਮੈਰਿਟ ਦੇ ਆਧਾਰ 'ਤੇ ਹੁੰਦੇ ਸਨ। ਇਸ ਲਈ ਜਦੋਂ ਉਹ ਸਾਡੇ ਕੋਲ ਕੰਮ ਕਰ ਰਿਹਾ ਸੀ, ਉਸ ਵੇਲੇ ਉਸ ਨੂੰ ਪੜ੍ਹ ਰਿਹਾ ਹੋਣਾ ਚਾਹੀਦਾ ਸੀ। ਇਸ ਤੋਂ ਵੀ ਵੱਡਾ ਕਾਰਨ ਇਹ ਸੀ ਕਿ ਮੈਂ ਉਸ ਨੂੰ ਪਿੰਡ ਦੇ ਮਸਲਿਆਂ ਵਿਚ ਪੈਣ ਹੀ ਸੀ ਨਹੀਂ ਦੇਣਾ ਚਾਹੁੰਦਾ। ਮੈਨੂੰ ਡਰ ਸੀ ਕਿ ਕਿਤੇ ਅਮਰੇ ਦੀ ਨੇੜਤਾ ਤੇ ਹੋਰ ਦਿਹਾੜੀਦਾਰਾਂ ਦੀ ਸੰਗਤ ਵਿਚ ਉਸ ਨੂੰ ਇਸ ਕੰਮ ਦੀ ਗੂੜ੍ਹੀ ਚੇਟਕ ਨਾ ਲੱਗ ਜਾਵੇ। ਮੈਂ ਨਹੀਂ ਸੀ ਚਾਹੁੰਦਾ ਕਿ ਉਸ ਦਾ ਮਨ ਪੜ੍ਹਾਈ ਲਿਖਾਈ ਦੇ ਰਸਤੇ ਤੋਂ ਭਟਕ ਜਾਵੇ। ਇਹ ਵੀ ਡਰ ਸੀ ਕਿ ਕਿਤੇ ਉਹ ਪੜ੍ਹਾਈ ਤੋਂ ਕੁਝ ਦਿਨ ਖੁੰਝਿਆ ਇਹ ਹੀ ਨਾ ਕਹਿ ਦੇਵੇ ਕਿ ਡੈਡੀ ਇਹ ਕੰਮ ਮੈਂ ਸੰਭਾਲਦਾਂ। ਮੈਂ ਕਈ ਥਾਂਈਂ ਇੱਦਾਂ ਹੁੰਦਾ ਦੇਖਿਆ ਸੀ। ਭਾਵੇਂ ਮੈਂ ਵੀ ਮਾਪਿਆਂ ਦਾ ਖੇਤੀ ਵਿਚ ਹੱਥ ਵਟਾਉਂਦਾ ਉਸੇ ਪਿੰਡ ਰਹਿ ਕੇ ਪੜ੍ਹਿਆ ਸਾਂ ਤੇ ਸਕੂਲ ਵਿਚ ਅਵੱਲ ਵੀ ਆਉਂਦਾ ਸਾਂ ਪਰ ਉਹ ਮੇਰੀ ਮਜ਼ਬੂਰੀ ਸੀ। ਉਸ ਕਾਰਣ ਮੈਂ ਹਰ ਪਾਸੇ ਪੱਛੜ ਗਿਆ ਸਾਂ। ਆਪਣੇ ਨੁਕਸਾਨ ਨੂੰ ਪੂਰਾ ਕਰਨ ਲਈ ਮੈਨੂੰ ਜੋ ਸੰਘਰਸ਼ ਕਰਨਾ ਪਿਆ ਸੀ, ਉਹ ਮੈਂ ਹੀ ਜਾਣਦਾ ਸਾਂ। ਮੇਰੇ ਨਾਲ ਦੇ ਕਿੰਨੇ ਹੀ ਦੂਜੇ ਵਿਦਿਆਰਥੀ ਸਨ ਜੋ ਰੁਲ ਖੁਲ ਕੇ ਖੇਤੀ ਵਿਚ ਹੀ ਸਮਾ ਗਏ ਸਨ। ਕਈ ਆਪ ਤਾਂ ਛੋਟੇ ਮੋਟੇ ਮੁਲਾਜ਼ਮ ਲੱਗ ਵੀ ਗਏ ਸਨ ਪਰ ਉਨ੍ਹਾਂ ਦੇ ਬੱਚੇ ਅਨਪੜ੍ਹ ਰਹਿ ਕੇ ਖੇਤੀ ਹੀ ਕਰ ਰਹੇ ਸਨ। ਮੇਰੇ ਆਪਣੇ ਦੋ ਭਰਾ ਤੇ ਇਕ ਭਤੀਜਾ ਅੱਠਵੀਂ ਨਾ ਕਰ ਸਕੇ।

ਦੂਜਾ ਕੰਮ ਇਹ ਕਿ ਮੈਂ ਖੇਤੀ ਦੇ ਕੰਮਾਂ ਨੂੰ ਆਪ ਸਿੱਖਣ ਦਾ ਮਨ ਬਣਾਇਆ। ਕਾਰਣ ਇਹ ਕਿ ਮੈਨੂੰ ਆਪਣੇ ਕੰਮ ਲਈ ਕਿਸੇ ਦੀ ਉਡੀਕ ਕਰਨੀ ਅੱਛੀ ਨਹੀਂ ਸੀ ਲਗਦੀ। ਉਦੋਂ ਹੀ ਨਹੀਂ ਹੁਣ ਵੀ ਮੈਨੂੰ ਆਪਣਾ ਹਾਥ ਹੀ ਜਗਨਨਾਥ ਲਗਦਾ ਹੈ। ਮੈਂ ਜੋ ਕੰਮ ਵੀ ਕਰਦਾ ਹਾਂ ਉਸ ਵਿਚ ਸਵੈ-ਨਿਰਭਰ ਹੋਣ ਲਈ ਉਸ ਨੂੰ ਸਿੱਖਣ ਦੀ ਕੋਸ਼ਿਸ਼ ਜਰੂਰ ਕਰਦਾ ਹਾਂ। ਆਪਣੇ ਐਮ. ਫਿਲ ਤੇ ਪੀਐਚ. ਡੀ. ਦੇ ਥੀਸਿਸ ਮੈਂ ਆਪ ਹੀ ਟਾਈਪ ਕੀਤੇ ਸਨ। ਅਮਰੀਕਾ ਆਉਣ ਤੋਂ ਪਹਿਲਾਂ ਮੈਂ ਥਾਪਰ ਕਾਲਜ, ਪਟਿਆਲਾ ਤੋਂ ਕੰਪਿਊਟਰ ਕੋਰਸ ਕੀਤਾ। ਪੰਜਾਬੀ ਵਿਚ ਲੇਖ-ਕਹਾਣੀਆਂ ਲਿਖਣ ਲਈ ਪੰਜਾਬੀ ਦੀ ਟਾਈਪ ਸਿੱਖੀ। ਪਿਛਲੇ ਸਾਲ ਆਪਣੀ ਪੁਸਤਕ ਦਾ ਟਾਈਟਲ ਆਪ ਡਿਜ਼ਾਈਨ ਕਰਨ ਲਈ ਦੋ ਚਾਰ ਦਿਨਾਂ ਵਿਚ ਹੀ ਕੋਰਲ-ਡਰਾਅ ਸਾਫਟ-ਵੇਅਰ ਸਿਖਿਆ। ਮੇਰੇ ਵੈਬ ਸਾਈਟ ਵੀ ਮੈਂ ਆਪ ਹੀ ਬਣਾਏ ਹਨ। ਨਵੀਆਂ ਚੀਜ਼ਾਂ ਸਿੱਖਣ ਦੀ ਇਹ ਆਦਤ ਹੁਣ ਵੀ ਬਰਕਰਾਰ ਹੈ।

ਆਪਣੀ ਇਸ ਆਦਤ ਅਨੁਸਾਰ ਮੈਂ ਟਰੈਕਟਰ ਸਟਾਰਟ ਕਰਨਾ, ਡੀਜ਼ਲ ਪਾਉਣਾ, ਤੇਲ ਪਾਣੀ ਚੈਕ ਕਰਨੇ, ਹੈਰੋ ਟਰਾਲੀ ਲਾਉਣੇ ਤੇ ਲਾਹੁਣੇ, ਖੇਤ ਕੱਦੂ ਕਰਨਾ ਆਦਿ ਤਾਂ ਮੈਂ ਉਸੇ ਵੇਲੇ ਸਿਖਣੇ ਅਰੰਭ ਕਰ ਦਿੱਤੇ। ਮੈਂ ਆਪਣੇ ਮਿੱਤਰ ਪ੍ਰੋਫੈਸਰ ਜੋਗਿੰਦਰ ਸਿੰਘ ਤੋਂ ਪੁੱਛ ਕੇ ਫਸਲਾਂ ਦੀ ਬਿਜਾਈ, ਕਟਾਈ ਤੇ ਪਾਲਣ ਪੋਸਣ ਦੇ ਧਿਆਨ ਲਈ ਮੁੱਖ ਗੱਲਾਂ ਦੇ ਚਾਰਟ ਵੀ ਬਣਾਏ। ਉਸ ਨੇ ਮੈਨੂੰ ਯੂਰੀਆ, ਫਾਸਫੇਟ, ਡਾਈ ਆਦਿਕ ਖਾਦਾਂ ਦੇ ਨਾਂ ਤੇ ਵਰਤਣ ਦੇ ਢੰਗ ਦੱਸੇ। ਕੀਟਨਾਸ਼ਕ ਤੇ ਕਬਾੜ ਨਾਸ਼ਕ ਦਵਾਈਆਂ ਦਾ ਤਾਂ ਹਾਲੇ ਟਾਵਾਂ ਟਾਵਾਂ ਰਿਵਾਜ਼ ਸੀ। ਉਨ੍ਹਾਂ ਵੇਲਿਆਂ ਵਿਚ ਜ਼ੀਰੀ ਦੀ ਗੁਡਾਈ ਹੱਥਾਂ ਨਾਲ ਹੀ ਹੁੰਦੀ ਸੀ ਤੇ ਲਾਵੇ ਜਾਂ ਭੱਈਏ ਖੇਤ ਵਿਚ ਵੜ ਕੇ ਖੱਬਲ ਡੀਲਾ ਪੁੱਟਦੇ ਹੁੰਦੇ ਸਨ। ਬੱਸ ਫਸਲ ਨੂੰ ਮੰਡੀ ਵਿਚ ਸੁੱਟਣ ਦਾ ਵੱਲ ਸਿੱਖਣਾ ਰਹਿੰਦਾ ਸੀ ਜੋ ਸਮਾਂ ਆਉਣ 'ਤੇ ਹੀ ਹੋਣਾ ਸੀ।

ਜ਼ੀਰੀ ਦੇ ਕੰਮ ਤੋਂ ਸੁਰਖਰੂ ਹੋ ਕੇ ਜਦੋਂ ਮੈਂ ਚੰਡੀਗੜ੍ਹ ਮੁੜਨ ਲੱਗਾ ਤਾਂ ਅਮਰੇ ਨੇ ਮੈਨੂੰ ਖਾਦ ਦੀ 'ਲਿਮਿਟ' ਬਣਾਉਣ ਲਈ ਕਿਹਾ। ਉਸ ਦਾ ਕਹਿਣਾ ਸੀ ਕਿ ਸਾਡੇ ਕੋਲ ਖੇਤੀ ਦਾ ਸਾਮਾਨ ਰੱਖਣ ਲਈ ਕੋਈ ਵਾਧੂ ਕਮਰਾ ਨਹੀਂ ਹੈ। ਉਹ ਖਾਦ ਸਿੱਧੀ ਸੁਸਾਇਟੀ ਦੇ ਗੋਦਾਮ ਵਿਚੋਂ ਚੁੱਕ ਕੇ ਹੀ ਖੇਤ ਪਾਉਂਦਾ ਰਹੇਗਾ। ਪੈਸਿਆਂ ਦਾ ਭੁਗਤਾਨ ਵੀ ਫਸਲ ਆਉਣ 'ਤੇ ਹੀ ਕਰਨਾ ਪਵੇਗਾ। ਮੈਨੂੰ ਸਕੀਮ ਵਧੀਆ ਲੱਗੀ ਤੇ ਮੈਂ ਸੁਸਾਇਟੀ ਦੇ ਦਫਤਰ ਜਾ ਕੇ ਫਾਰਮ ਭਰ ਆਇਆ।

ਚੰਡੀਗੜ੍ਹ ਪਹੁੰਚ ਕੇ ਸੈਮੀਨਾਰਾਂ ਵਿਚ ਬੁੱਧੀਜੀਵੀਆਂ ਦੀਆਂ ਉਹੀ ਦੰਦ-ਕਥਾਵਾਂ ਸੁਣਨ ਨੂੰ ਮਿਲੀਆਂ ਜੋ ਪਹਿਲਾਂ ਮਿਲਦੀਆਂ ਸਨ। ਕਈਆਂ ਨੂੰ ਭਾਸਦਾ ਸੀ ਕਿ ਨਕਸਲਵਾਦੀ ਲਹਿਰ ਖਤਮ ਹੋਣ ਪਿਛੋਂ ਪੁਰਾਣੇ ਦੌਰ ਦਾ ਅੰਤ ਹੋ ਚੁਕਾ ਹੈ। ਹੁਣ ਪੰਜਾਬ ਵਿਚ ਹਰੇ ਇਨਕਲਾਬ ਦਾ ਬੋਲ ਬਾਲਾ ਹੈ। ਸਦੀਆਂ ਦੀ ਦਬੀ ਕੁਚਲੀ ਕਿਸਾਨੀ ਹੁਣ ਉਪਰ ਉਠ ਰਹੀ ਹੈ। ਕਾਂਗਰਸ ਦਾ 'ਇਕ-ਪ੍ਰਭਾਵੀ ਦਲ' ਵਾਲਾ ਨਿਜ਼ਾਮ ਖਤਮ ਹੋ ਰਿਹਾ ਹੈ। ਕਿਸਾਨ-ਪੱਖੀ ਪਾਰਟੀ ਅਕਾਲੀ ਦਲ ਦੀ ਚੜ੍ਹਤ ਹੋਣ ਨਾਲ ਪੰਜਾਬ ਦਾ ਹੋਰ ਵੀ ਵਿਕਾਸ ਹੋਵੇਗਾ। ਅਜਿਹੇ ਵਿਦਵਾਨ ਅਨੰਦਪੁਰ ਸਾਹਿਬ ਦੇ ਮਤੇ ਨੂੰ ਸਮੂਹ ਪੰਜਾਬੀ ਕਿਸਾਨਾਂ ਦੇ ਉਦੇਸ਼ਾਂ ਦਾ ਮੂਲ-ਪੱਤਰ ਸਮਝਦੇ ਸਨ ਜੋ ਆਪਣਾ ਵਿਕਾਸ ਦੂਜੇ ਰਾਜਾਂ ਨਾਲ ਸਾਂਝਾ ਨਹੀਂ ਸੀ ਕਰਨਾ ਚਾਹੁੰਦੇ। ਇਸ ਲਈ ਕਿਸਾਨ ਹੁਣ ਖੁਦਮੁਖਤਿਆਰ ਸੂਬਾ ਭਾਲਦੇ ਹਨ।

ਜਦੋਂ ਇਕ ਸੈਮੀਨਾਰ ਵਿਚ ਇਕ ਬੁਲਾਰੇ ਨੇ ਕੇਂਦਰ ਸਰਕਾਰ ਬਾਰੇ ਜਨੂੰਨੀ ਢੰਗ ਨਾਲ ਕਿਹਾ, "ਸਾਡੀ ਤੁਹਾਡੇ ਨਾਲ ਕੀ ਸਾਂਝ? ਬੱਸ ਆਪਣੇ ਭੱਈਏ ਲੈ ਜਾਓ ਤੇ ਸਾਡੇ ਭਾਪੇ ਦੇ ਦਿਓ।" ਤਾਂ ਇਸ ਨੂੰ ਉਭਰਦੀ ਕਿਸਾਨੀ ਦੀਆਂ ਬੁਲੰਦ ਇੱਛਾਵਾਂ ਦਾ ਸੰਕੇਤ ਸਮਝਿਆ ਗਿਆ। ਅਮਰੀਕਾ ਵਾਸੀ ਗੰਗਾ ਸਿੰਘ ਢਿੱਲੋਂ ਦਾ ਖਾਲਿਸਤਾਨ-ਪੱਖੀ ਬਿਆਨ ਅਤੇ ਡਾ. ਜਗਜੀਤ ਸਿੰਘ ਚੌਹਾਨ ਦੀਆਂ ਸਿੱਖ-ਹੋਮਲੈਂਡੀ ਗਤੀਵਿਧੀਆਂ ਵੀ ਇਸੇ ਸੋਚ ਦੀਆਂ ਕੜੀਆਂ ਸਮਝੀਆਂ ਗਈਆਂ।

ਇਨ੍ਹਾਂ ਗੱਲਾਂ ਤੋਂ ਕੋਈ ਬੁੱਧੀਜੀਵੀ ਬਹੁਤਾ ਚਿੰਤਾਤੁਰ ਨਹੀਂ ਸੀ ਹੁੰਦਾ। ਸਭ ਸੈਮੀਨਾਰਾਂ ਵਿਚ ਹਰੇ ਇਨਕਲਾਬ ਨੂੰ ਜਾਦੂ ਦੀ ਛੜੀ ਸਮਝ ਕੇ ਇਸ ਦਾ ਗੁਣ-ਗਾਣ ਹੁੰਦਾ। ਕਈ ਵਿਦਵਾਨ ਤਾਂ ਚਿੱਟੀ ਕ੍ਰਾਂਤੀ, ਰੁਪਹਿਲੀ ਕ੍ਰਾਂਤੀ ਤੇ ਹੋਰ ਕਈ ਰੰਗਾਂ ਦੀਆਂ ਕ੍ਰਾਂਤੀਆਂ ਦੀਆਂ ਗੱਲਾਂ ਵੀ ਕਰਨ ਲੱਗ ਪਏ ਸਨ। ਦਿਹਾਤ ਵਿਚ ਫੂਡ-ਪ੍ਰਾਸੈਸਿੰਗ ਉਦਯੋਗ ਦੇ ਉਜਲ ਭਵਿੱਖ ਦੇ ਸੁਪਨੇ ਦੇਖੇ ਜਾਂਦੇ। ਉਧਰ ਖੱਬੇ ਪੱਖੀ ਵਿਚਾਰਕਾਂ ਨੂੰ ਪਿੰਡਾਂ ਵਿਚ ਧਨਾਢ ਕਿਸਾਨੀ ਜਨਮ ਲੈ ਰਹੀ ਜਾਪਦੀ। ਉਹ ਸਮਝਦੇ, ਇਸ ਨਾਲ ਇਕ ਪਾਸੇ ਤਾਂ ਅਮੀਰ ਕਿਸਾਨਾਂ ਰਾਹੀਂ ਮਜ਼ਦੂਰਾਂ ਦਾ ਸ਼ੋਸ਼ਣ ਵਧ ਰਿਹਾ ਹੈ ਤੇ ਦੂਜੇ ਪਾਸੇ ਧਨਾਢ ਕਿਸਾਨਾਂ ਤੇ ਛੋਟੇ ਕਿਸਾਨਾਂ ਵਿਚਕਾਰ ਪਾੜਾ ਵਧ ਰਿਹਾ ਹੈ। ਹਾਸ਼ੀਏ 'ਤੇ ਆਏ ਕਿਸਾਨ ਆਪਣੀਆਂ ਜਮੀਨਾਂ ਵੇਚ ਕੇ ਜਾਂ ਠੇਕੇ 'ਤੇ ਦੇ ਕੇ ਮਜ਼ਦੂਰ ਵਰਗ ਵਿਚ ਸ਼ਾਮਲ ਹੋ ਰਹੇ ਹਨ। ਇਹ ਲੋਕ ਇਹ ਵੀ ਕਹਿਣ ਲੱਗੇ ਕਿ ਬੜੀ ਜਲਦੀ ਕਿਸਾਨ ਵਰਗਾਂ ਵਿਚਾਲੇ ਨਕਸਲੀ ਲਹਿਰ ਜਿਹਾ ਇਕ ਹੋਰ ਸੰਘਰਸ਼ ਛਿੜਨ ਵਾਲਾ ਹੈ। ਇਹ ਵਿਦਵਾਨ ਉਸ ਵੇਲੇ ਦੀ ਉਭਰ ਰਹੀ ਅਤਿਵਾਦ ਦੀ ਲਹਿਰ ਨੂੰ ਅਤਿ-ਪੀੜਤ ਨਿੱਕੀ ਕਿਸਾਨੀ ਦੇ ਸੰਕਟ ਦਾ ਪ੍ਰਗਟਾਵਾ ਸਮਝਦੇ ਸਨ।

ਮੈਨੂੰ ਆਪਣੇ ਨਿਜੀ ਤਜਰਬੇ ਤੋਂ ਸੈਮੀਨਾਰਾਂ ਵਿਚ ਪੇਂਡੂ ਕਿਸਾਨਾਂ ਦੇ ਵਿਕਾਸ ਦੀਆਂ ਗੱਲਾਂ ਅਤੇ ਜਮੀਨੀ ਯਥਾਰਥ ਵਿਚਕਾਰ ਬੜਾ ਭਾਰੀ ਫਰਕ ਲਗਦਾ। ਕਿਸਾਨੀ ਸਫਾਂ ਵਿਚ ਤੀਬਰ ਤਿੱਖੇ ਦਵੰਦ ਸਨ ਜਿਨ੍ਹਾਂ ਕਾਰਨ ਲੱਖ ਜਤਨ ਕਰਨ 'ਤੇ ਵੀ ਇਨ੍ਹਾਂ ਦਾ ਕਲਿਆਣ ਮੁਸ਼ਕਿਲ ਜਾਪਦਾ ਸੀ। ਠੀਕ ਸੀ ਕਿ ਹਰੇ ਇਨਕਲਾਬ ਨਾਲ ਥੱਲੇ ਲੱਗੀ ਨੀਰਸ ਕਿਸਾਨੀ ਨੂੰ ਥੋੜੀ ਢਾਰਸ ਮਿਲੀ ਸੀ ਪਰ ਇਸ ਨਾਲ ਖੇਤੀ ਦੇ ਕਾਰੋਬਾਰ ਵਿਚ ਸ਼ਰਮਾਏਦਾਰੀ ਪੈਦਾ ਨਹੀਂ ਸੀ ਹੋ ਸਕਦੀ। ਸ਼ਰਮਾਏਦਾਰੀ ਦਾ ਮਨੋਰਥ ਤੇ ਆਧਾਰ ਮੁਨਾਫਾ ਹੁੰਦਾ ਹੈ ਤੇ ਇਸ ਮੁਨਾਫੇ ਦੀਆਂ ਅਸੀਮਤ ਸੰਭਾਵਨਾਵਾਂ ਦਾ ਹੋਣਾ ਵੀ ਜਰੂਰੀ ਹੈ। ਪਰ ਕਿਸਾਨੀ ਧੰਦੇ ਵਿਚ ਤਾਂ ਨਾ ਮੁਨਾਫਾ ਸੀ ਤੇ ਨਾ ਮੁਨਾਫੇ ਦੀਆਂ ਅਨੰਤ ਸੰਭਾਵਨਾਵਾਂ। ਸੀਮਤ ਸਰਕਾਰੀ ਕੀਮਤਾਂ, ਵਧਦੇ ਖਰਚਿਆਂ ਤੇ ਪਸਰਦੀ ਜਮੀਨ-ਵੰਡ ਨੇ ਖੇਤੀ ਦੇ ਵਿਕਾਸ ਦਾ ਪਰਨਾਲਾ ਉਥੇ ਦਾ ਉਥੇ ਰੱਖਿਆ ਹੋਇਆ ਸੀ। ਖੁਸ਼ਹਾਲੀ ਦਾ ਜੋ ਅਹਿਸਾਸ ਹੋਣ ਲੱਗਿਆ ਸੀ, ਉਹ ਵਿਕਾਰ ਦੇ ਰਸਤੇ ਪੈ ਰਿਹਾ ਸੀ। ਕੰਮ ਘਟ ਤੇ ਰਾਜਸੀ ਕਾਵਾਂ-ਰੌਲੀ ਵਧ।

ਮੈਂ ਕਈ ਅੰਕੜੇ ਇੱਕਠੇ ਕਰ ਕੇ ਹਰ ਥਾਂ ਇਹੀ ਕਹਿੰਦਾ ਕਿ ਪੰਜਾਬ ਵਿਚ ਕਿਸਾਨੀ ਦਾ ਭਵਿੱਖ ਹਨੇਰਾ ਸੀ ਤੇ ਨਾਲ ਪੰਜਾਬ ਦਾ ਵੀ। ਮੇਰੇ ਇਸ ਸਿੱਟੇ ਦੇ ਕਈ ਹੋਰ ਵੀ ਕਾਰਨ ਸਨ ਜਿਵੇਂ ਵਧਦੀ ਆਬਾਦੀ, ਸਿੱਖਿਆ ਦੀ ਘਾਟ, ਪਿਛੋਕੜ-



ਪ੍ਰਧਾਨ ਰਾਜਨੀਤਕ ਸਮੀਕਰਣ, ਤਿੜਕਦੇ ਪਰਿਵਾਰਕ ਸਬੰਧ ਅਤੇ ਖੁਰਦੀਆਂ ਭਾਈਚਾਰਕ ਸਾਂਝਾਂ ਆਦਿ। ਬਾਅਦ ਵਿਚ ਅਤਿਵਾਦ ਬਨਾਮ ਖਾੜਕੂਵਾਦ ਦੇ ਬਦਲਦੇ ਰੂਪਾਂ ਤੇ ਮੋੜਵੇ ਵਹਾਵਾਂ ਨੇ ਇਹ ਸਿੱਟੇ ਸੱਚ ਸਿੱਧ ਕਰ ਦਿਤੇ। ਅੱਜ ਤਾਂ ਇਨ੍ਹਾਂ ਬਾਰੇ ਕੋਈ ਕਿੰਤੂ ਪ੍ਰੰਤੂ ਵੀ ਨਹੀਂ ਕਰਦਾ।

ਜੀਰੀ ਦੀ ਫਸਲ ਪੱਕੀ ਤੋਂ ਪਿੰਡ ਆਇਆ ਤਾਂ ਅਮਰਾ ਇਕ ਦਿਨ ਕਹਿਣ ਲੱਗਾ, "ਲਾਣੇਦਾਰ ਜੀਰੀ ਆਪਾਂ ਨੈ ਉਸ ਆੜ੍ਹਤੀ ਪਾ ਨੀ ਗੇਰਨੀ ਜਿਥੈ ਨੇਂਹ ਗੇਰਾਂ।"

ਮੈਂ ਕਿਹਾ, "ਹੋਰ ਕਿੱਥੈ ਗੇਰੇਂਗੇ?"

ਉਹ ਬੋਲਿਆ, "ਔਹ ਆੜ੍ਹਤੀ ਇਨ੍ਹਾਂ ਨੂੰ ਜਾਣਾਂ। ਉਸ ਪਾ ਤੇ ਤੋ ਨੇਂਹ ਤੇਰੇ ਪੈਸੇ ਇੱਤਰਾਂ ਏ ਕਢਾ ਕਢਾ ਕੈ ਖਾਈਂ ਜੈਂਗੇ।" 'ਨੇਂਹ' ਤੋਂ ਉਸ ਦਾ ਭਾਵ ਮੇਰਾ ਪਿਤਾ ਤੇ ਭਰਾ ਸਨ।

ਹਾਲੀਆ ਘਟਨਾਵਾਂ ਦੀ ਲੋਅ ਵਿਚ ਮੈਨੂੰ ਉਸ ਦੀ ਗੱਲ ਵਿਚ ਵਜ਼ਨ ਲੱਗਾ। ਮੈਂ ਸੋਚਿਆ ਆਪਣੀ ਜ਼ੀਰੀ ਲਾਗਲੇ ਸ਼ਹਿਰ ਰਾਜਪੁਰੇ ਸੁੱਟਾਂ ਕਿਉਂਕਿ ਉਹ ਇਨ੍ਹਾਂ ਨੂੰ ਉਲਟ ਪਾਸੇ ਪੈਂਦਾ ਹੈ ਤੇ ਮੈਨੂੰ ਚੰਡੀਗੜ੍ਹ ਜਾਂਦਿਆਂ ਰਸਤੇ ਵਿਚ ਆਉਂਦਾ ਹੈ। ਫਸਲ ਚੰਗੀ ਹੋਣ ਦੀ ਉਮੀਦ ਵਿਚ ਮੈਂ ਆਪਣੇ ਖੇਤ ਵਿਚ ਪਾਏ ਕਮਰੇ ਨੂੰ ਪਲਸਤਰ ਕਰਵਾਉਣ ਦਾ ਕੰਮ ਅਰੰਭ ਕਰਵਾ ਕੇ ਬੂਹੇ ਬਾਰੀਆਂ ਲੁਆਉਣ ਲਈ ਵੀ ਰਾਜਪੁਰੇ ਦੇ ਹੀ ਇਕ ਤਰਖਾਣ ਨੂੰ ਸਾਈ ਦੇ ਦਿੱਤੀ। ਜੀਰੀ ਦੀਆਂ ਟਰਾਲੀਆਂ ਮੈਂ ਆਪ ਹੀ ਟਰੈਕਟਰ ਚਲਾ ਕੇ ਰਾਜਪੁਰੇ ਸੁੱਟੀਆਂ। ਵੱਟਤ ਦੀ ਅਦਾਇਗੀ ਲਈ ਆੜ੍ਹਤੀਏ ਨੇ 15-20 ਦਿਨ ਰੁਕਣ ਲਈ ਕਿਹਾ।

ਜੀਰੀ ਸੁੱਟਣ ਪਿੱਛੋਂ ਅਸੀਂ ਤੋਰੀਆ ਬੀਜਣ ਹੀ ਲੱਗੇ ਸਾਂ ਕਿ ਕਮਰੇ ਵਲ ਦੋ ਸਕੂਟਰ ਸਵਾਰ ਆਉਂਦੇ ਦੇਖੇ। ਨੇੜੇ ਆ ਕੇ ਉਨ੍ਹਾਂ ਨੇ ਬਾਹਰ ਖੜ੍ਹੇ ਇਕ ਨਿਆਣੇ ਤੋਂ ਪੁਛਿਆ, "ਪ੍ਰੋਫੈਸਰ ਦਾ ਕੋਠਾ ਇਹੀ ਹੈ?" ਦਰਅਸਲ ਪਿੰਡ ਵਾਲੇ ਮੇਰੇ ਕਮਰੇ ਨੂੰ ਪ੍ਰੋਫੈਸਰ ਦਾ ਕੋਠਾ ਕਹਿ ਕੇ ਹੀ ਸੱਦਦੇ ਸਨ ਤੇ 2013 ਵਿਚ ਇਸ ਦੇ ਢਹਿਣ ਤੀਕ ਉਹ ਇਸ ਦਾ ਇਹੀ ਨਾਂ ਲੈਂਦੇ। ਕਿਉਂਕਿ ਬੰਦੇ ਪਛਾਣ ਵਾਲੇ ਨਹੀਂ ਸਨ, ਇਸ ਲਈ ਮੈਂ ਅਮਰੇ ਨੂੰ ਕਿਹਾ ਕਿ ਜਾ ਕੇ ਪੁੱਛੇ ਕੌਣ ਸਨ। ਉਸ ਨੇ ਆ ਕੇ ਦੱਸਿਆ ਕਿ ਬੈਂਕ ਵਾਲੇ ਸਨ ਤੇ ਮੈਨੂੰ ਮਿਲਣਾ ਚਾਹੁੰਦੇ ਸਨ। ਮੈਂ ਬਾਹਰ ਨਿਕਲ ਕੇ ਮਿਲਿਆ ਤਾਂ ਉਨ੍ਹਾਂ ਵਿਚੋਂ ਇਕ ਬੋਲਿਆ, "ਅਸੀਂ ਲੈਂਡ ਮਾਰਟਗੇਜ਼ ਬੈਂਕ ਪਟਿਆਲੇ ਤੋਂ ਆਏ ਹਾਂ। ਤੁਹਾਡੇ ਟਰੈਕਟਰ ਦੇ ਲੋਨ ਦੀ ਕਿਸ਼ਤ ਦੀ ਰਕਮ ਨਹੀਂ ਪੁਜੀ, ਲੈਣ ਆਏ ਹਾਂ।"

ਮੈਂ ਕਿਹਾ, "ਫਸਲ ਤਾਂ ਆ ਲੈਣ ਦਿਓ, ਕਿਸ਼ਤ ਤਾਂ ਦਿਆਂਗੇ ਹੀ...।"

ਉਹਨੇ ਮੈਨੂੰ ਟੋਕਦਿਆਂ ਕਿਹਾ, "ਜੀਰੀ ਵੱਢ ਨਹੀਂ ਲਈ ਤੁਸੀਂ?" ਇਹ ਕਹਿ ਕੇ ਉਸ ਨੇ ਮੇਰੀ ਜੱਟਕੀ ਅਣਖ ਨੂੰ ਵੰਗਾਰਿਆ। ਮੈਨੂੰ ਬੜਾ ਗੁੱਸਾ ਆਇਆ ਕਿ ਇਹ ਮੇਰੀ ਫਸਲ 'ਤੇ ਅੱਖ ਰੱਖਣ ਵਾਲਾ ਕੌਣ ਹੈ? ਕਰਜੇ ਦੀ ਕਿਸ਼ਤ ਹੀ ਦੇਣੀ ਹੈ, ਫਸਲ ਦਾ ਹਿਸਾਬ ਤਾਂ ਨਹੀਂ ਦੇਣਾ। ਮੈਂ ਔਖਾ ਹੋ ਕੇ ਕਿਹਾ, "ਹਾਂ ਵੱਢ ਲਈ ਐ, ਬੈਂਕ 'ਚ ਸੁੱਟ ਆਉਂਦੇ ਟਰਾਲੀ?"

ਉਹ ਆਵਾਜ਼ ਉਚੀ ਕਰ ਕੇ ਬੋਲਿਆ, "ਸਰਦਾਰ ਜੀ, ਸਾਨੂੰ ਟਰਾਲੀ ਨ੍ਹੀਂ ਚਾਹੀਦੀ, ਸਾਨੂੰ ਤਾਂ ਫਸਲ ਵੱਢਣ ਸਾਰ ਪੈਸੇ ਚਾਹੀਦੇ ਐ। ਤੁਸੀਂ ਜੀਰੀ ਵੱਢ ਲਈ ਹੈ, ਪੈਸੇ ਲਿਆਓ, ਗੱਲ ਖਤਮ।"

ਰੌਲਾ ਸੁਣ ਕੇ ਮੇਰੇ ਕਮਰੇ ਸਾਹਮਣੇ ਸੜਕ 'ਤੇ ਕਈ ਬੰਦੇ ਰੁਕ ਕੇ ਤਮਾਸ਼ਾ ਵੇਖਣ ਲੱਗੇ। ਨੇੜੇ ਦੋ ਘਰ ਸਨ, ਉਨ੍ਹਾਂ ਵਿਚੋਂ ਵੀ ਔਰਤਾਂ-ਬੰਦੇ ਬਾਹਰ ਨਿਕਲ ਆਏ। ਮੈਨੂੰ ਲੱਗਾ, ਬੈਂਕ ਵਾਲਿਆਂ ਨੇ ਪਿੰਡ ਵਿਚ ਮੇਰੀ ਪੱਤਤ ਰੋਲ ਦਿੱਤੀ ਹੈ। ਇਸ ਤਰ੍ਹਾਂ ਜਾਪੇ ਜਿਵੇਂ ਸਭ ਨੂੰ ਪਤਾ ਲੱਗ ਗਿਆ ਹੋਵੇ ਕਿ ਪ੍ਰੋਫੈਸਰ ਵੀ ਸਾਡੇ ਵਾਂਗ ਖਾਲੀ ਲਿਫਾਫਾ ਹੀ ਹੈ। ਇਸ ਕੋਲ ਵੀ ਪੈਸੇ ਨਹੀਂ ਹਨ। ਜੇ ਹੁੰਦੇ ਤਾਂ ਇਨ੍ਹਾਂ ਦੇ ਮੂੰਹ 'ਤੇ ਨਾ ਮਾਰਦਾ, ਬੇਇਜ਼ਤੀ ਕਿਉਂ ਕਰਵਾਉਂਦਾ? ਮੈਨੂੰ ਉਹ ਸਭ ਮੇਰਾ ਤ੍ਰਿਸਕਾਰ ਕਰਦੇ ਨਜ਼ਰ ਆਏ। ਉਨ੍ਹਾਂ ਵਿਚੋਂ ਕੁਝ ਚਿਹਰੇ ਮੇਰੇ 'ਤੇ ਹਸਦੇ ਵੀ ਨਜ਼ਰ ਆਏ। ਮੈਂ ਉਨ੍ਹਾਂ ਬੈਂਕੋਂ ਆਏ ਜਮਦੂਤਾਂ ਨੂੰ ਕੜਕ ਕੇ ਬੋਲਿਆ, "ਸ੍ਰੀ ਮਾਨ ਜੀ ਹਾਲੇ ਸਤੰਬਰ ਚਲ ਰਿਹਾ ਹੈ। ਮੇਰੀ ਕਿਸ਼ਤ ਦਸੰਬਰ ਵਿਚ ਦੇਣੀ ਬਣਦੀ ਐ। ਤੁਸੀਂ ਹੁਣੇ ਤੋਂ ਮੌਜ਼ੇ ਖੋਲ੍ਹੀ ਫਿਰ ਰਹੇ ਹੋ। ਮਿਤੀ ਆਉਣ ਦਿਓ, ਮੈਂ ਆਪੇ ਕਿਸ਼ਤ ਦੇ ਆਵਾਂਗਾ। ਤੁਸੀਂ ਮੁੜ ਇੱਥੇ ਆ ਕੇ ਨ੍ਹੀਂ ਖੜ੍ਹਨਾ।" ਉਹ ਚਲੇ ਤਾਂ ਗਏ ਪਰ ਇਕ ਤਮਾਚਾ ਛੱਡ ਗਏ, "ਜੇ ਤੁਸੀਂ ਆਪੇ ਭਰ ਕੇ ਆ ਜਾਂਦੇ ਤਾਂ ਅਸੀਂ ਇੱਥੇ ਕੀ ਕਰਨ ਆਉਣਾ ਸੀ?"

ਉਨ੍ਹਾਂ ਦੇ ਜਾਣ ਪਿੱਛੋਂ ਮੈਂ ਅਪਮਾਨ ਨਾਲ ਅਧ-ਮਰਿਆ ਜਿਹਾ ਹੋ ਗਿਆ। ਅਮਰਾ ਮੈਨੂੰ ਬਿਚਕਾਰਦਾ ਕਹਿਣ ਲੱਗਾ, "ਲਾਣੇਦਾਰ, ਨੇਂਹ ਤੋ ਸਭ ਕੈ ਇੱਤਰਾਂ ਏਂ ਆਵਾਂ। ਫਸਲ ਬੱਢਣ ਸਾਰ ਏ ਲੱਗ ਜਾਹਾਂ ਜੱਟਾਂ ਗੇ ਪਿੱਛੈ ਗੇੜੇ ਮਾਰਨ। ਦੱਬ ਕੈ ਮਿੱਟੀ ਕੁੱਟਾਂ ਅਗਲੇ ਕੀ। ਖਾਣੇ ਪੀਣੇ ਗਾ ਢਕਵੰਜ ਐ ਇਨ੍ਹਾਂ ਗਾ। ਤੋਂਹ ਪਰੈ ਦਸ ਬੀਹ ਮੱਥੈ ਮਾਰਦਾ ਆਪੇ ਚੁੱਪ ਕਰਕੈ ਚਲੇ ਜਾਣਾ ਤਾ ਇਨ੍ਹਾਂ ਨੈ। ਇੰਨਾ ਗਰਮ ਹੋਣ ਕੀ ਤੋ ਬਾਤੇ ਨੀ ਤੀ।"

ਉਹ ਬੋਲਦਾ ਗਿਆ ਪਰ ਮੈਂ ਆਪਣੇ ਆਪ ਨੂੰ ਫਿਟ ਲਾਹਣਤੀ ਪਾਈ ਤੇ ਉਸ ਦਿਨ ਨੂੰ ਕੋਸਿਆ ਜਦੋਂ ਟਰੈਕਟਰ ਲੈਣ ਲਈ ਹਾਂ ਕੀਤੀ ਸੀ। ਇਸ ਝੰਜਟ ਵਿਚ ਪੈ ਕੇ ਪਹਿਲਾਂ ਮੇਰੇ 'ਤੇ ਕੰਗਾਲੀ ਆਈ ਤੇ ਫਿਰ ਕੰਗਾਲੀ ਦੀ ਭੰਡੀ ਹੋਈ। ਮੈਂ ਇੰਨਾ ਹਰਖਿਆ ਕਿ ਸਾਰਾ ਦਿਨ ਕਿਸੇ ਨਾਲ ਨਾ ਬੋਲਿਆ। ਮੇਰੇ ਜਿੰਨਾ ਸੰਵੇਦਨਸ਼ੀਲ ਕੋਈ ਹੋਰ ਕਿਸਾਨ ਹੁੰਦਾ ਤਾਂ ਫਾਹਾ ਵੀ ਲੈ ਸਕਦਾ ਸੀ। ਪਰ ਫਾਹਿਆਂ ਦਾ ਰਿਵਾਜ਼ ਉਸ ਵੇਲੇ ਤੁਰਿਆ ਨਹੀਂ ਸੀ। ਮੈਂ ਅਮਰੇ ਨੂੰ ਤਾੜਨਾ ਕੀਤੀ ਕਿ ਜੇ ਇਹੋ ਜਿਹੇ ਲਗਾੜੇ ਫਿਰ ਮੇਰੇ ਬਾਬਤ ਪੁੱਛਣ ਤਾਂ ਕਹਿ ਦੇਈਂ, ਉਹ ਇੱਥੇ ਨ੍ਹੀਂ। ਉਹ ਤਾਈਦ ਕਰਦਾ ਬੋਲਿਆ, "ਹਾਂ ਜੀ ਸਾਰੇ ਜੱਟ ਜਿਮੀਂਦਾਰ ਇੱਤਰਾਂ ਏਂ ਕਰਾਂ। ਆਪ ਇੱਧਰ ਉਧਰ ਹੋ ਜਾਹਾਂ, ਘਰ ਗਿਆਂ ਤੇ ਕੁਹਾ ਦੇਹਾਂ ਪਟਿਆਲੈ ਗਿਆ ਬਾ। ਕੋਈ ਸਾਹਮਣੈ ਟੱਕਰ ਜੈ ਫੇਰ ਤੋ ਅਗਲੇ ਗੀ ਦਾਹੜੀ ਨੂੰ ਹੱਥ ਪਾਉਣ ਜਾਹਾਂ ਨੇਂਹ। ਕਈ ਵਾਰ ਤੋ ਪੁਲਸ ਨੂੰ ਗੈਲ ਲਿਆ ਕੈ ਫੜ ਵੀ ਲੇ ਜਾਹਾਂ।"

ਖੈਰ, ਸਟੈਫਿਸਗਰੀਆ-30 ਦੀਆਂ ਉਪਰੋਥਲੀ ਦੋ ਖੁਰਾਕਾਂ ਲੈਣ ਪਿਛੋਂ ਮਨ ਟਿਕਾਣੇ ਆ ਗਿਆ। ਸੋਚਿਆ, ਇਹ ਹੋਮਿਓਪੈਥੀ ਮੇਰੀ ਸਭ ਤੋਂ ਵੱਡੀ ਵਫਾਦਾਰ ਮਿੱਤਰ ਹੈ। ਮੈਂ ਅਮਰੇ ਨੂੰ ਤੋਰੀਆ ਆਪੇ ਬੀਜ ਲੈਣ ਲਈ ਆਖ ਚੰਡੀਗੜ੍ਹ ਨਿਕਲ ਗਿਆ।

*(ਚਲਦਾ)*

# ਬੱਚਿਆਂ ਦੀਆਂ ਬਰਕਤਾਂ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਦੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸੁਹੱਪਣ ਦੀ ਵਿਆਖਿਆ ਕਰਦਿਆਂ ਕਿਹਾ ਸੀ, "ਸੁਹੱਪਣ, ਸਾਦਗੀ ਵਿਚੋਂ ਵੀ ਡੁੱਲ ਡੁੱਲ ਪੈਂਦਾ। ਗਰੀਬੀ ਵਿਚੋਂ ਬਾਹਰ ਨੂੰ ਛਲਕਦਾ। ਲੀਰਾਂ ਵਿਚੋਂ ਵੀ ਪ੍ਰਗਟ ਹੋ ਜਾਂਦਾ।...ਸੁਹੱਪਣ, ਪੀਰਾਂ ਦੇ ਪੈਗਾਮ, ਗੁਰੂਆਂ ਦੇ ਬਚਨਾਂ, ਫੱਕਰਾਂ ਦੀ ਫਕੀਰੀ ਅਤੇ ਸਾਧੂਆਂ ਦੀ ਅਲਮਸਤੀ ਵਿਚੋਂ ਵੀ ਚਾਨਣ-ਕਾਤਰਾਂ ਦੇ ਰੂਪ ਵਿਚ ਪ੍ਰਗਟਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਬੱਚਿਆਂ ਦੇ ਭੋਲੇਪਨ, ਉਨ੍ਹਾਂ ਦੀ ਪਾਕੀਜ਼ ਸੰਗਤ ਅਤੇ ਮਾਪਿਆਂ ਲਈ ਉਨ੍ਹਾਂ ਦੇ ਜਿੰਦ ਜਾਨ ਹੋਣ ਦੀ ਵਾਰਤਾ ਛੇੜੀ ਹੈ। ਬੱਚਿਆਂ ਬਾਰੇ ਜੋ ਕੁਝ ਵੀ ਉਹ ਇਸ ਲੇਖ ਵਿਚ ਲਿਖਦੇ ਹਨ, ਉਨ੍ਹਾਂ ਦੇ ਇਸ ਕਾਵਿ ਵਾਰਤਕ ਬੰਦ ਵਿਚ ਸਮੇਟਿਆ ਜਾ ਸਕਦਾ ਹੈ, "ਬੱਚਾ ਬਹਿ ਬਾਬੇ ਦੀ ਬੁੱਕਲ, ਬਰਕਤਾਂ ਪਾਵੇ ਝੋਲੀ। ਹਰਫਾਂ ਦੇ ਕਿੰਜ ਮੇਚ ਉਹ ਆਵੇ, ਤੋਤਲੀ ਬੋਲਣ ਬੋਲੀ। ਬੱਚੇ ਹੁੰਦੇ ਬੰਦਗੀ ਵਰਗੇ ਤੇ ਚਾਅ ਦਾ ਸੰਦੜਾ ਰਾਗ। ਬੱਚੇ ਚਹਿਕਣ ਤਾਂ ਖਿੜਨ ਬਹਾਰਾਂ, ਮੌਲੇ ਜੀਵਨ-ਬਾਗ। ਬੱਚੇ ਆਲ੍ਹਣੇ ਬੈਠੇ ਬੋਟ, ਚੋਗ ਚੁਗੀਂਦੇ ਗੁਟਕਣ। ਸੰਗ ਸਾਥੀਆਂ ਲੋਟਣੀਆਂ ਲੈਂਦੇ, ਫੁੱਲਾਂ ਜੂਹੇ ਫੁੱਦਕਣ। ਬੱਚੇ ਸਾਗਰ ਦੇ ਸੁੱਚੇ ਮੋਤੀ ਤੇ ਸੁਚਮ ਦਾ ਸੰਗ-ਸਵੇਰਾ।" -ਸੰਪਾਦਕ***

## ਨਿਆਮਤਾਂ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਬੱਚੇ ਕੁਦਰਤ ਦੀ ਸਭ ਤੋਂ ਵੱਡੀ ਨਿਆਮਤ, ਜੋ ਸਾਰੀਆਂ ਨਿਆਮਤਾਂ ਦਾ ਆਧਾਰ। ਕੁਦਰਤ ਦੀ ਵਿਸ਼ਾਲਤਾ ਵਿਚੋਂ ਕੁਝ ਨੂੰ ਨਿਹਾਰਨ ਦਾ ਪਸਾਰ।

ਬੱਚੇ ਆਲੇ-ਦੁਆਲੇ 'ਚ ਫੈਲੀਆਂ ਕਵਿਤਾਵਾਂ ਜਿਨ੍ਹਾਂ 'ਚ ਛੁਪੀ ਹੁੰਦੀ ਖਿਆਲ ਪਰਵਾਜ਼, ਉਪਜਦੀ ਸੰਗੀਤਕ ਆਵਾਜ਼, ਹੁੰਦਾ ਏ ਨਿਰਾਲਾ ਅੰਦਾਜ਼ ਅਤੇ ਹਰ ਹਰਫ ਵਿਚ ਛੁਪਿਆ ਹੁੰਦਾ ਗਹਿਰਾ ਰਾਜ਼। ਕੁਝ ਕਵਿਤਾਵਾਂ ਚੁੱਪ ਨੂੰ ਵਰੇ ਬੋਲ। ਕੁਝ ਬੋਲਾਂ ਵਿਚ ਧਰੀ ਅਗੰਮਤਾ। ਕੁਝ ਆਸ ਦੇ ਹੋਠਾਂ 'ਤੇ ਗੁਣਗਣਾਉਂਦੀ ਧੁਨੀ ਅਤੇ ਕੁਝ ਧੁੰਨੀ ਦੀ ਤਰੰਗ ਵਿਚ ਛਹਿ ਕੇ ਬੈਠੇ ਗਹਿਰੇ ਅਰਥ ਹੁੰਦੀਆਂ।

ਬੱਚੇ ਜੀਵਨ-ਬ੍ਰਿਖ ਦੀਆਂ ਕਰੂੰਬਲਾਂ, ਜੋ ਫੈਲ ਕੇ ਛਾਂ ਵੰਡਣ ਦਾ ਕਰਮ ਨਿਭਾਉਂਦੀਆਂ। ਹਵਾ ਦੇ ਕੰਧਾੜੇ ਚੜ੍ਹ ਪੱਤੇ ਪੈਦਾ ਕਰਦੇ ਬਿਰਖ-ਜੂਹੇ ਸੰਗੀਤਕ ਰੁਮਕਣੀ ਦਾ ਅਹਿਸਾਸ ਅਤੇ ਬਿਰਖਾਂ ਨੂੰ ਮਿਲਦੀ ਬਾਬੇ-ਬਿਰਖ ਦੀ ਪਦਵੀ।

ਬੱਚੇ, ਬਨੇਰੇ 'ਤੇ ਜਗਦੇ ਚਿਰਾਗ, ਜਿਸ ਨੇ ਵਿਹੜੇ ਨੂੰ ਚਾਨਣ ਨਾਲ ਭਰ, ਇਸ ਦੀਆਂ ਚਹੁੰ-ਕੂੰਟਾਂ ਨੂੰ ਪਰਿਵਾਰਕ ਮੋਹ ਦੇ ਨਿੱਘ ਨਾਲ ਵਰਨਾ ਹੁੰਦਾ।

ਬੱਚੇ, ਕਮਰੇ ਵਿਚ ਮਾਰੀਆਂ ਲਕੀਰਾਂ 'ਚ ਅਲਸਾਈ ਪਰਵਾਜ਼ ਦਾ ਨਾਂ, ਜਿਸ ਦੀ ਜੂਹੇ ਬਚਪਨ ਦੀਆਂ ਅਲਮਸਤ ਅਦਾਵਾਂ ਅਤੇ ਬੇਫਿਕਰੀ ਵਿਚ ਛੁਪੀਆਂ ਸੂਆਵਾਂ ਹੁੰਦੀਆਂ। ਬੱਚੇ ਬਾਦਸ਼ਾਹ, ਜੋ ਆਪਣੇ ਕਾਨੂੰਨ ਬਣਾਉਂਦੇ, ਮੰਨਦੇ ਅਤੇ ਮਨਾਉਂਦੇ। ਇਕ ਅਜਿਹੀ ਬਾਦਸ਼ਾਹਤ ਜਿਸ ਦੀ ਯਾਦ ਸਾਰੀ ਉਮਰ ਚਸਕਦੀ ਰਹਿੰਦੀ। ਇਹ



ਅਪੂਰਨ ਤਮੰਨਾ ਆਖਰੀ ਸਾਹਾਂ 'ਤੇ ਵੀ ਉਕਰੀ ਰਹਿੰਦੀ।

ਬੱਚੇ, ਟਾਹਣੀ 'ਤੇ ਲੱਗੀ ਡੋਡੀ, ਜਿਸ 'ਚ ਸਮੋਈ ਹੁੰਦੀ ਸੰਦਲੀ ਸੁਗੰਧ। ਫੁੱਲ ਬਣ ਕੇ ਪੱਤੀਆਂ ਵੰਡਦੇ ਰੰਗਾਂ ਦਾ ਸੰਧਾਰਾ ਅਤੇ ਇਸ ਦੀ ਸੰਗਤ ਮਾਣਨ ਲਈ ਭੌਰੇ ਦੇ ਹਿਰਦੇ ਵਿਚ ਉਠਦਾ ਦਰਦ-ਕੁਆਰਾ। ਪਰ ਫੁੱਲ ਦੁਆਲੇ ਕੰਡਿਆਂ ਦਾ ਪਹਿਰਾ, ਰਾਖੀ ਦਾ ਸਦੀਵ ਵਣਜਾਰਾ। ਘਰ ਦੇ ਚੌਗਿਰਦੇ ਨੂੰ ਲੱਗੇ ਭਾਗ ਅਤੇ ਪਰਿਵਾਰਕ ਬਗੀਚੇ ਨੂੰ ਮਿਲਦਾ ਖਿੜੀ ਫੁੱਲਵਾੜੀ ਦਾ ਨਾਮ।

ਬੱਚੇ, ਸੁਪਨਿਆਂ ਦੀ ਸੁੱਚੀ ਤਸ਼ਬੀਹ। ਮਾਨਵੀ ਸੁਪਨਿਆਂ ਵਿਚ ਘੁਲੇ ਰੰਗਾਂ ਦੀ ਸਤਰੰਗੀ ਜੋ ਮਨ-ਅੰਬਰ 'ਤੇ ਰੰਗਾਂ ਦੀ ਆਬਸ਼ਾਰ ਬਣ, ਜੀਵਨ-ਧਰਾਤਲ 'ਤੇ ਰੰਗਾਂ ਦਾ ਵਣਜ ਕਰਦੀ। ਬੱਚੇ ਅਤੇ ਸੁਪਨਿਆਂ ਦੀ ਸਾਂਝ ਵਿਚੋਂ ਹੀ ਪਰਿਵਾਰ ਤੇ ਸਮਾਜ ਨਵੀਆਂ ਪਹਿਲਾਂ ਤੇ ਪਗਡੰਡੀਆਂ ਨਾਲ ਉਚੇਰੀਆਂ ਬੁਲੰਦੀਆਂ ਸਿਰਜਦੇ।

ਬੱਚੇ, ਇਕ ਮਿਲਣ-ਬਿੰਦੂ ਤੇ ਖਿੱਚ ਦਾ ਕੇਂਦਰ। ਪਰਿਵਾਰਾਂ ਦੀ ਆਪਸੀ ਮੇਲ ਦਾ ਸਬੱਬ। ਮਾਪਿਆਂ ਦੀ ਸਾਂਝੀ ਸਾਹ-ਰਗ। ਬੱਚਿਆਂ ਦੀ ਸਾਂਝ ਵਿਚੋਂ ਹੀ ਉਸਰਦੇ ਅਜਿਹੇ ਸਦੀਵੀ ਸਬੰਧ, ਜਿਨ੍ਹਾਂ ਨੂੰ ਨਿਭਾਉਣ ਵਿਚ ਜੀਵਨ ਬਣਦਾ ਅਕੱਥ-ਕਥਾ।

ਬੱਚੇ ਕੰਧਾਂ ਨੂੰ ਘਰ ਬਣਾਉਂਦੇ, ਦੀਵਾਰਾਂ ਨੂੰ ਕਮਰੇ ਦਾ ਨਾਂ ਮਿਲਦਾ ਅਤੇ ਦੋ ਜੀਆਂ ਨੂੰ ਪਰਿਵਾਰ ਕਹਿ ਕੇ ਨਿਵਾਜਿਆ ਜਾਂਦਾ। ਘਰ ਨੂੰ ਇਕ ਧੜਕਣ ਦਾ ਅਹਿਸਾਸ ਹੁੰਦਾ, ਜਿਸ 'ਚੋਂ ਜ਼ਿੰਦਗੀ ਨੂੰ ਯੁੱਗ-ਜਿਉਣ ਦਾ ਵਰਦਾਨ ਮਿਲਦਾ।

ਬੱਚੇ, ਮਸਤ-ਮਲੰਗੀ ਦੀ ਤਸਵੀਰ, ਫਕੀਰੀ ਦੀ ਤਸ਼ਬੀਹ, ਅਲਮਸਤੀ ਦਾ ਆਲਮ ਅਤੇ ਭੁੱਖ-ਪਿਆਸ ਤੋਂ ਨਿਰਲੇਪ। ਕੋਈ ਫਿਕਰ ਨਹੀਂ ਤਨ ਦੇ ਕੱਜਣ ਦਾ। ਕਿਸੇ ਨਾਲ ਨਹੀਂ ਵੈਰ-ਵਿਰੋਧ। ਹਰ ਚੁੱਲ੍ਹਾ ਹੀ ਆਪਣਾ ਅਤੇ ਹਰ ਔਰਤ ਨੂੰ ਮਾਂ ਕਹਿਣ ਦਾ ਹੱਕ ਤੇ ਮਾਂ ਜਿਹਾ ਦਾਈਆ ਜਤਾਉਣ ਦਾ ਸਰੂਰ।

ਬੱਚੇ, ਓਟੇ 'ਤੇ ਰੋਸ਼ਨੀ ਵੰਡਦਾ ਉਹ ਚਿਰਾਗ, ਜੋ ਨੈਣਾਂ ਵਿਚ ਆਸ ਦੀ ਕਿਰਨ ਧਰਦਾ, ਓਟੇ ਨੂੰ ਘਰ ਦਾ ਸੰਜੀਵ ਰੂਪ ਬਣਾਉਂਦਾ। ਓਟੇ ਦੀਆਂ ਚਿੜੀਆਂ ਨੂੰ ਆਟੇ ਦੀਆਂ ਚਿੜੀਆਂ ਦੀ ਚੋਗ ਚੁਗਾਉਂਦਾ।

ਬੱਚੇ, ਵਕਤ-ਵਰਕੇ 'ਤੇ ਉਕਰੀ ਇਬਾਦਤ, ਜਿਸ ਦੀ ਵਰਣਮਾਲਾ ਵਿਚ ਸਮੋਇਆ ਹੁੰਦਾ ਸਮੇਂ ਦਾ ਰਾਗ-ਰੰਗ। ਵਾਕਾਂ ਵਿਚ ਹੁੰਦਾ ਜੀਵਨ-ਨਿਚੋੜ। ਅਰਥਾਂ ਵਿਚ ਸੋਂਹਦੀ ਸੰਜੀਦਗੀ।

ਬੱਚੇ, ਜੀਵਨੀ ਬਹਾਰਾਂ ਦਾ ਨਿਉਂਦਾ। ਪੱਤਝੜ ਨੂੰ ਆਖਰੀ ਅਲਵਿਦਾ ਕਹਿਣ ਦਾ ਆਲਮ ਅਤੇ ਬਿਰਖ-ਬੂਟਿਆਂ ਨੂੰ ਫੁੱਲਾਂ ਤੇ ਫਲਾਂ ਨਾਲ ਲੱਦੇ ਜਾਣ ਦਾ ਸ਼ਰਫ।

ਬੱਚੇ, ਕੋਮਲਤਾ ਦੀ ਕੂਲ, ਜਿਸ ਦੀ ਛੋਹ ਵਿਚੋਂ ਜੀਵਨੀ ਕੂਲਾਂ ਨੂੰ ਮਿਲਦਾ ਜੀਵਨ-ਦਾਨ। ਕੋਮਲਤਾ, ਜੋ ਕਦੇ ਵੀ ਖੁਰਦਰੇਪਣ ਤੋਂ ਨਹੀਂ ਹਾਰਦੀ। ਅੱਖੜਪੁਣੇ ਨੂੰ ਮਾਤ ਦਿੰਦੀ। ਇਸ ਸਾਹਵੇਂ ਕਠੋਰ ਚਿੱਤ ਵੀ ਤਰਲ ਹੋ ਜਾਂਦਾ। ਜਾਬਰ ਦੇ ਵੀ ਦੰਦ ਜੁੜ ਜਾਂਦੇ ਜਾਂ ਜੋੜ ਦਿੱਤੇ ਜਾਂਦੇ ਜਿਵੇਂ ਛੋਟੇ ਸਾਹਿਬਜ਼ਾਦਿਆਂ ਨੇ ਸਰਹਿੰਦ ਦੇ ਨਜਾਬ ਵਜੀਰ ਖਾਨ ਨੂੰ ਅਵਾਕ ਕੀਤਾ ਸੀ।

ਬੱਚੇ ਮਾਸੂਮੀਅਤ ਦਾ ਕਲ-ਕਲ ਵਗਦਾ ਝਰਨਾ, ਜਿਸ ਦੀ ਝਰਨਾਹਟ ਵਿਚ ਸ਼ਫਾਫਤ। ਤਾਸੀਰ ਵਿਚ ਪਾਕੀਜ਼ਗੀ। ਮਾਸੂਮੀਅਤ ਇਕ ਅਜਿਹੀ ਸੁਪਨ ਨਗਰੀ ਜਿਸ ਵਿਚ ਮਲੂਕ ਅਤੇ ਮਾਸੂਮ ਦਿਨਾਂ ਨੂੰ ਅੰਬਰੀ ਉਡਾਣ ਨਸੀਬ ਹੁੰਦੀ।

ਬੱਚੇ, ਪੀੜ੍ਹੀਆਂ ਵਿਚ ਮਿਲਾਪ ਦਾ ਸਬੱਬ, ਸੋਚ-ਧਾਰਨਾ ਨੂੰ ਉਲਥਾਉਣ ਤੇ ਨਵਿਆਉਣ ਦਾ ਕਾਰਜ ਅਤੇ ਬਦਲ ਰਹੇ ਸਮਾਜਕ ਸਰੋਕਾਰਾਂ ਨੂੰ ਸਮੇਂ ਦਾ ਹਾਣੀ ਬਣਾਉਣ ਦਾ ਕਰਮ ਤੇ ਇਸ ਸੁਕਰਮ 'ਚੋਂ ਡੁੱਲ੍ਹ ਡੁੱਲ੍ਹ ਪੈਂਦਾ ਬਚਪਨੀ ਧਰਮ।

ਬੱਚੇ ਮਾਪਿਆਂ ਤੋਂ ਵੱਧ ਸਿਆਣੇ। ਬਜ਼ੁਰਗਾਂ ਤੋਂ ਬਿਹਤਰ ਸਮੇਂ ਦੀ ਚਾਲ, ਢਾਲ ਅਤੇ ਹਾਲ ਨੂੰ ਸਮਝਣ ਤੇ ਢਾਲਣ ਦੇ ਸਮਰੱਥ। ਅਸੀਮ ਸਮਰੱਥਾ ਦੇ ਮਾਲਕ ਇਹ ਬੱਚੇ ਨਵੀਆਂ ਪ੍ਰਾਪਤੀਆਂ ਅਤੇ ਸਿਰਲੇਖਾਂ ਦਾ ਨਾਮ।

ਬੱਚੇ ਨੂੰ ਬੱਚਾ ਨਾ ਸਮਝਣਾ। ਕਈ ਵਾਰ ਉਹ ਸਿਆਣਪ ਵਿਚ ਬਾਪ ਦੇ ਵੀ ਬਾਪ ਹੁੰਦੇ। ਨਵੀਂ ਤਕਨਾਲੋਜੀ ਤੇ ਨਵੇਂ ਗਿਆਨ ਨੂੰ ਖੋਜਣ ਅਤੇ ਅਪਨਾਉਣ ਵਾਲੇ ਬੱਚਿਆਂ ਦੀ ਤੇਜ-ਤਰਾਰੀ ਕਈ ਵਾਰ ਸਿਆਣਿਆਂ ਨੂੰ ਅਵਾਕ ਕਰ ਜਾਂਦੀ। 'ਕੇਰਾਂ ਬੱਚਾ ਕਹਿਣ ਲੱਗਾ ਕਿ ਮੈਂ ਆਈਵੀ ਸਕੂਲ ਵਿਚ ਜਾਣਾ ਹੈ। ਮਾਪੇ ਆਈ ਵੀ ਦੇ ਅਰਥਾਂ ਨੂੰ ਖੋਜਣ ਲਈ ਗੂਗਲ 'ਚ ਗਵਾਚ ਗਏ ਤਾਂ ਬੱਚੇ ਨੇ ਪੋਲਾ ਜਿਹਾ ਮੂੰਹ ਬਣਾ ਕੇ ਕਿਹਾ, ਆਈਵੀ ਦਾ ਮਤਲਬ ਚਾਰ ਹੁੰਦਾ ਕਿਉਂਕਿ ਰੋਮਨ ਵਿਚ ਚਾਰ ਨੂੰ ਅੰਗਰੇਜ਼ੀ ਦੇ ਅੱਖਰਾਂ 'ਆਈ' ਅਤੇ 'ਵੀ' ਨਾਲ ਲਿਖਿਆ ਜਾਂਦਾ। ਦਰਅਸਲ ਸਭ ਤੋਂ ਪਹਿਲਾਂ ਅਮਰੀਕਾ ਵਿਚ ਉਚ ਕੋਟੀ ਦੇ ਚਾਰ ਸਕੂਲ ਮੰਨੇ ਜਾਂਦੇ ਸਨ, ਜਿਨ੍ਹਾਂ ਨੂੰ ਆਈਵੀ ਦਾ ਨਾਂ ਦਿੱਤਾ ਗਿਆ ਸੀ ਜਦ ਕਿ ਹੁਣ ਤਾਂ ਅਜਿਹੇ ਸਕੂਲਾਂ ਦੀ ਗਿਣਤੀ ਕਿਤੇ ਵੱਧ ਹੈ। ਇਹ ਸੁਣ ਕੇ ਬੱਚੀ ਦੀ ਬੁੱਧੀ ਦੇ ਸਦਕੇ ਜਾਣ ਨੂੰ ਮਨ ਕੀਤਾ ਕਿ ਬੱਚੇ ਹਰ ਗੱਲ ਦੀ ਤਹਿ ਤੱਕ ਕਿਵੇਂ ਜਾਂਦੇ ਨੇ?

ਬੱਚੇ ਦੀ ਲੇਰ ਸੁਣ ਬੇਹੋਸ਼ ਹੋ ਜਾਂਦੀ ਮਮਤਾ। ਹੂੰਗਰ ਵਿਚ ਮਾਂ ਦਾ ਸੀਨਾ ਫੱਟਦਾ ਅਤੇ ਇਸ ਦੀ ਚਸਕ ਵਿਚ ਤਿੜਕ ਜਾਂਦੀ ਜੀਵਨੀ ਸ਼ਤੀਰ ਦੀ ਕੜੀ। ਬੱਚਾ ਮਾਪਿਆਂ ਲਈ ਸਭ ਕੁਝ। ਆਪਾ ਵਾਰ ਕੇ ਬੱਚੇ ਲਈ ਖੁਸ਼ੀਆਂ ਜੁਟਾਉਣ ਵਾਲੇ ਮਾਪਿਆਂ ਦਾ ਜਹਾਨ ਲੁੱਟ ਜਾਂਦਾ ਜਦ ਬੱਚੇ ਅੱਖਾਂ ਤੋਂ ਦੂਰ ਹੁੰਦੇ।

ਬੱਚਿਆਂ ਦੇ ਮੋਹ ਦੀ ਕੇਹੀ ਦਾਸਤਾਨ ਏ ਕਿ ਬੱਚਿਆਂ ਵਲੋਂ ਵਿਸਾਰੇ ਮਾਪੇ, ਪਰਵਾਸੀ ਬੱਚਿਆਂ ਨੂੰ ਉਡੀਕਦੇ ਘਰ ਦੀਆਂ ਸਰਦਲਾਂ ਨੂੰ ਮੱਕਾ ਸਮਝ ਪੂਜਦੇ। ਸ਼ਾਇਦ ਉਨ੍ਹਾਂ ਦੀ ਅਰਦਾਸ ਰਾਹੀਂ ਇਨ੍ਹਾਂ ਸਰਦਲਾਂ ਨੂੰ ਵੀ ਭਾਗ ਲੱਗ ਜਾਣ ਅਤੇ ਉਨ੍ਹਾਂ ਦੇ ਬੱਚੇ ਬਜ਼ੁਰਗੀ-ਬੁੱਕਲ ਦਾ ਨਿੱਘ ਬਣਨ।

ਬੱਚਾ ਜਦ ਸੀਰੀਆ ਵਿਚ ਮਾਪਿਆਂ ਦੀਆਂ ਲੋਥਾਂ ਵਿਚਾਲੇ ਰੋ ਰੋ ਕੇ ਇਨਸਾਨੀ ਜੁਲਮ ਨੂੰ ਲਾਹਨਤਾਂ ਪਾਉਂਦਾ, ਆਖਰ ਹਿਚਕੀਆਂ 'ਚ ਜੀਵਨ ਨੂੰ ਅਲਵਿਦਾ ਕਹਿ ਜਾਂਦਾ ਤਾਂ ਮਨੁੱਖਤਾ ਦੀ ਅੱਖ ਵਿਚ ਆਏ ਹੰਝੂ ਵੀ ਉਸ ਬੱਚੇ ਲਈ ਸ਼ਰਧਾਂਜਲੀ ਨਹੀਂ ਬਣ ਸਕਦੇ। ਕਦੇ ਉਸ ਬੱਚੇ ਨੂੰ ਕਿਆਸਣਾ ਜੋ ਮਛੋਰਾਂ-ਹਾਰ ਮਾਂ-ਪਿਉ ਅਤੇ ਭੈਣ-ਭਰਾਵਾਂ ਤੋਂ ਵਿਰਵੀ ਜਾਨ ਨੂੰ ਜੀਵਨ ਆਖਣ ਲਈ ਲਾਚਾਰ ਹੋ ਜਾਵੇ ਅਤੇ ਸਾਹਾਂ ਨੂੰ ਸਿਸਕੀਆਂ ਨਾਲ ਸਿਉਣ ਦੀ ਸਜ਼ਾ ਮਿਲੀ ਹੋਵੇ।

ਬੱਚੇ ਦਾ ਖੁਸਿਆ ਬਚਪਨ, ਬੱਚੇ ਲਈ ਸਭ ਤੋਂ ਵੱਡਾ ਸਰਾਪ। ਜਦ ਕੋਈ ਬੱਚਾ ਬਸਤੇ ਦੀ ਥਾਂ ਲਫਾਫੇ 'ਕੱਠੇ ਕਰਨ ਲਈ ਗਲ ਵਿਚ ਬੋਰੀ ਪਾਉਂਦਾ, ਭੁੱਖੇ ਪੇਟ ਲਈ ਕਿਸੇ ਅੱਗੇ ਹੱਥ ਅੱਡਦਾ ਜਾਂ ਖੇਡਣ-ਮੱਲਣ ਦੀ ਉਮਰੇ ਕਿਸੇ ਢਾਬੇ ਜਾਂ ਘਰ 'ਚ ਛੋਟੂ ਬਣ ਕੇ ਝਿੜਕਾਂ ਪਚਾਉਣ ਲੱਗ ਪਵੇ ਤਾਂ ਉਸ ਦੀ ਤਿੜਕ ਕੇ ਕਚੂਮਰ ਹੋਈ ਮਾਨਸਿਕਤਾ ਨੂੰ ਕਿਸ ਨਾਲ ਤਸ਼ਬੀਹ ਦੇਵੋਗੇ ਅਤੇ ਕੌਣ ਮੋੜ ਕੇ ਲਿਆਵੇਗਾ ਉਸ ਦੀਆਂ ਬਚਪਨੀ ਖੁਸ਼ੀਆਂ, ਜੋ ਰੁੱਸ ਕੇ ਪਤਾ ਨਹੀਂ ਕਿਧਰ ਚਲੇ ਗਈਆਂ!



ਬੱਚਿਆਂ ਦੀ ਸ਼ਰਾਰਤ ਵਿਚ ਛੁਪਿਆ ਹੁੰਦਾ ਭੋਲਾਪਣ। ਤੋਤਲੇ ਬੋਲਾਂ ਵਿਚ ਮਹਿਕਦੀ ਏ ਉਸ ਦੀ ਸੋਚ ਵਿਚਲੀ ਪਾਕੀਜ਼ਗੀ, ਸਪੱਸ਼ਟਤਾ ਅਤੇ ਸ਼ਫਾਫਤ ਅਤੇ ਹਰ ਗੱਲ 'ਚ ਗੁਟਕਦੀ ਏ ਗੁਣਵੰਤੀ ਮੁਹਾਰ।

ਬੱਚਾ ਇਕ ਸਾਫ ਸਲੇਟ, ਕੋਰੀ ਫੱਟੀ। ਇਸ 'ਤੇ ਤੁਸੀਂ ਕਿਸ ਤਰ੍ਹਾਂ ਦੇ ਪੂਰਨੇ ਪਾਉਂਦੇ ਹੋ, ਇਸ 'ਤੇ ਨਿਰਭਰ ਕਰਦਾ ਏ ਉਘੜਨ ਵਾਲੀ ਇਬਾਰਤ ਦੇ ਨਕਸ਼। ਇਨ੍ਹਾਂ ਨਕਸ਼ਾਂ 'ਚੋਂ ਝਲਕਦਾ ਸਾਖਸ਼ੀ ਬਿੰਬ।

ਬੱਚੇ ਨੂੰ ਸੰਪੂਰਨ ਤੇ ਮਜਬੂਤ ਇਨਸਾਨ ਬਣਾਉਣਾ ਸਭ ਤੋਂ ਆਸਾਨ ਅਤੇ ਸੰਭਵ ਜਦ ਕਿ ਤਿੜਕੇ ਮਨੁੱਖ ਦੀ ਵਿਸੰਗਤੀ ਨੂੰ ਸੁਧਾਰਨਾ ਬਹੁਤ ਹੀ ਕਠਿਨ।

ਬੱਚੇ, ਆਸ ਦੀ ਪੂਰਤੀ, ਵਰਤਮਾਨ ਦਾ ਗਹਿਣਾ, ਭਵਿੱਖ ਦਾ ਸੁੱਚਾ ਸੁਪਨਾ ਅਤੇ ਆਉਣ ਵਾਲੇ ਸਮਿਆਂ ਦਾ ਸੁੱਚਾ ਤੇ ਮਾਣਮੱਤਾ ਇਤਿਹਾਸ।

ਬੱਚੇ, ਥੋੜੇ ਵਿਚੋਂ ਬਹੁਲਤਾ ਨੂੰ ਮਾਣਨ ਦਾ ਗੁਰ, ਨਿੱਕੀ ਜਿਹੀ ਬਾਤ ਦੀ ਤਹਿ ਵਿਚ ਜਾਣ ਦਾ ਹੁਨਰ ਅਤੇ ਬਚਗਾਨੇ ਫੁਰਮਾਨਾਂ ਰਾਹੀਂ ਬਾਦਸ਼ਾਹੀ ਸਹੂਲਤਾਂ ਦੀ ਸਿਰਜਣਾ ਅਤੇ ਇਲਹਾਮੀ ਪਲਾਂ ਨੂੰ ਮਾਣਨ ਦਾ ਸ਼ਰਫ।

ਬੱਚਾ ਬਹਿ ਬਾਬੇ ਦੀ ਬੁੱਕਲ, ਬਰਕਤਾਂ ਪਾਵੇ ਝੋਲੀ। ਹਰਫਾਂ ਦੇ ਕਿੰਜ ਮੇਚ ਉਹ ਆਵੇ, ਤੋਤਲੀ ਬੋਲਣ ਬੋਲੀ। ਬੱਚੇ ਹੁੰਦੇ ਬੰਦਗੀ ਵਰਗੇ ਤੇ ਚਾਅ ਦਾ ਸੰਦੜਾ ਰਾਗ। ਬੱਚੇ ਚਹਿਕਣ ਤਾਂ ਖਿੜਨ ਬਹਾਰਾਂ, ਮੌਲੇ ਜੀਵਨ-ਬਾਗ। ਬੱਚੇ ਆਲ੍ਹਣੇ ਬੈਠੇ ਬੋਟ, ਚੋਗ ਚੁਗੀਂਦੇ ਗੁਟਕਣ। ਸੰਗ ਸਾਥੀਆਂ ਲੋਟਣੀਆਂ ਲੈਂਦੇ, ਫੁੱਲਾਂ ਜੂਹੇ ਫੁੱਦਕਣ। ਬੱਚੇ ਸਾਗਰ ਦੇ ਸੁੱਚੇ ਮੋਤੀ ਤੇ ਸੁਚਮ ਦਾ ਸੰਗ-ਸਵੇਰਾ। ਵਾਂਗ ਤਰੇਲ ਦੇ ਪਾਈ ਫਿਰਦੇ, ਸਤਰੰਗਾਂ ਦਾ ਘੇਰਾ। ਬੱਚੇ ਹੁੰਦੇ ਫੁਲਕਾਰੀ 'ਤੇ, ਪੱਟ ਦੀ ਕੱਢੀ ਕਢਾਈ। ਚਾਰ ਚੁਫੇਰੇ ਜਾਂ ਖਿੜਦੀਆਂ ਮਹਿਕਾਂ, ਤਾਂ ਹੁੰਦੀ ਪੀੜ ਪਰਾਈ। ਬੱਚੇ ਮਾਂ ਦੀ ਗੋਦ ਦਾ ਨਿੱਘ ਤੇ ਪਿਉ ਦੇ ਮੋਢੇ ਪਰਨਾ। ਪਿਆਰ ਮੁਹੱਬਤ ਤੇ ਲਾਡ-ਲਡਿੱਕੇ ਦਾ, ਚਾਅ-ਹਰਜ਼ਾਨਾ ਭਰਨਾ।

ਬੱਚਿਆਂ ਨੂੰ ਆਪਣਾ ਅੱਜ ਦੇਣ ਵਾਲੇ ਮਾਪੇ ਧੰਨ ਅਤੇ ਧੰਨ ਹੈ, ਉਨ੍ਹਾਂ ਦੀ ਕੀਰਤੀ। ਇਸ ਵਿਚੋਂ ਪਨਪਦਾ ਬੱਚਿਆਂ ਦਾ ਸੁੰਦਰ ਭਵਿੱਖ। ਬੱਚਿਆਂ ਨੂੰ ਪੈਸਾ ਨਹੀਂ, ਸਮਾਂ ਦਿਓ। ਪੈਸਾ ਤਾਂ ਉਹ ਵੱਡੇ ਹੋ ਕੇ ਆਪ ਵੀ ਬਹੁਤ ਕਮਾ ਲੈਣਗੇ। ਸਮਾਂ ਬੀਤਣ ਤੋਂ ਬਾਅਦ ਤੁਹਾਡੇ ਕੋਲ ਸਮਾਂ ਹੋ ਸਕਦਾ ਏ, ਪਰ ਬੱਚਿਆਂ ਕੋਲ ਸਮਾਂ ਨਹੀਂ ਹੋਵੇਗਾ ਤੁਹਾਡੇ ਕੋਲ ਬੈਠਣ ਦਾ। ਬੱਚਿਆਂ ਦੀ ਸਾਂਝ ਤੇ ਸੰਗਤ ਦਾ ਸਭ ਤੋਂ ਵੱਧ ਲਾਹਾ ਲੈਣ ਵਾਲੇ ਹੀ ਮਾਪੇ ਹੋਣ ਦਾ ਫਰਜ਼ ਅਦਾ ਕਰਦੇ। ਵੱਡੇ ਘਰਾਂ ਵਿਚ ਬੱਚਿਆਂ ਲਈ ਘਰ ਵਿਚਲੀ ਆਂਟੀ ਹੀ ਸਭ ਕੁਝ ਹੁੰਦੀ।

ਬੱਚਿਆਂ ਪ੍ਰਤੀ ਕੋਤਾਹੀ ਵਿਚੋਂ ਪੈਦਾ ਹੁੰਦਾ ਸਮਾਜਕ ਵਿਗਾੜ, ਸ਼ਖਸੀਅਤ ਦੀ ਭੈੜੀ ਵਾਦੀ ਅਤੇ ਪਰਿਵਾਰਕ ਮੁਹਾਂਦਰੇ 'ਤੇ ਘੋਰ ਨਿਰਾਸ਼ਾ ਤੇ ਉਦਾਸੀ ਦੀ ਪਰਤ। ਬੱਚੇ ਖੁਸ਼ੀਆਂ ਦਾ ਖਜਾਨਾ, ਉਸਾਰਦੇ ਨੇ ਯਾਦਾਂ ਦਾ ਸਰਮਾਇਆ ਅਤੇ ਬਣਾਉਂਦੇ ਨੇ ਮਜਬੂਤ ਰਿਸ਼ਤਿਆਂ ਦਾ ਆਧਾਰ। ਯਾਦ ਰੱਖਣਾ! ਯਾਦਾਂ ਤੇ ਰਿਸ਼ਤੇ ਹੀ ਤਾਅ ਉਮਰ ਨਿਭਦੇ ਨੇ ਸਾਡੇ ਨਾਲ।

ਬੱਚਿਆਂ ਨੂੰ ਵਧੀਆ ਮਨੁੱਖ ਬਣਨ ਲਈ ਉਤਸ਼ਾਹਿਤ ਕਰੋ। ਚੰਗੇਰਾ ਪੜ੍ਹਨ ਲਈ ਪ੍ਰੇਰੋ। ਕੁਦਰਤ ਸੰਗਤ ਇਕਸੁਰਤਾ ਅਤੇ ਇਕਸਾਰਤਾ ਪੈਦਾ ਕਰਨ ਲਈ ਫੁੱਲ ਬੂਟਿਆਂ ਅਤੇ ਕੁਦਰਤੀ ਜੀਵ-ਜੰਤੂਆਂ ਨਾਲ ਪਿਆਰ ਕਰਨਾ ਸਿਖਾਓ। ਬੱਚੇ ਹਰ ਜੀਵ ਲਈ ਦਿਲ ਦੇ ਸਭ ਤੋਂ ਕਰੀਬ, ਪਿਆਰ ਦਾ ਸਿਖਰ। ਕਦੇ ਪਰਿੰਦਿਆਂ ਜਾਂ ਜਾਨਵਰਾਂ ਨੂੰ ਆਪਣੇ ਬੱਚਿਆਂ ਨੂੰ ਲਵੇ ਲਾਉਂਦੇ ਅਤੇ ਉਨ੍ਹਾਂ ਨੂੰ ਸਿਖਾਉਂਦੇ ਦੇਖਣਾ, ਮਨੁੱਖੀ ਸੋਚ ਸਰਸ਼ਾਰ ਜਰੂਰ ਹੋਵੇਗੀ।

ਬੱਚਿਆਂ ਦਾ ਮਾਪਿਆਂ 'ਤੇ ਦਾਈਆ। ਇਕ ਅਪਣੱਤ ਭਿੱਜਿਆ ਹੁਕਮ-ਹਕੂਕ। ਅਦਬ ਨਾਲ ਗੜੁੱਚ ਹੱਕ। ਤਾਹੀਉਂ ਤਾਂ ਮਾਂ ਦੀ ਅਣਹੋਂਦ ਵਿਚ ਚੀਸ ਨੂੰ ਹਿੱਕ 'ਚ ਦਬਾਈ, ਸੁਬਕ ਜਿਹੀ ਬੇਟੀ ਦੀ ਕੂਕ ਨੂੰ ਹਰਫਾਂ ਦੇ ਨਾਮ ਕਰ, ਸੈਫ-ਉਲ-ਮਲੂਕ ਕਹਿੰਦਾ ਏ:

"ਸਈਆਂ ਨਾਲ ਮੈਂ ਖੇਡਣ ਗਈ ਆਂ ਤੇ ਟੁੱਟ ਗਈਆਂ ਨੇ ਵੰਗਾਂ।
ਮਾਂ ਹੁੰਦੀ ਤਾਂ ਹੋਰ ਚੜ੍ਹਾਉਂਦੀ, ਤੇ ਪਿਓ ਤੋਂ ਮੰਗਦੀ ਸੰਗਾਂ।"

ਬੱਚੇ, ਮਾਪਿਆਂ ਦੀਆਂ ਪੈੜਾਂ ਵਿਚ ਪੈਰ ਧਰ ਨਵੀਆਂ ਪੈੜਾਂ ਸਿਰਜਣ ਦੇ ਸਿਪਾਹ-ਸਾਲਾਰ। ਸਰਵਣ ਪੁੱਤ ਬਣ ਮਾਪਿਆਂ ਲਈ ਵਹਿੰਗੀ ਹੁੰਦੇ ਅਤੇ ਮਾਪਿਆਂ ਦੇ ਆਖਰੀ ਸਫਰ ਲਈ ਮੋਢਾ ਵੀ।

ਬੱਚਾ ਜਦ ਬੇਵਕਤ ਤੁਰ ਜਾਂਦਾ ਤਾਂ ਮਾਪਿਆਂ ਦੇ ਮੱਥੇ 'ਤੇ ਹੋਣੀ ਉਕਰੀ ਜਾਂਦੀ। ਉਨ੍ਹਾਂ ਦੀਆਂ ਖੁਸ਼ੀਆਂ ਸਿਉਂਕੀਆਂ ਜਾਂਦੀਆਂ ਅਤੇ ਉਨ੍ਹਾਂ ਦੇ ਚਾਵਾਂ ਨੂੰ ਘੁਣ ਲੱਗਦਾ। ਬੜਾ ਔਖਾ ਹੁੰਦਾ ਬੱਚੇ ਦੀ ਅਰਥੀ ਨੂੰ ਮੋਢਾ ਦੇਣਾ। ਬੱਚੇ ਜਿਉਂਦੇ ਰਹਿਣ ਅਤੇ ਯੁੱਗ ਵਸਦੀਆਂ ਰਹਿਣ ਬੱਚਿਆਂ ਸੰਗ ਜਿਉਂਦੀਆਂ ਆਸਾਂ, ਯੁਗ ਯੁਗ ਜਿਉਣ ਦੀਆਂ ਦੁਆਵਾਂ ਅਤੇ ਬੱਚਿਆਂ ਦੇ ਮਨਾਂ ਵਿਚ ਪੈਦਾ ਹੁੰਦੀਆਂ ਆਪਣਿਆਂ ਪ੍ਰਤੀ ਵਫਾਵਾਂ।

ਬੱਚੇ ਨਵੇਂ ਧਰਾਤਲ ਦੀ ਨਿਸ਼ਾਨਦੇਹੀ ਕਰਨ, ਨਵੀਆਂ ਮੰਜ਼ਲਾਂ ਸਰ ਕਰਨ, ਨਵੀਆਂ ਸੋਚਾਂ, ਸਰੋਕਾਰਾਂ ਅਤੇ ਸਿਰਜਣਾਤਮਿਕਤਾ ਨੂੰ ਜੀਵਨ-ਸਾਧਨਾ ਬਣਾਉਣ ਤਾਂ ਜੀਵਨੀ ਸਾਰਥਕਤਾ ਨਵੀਂ ਪਛਾਣ ਮਿਲਦੀ।

ਬੱਚੇ ਦੇ ਰੂਪ ਵਿਚ ਮਾਣੀ ਬਾਦਸ਼ਾਹਤ ਅਤੇ ਇਸ ਦੀ ਲੱਜ਼ਤ ਜਦ ਮਨ-ਬੀਹੀ ਵਿਚੋਂ ਝਾਕਦੀ ਤਾਂ ਹਰਫਾਂ ਦੇ ਪਿੰਡੇ 'ਤੇ ਅਹਿਸਾਸਾਂ ਨੂੰ ਖੁਣ, ਤੜਫ ਉਠਦੀ:

ਕਦੇ ਅਸੀਂ ਵੀ ਬਾਦਸ਼ਾਹ ਸਾਂ
ਬਰਸਾਤਾਂ ਦੇ ਦਿਨੀਂ
ਵਿਹੜੇ ਦੀ ਛੱਪੜੀ 'ਚ
ਸਾਡੇ ਸਮੁੰਦਰੀ ਬੇੜੇ ਚਲਦੇ ਸਨ
ਸਾਡਾ 'ਵਾਈ ਜਹਾਜ
ਇਕ ਬਨੇਰੇ ਤੋਂ ਦੂਸਰੇ ਬਨੇਰੇ ਤੀਕ
ਪਲ ਭਰ 'ਚ ਉਡਾਣ ਭਰ ਲੈਂਦਾ ਸੀ
ਹਵੇਲੀ 'ਚ ਖੇਡਦਿਆਂ
ਸਾਡੇ ਗੱਡੇ ਦੀ ਸਰਦਾਰੀ ਹੁੰਦੀ ਸੀ
ਅਤੇ ਨੁੱਕਰ ਦੀ ਕਿਆਰੀ 'ਚ
ਲੱਕੜ ਦਾ ਟਰੈਕਟਰ ਧੂੜਾਂ ਪੁੱਟਦਾ ਸੀ
ਸੁਪਨਈ ਸਹੂਲਤਾਂ ਵਾਲੇ ਖਿਆਲੀ ਘਰਾਂ 'ਚ
ਸਾਡੀ ਹਕੂਮਤ ਚਲਦੀ ਸੀ
ਆਪਣੀ ਨੀਂਦਰੇ ਸੌਣ
ਅਤੇ ਜਾਗਣ ਦਾ ਹੱਕ ਸੀ।

*(ਬਾਕੀ ਅਗਲੇ ਸਫੇ 'ਤੇ)*

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਨੀਂਹ ਦੀ ਬੁਨਿਆਦ

ਕਿਸੇ ਇਮਾਰਤ ਦੀਆਂ ਕੰਧਾਂ ਧਰਾਤਲ ਤੋਂ ਕੁਝ ਹੇਠੋਂ ਬਣਾਉਣੀਆਂ ਸ਼ੁਰੂ ਕੀਤੀਆਂ ਜਾਂਦੀਆਂ ਹਨ। ਬਣਾਈ ਜਾ ਰਹੀ ਕੰਧ ਦੇ ਹੇਠਾਂ ਕੁਝ ਫੁੱਟ ਡੂੰਘਾ ਟੋਇਆ ਪੁਟਿਆ ਜਾਂਦਾ ਹੈ। ਫਿਰ ਰੋੜੀ, ਪੱਥਰ ਆਦਿ ਵਿਛਾ ਕੇ ਇਸ ਦੀ ਦੁਰਮਟ ਨਾਲ ਖੂਬ ਦੁਰਬੁੜੀ ਚਾੜ੍ਹੀ ਜਾਂਦੀ ਹੈ। ਕੰਧ ਦੀ ਚਿਣਾਈ ਇਸ ਮਜ਼ਬੂਤ ਆਧਾਰ 'ਤੇ ਹੀ ਕੀਤੀ ਜਾਂਦੀ ਹੈ। ਧਰਤੀ ਦੇ ਪੱਧਰ ਤੱਕ ਇਸ ਤਰ੍ਹਾਂ ਕੀਤੀ ਉਸਾਰੀ ਨੂੰ ਨੀਂਹ ਕਿਹਾ ਜਾਂਦਾ ਹੈ।

ਨੀਂਹ ਸ਼ਬਦ ਦੇ ਹੋਰ ਉਪਭਾਸ਼ਾਈ ਰੁਪਾਂਤਰ ਹਨ: ਨੀਵ, ਨਿਉਂ, ਨੇਂਅ। ਪੰਜਾਬੀ ਵਿਚ ਇਸ ਢਾਂਚੇ ਲਈ ਵਰਤੇ ਜਾਂਦੇ ਹੋਰ ਸ਼ਬਦ 'ਬੁਨਿਆਦ' ਦੀ ਚਰਚਾ ਅਸੀਂ ਬਹੁਤ ਪਹਿਲਾਂ ਕਰ ਆਏ ਹਾਂ ਪਰ ਪੰਜਾਬੀਆਂ ਵਿਚ ਆਮ ਬੋਲਿਆ ਜਾਂਦਾ ਸ਼ਬਦ ਨੀਂਹ ਜਾਂ ਇਸ ਦੇ ਰੁਪਾਂਤਰ ਹੀ ਹਨ। ਨੀਂਹ ਦਾ ਮਕਸਦ ਉਪਰ ਉਸਾਰੀ ਕੰਧ ਦਾ ਥੱਲਾ ਮਜ਼ਬੂਤ ਕਰਨਾ ਹੈ ਕਿਉਂਕਿ ਉਪਰਲੀ ਉਸਾਰੀ ਕਈ ਕਾਰਨਾਂ ਕਰਕੇ ਖਿਸਕਣ ਜਾਂ ਧਸਣ ਕਾਰਨ ਕਿਸੇ ਵੇਲੇ ਵੀ ਡਿਗ ਸਕਦੀ ਹੈ। ਨੀਂਹ ਪੂਰੀ ਇਮਾਰਤ ਦਾ ਬੋਝ ਆਪਣੇ ਉਪਰ ਝਲਦੀ ਹੈ। ਇਹ ਵੱਖਰੀ ਗੱਲ ਹੈ ਕਿ ਕਈ ਵਾਰੀ ਕਮਜ਼ੋਰ ਨੀਂਹ ਵੀ ਬੈਠ ਜਾਂਦੀ ਹੈ। ਕਿਹਾ ਜਾਂਦਾ ਹੈ ਨੀਂਹ ਮਜ਼ਬੂਤ ਤਾਂ ਉਸਾਰੀ ਮਜ਼ਬੂਤ। ਪੰਜਾਬੀ ਲੋਕ-ਮਾਨਸ ਵਿਚ ਛੋਟੇ ਸਾਹਿਬਜ਼ਾਦਿਆਂ ਦੇ ਨੀਂਹਾਂ ਵਿਚ ਚਿਣੇ ਜਾਣ ਵਾਲੀ ਦਿਲ ਹਿਲਾਊ ਘਟਨਾ ਦਾ ਬਹੁਤ ਹੀ ਭਾਵੁਕ ਬਿੰਬ ਉਕਰਿਆ ਪਿਆ ਹੈ। ਅਨੇਕਾਂ ਕਵੀਆਂ ਨੇ ਇਸ ਦਾ ਮਾਰਮਿਕ ਚਿਤ੍ਰਣ ਕੀਤਾ ਹੈ। ਚਰਨ ਸਿੰਘ ਸਫਰੀ ਦੇ ਸ਼ਬਦਾਂ ਵਿਚ,

ਲਾਲਾਂ ਨੂੰ ਦੀਵਾਰ ਪੁੱਛਦੀ,
ਤੁਸੀਂ ਕਿਸ ਅੰਮੜੀ ਦੇ ਜਾਏ?
ਕਿੱਡਾ ਕੁ ਕਲੇਜਾ ਓਸ ਦਾ,
ਜਿਨ੍ਹੇ ਨੀਂਹਾਂ ਵਿਚ ਪੁੱਤ ਚਿਣਵਾਏ?

ਸ਼ਿਵ ਕੁਮਾਰ ਨੇ ਗੁਰੂ ਗੋਬਿੰਦ ਸਿੰਘ ਬਾਰੇ ਰਚੀ ਕਵਿਤਾ 'ਚ ਵੀ ਇਸ ਦਾ ਜ਼ਿਕਰ ਕੀਤਾ ਹੈ,

ਮੇਰਾ ਕੋਈ ਗੀਤ ਨਹੀਂ ਐਸਾ,
ਜੋ ਤੇਰੇ ਮੇਚ ਆ ਜਾਵੇ।
ਭਰੇ ਬਜ਼ਾਰ ਵਿਚ ਜਾ ਕੇ,
ਜੋ ਆਪਣਾ ਸਿਰ ਕਟਾ ਆਵੇ।
ਜੋ ਆਪਣੇ ਸੋਹਲ ਛਿੰਦੇ ਬਾਲ,
ਨੀਂਹਾਂ ਵਿਚ ਚਿਣਾ ਆਵੇ।
ਤਿਹਾਏ ਸ਼ਬਦ ਨੂੰ ਤਲਵਾਰ ਦਾ
ਪਾਣੀ ਪਿਆ ਆਵੇ...।

ਇਸ ਸ਼ਬਦ ਦੀ ਅਲੰਕਾਰਕ ਵਰਤੋਂ ਵੀ ਖੂਬ ਹੁੰਦੀ ਹੈ, ਇਸ ਅਰਥ ਵਿਚ ਕਿ ਕਿਸੇ ਕੰਮ ਦੀ ਸ਼ੁਰੂਆਤ ਜੈਸੀ ਹੋਵੇਗੀ ਤਾਂ ਅੱਗੋਂ ਹੋਣ ਵਾਲਾ ਕੰਮ ਵੀ ਉਸੇ ਹਿਸਾਬ ਨਾਲ ਕਮਜ਼ੋਰ ਜਾਂ ਟਿਕਾਊ ਹੋਵੇਗਾ। ਮਿਸਾਲ ਵਜੋਂ 'ਬੱਚੇ ਦੇਸ਼ ਕੌਮ ਦੀ ਨੀਂਹ ਹੁੰਦੇ ਹਨ।' ਇੰਜ ਨੀਂਹ ਇਕ ਤਰ੍ਹਾਂ ਕਿਸੇ ਵੀ ਕੰਮ-ਕਾਰ ਦਾ ਆਧਾਰ ਹੈ। ਆਮ ਲੋਕ ਅਕਸਰ



ਇਸ ਸ਼ਬਦ ਨੂੰ 'ਨੀਂਹ ਪੱਥਰ' ਵਿਚ ਜੜਿਆ ਪ੍ਰਤੀਤ ਕਰਦੇ ਹਨ। ਮੰਤਰੀਆਂ ਵਲੋਂ ਰੱਖੇ ਨੀਂਹ ਪੱਥਰ ਨੀਂਹ ਸ਼ਬਦ ਦਾ ਹੀ ਅਰਥ ਵਿਗਾੜ ਦਿੰਦੇ ਹਨ ਕਿਉਂਕਿ ਕੁਝ ਸਮਾਂ ਪੈ ਕੇ ਪੱਥਰ ਖੁਰ ਜਾਂਦਾ ਹੈ।

ਗੁਰੂਆਂ-ਭਗਤਾਂ ਨੇ ਇਹ ਸ਼ਬਦ ਨੀਵ ਰੂਪ ਵਿਚ ਕਈ ਵਾਰੀ ਵਰਤਿਆ ਹੈ, ਸਿੱਖੀ ਦੀ ਨੀਂਹ ਰੱਖਣ ਵਾਲੇ ਗੁਰੂ ਨਾਨਕ ਦੇਵ ਤੋਂ ਮਿਸਾਲਾਂ ਸ਼ੁਰੂ ਕਰਦੇ ਹਾਂ, "ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ॥" ਅਰਥਾਤ ਬੰਦਾ ਜੋ ਨੀਂਹਾਂ ਪੱਕੀਆਂ ਉਸਾਰਦਾ ਹੈ, ਉਹ ਢਹਿ ਢੇਰੀ ਹੋ ਜਾਂਦੀਆਂ ਹਨ; "ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ॥" ਅਰਥਾਤ ਗੁਰੂ ਨਾਨਕ ਦੇਵ ਨੇ ਅਜਿਹੀ ਪੱਕੀ ਨੀਂਹ ਰੱਖੀ ਹੈ, ਜੋ ਸਦਾ ਉਚੀ ਤੋਂ ਉਚੀ ਹੁੰਦੀ ਹੈ; ਭਗਤ ਨਾਮਦੇਵ ਫੁਰਮਾਉਂਦੇ ਹਨ, "ਨਾਮਦੇਵ ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥ ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥" ਭਾਈ ਗੁਰਦਾਸ ਨੇ ਵੀ ਕੁਝ ਇਸੇ ਤਰ੍ਹਾਂ ਦੇ ਭਾਵ ਪ੍ਰਗਟ ਕੀਤੇ ਹਨ, 'ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਵ ਉਸਾਰਿ ਖਲਾਰੀ' ਅਰਥਾਤ ਸੋਢੀਆਂ ਨੇ ਸਿੱਖੀ ਦੀ ਪੱਕੀ ਨੀਂਹ ਉਸਾਰੀ ਹੈ। ਹਾਸ਼ਮ ਸ਼ਾਹ ਨੇ ਆਪਣੀ 'ਸੋਹਣੀ' ਵਿਚ ਨੀਵ ਸ਼ਬਦ ਵਰਤਿਆ ਹੈ,

ਪਿਛਲੇ ਲੇਖ ਲਿਖੇ ਜਿਸ ਕਿਸ ਨੂੰ,
ਬਾਹੋਂ ਪਕੜ ਮਿਲਾਇਆ।
ਆਸ਼ਕ ਹੋਵਣ ਤੇ ਦੁਖ ਪਾਵਣ,
ਹੀਲਾ ਰੱਬ ਬਣਾਇਆ।
ਜੋ ਕੁਛੁ ਲੇਖ ਲਿਖਿਆ ਸੋਈ ਜ਼ਾਹਰ,
ਹੋਵਣਿ ਉਤੇ ਆਇਆ।
ਹਾਸ਼ਮ ਨੀਵ ਧਰੀ ਹੁਣ ਕਰ ਕੇ,
ਚਾਹਗੁ ਮਹਲ ਬਣਾਇਆ।

ਨੀਂਹ ਸ਼ਬਦ ਦਾ ਸੰਸਕ੍ਰਿਤ ਰੂਪ 'ਨੇਮਿ' ਹੈ, ਜਿਸ ਦੇ ਮੁਖ ਅਰਥ ਹਨ, ਪਹੀਏ ਦਾ ਬਾਹਰਲਾ ਹਿੱਸਾ ਅਰਥਾਤ ਚੱਕਾ; ਘੇਰਾ, ਘਿੜਲੇ ਤੇ ਲਪੇਟਿਆ ਰੱਸਾ; ਬਿੱਜ, ਗਰਜ; ਖੂਹ ਦਾ ਖੜੌਂਜਾ, ਚੱਕ। ਇਸੇ ਤੋਂ ਹੋਰ ਸ਼ਬਦ ਵਿਕਸਿਤ ਹੋਏ ਹਨ। ਇਸ ਤੋਂ ਪ੍ਰਾਕ੍ਰਿਤ ਦਾ ਸ਼ਬਦ ਬਣਿਆ, ਨੇਇੰ। ਇਨ੍ਹਾਂ ਵਿਕਸਿਤ ਹੋਏ ਸ਼ਬਦਾਂ ਦਾ ਅਰਥ ਕੇਵਲ ਬੁਨਿਆਦ ਹੀ ਰਹਿ ਗਿਆ ਹੈ। ਨੇਮੀ ਜਾਂ ਨੇਮ ਰੂਪ ਵਿਚ ਸੰਸਕ੍ਰਿਤ ਨੇਮਿ ਸ਼ਬਦ ਵਾਲੇ ਅਰਥ ਪੰਜਾਬੀ ਵਿਚ ਵੀ ਮਿਲਦੇ ਹਨ। ਨੇਮੀ ਦਾ ਇਕ ਅਰਥ ਸੰਦਲ ਦਾ ਚਕਲਾ ਵੀ ਹੈ। ਗਰਜ ਸ਼ਬਦ ਦੀ ਕੁਝ ਵਿਆਖਿਆ ਦੀ ਜ਼ਰੂਰਤ ਹੈ। ਜਦ ਕਿਸੇ ਰੱਥ ਆਦਿ ਦਾ ਪਹੀਆ ਚਲਦਾ ਹੈ ਤਾਂ ਇਸ ਦੇ ਚੱਲਣ ਨਾਲ ਜੋ ਆਵਾਜ਼ ਪੈਦਾ ਹੁੰਦੀ ਹੈ, ਉਸ ਨੂੰ ਸੰਸਕ੍ਰਿਤ ਵਿਚ 'ਨੇਮਿ-ਘੋਸ਼' ਕਹਿੰਦੇ ਹਨ। ਘੋਸ਼ ਦਾ ਅਰਥ ਆਵਾਜ਼ ਹੁੰਦਾ ਹੈ, ਘੋਸ਼ਣਾ ਇਸੇ ਤੋਂ ਬਣਿਆ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਵਿਚ ਇਹ ਸ਼ਬਦ ਇਸੇ ਅਰਥ ਵਿਚ ਆਇਆ ਹੈ, "ਘੋਰੇ ਪੈਰ ਕੋ ਬਜੰਤੇ, ਨੇਮੀ ਸ਼ਬਦ ਉਠੰਤੇ॥" (ਘੋਰੇ = ਘੋੜੇ)

ਸਾਡੇ ਬਹੁਤ ਸਾਰੇ ਸਾਹਿਤ ਵਿਚ 'ਖਟ ਨੇਮ' ਸ਼ਬਦ-ਯੁਗਮ ਦੀ ਬਹੁਤ ਵਰਤੋਂ ਹੁੰਦੀ ਹੈ। ਇਸ ਦਾ ਸ਼ਾਬਦਿਕ ਅਰਥ ਹੈ, 'ਛੇ ਚੱਕਰ।' ਛੇ ਦਾ ਅਰਥਾਵਾਂ ਖਟ ਸ਼ਬਦ ਸੰਸਕ੍ਰਿਤ ਸ਼ਸ਼ ਤੋਂ ਬਣਿਆ ਹੈ। ਛੇ ਸ਼ਬਦ ਵੀ ਇਸੇ ਤੋਂ ਵਿਉਤਪਤ ਹੋਇਆ ਹੈ। ਇਹ ਯੋਗ ਨਾਲ ਸਬੰਧਤ ਪਦ ਹੈ। ਇਨ੍ਹਾਂ ਛੇ ਚੱਕਰਾਂ ਦਾ ਸਬੰਧ ਹਠ-ਯੋਗ ਸਾਧਨਾ ਨਾਲ ਹੈ। ਇਨ੍ਹਾਂ ਨੂੰ ਸ਼ਕਤੀ-ਸਥਲ ਵੀ ਮੰਨਿਆ ਜਾਂਦਾ ਹੈ। ਪ੍ਰਾਣਾਯਾਮ ਰਾਹੀਂ ਕੁੰਡਲਨੀ ਜਗਾ ਕੇ ਯੋਗੀ ਇਨ੍ਹਾਂ ਚੱਕਰਾਂ/ਨੇਮਾਂ ਨੂੰ ਪਾਰ ਕਰਕੇ ਪਰਮ-ਸ਼ਿਵ ਨਾਲ ਜਾ ਮਿਲਦਾ ਹੈ। ਏਹੀ ਕੇਵਲਯ (ਮੁਕਤੀ) ਦੀ ਅਵਸਥਾ ਹੈ। ਇਨ੍ਹਾਂ ਚੱਕਰਾਂ ਨੂੰ ਕਮਲ ਵੀ ਕਹਿੰਦੇ ਹਨ ਅਤੇ ਕਮਲ ਦੀਆਂ ਪੰਖੜੀਆਂ ਜਾਂ ਦਲਾਂ ਅਨੁਸਾਰ ਇਨ੍ਹਾਂ ਦੀ ਗਿਣਤੀ ਨਿਸਚਿਤ ਹੈ। ਪਹਿਲੇ ਦਾ ਸਥਾਨ ਲਿੰਗ, ਦੂਜੇ ਦਾ ਨਾਭੀ ਹੇਠਾਂ, ਤੀਜੇ ਦਾ ਨਾਭੀ-ਪ੍ਰਦੇਸ਼, ਚੌਥਾ ਹਿਰਦੇ ਦੇ ਨੇੜੇ, ਪੰਜਵਾਂ ਕੰਠ ਵਿਚ ਅਤੇ ਛੇਵਾਂ ਭਰਵੱਟਿਆਂ ਦੇ ਵਿਚਕਾਰ ਹੁੰਦਾ ਹੈ। (ਬਹੁਤ ਸਾਰੀਆਂ ਲਿਖਤਾਂ ਵਿਚ ਇੱਕ ਸੱਤਵੇਂ ਚੱਕਰ ਦਾ ਵੀ ਜ਼ਿਕਰ ਹੈ, ਜਿਸ ਦੀ ਰਿਹਾਇਸ਼ ਸਿਰ ਦੇ ਟੋਟਰ ਵਿਚ ਮੰਨੀ ਜਾਂਦੀ ਹੈ)।

ਭਗਤ ਕਬੀਰ ਦੇ ਸ਼ਬਦਾਂ ਵਿਚ, "ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ॥ ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ॥" ਇਥੇ ਖਟ ਨੇਮ ਤੋਂ ਭਾਵ ਸਰੀਰ ਦੇ ਪੰਜ ਤੱਤ ਅਤੇ ਛੇਵਾਂ ਮਨ ਹੈ। ਮਤਲਬ ਹੈ, ਪ੍ਰਭੂ ਨੇ ਛੇ ਚੱਕਰ ਬਣਾ ਕੇ ਇਹ (ਮਨੁੱਖਾ ਸਰੀਰ-ਰੂਪ) ਨਿੱਕਾ ਜਿਹਾ ਘਰ ਰਚ ਦਿੱਤਾ ਹੈ ਤੇ ਇਸ ਵਿਚ (ਆਪਣੀ ਆਤਮਕ ਜੋਤ-ਰੂਪ) ਅਚਰਜ ਵਸਤ ਰੱਖ ਦਿੱਤੀ ਹੈ। (ਇਸ ਘਰ) ਜੰਦਰਾ-ਕੁੰਜੀ (ਪ੍ਰਭੂ ਨੇ) ਪ੍ਰਾਣਾਂ ਨੂੰ ਹੀ ਬਣਾ ਦਿੱਤਾ ਹੈ, ਤੇ (ਇਹ ਖੇਡ) ਬਣਾਉਂਦਿਆਂ ਉਹ ਚਿਰ ਨਹੀਂ ਲਾਉਂਦਾ। 'ਮਹਾਨ ਕੋਸ਼' ਵਿਚ ਨੇਮ ਸ਼ਬਦ ਦਾ ਇੱਕ ਅਰਥ 'ਦੀਵਾਰ, ਘੇਰਾ, ਅਹਾਤਾ' ਦੇ ਕੇ ਇਸ ਦੀ ਵਰਤੋਂ ਸਮਝਾਉਣ ਲਈ ਭਗਤ ਕਬੀਰ ਦੀ ਉਕਤ ਤੁਕ ਦਿੱਤੀ ਗਈ ਹੈ, ਭਲਾ ਇਹ ਅਰਥ ਇਥੇ ਕਿਵੇਂ ਢੁਕਦੇ ਹਨ? ਕਬੀਰ ਜੀ ਨੇ ਹੋਰ ਥਾਂ 'ਚਕ੍ਰ ਖਟ' ਪਦ ਵੀ ਵਰਤਿਆ ਹੈ।

ਉਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਨੇਮ/ਨੇਮਿ/ਨੇਮੀ ਸ਼ਬਦ ਜਿਨ੍ਹਾਂ ਚੀਜ਼ਾਂ ਦਾ ਸੂਚਕ ਹੈ, ਉਨ੍ਹਾਂ 'ਚ ਚੱਕਰ, ਗੁਲਾਈ ਦਾ ਭਾਵ ਹੈ। ਇਸ ਦਾ ਧਾਤੂ ਹੈ 'ਨਮ' ਵਿਚ ਝੁਕਣ, ਨਿਵਣ, ਮੁੜਨ, ਵਕ੍ਰਿਤ ਹੋਣ ਦਾ ਭਾਵ ਹੈ। ਜਦ ਅਸੀਂ ਝੁਕਦੇ ਹਾਂ ਤਾਂ ਸਾਡਾ ਸਰੀਰ ਕੋਡਾ ਹੁੰਦਾ ਹੈ ਅਰਥਾਤ ਗੋਲ ਗੋਲ ਮੁੜਦਾ ਹੈ। ਖੂਹ ਦੀ ਨੇਮੀ ਗੋਲ ਹੁੰਦੀ ਹੈ ਅਤੇ ਇਹ ਖੂਹ ਦੇ ਕੋਠੇ ਹੇਠਾਂ ਰੱਖੀ ਜਾਂਦੀ ਹੈ ਜੋ ਇਸ ਦੀ ਬੁਨਿਆਦ ਜਾਂ ਇਸ ਦਾ ਆਧਾਰ ਬਣਦੀ ਹੈ। ਇਸ ਨੂੰ ਚੱਕ ਵੀ ਕਿਹਾ ਜਾਂਦਾ ਹੈ। ਇਥੋਂ ਹੀ ਨਿਉਂ ਆਦਿ ਦੇ ਅਰਥ ਬੁਨਿਆਦ ਵਜੋਂ ਵਿਕਸਿਤ ਹੁੰਦੇ ਹਨ। 'ਨਮਾਜ਼ ਬਨਾਮ ਨਮਸਕਾਰ' ਵਿਚ ਅਸੀਂ ਸਪੱਸ਼ਟ ਕਰ ਚੁਕੇ ਹਾਂ ਕਿ ਪ੍ਰਣਾਮ ਸਮੇਤ ਇਹ ਦੋਵੇਂ ਸ਼ਬਦ ਨਮ ਧਾਤੂ ਤੋਂ ਹੀ ਵਿਉਤਪਤ ਹੋਏ ਹਨ ਕਿਉਂਕਿ ਇਨ੍ਹਾਂ ਕ੍ਰਿਆਵਾਂ ਵਿਚ ਝੁਕਿਆ ਜਾਂ ਮੁੜਿਆ ਜਾਂਦਾ ਹੈ।

# ਬੱਚਿਆਂ ਦੀਆਂ ਬਰਕਤਾਂ

*(ਪਿਛਲੇ ਸਫੇ ਦੀ ਬਾਕੀ)*

ਸਾਡੀ ਬਾਦਸ਼ਾਹਤ ਵਿਚ ਸ਼ਾਮਲ ਸੀ
ਅੰਬਰ 'ਚ ਉਡਦੇ ਜਹਾਜ ਨੂੰ
ਘਰ ਦੀ ਛੱਤ 'ਤੇ ਉਤਾਰਨਾ
ਖੂਹ ਨੂੰ ਜਾਂਦਿਆਂ
ਬਾਪ ਦੀ ਕੰਨਹੇੜੀ ਦੀ ਲੱਜ਼ਤ ਮਾਣਨਾ
ਸੁਹਾਗਾ ਵਾਹੁੰਦੇ ਬਾਪ ਦੀਆਂ ਲੱਤਾਂ 'ਚ ਬਹਿ
ਓਬੜ-ਖੋਭੜ ਝੂਟੇ ਲੈਣਾ।

ਕੇਹੇ ਉਹ ਪਲ ਸਨ
ਜਦ ਗਾਜਰ, ਮੂਲੀ, ਸ਼ਲਗਮ ਪੁੱਟ
ਝੱਗੇ ਨਾਲ ਸਾਫ ਕਰ ਖਾ ਜਾਣਾ
ਤੇਹ ਲੱਗਣ 'ਤੇ
ਗੰਢੇ ਦੀ ਭੂਕ ਨਾਲ ਪਾਣੀ ਪੀਣਾ
ਰੋਟੀ ਖਾਂਦਿਆਂ-ਖਾਂਦਿਆਂ
ਵਗਦੀ ਨਲੀ ਨੂੰ ਹੱਥ ਨਾਲ ਪੂੰਝਣਾ
ਅਤੇ ਕੁਲਫੀ ਜਾਂ ਮਰੂੰਡਾ ਲੈਣ ਲਈ
ਕੌਲੀ 'ਚ ਦਾਣੇ ਪਾ
ਨੰਗ-ਧੜੰਗੇ
ਤਪਦੀ ਗਲੀ 'ਚ ਨੰਗੇ ਪੈਰੀਂ ਦੌੜਨਾ।

ਕੇਹੇ ਠਾਠਮਈ ਦਿਨ ਸਨ
ਜਦ ਪੱਤਿਆਂ ਦੇ ਹਾਰ ਗਲ 'ਚ ਪਾਉਂਦੇ
ਛੱਪੜ ਨੂੰ ਸਮੁੰਦਰ ਬਣਾਉਂਦੇ
ਸੂਰਜ ਨੂੰ ਫੱਟੀ ਸੁਕਾਉਣ ਲਈ
ਹੋਕਰਾ ਲਾਉਂਦੇ
ਤਾਰਿਆਂ ਨੂੰ ਝੋਲੀ 'ਚ ਪਾਉਂਦੇ
ਅਤੇ ਚੰਦ ਨੂੰ ਮਾਮਾ ਆਖ ਬੁਲਾਉਂਦੇ ਸਾਂ।

ਬੀਤੀ ਬਾਦਸ਼ਾਹਤ 'ਚ
ਅਸੀਂ ਖੁਦ ਹੀ ਹਕੂਮਤ
ਤੇ ਖੁਦ ਹੀ ਪਰਜਾ ਸਾਂ
ਸੁਪਨਿਆਂ ਦੀ ਸਰਦਲ 'ਤੇ ਸੌਂਦੇ
ਸੁਪਨਿਆਂ 'ਚ ਸੁਪਨਾ ਬਣਦੇ
ਅਤੇ ਸੁਪਨਈ ਦੁਨੀਆਂ 'ਚ ਅੱਖ ਖੁੱਲ੍ਹਦੀ ਸੀ।

ਬੀਤੀ ਬਾਦਸ਼ਾਹੀ ਨੂੰ
ਚੇਤਿਆਂ 'ਚ ਜਿਉਂਦੇ ਰੱਖਣ ਲਈ
ਜਰੂਰੀ ਹੈ ਬਚਪਨੇ 'ਚ ਪਰਤਣਾ।
ਕਦੇ ਕਦਾਈਂ ਹੀ ਸਹੀ
ਬਚਪਨੇ 'ਚ ਤਾਂ ਪਰਤਿਆ ਕਰੀਏ!

ਬੱਚੇ ਸੁਚੇਤ-ਅਚੇਤ ਬਹੁਤ ਕੁਝ ਤੁਹਾਡੀ ਸੋਚ ਜੂਹ ਵਿਚ ਅਛੋਪਲੇ ਹੀ ਧਰ ਜਾਂਦੇ ਅਤੇ ਤੁਸੀਂ ਸੋਚਦੇ ਹੀ ਰਹਿ ਜਾਂਦੇ ਕੀ ਇੰਜ ਵੀ ਹੋ ਸਕਦਾ ਏ? ਬੱਚਿਆਂ ਦੀਆਂ ਆਲੀਆਂ-ਭੋਲੀਆਂ ਗੱਲਾਂ ਵਿਚ ਛੁਪਿਆ ਹੁੰਦਾ ਜੀਵਨੀ ਸੱਚ ਜਿਸ ਤੋਂ ਅਸੀਂ ਜੀਵਨੀ ਦੌੜ-ਭੱਜ ਕਾਰਨ ਦੂਰ ਹੀ ਰਹਿੰਦੇ ਹਾਂ। ਇਸ ਸੱਚ ਨੂੰ ਸਾਡੀਆਂ ਮਸਤਕ-ਬਰੂਹਾਂ ਕੋਲ ਲਿਆਉਣ ਅਤੇ ਅਪਨਾਉਣ ਲਈ ਬੱਚੇ ਸੰਦੇਸ਼ਵਾਹਕ ਬਣਦੇ ਤਾਂ ਹਰਫਾਂ ਦੀ ਜੂਹ ਵਿਚ ਖਲਬਲੀ ਮੱਚਦੀ। ਇਸੇ ਵਿਚੋਂ ਹੀ ਕੁਝ ਅਜਿਹੇ ਸੂਖਮ ਅਹਿਸਾਸਾਂ ਦੀ ਗੂੜ੍ਹੀ ਰੰਗਤ ਵਰਕੇ ਦੇ ਹਵਾਲੇ ਹੁੰਦੀ ਕਿ ਕਲਮ ਖੁਦ ਆਵਾਕ ਰਹਿ ਜਾਂਦੀ:

ਜਦ ਰਾਤ ਨੂੰ
ਫਿਕਰਾਂ ਵਿਚ ਘਿਰਿਆਂ
ਅੱਖਾਂ 'ਚੋਂ ਨੀਂਦ ਉਡ ਜਾਵੇ ਤਾਂ
ਨਾਲ ਪਿਆ ਦੋਹਤਾ
ਮੇਰੀ ਬੇਚੈਨੀ ਨੂੰ ਦੇਖ ਕੇ ਕਹਿੰਦਾ ਹੈ
ਮੈਂ ਪਰੀ ਕਹਾਣੀ ਸੁਣਾਂਦਾ ਹਾਂ
ਤੁਸੀਂ ਗੂੜ੍ਹੀ ਨੀਂਦ ਵਿਚ
ਸੁਪਨ-ਨਗਰੀ ਦੀ ਸੈਰ ਕਰੋਗੇ।

ਜਦ ਚੱਪਾ ਕੁ ਰੋਟੀ ਵੱਧ ਖਾਣ 'ਤੇ
ਖੱਟੇ ਡਕਾਰ ਜਾਂ ਪੇਟ ਦੀ ਗੈਸ ਕਾਰਨ
ਸਾਹ ਲੈਣਾ ਔਖਾ ਹੋ ਜਾਵੇ
ਤਾਂ ਦੋਹਤਾ ਲਵੇ ਲੱਗ
ਦਾਨਸ਼ਵਰ ਵਾਂਗ ਸਮਝਾਉਂਦਾ ਹੈ
ਹੱਸਿਆ-ਖੇਡਿਆ ਕਰੋ
ਦੇਖਣਾ ਰੋਟੀ ਕਿੰਨੀ ਛੇਤੀ ਪਚੇਗੀ।

ਜਦ ਮੈਂ ਉਦਾਸੀ ਦੀ ਬੁੱਕਲ ਮਾਰ
ਚੁੱਪ ਨਾਲ ਗੁਫਤਗੂ ਕਰ ਰਿਹਾ ਹੋਵਾਂ
ਤਾਂ ਮਾਸੂਮ ਜਿਹਾ ਦੋਹਤਾ
ਖਚਰੀ ਜਿਹੀ ਮੁਸਕਰਾਹਟ ਨਾਲ
ਕੁੱਤਕਤਾਰੀਆਂ ਕੱਢਦਾ
ਖੇੜਿਆਂ ਦਾ ਤਸੱਵਰ
ਮਸਤਕ-ਧਰਾਤਲ 'ਤੇ ਖੁਣ ਜਾਂਦਾ।

ਜਦ ਕਦੇ ਮੈਂ ਜੇਬ 'ਚ ਹੱਥ ਪਾ
ਗਿਣਤੀਆਂ-ਮਿਣਤੀਆਂ ਦੇ ਸੇਕ ਨਾਲ
ਬਰਫ ਵਾਂਗ ਖੁਰ ਰਿਹਾ ਹੋਵਾਂ
ਤਾਂ ਉਹ ਆਪਣੀ ਬੁਗਨੀ ਨੂੰ
ਮੇਰੇ ਸਾਹਵੇਂ ਉਲੱਦ
ਧਨ-ਧਰੇਸੀ ਦਾ ਸਿਖਰ ਸਿਰਜ ਜਾਂਦਾ।

ਜਦ ਮੇਰੀ ਲਾਚਾਰਗੀ ਕਾਰਨ
ਗਮਲਿਆਂ ਦੇ ਬੂਟੇ ਸੋਕਾ ਹੰਢਾਉਂਦੇ
ਤਾਂ ਉਹ ਮੇਰੇ ਦੀਦਿਆਂ ਵਿਚਲੀ ਤ੍ਰਾਸਦੀ ਪੜ੍ਹ
ਨਿੱਕੇ ਜਿਹੇ ਕੱਪ 'ਚ ਪਾਣੀ ਪਾਉਂਦਾ
ਹਰ ਬੂਟੇ ਨਾਲ ਬੂਟਾ ਬਣਦਾ
ਫੁੱਲਪੱਤੀਆਂ ਨਾਲ ਗੱਲਾਂ ਕਰਦਾ
ਤੇ ਇਨ੍ਹਾਂ ਨੂੰ ਟਹਿਕਣ ਲਾ ਦਿੰਦਾ।

ਸੱਚੀਂ! ਕਿੰਨੀ ਚੰਗੀ ਲੱਗਦੀ ਹੈ
ਬਜ਼ੁਰਗਾਂ ਨੂੰ ਬਚਪਨੀ-ਨਸੀਹਤ!

ਬੱਚਾ ਭਵਿੱਖ ਦਾ ਉਗਮਦਾ ਸੂਰਜ, ਤਾਰਿਆਂ ਦੀ ਭਰੀ ਭਰਾਈ ਝੋਲੀ, ਪੁੰਨਿਆਂ ਦਾ ਪੂਰਨ ਚੰਦ ਜਿਸ ਦੀ ਫਿਜ਼ਾ ਵਿਚ ਖੁਸ਼ੀਆਂ ਅਤੇ ਖੇੜਿਆਂ ਦੀ ਮੌਜ-ਮਸਤੀ, ਅੰਬਰ ਜੇਡੀ ਪਰਵਾਜ਼ ਦਾ ਕਰਮ, ਸਮੁੰਦਰੀ ਅਸੀਮਤਾ ਦਾ ਫੈਲਾਅ। ਇਸੇ ਨੇ ਹੀ ਸਮਿਆਂ ਨੂੰ ਸੂਹੇ ਅਰਥਾਂ ਵਿਚ ਪਰਿਭਾਸ਼ਤ ਕਰ ਇਸ ਦੀਆਂ ਤਰਜ਼ੀਹਾਂ ਅਤੇ ਤਦਬੀਰਾਂ ਨੂੰ ਸੁਚਾਰੂ ਤੇ ਕ੍ਰਿਆਤਮਿਕ ਰੂਪ ਵਿਚ ਸੇਧ ਦੇਣੀ ਹੁੰਦੀ। ਨਾਕਾਰਾਤਮਕ ਵਿਚੋਂ ਸਾਕਾਰਾਤਮਕ ਨਿਹਾਰਨ ਵਾਲੇ ਬੱਚੇ ਦੀਆਂ ਭਾਵਨਾਵਾਂ ਨਿੱਕੀ ਨਿੱਕੀ ਗੱਲ ਰਾਹੀਂ ਪ੍ਰਗਟ ਹੁੰਦੀਆਂ। ਬੱਚੇ ਦੇ ਪ੍ਰਗਟ ਹੋ ਰਹੇ ਨਕਸ਼ ਅਤੇ ਸਮੇਂ ਨੂੰ ਦੇਣ ਵਾਲੀ ਸੁਚੱਜੀ ਅਤੇ ਸੁਖਾਵੀਂ ਸਮਦ੍ਰਿਸ਼ਟੀ ਵਿਚੋਂ ਹੀ ਉਭਰੀ ਹੈ, ਅੱਖਰਾਂ ਵਿਚੋਂ ਪੋਲੇ ਪੋਲੇ ਝਰ ਰਹੀ ਚਾਨਣ-ਝਾਤ:

ਮੇਰਾ ਬੇਟਾ
ਜਦ ਮੇਰੇ ਕੋਲੋਂ ਪੁਛਦਾ ਹੈ ਕਿ
ਤੁਸੀਂ ਤੇ ਪਾਪਾ ਦੋਵੇਂ ਨੌਕਰੀ ਕਰਦੇ ਹੋ
ਤਾਂ ਪਾਪਾ ਘਰ ਦੀ ਸਾਂਭ-ਸੰਭਾਲ
ਰੋਟੀ-ਟੁੱਕ ਦੇ ਆਹਰ
ਜਾਂ ਰਸੋਈ 'ਚ ਹੱਥ ਕਿਉਂ ਨਹੀਂ ਵਟਾਉਂਦੇ?
ਘਰ ਪਰਿਵਾਰ ਦੀ ਸਾਰੀ ਫਿਕਰਮੰਦੀ
ਤੁਹਾਡੀ ਹੀ ਕਿਉਂ ਹੈ?
ਤਾਂ ਮੈਂ ਨਿਰੁੱਤਰ ਹੋ ਜਾਂਦੀ ਹਾਂ।

ਮੇਰਾ ਬੇਟਾ ਤਾਂ ਇਹ ਵੀ ਪੁੱਛਦਾ ਹੈ
ਮੇਰੀਆਂ ਭੈਣਾਂ ਨੂੰ
ਘਰ ਦਾ ਹਰ ਕੰਮ ਆਉਂਦਾ
ਵਧੀਆ ਖਾਣਾ ਤਿਆਰ ਕਰਨਾ
ਤੇ ਸਲੀਕੇ ਨਾਲ ਪਰੋਸਣਾ ਸਿਖਾਇਆ ਜਾਂਦਾ
ਤਾਂ ਮੈਨੂੰ ਕਿਉਂ ਨਹੀਂ
ਇਹ ਸਭ ਸਿਖਾਇਆ ਜਾਂਦਾ?
ਕੀ ਮੈਂ ਨਿਕੰਮਾ ਜਾਂ ਹੀਣਾ ਹਾਂ?
ਜਾਂ ਜਾਣਬੁੱਝ ਕੇ ਮੈਨੂੰ
ਅਣਗੌਲਿਆ ਜਾ ਰਿਹਾ?
ਤਾਂ ਮੈਂ ਜਵਾਬ ਦੇਣ ਤੋਂ ਤ੍ਰਭਕਦੀ ਹਾਂ।

ਕਦੇ ਕਦੇ ਤਾਂ
ਬੇਟਾ ਇਹ ਵੀ ਪੁੱਛਦਾ ਕਿ
ਕਿਤਾਬ, ਕਾਪੀ ਜਾਂ ਕੁਲਫੀ ਲਈ ਪੈਸੇ ਮੰਗੋ
ਤਾਂ ਪਾਪਾ ਵੰਨੀਂ ਤੋਰ ਦਿੱਤਾ ਜਾਂਦਾ
ਤੁਹਾਨੂੰ ਪੈਸਿਆਂ ਦੀ ਗਿਣਤੀ ਨਹੀਂ ਆਉਂਦੀ?
ਜਾਂ ਪੈਸੇ ਸਾਂਭ ਹੀ ਨਹੀਂ ਸਕਦੇ?
ਤਾਂ ਮੈਂ ਗੁੰਮ-ਸੁੰਮ ਜਿਹੀ ਹੋ ਜਾਂਦੀ ਹਾਂ।

ਅਕਸਰ ਹੀ
ਸਿਰ ਦੇ ਸਾਈਂ ਨੂੰ ਉਡੀਕਦਿਆਂ
ਜਦ ਰਾਤ ਅੱਧੀਉਂ ਵੱਧ ਟੱਪ ਜਾਵੇ
ਤਾਂ ਕੱਚੀ ਨੀਂਦ 'ਚ ਬਰੜਾਇਆ ਬੱਚਾ ਪੁੱਛਦਾ
ਤੁਸੀਂ ਅਜੇ ਤੀਕ ਸੁੱਤੇ ਨਹੀਂ?
ਸਾਝਰੇ ਕੰਮ 'ਤੇ ਨਹੀਂ ਜਾਣਾ?
ਪਾਪਾ ਨੂੰ ਜੇ ਤਾਂ ਤੁਹਾਡੀ ਬੇਆਰਾਮੀ
ਜਾਂ ਉਨੀਂਦਰੇ ਦਾ ਕੋਈ ਫਿਕਰ ਨਹੀਂ
ਤਾਂ ਤੁਸੀਂ ਕਾਹਤੋਂ ਹੁਣ ਤੀਕ ਜਾਗਦੇ ਹੋ?
ਤਦ ਇਕ ਡੂੰਘੀ ਚੁੱਪ
ਮੇਰੇ ਅੰਦਰ ਲਹਿ ਜਾਂਦੀ ਹੈ।
ਬੇਟਾ ਅਕਸਰ ਹੀ ਬਹੁਤ ਸਾਰੇ
ਪ੍ਰਸ਼ਨ ਪੁੱਛਦਾ ਰਹਿੰਦਾ ਹੈ
ਜਵਾਬ ਵੀ ਜਾਣਦੀ ਹਾਂ
ਪਰ ਉਸ ਦੀ ਮਾਸੂਮੀਅਤ 'ਤੇ
ਪੈਣ ਵਾਲੀ ਝਰੀਟ ਤੋਂ ਡਰਦੀ
ਬੇਮੌਸਮੀ ਚੁੱਪ ਵਿਚ ਉਤਰ ਜਾਂਦੀ ਹਾਂ।

ਫਿਰ ਸੋਚਦੀ ਹਾਂ
ਸ਼ਾਇਦ ਬੇਟਾ ਜਵਾਨ ਹੋ ਕੇ
ਖੁਦ ਹੀ ਸਵਾਲਾਂ ਦਾ ਜਵਾਬ ਬਣ ਜਾਵੇਗਾ
ਜਾਂ ਸਵਾਲਾਂ ਅਤੇ ਜਵਾਬਾਂ ਨੂੰ
ਮੁੜ ਤੋਂ ਤਰਤੀਬ ਦੇ ਤੇ ਤਕਸੀਮ ਕਰ
ਸਾਵੀਂ ਸੋਚ ਦੀ ਪੁੱਠ ਚਾੜ੍ਹ
ਘਰ ਦੀ ਬੰਦ ਚਾਰ-ਦੀਵਾਰੀ 'ਚ
ਚਾਨਣ ਤਰੌਂਕੇਗਾ?
ਚੁੱਪ ਰਹਿ ਕੇ
ਆਸ ਰੱਖਣਾ ਚੰਗਾ ਲੱਗਦਾ ਹੈ।

ਬੱਚੇ ਸਾਹਮਣੇ ਇਸ ਮਿਕਨਾਤੀਸੀ ਚੁੱਪ ਦੀਆਂ ਬਹੁ-ਪਰਤਾਂ ਜਿਨ੍ਹਾਂ ਨੇ ਬੱਚੇ ਨੂੰ ਚਿਰ-ਸਦੀਵੀ ਬਾਦਸ਼ਾਹਤ ਵੰਨੀਂ ਤੋਰਨਾ ਏ। ਇਸ ਦਾ ਕਿਆਸ ਸਾਵੀਂ ਅਤੇ ਸੁੱਘੜ ਸੋਚ ਵਾਲੀਆਂ ਮਾਂਵਾਂ ਹੀ ਲਾ ਸਕਦੀਆਂ।

ਬੱਚੇ ਜਿਉਂਦੇ ਨੇ ਤਾਂ ਸੁਪਨਿਆਂ ਦੀਆਂ ਕਲਮਾਂ ਜੀਵਨ-ਕਿਆਰੀ ਵਿਚ ਪੁੰਗਰਦੀਆਂ, ਇਨ੍ਹਾਂ ਨੂੰ ਫਲਦਾਰ ਅਤੇ ਫੁੱਲਦਾਰ ਦਰਖਤ ਬਣਨ ਦਾ ਮੌਕਾ ਮਿਲਦਾ। ਇਹ ਸੁਪਨਿਆਂ ਦੀ ਫਸਲ ਹੀ ਹੁੰਦੀ ਜਿਸ ਦੀ ਭਰਪੂਰਤਾ ਨਾਲ ਜੀਵਨ ਨੂੰ ਸੁਖਨ, ਸ਼ਰਫ, ਸਫਲਤਾ ਅਤੇ ਸੰਪੂਰਨਤਾ ਦਾ ਸ਼ਗਨ ਪੈਂਦਾ।

ਬੱਚਿਆਂ ਵਿਚ ਬੱਚਾ ਬਣਨਾ ਅਤੇ ਬਚਪਨੀ ਰੰਗਾਂ ਵਿਚ ਰੰਗੇ ਜਾਣ ਦਾ ਆਪਣਾ ਹੀ ਵਿਸਮਾਦ। ਤੁਸੀਂ ਕਦੇ ਅਜਿਹੇ ਰੰਗ ਵਿਚ ਰੰਗੇ ਗਏ ਹੋ ਜਾਂ ਰੰਗ ਹੋਣਾ ਲੋਚਦੇ ਹੋ? ਸੱਚੀਂ 'ਕੇਰਾਂ ਅਜਿਹੇ ਰੰਗ ਵਿਚ ਜਰੂਰ ਰੰਗੇ ਜਾਣਾ, ਤੁਸੀਂ ਵਾਰ ਵਾਰ ਬਚਪਨ ਵਿਚ ਪਰਤਣਾ ਲੋਚੋਗੇ।

# ਕਾਮਯਾਬ ਔਰਤਾਂ 'ਚ ਗੋਲ ਪਗੜੀ ਸਜਾਉਣ ਦਾ ਵਧ ਰਿਹਾ ਰੁਝਾਨ

*ਪੱਗ ਜਾਂ ਦਸਤਾਰ ਦੁਨੀਆਂ ਦੇ ਹਰ ਖਿੱਤੇ, ਹਰ ਧਰਮ ਵਿਚ, ਕਿਸੇ ਨਾ ਕਿਸੇ ਰੂਪ ਵਿਚ, ਕਿਸੇ ਨਾ ਕਿਸੇ ਨਾਂ ਨਾਲ ਸਦੀਆਂ ਤੋਂ ਬੱਝਦੀ ਆਈ ਹੈ, ਪਰ 1699 ਤੋਂ ਬਾਅਦ ਸਿੱਖ ਧਰਮ ਵਿਚ ਇਹ ਖਾਸ ਤੌਰ 'ਤੇ ਅੰਮ੍ਰਿਤਧਾਰੀ ਸਿੰਘਾਂ ਲਈ ਲਾਜ਼ਮੀ ਕਰਾਰ ਹੋ ਗਈ। ਦੁਨੀਆਂ ਦੇ ਕਈ ਵਿਕਸਿਤ ਦੇਸ਼ਾਂ ਵਿਚ ਸਿੱਖ ਔਰਤਾਂ ਨੇ ਦਸਤਾਰ ਨੂੰ ਅਪਨਾਇਆ ਹੈ ਅਤੇ ਇਸ ਦਾ ਹੱਕ ਹਾਸਲ ਕਰਨ ਲਈ ਸੰਘਰਸ਼ ਵੀ ਕੀਤਾ ਹੈ। ਅੱਜ ਕਈ ਮੁਲਕਾਂ ਵਿਚ ਸਿੱਖ ਦਸਤਾਰਧਾਰੀ ਔਰਤਾਂ ਉਚ ਅਹੁਦਿਆਂ 'ਤੇ ਕੰਮ ਕਰ ਰਹੀਆਂ ਹਨ। ਲੇਖਕ ਨੇ ਇਹੋ ਵਿਸਥਾਰ ਇਸ ਲੇਖ ਵਿਚ ਦਿੱਤਾ ਹੈ। -ਸੰਪਾਦਕ*

ਪੱਗ, ਪਗੜੀ, ਦਸਤਾਰ ਸਦੀਆਂ ਤੋਂ ਸਿਰ-ਵਸਤਰ ਦੇ ਤੌਰ 'ਤੇ ਇੱਕ ਅਹਿਮ ਪਹਿਰਾਵਾ ਰਿਹਾ ਹੈ। ਗਰਮ ਮੁਲਕਾਂ ਵਿਚ ਮੂੰਹ-ਸਿਰ ਦੇ ਬਚਾਓ ਲਈ ਸ਼ੁਰੂ ਹੋਇਆ ਇਹ ਮਨੁੱਖੀ ਪਹਿਰਾਵਾ, ਸਮਾਂ ਪਾ ਕੇ ਕਈ ਸੰਕੇਤਾਂ, ਪ੍ਰਤੀਕਾਂ ਤੇ ਵਖਰੇਵਿਆਂ ਦਾ ਵਾਹਨ ਬਣ ਗਿਆ। ਆਕਾਰ, ਰੰਗ-ਰੂਪ ਅਤੇ ਬੰਨ੍ਹਣ-ਸ਼ੈਲੀਆਂ ਦੇ ਵਖਰੇਵੇਂ ਦੇ ਕਈ ਅਰਥ ਨਿਕਲਣ ਲੱਗੇ। ਹੌਲੀ ਹੌਲੀ ਪੱਗ

**ਡਾ. ਆਸਾ ਸਿੰਘ ਘੁਮਾਣ**
ਫੋਨ: 91-98152-53245

ਰੁਤਬੇ, ਕਾਰੋਬਾਰ, ਸਮਾਜਕ ਸਥਿਤੀ ਆਦਿ ਦੇ ਪ੍ਰਗਟਾਵੇ ਦਾ ਚਿੰਨ ਬਣਦੀ ਗਈ। ਧਾਰਮਿਕ ਸ਼ਖਸੀਅਤਾਂ ਲਈ ਪੱਗ ਦਸਤਾਰ ਬਣ ਗਈ ਅਤੇ ਇਸ ਦੇ ਰੰਗ, ਸਰੂਪ ਅਤੇ ਆਕਾਰ ਵੀ ਨਿਸ਼ਚਿਤ ਹੋਣ ਲੱਗੇ।

ਪੱਗ ਦੁਨੀਆਂ ਦੇ ਹਰ ਖਿੱਤੇ ਵਿਚ, ਹਰ



ਗੁਰਸੋਚ ਕੌਰ

ਧਰਮ ਵਿਚ, ਕਿਸੇ ਨਾ ਕਿਸੇ ਸਮੇਂ ਵਿਚ, ਕਿਸੇ ਨਾ ਕਿਸੇ ਰੂਪ ਵਿਚ, ਕਿਸੇ ਨਾ ਕਿਸੇ ਨਾਂ ਨਾਲ ਸਦੀਆਂ ਤੋਂ ਬੱਝਦੀ ਆਈ ਹੈ, ਪਰ 1699 ਤੋਂ ਬਾਅਦ ਸਿੱਖ ਧਰਮ ਵਿਚ ਇਹ ਖਾਸ ਤੌਰ 'ਤੇ ਅੰਮ੍ਰਿਤਧਾਰੀ ਸਿੰਘਾਂ ਲਈ ਲਾਜ਼ਮੀ ਕਰਾਰ ਹੋ ਗਈ। ਭਾਵੇਂ ਮੁਸਲਿਮ ਧਰਮ ਵਿਚ ਵੀ ਪੱਗ ਨੂੰ ਵਿਸ਼ੇਸ਼ ਮੁਕਾਮ ਹਾਸਲ ਰਿਹਾ ਹੈ ਪ੍ਰੰਤੂ ਇਹ ਕਦੀ ਵੀ ਲਾਜ਼ਮੀ ਅਮਲ ਨਾ ਬਣ ਸਕਿਆ। ਖਾਸ ਤੌਰ 'ਤੇ ਮੁਸਲਿਮ ਔਰਤਾਂ ਨੂੰ ਪੱਗ ਬੰਨ੍ਹਣ ਦੀ ਤਕਰੀਬਨ ਮਨਾਹੀ ਹੀ ਰਹੀ। ਕਈ ਹਦੀਸਾਂ ਵਿਚ ਮਰਦ ਦੀ ਨਕਲ ਕਰਕੇ ਪੱਗ ਬੰਨ੍ਹਣ ਵਾਲੀਆਂ ਔਰਤਾਂ ਦਾ ਸਗੋਂ ਮਖੌਲ ਉਡਾਇਆ ਗਿਆ ਹੈ।

ਇਸ ਦੇ ਉਲਟ ਸਿੱਖ ਔਰਤਾਂ ਭਾਵੇਂ ਅੰਮ੍ਰਿਤਧਾਰੀ ਹੋਣ ਉਪਰੰਤ ਵੀ ਜ਼ਿਆਦਾਤਰ ਜੂੜਾਧਾਰੀ ਜਾਂ ਦਸਤਾਰਧਾਰੀ ਹੋਣ ਦੀ ਥਾਂ ਗੁੱਤ ਜਾਂ ਚੁੰਨੀ ਨੂੰ ਹੀ ਅਪਨਾਉਂਦੀਆਂ ਰਹੀਆਂ ਹਨ, ਪ੍ਰੰਤੂ ਸਿੱਖ ਧਰਮ ਵਿਚ ਔਰਤ ਨੂੰ ਹਰ ਤਰ੍ਹਾਂ ਦੀ ਬਰਾਬਰੀ ਦੀ ਖੁੱਲ੍ਹ ਰਹੀ ਹੈ ਅਤੇ ਇਤਿਹਾਸ ਵਿਚ



ਪਲਬਿੰਦਰ ਕੌਰ ਸ਼ੇਰਗਿੱਲ

ਕਈ ਔਰਤਾਂ ਦਾ ਜ਼ਿਕਰ ਹੈ ਜੋ ਦਸਤਾਰ ਸਜਾਉਂਦੀਆਂ ਰਹੀਆਂ ਹਨ। ਅਜੋਕੇ ਸਮੇਂ ਵਿਚ ਔਰਤਾਂ ਵਿਚ ਕੌਮਾਂਤਰੀ ਪੱਧਰ 'ਤੇ ਵਿਚਰਦਿਆਂ ਪੱਗ ਨੂੰ ਅਨੇਕਾਂ ਮੁਸ਼ਕਿਲਾਂ ਦਰਪੇਸ਼ ਹੋਣ ਦੇ ਬਾਵਜੂਦ ਪੱਗ ਬੰਨ੍ਹਣ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਇਸ ਸਬੰਧ 'ਚ ਔਰਤਾਂ ਦੀ ਗੋਲ ਪੱਗ ਸਿੱਖੀ ਦੀ ਪਛਾਣ-ਵਸਤਰ ਬਣਦਾ ਜਾ ਰਿਹਾ ਹੈ।

ਕੈਨੇਡਾ, ਅਮਰੀਕਾ, ਆਸਟਰੇਲੀਆ, ਯੂਰਪ ਭਾਵ ਦੁਨੀਆਂ ਦੇ ਅਤਿ ਵਿਕਸਿਤ ਦੇਸ਼ਾਂ ਵਿਚ ਪੰਜਾਬਣਾਂ ਸਰਕਾਰੀ ਖੇਤਰਾਂ ਵਿਚ ਵੱਡੀਆਂ ਪ੍ਰਾਪਤ ਕਰ ਰਹੀਆਂ ਹਨ ਅਤੇ ਪਗੜੀਧਾਰੀ ਹੋਣ ਕਰਕੇ ਦਸਤਾਰ ਦੇ ਸੰਘਰਸ਼ਸ਼ੀਲ ਇਤਿਹਾਸ ਵਿਚ ਮੀਲ-ਪੱਥਰ ਵੀ ਸਾਬਤ ਹੋ ਰਹੀਆਂ ਹਨ। ਇਹ ਵੀ ਸੱਚ ਹੈ ਕਿ ਇਨ੍ਹਾਂ ਵਿਕਸਿਤ ਦੇਸ਼ਾਂ ਵਿਚ ਸਥਾਈ ਔਰਤਾਂ ਵੀ ਪੱਗਾਂ ਬੰਨਦੀਆਂ ਰਹੀਆਂ ਹਨ ਪ੍ਰੰਤੂ ਅਜਿਹਾ ਸਿਰਫ ਫੈਸ਼ਨ ਵਜੋਂ ਹੀ ਹੁੰਦਾ ਰਿਹਾ ਹੈ। ਰੋਜ਼ਾਨਾ ਅਮਲ ਦੇ ਰੂਪ ਵਿਚ ਬਾਹਰੀ ਸਮਾਜ ਵਿਚ ਵਿਚਰਨ ਵਾਲੀ ਦਸਤਾਰਧਾਰੀ ਔਰਤ ਪੱਕੇ ਤੌਰ 'ਤੇ ਸਿੱਖ ਔਰਤ ਹੀ ਹੁੰਦੀ ਹੈ। ਹੋਰ ਦੁਨੀਆਂ ਵਿਚ ਪੱਗ ਬੰਨ੍ਹਣ ਦਾ ਰੁਝਾਨ ਕੇਵਲ ਸਮਾਜਕ ਜਾਂ ਸਭਿਆਚਾਰਕ ਰਿਹਾ ਹੈ।

ਉਚੇ ਤੇ ਨਾਮਵਰ ਅਹੁਦਿਆਂ 'ਤੇ ਬਿਰਾਜਮਾਨ ਹੋਣ ਵਾਲੀਆਂ ਗੋਲ ਦਸਤਾਰਧਾਰੀ ਔਰਤਾਂ ਵਿਚ ਖਾਸ ਤੌਰ 'ਤੇ ਗੁਰਸੋਚ ਕੌਰ, ਪਲਬਿੰਦਰ ਕੌਰ ਸ਼ੇਰਗਿੱਲ, ਅਰਪਿੰਦਰ ਕੌਰ, ਹਰਕਿਰਨ ਵਾਂਡਾ ਕੌਰ, ਹਰਿੰਦਰ ਕੌਰ ਖਾਲਸਾ, ਕਰਨ ਕੌਰ ਆਦਿ ਦਾ ਨਾਂ ਮੀਡੀਏ ਵਿਚ ਉਭਰਦਾ ਰਿਹਾ ਹੈ। ਇਨ੍ਹਾਂ ਕਾਮਯਾਬ ਔਰਤਾਂ ਵਿਚ ਆਪਣੀ ਧਾਰਮਿਕ ਪਛਾਣ ਕਾਇਮ ਕਰਨ, ਬਰਾਬਰੀ ਦਾ ਸੰਕਲਪ ਬੁਲੰਦ ਕਰਨ ਅਤੇ ਹੀਣ ਭਾਵਨਾ ਤੋਂ ਉਪਰ ਉਠਣ ਦੀ ਪ੍ਰਬਲ ਤਮੰਨਾ ਵਰਣਨਯੋਗ ਹੈ। ਇਸ ਵੱਡੀ ਦੁਨੀਆਂ ਵਿਚ ਦਸਤਾਰਧਾਰੀ ਸਰੂਪ ਵਿਚ ਸਮਾਜ ਨਾਲ, ਕਾਨੂੰਨ ਨਾਲ, ਆਲੇ-ਦੁਆਲੇ ਤੋਂ ਬੇਨਿਆਜ਼ ਹੋ ਆਪਣੇ ਅਕੀਦੇ ਵਿਚ ਪਰਪੱਕ ਹੋਣਾ ਬੜੀ ਨਿਵੇਕਲੀ ਗੱਲ ਹੈ। ਇਨ੍ਹਾਂ ਔਰਤਾਂ ਦੇ ਸਿਰੜ ਸਦਕਾ ਦੁਨੀਆਂ ਦੇ ਕਈ ਕਾਨੂੰਨ ਘਾੜਿਆਂ ਨੂੰ ਆਪਣੀ ਸੋਚ ਦੇ ਰੁਖ ਬਦਲਣੇ ਪਏ ਹਨ।

ਗੁਰਸੋਚ ਕੌਰ ਨੇ ਕੇਵਲ 20 ਸਾਲ ਦੀ ਉਮਰ ਵਿਚ ਉਦੋਂ ਇਤਿਹਾਸ ਸਿਰਜਿਆ ਜਦੋਂ ਉਸ ਨੂੰ ਨਿਊ ਯਾਰਕ ਵਿਚ ਅਮਰੀਕਨ ਪੁਲਿਸ ਡਿਪਾਰਟਮੈਂਟ ਦੀ ਪਹਿਲੀ ਦਸਤਾਰਧਾਰੀ ਪੁਲਿਸ ਅਫਸਰ ਹੋਣ ਦਾ ਮਾਣ ਪ੍ਰਾਪਤ ਹੋਇਆ। ਉਸ ਨੇ ਅਜੇ ਮਈ 2018 ਵਿਚ ਹੀ ਨਿਊ ਯਾਰਕ ਪੁਲਿਸ ਅਕੈਡਮੀ ਤੋਂ ਗ੍ਰੈਜੂਏਸ਼ਨ ਕੀਤੀ ਹੈ।

ਪੰਜਾਬ ਵਿਚ ਜਨਮੀ ਅਤੇ ਚਾਰ ਸਾਲ ਦੀ ਉਮਰ ਵਿਚ ਕੈਨੇਡਾ ਜਾ ਪਹੁੰਚੀ ਪਲਬਿੰਦਰ ਕੌਰ ਸ਼ੇਰਗਿੱਲ ਨੂੰ ਪਿਛਲੇ ਸਾਲ ਹੀ ਦੁਨੀਆਂ ਵਿਚ ਪਹਿਲੀ ਦਸਤਾਰਧਾਰੀ ਜੱਜ ਹੋਣ ਦਾ ਮਾਣ ਹਾਸਲ ਹੋਇਆ ਹੈ। ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ



ਪਾਇਲਟ ਅਰਪਿੰਦਰ ਕੌਰ

ਵਿਚ ਰਹਿੰਦੀ ਪਲਬਿੰਦਰ ਕੌਰ ਇਹ ਪਦਵੀ ਪ੍ਰਾਪਤ ਕਰਨ ਤੋਂ ਪਹਿਲਾਂ ਮਨੁੱਖੀ ਅਧਿਕਾਰਾਂ ਦੇ ਐਡਵੋਕੇਟ ਦੇ ਤੌਰ 'ਤੇ ਆਪਣਾ ਨਾਂ ਬਣਾ ਚੁਕੀ ਸੀ। ਦਸਤਾਰਧਾਰੀ ਸਿੱਖ ਔਰਤ ਦਾ ਕੈਨੇਡਾ ਦੀ



ਹਰਿੰਦਰ ਕੌਰ ਖਾਲਸਾ

ਧਰਤੀ 'ਤੇ ਇੱਕ ਜੱਜ ਦੇ ਤੌਰ 'ਤੇ ਕਾਮਯਾਬ ਹੋਣਾ ਕਈ ਪੱਖਾਂ ਤੋਂ ਪ੍ਰਤੀਕਾਤਮਕ ਪ੍ਰਾਪਤੀ ਹੈ।

ਅਮਰੀਕਾ ਦੀ ਹੀ ਅਰਪਿੰਦਰ ਕੌਰ ਦਾ ਪੰਦਰਾਂ ਸਾਲਾਂ ਦੀ ਉਮਰ ਤੋਂ ਹੀ ਸੁਪਨਾ ਸੀ ਕਿ ਉਹ ਪਾਇਲਟ ਬਣ ਸਕੇ। ਪੰਜਾਬ ਤੋਂ ਅਮਰੀਕਾ ਜਾਂਦਿਆਂ ਜਹਾਜ਼ ਦੇ ਪਾਇਲਟ ਦਾ ਉਸ ਨੂੰ ਕਾਕਪਿਟ ਦਿਖਾ ਦੇਣਾ ਉਸ ਦੀ ਜ਼ਿੰਦਗੀ ਦਾ ਫੈਸਲਾਕੁਨ ਵਾਕਿਆ ਬਣ ਗਿਆ। ਸੈਨ ਅਨਟੋਨੀਓ, ਟੈਕਸਸ ਦੀ ਇਸ 28 ਸਾਲਾ ਲੜਕੀ ਨੂੰ 2008 ਵਿਚ ਅਮਰੀਕਾ ਦੀ ਇੱਕ ਵੱਡੀ ਕਮਰਸ਼ੀਅਲ ਏਅਰਲਾਈਨ ਨੇ ਪਾਇਲਟ ਦੇ ਤੌਰ 'ਤੇ ਚੁਣ ਲਿਆ ਅਤੇ ਬਾਅਦ ਵਿਚ ਦਸਤਾਰਧਾਰੀ ਹੋਣ ਦੀ ਛੋਟ ਵੀ ਦੇ ਦਿੱਤੀ। ਅਰਪਿੰਦਰ ਕੌਰ ਮੰਨਦੀ ਹੈ ਕਿ ਦਸਤਾਰ ਦੀ ਬਦੌਲਤ ਉਹ ਦੂਜਿਆਂ ਲਈ ਵਿਸ਼ੇਸ਼ ਖਿੱਚ ਦਾ ਕਾਰਨ ਬਣਦੀ ਹੈ।

ਵਾਂਡਾ ਮੈਕਡਾਨਲਡ ਅਮਰੀਕਨ ਨੇਵੀ ਵਿਚ ਸਿੱਖ ਧਰਮ ਅਪਨਾਉਣ ਵਾਲੀ ਪਹਿਲੀ ਔਰਤ ਹੈ, ਜਿਸ ਨੂੰ ਦਸਤਾਰ ਪਹਿਨਣ ਦਾ ਹੱਕ ਲੈਣ ਵਿਚ ਕਾਫੀ ਮੁਸ਼ਕਿਲਾਂ ਆਈਆਂ। ਅੰਮ੍ਰਿਤਧਾਰੀ ਹਰਕਿਰਨ ਵਾਂਡਾ ਕੌਰ ਇਨ੍ਹਾਂ ਮੁਸ਼ਕਿਲਾਂ ਨੂੰ ਸਰ ਕਰਦੀ ਅਮਰੀਕਾ ਦੀ ਪਹਿਲੀ ਦਸਤਾਰਧਾਰੀ ਨੇਵੀ ਅਫਸਰ ਬਣੀ।

ਹਰਿੰਦਰ ਕੌਰ ਖਾਲਸਾ ਨੇ 2005 ਵਿਚ ਪੁਲਿਸ ਅਕੈਡਮੀ ਤੋਂ ਗਰੈਜੂਏਸ਼ਨ ਕੀਤੀ। ਤੁਰੰਤ ਹੀ ਉਸ ਨੂੰ ਕੈਲੀਫੋਰਨੀਆ ਵਿਚ ਡਿਪਟੀ ਸ਼ੈਰਿਫ ਦੇ ਤੌਰ 'ਤੇ ਲੈ ਲਿਆ ਗਿਆ। ਸੰਨ 2009 ਵਿਚ ਅੰਮ੍ਰਿਤ ਛਕਣ ਪਿਛੋਂ ਜਦ ਉਸ ਨੇ ਦਸਤਾਰ ਸਜਾਉਣ ਦੀ ਜ਼ਿਦ ਕੀਤੀ ਤਾਂ ਉਸ ਨੂੰ ਸਪਸ਼ਟ ਦੱਸ ਦਿੱਤਾ ਗਿਆ ਕਿ ਦਸਤਾਰਧਾਰੀ ਹੁੰਦਿਆਂ ਉਹ ਪਬਲਿਕ ਡਿਊਟੀ ਨਹੀਂ ਕਰ ਸਕਦੀ, ਉਹ ਕੇਵਲ ਡੈਸਕ ਜਾਬ ਕਰ ਸਕਦੀ ਹੈ। ਹਰਿੰਦਰ ਕੌਰ ਆਪਣੇ ਦ੍ਰਿੜ ਇਰਾਦੇ 'ਤੇ ਅੜੀ ਰਹੀ। ਖੈਰ, ਕੈਲੀਫੋਰਨੀਆ ਵਿਚ 2013 ਵਿਚ ਏ. ਬੀ. 1964 ਐਕਟ ਲਾਗੂ ਹੋਣ ਨਾਲ ਉਸ ਨੂੰ ਦਸਤਾਰ ਸਜਾਉਣ ਦੀ ਇਜਾਜ਼ਤ ਮਿਲ ਗਈ ਅਤੇ ਉਹ ਮੁੜ ਆਪਣੀ ਪੋਸਟ 'ਤੇ ਆ ਗਈ।

ਇਹ ਸੱਚ ਹੈ ਕਿ ਇਹ ਸਭ ਬੀਬੀਆਂ ਅੰਮ੍ਰਿਤਧਾਰੀ ਹੋਣ ਕਰਕੇ ਪੱਗ ਨੂੰ ਗੁਰੂ ਦਾ ਹੁਕਮ ਸਮਝ ਕੇ ਸਜਾਉਂਦੀਆਂ ਹਨ। ਪ੍ਰੰਤੂ ਪੰਜਾਬ ਵਿਚ ਅਤੇ ਪੰਜਾਬੋਂ ਬਾਹਰ ਬੀਬੀਆਂ ਵਿਚ ਵੱਖੋ-ਵੱਖੀ ਫੈਸ਼ਨ ਵਜੋਂ ਪੱਗ ਬੰਨ੍ਹਣ ਦਾ ਰਿਵਾਜ ਵੀ ਕਾਫੀ ਜ਼ੋਰ ਫੜ੍ਹ ਰਿਹਾ ਹੈ। ਹਾਲਾਂਕਿ ਪਹਿਲੇ ਸਮਿਆਂ ਵਿਚ ਪੱਗ ਔਰਤਾਂ ਲਈ ਅੱਲੋਕਾਰੀ ਤੇ ਕੁਢੱਬਾ ਵਸਤਰ ਸਮਝਿਆ ਜਾਂਦਾ ਸੀ। ਆਸਟਰੇਲੀਆ ਦੇ ਸ਼ਹਿਰ ਗਲੈਨਡੈਨਿੰਗ ਦੀ ਵਸਨੀਕ ਕਰਨ ਕੌਰ ਦੁਨੀਆਂ ਦੀ ਪਹਿਲੀ ਦਸਤਾਰਧਾਰੀ ਲੜਕੀ ਹੈ ਜੋ ਇੱਕ ਕਾਮਯਾਬ ਫੈਸ਼ਨ ਬਲੌਗਰ ਦੇ ਤੌਰ 'ਤੇ




ਹਰਕਿਰਨ ਵਾਂਡਾ ਕੌਰ

ਮਸ਼ਹੂਰ ਹੈ।

ਸੋ ਅਸੀਂ ਕਹਿ ਸਕਦੇ ਹਾਂ ਕਿ ਦੁਨੀਆਂ ਵਿਚ ਹਰ ਪੱਗ ਬੰਨਣ ਵਾਲਾ ਭਾਵੇਂ ਜ਼ਰੂਰੀ ਨਹੀਂ ਕਿ ਸਿੱਖ ਹੋਵੇ ਪ੍ਰੰਤੂ ਸਿੱਖ ਔਰਤਾਂ ਦੇ ਮਾਮਲੇ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਹਰ ਪੱਗ ਬੰਨ੍ਹਣ ਵਾਲੀ ਲੜਕੀ ਜਾਂ ਔਰਤ ਯਕੀਨਨ ਤੌਰ 'ਤੇ ਸਿੱਖ ਹੀ ਹੁੰਦੀ ਹੈ।

# ਦਸਤਾਰ ਦਾ ਸਤਿਕਾਰ

'ਦਸਤਾਰ' ਫਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, ਹੱਥਾਂ ਨਾਲ ਸੰਵਾਰ ਕੇ ਬੰਨ੍ਹਿਆ ਗਿਆ ਵਸਤਰ। ਇਤਿਹਾਸ ਵੱਲ ਝਾਤ ਮਾਰਨ 'ਤੇ ਪਤਾ ਚੱਲਦਾ ਹੈ ਕਿ ਭਾਵੇਂ ਸਭ ਧਰਮਾਂ, ਸਭਿਆਚਾਰਾਂ ਅਤੇ ਵਿਚਾਰਧਾਰਾਵਾਂ ਵਿਚ ਦਸਤਾਰ ਦਾ ਮਹੱਤਵ ਰਿਹਾ ਹੈ, ਪਰ ਸਿੱਖ ਧਰਮ ਵਿਚ ਦਸਤਾਰ ਸਜਾਉਣ ਦੀ ਵਿਸ਼ੇਸ਼ ਮਹੱਤਤਾ ਇਸ ਕਰਕੇ ਹੈ ਕਿ ਇਸ ਨੂੰ ਸਿੱਖ ਪਹਿਰਾਵੇ ਦਾ ਇਕ ਅਨਿੱਖੜਵਾਂ ਅੰਗ ਮੰਨਿਆ ਜਾਂਦਾ ਹੈ। ਦਸਤਾਰ ਸਜਾਈ ਰੱਖਣ ਲਈ ਹੀ ਦਸ਼ਮੇਸ਼ ਪਿਤਾ ਨੇ ਆਪਣਾ ਸਰਬੰਸ ਵਾਰਿਆ ਅਤੇ ਸੂਰਬੀਰ ਸਿੰਘਾਂ ਨੇ



**ਹਰਗੁਣਪ੍ਰੀਤ ਸਿੰਘ**
ਫੋਨ: 91-94636-19353

ਅਣਗਿਣਤ ਕੁਰਬਾਨੀਆਂ ਦਿੱਤੀਆਂ। ਦਸਤਾਰ ਦੀ ਹੋਂਦ ਅਤੇ ਸਤਿਕਾਰ ਕਾਇਮ ਰੱਖਣ ਵਾਸਤੇ ਹੀ ਦੇਸ਼-ਵਿਦੇਸ਼ ਵਿਚ ਸਿੱਖਾਂ ਵੱਲੋਂ ਅਕਸਰ ਮੋਰਚੇ ਲਾਏ ਜਾਂਦੇ ਹਨ ਅਤੇ ਦੁੱਖ-ਤਸੀਹੇ ਝੱਲੇ ਜਾਂਦੇ ਹਨ।

ਭਾਰਤ ਦੀ ਕੁੱਲ ਆਬਾਦੀ ਦੇ ਦੋ ਪ੍ਰਤੀਸ਼ਤ ਤੋਂ ਵੀ ਘੱਟ ਦਸਤਾਰਧਾਰੀ ਸਿੱਖਾਂ ਨੇ ਹੀ 80% ਕੁਰਬਾਨੀਆਂ ਦੇ ਕੇ ਭਾਰਤ ਨੂੰ ਆਜ਼ਾਦ ਕਰਵਾਇਆ ਸੀ। ਉਘੇ ਸਿੱਖ ਵਿਦਵਾਨ ਡਾ. ਰਤਨ ਸਿੰਘ ਜੱਗੀ ਦੇ 'ਸਿੱਖ ਪੰਥ ਵਿਸ਼ਵ ਕੋਸ਼' ਮੁਤਾਬਕ ਦੋਹਾਂ ਵਿਸ਼ਵ ਯੁੱਧਾਂ ਵਿਚ ਵੀ 83 ਹਜ਼ਾਰ ਤੋਂ ਵੱਧ ਦਸਤਾਰਧਾਰੀ ਸਿੱਖ ਸ਼ਹੀਦ ਹੋਏ ਸਨ।

ਆਮ ਸਿੱਖ ਬੱਚਿਆਂ ਵਾਂਗ ਮੈਨੂੰ ਵੀ ਬਚਪਨ ਤੋਂ ਹੀ ਦਸਤਾਰ ਸਜਾਉਣ ਦਾ ਬਹੁਤ ਸ਼ੌਕ ਸੀ। ਦਸਤਾਰ ਸਿੱਖਣ ਲਈ ਮੈਂ ਜਿੱਥੇ ਹਰ ਰੋਜ਼ ਬੜੇ ਧਿਆਨ ਨਾਲ ਆਪਣੇ ਦਾਦਾ ਜੀ ਨੂੰ ਦਸਤਾਰ ਸਜਾਉਂਦਿਆਂ ਵੇਖਦਾ ਸੀ, ਉਥੇ ਕਦੇ-ਕਦਾਈਂ ਛੁੱਟੀ ਵਾਲੇ ਦਿਨ ਆਪਣੇ ਨਾਨੀ ਜੀ ਅਤੇ ਚਾਚਾ ਜੀ ਕੋਲੋਂ ਵੀ ਕਈ-ਕਈ ਵਾਰ ਦਸਤਾਰ ਬੰਨਵਾ ਕੇ ਖੁਸ਼ੀ ਪ੍ਰਾਪਤ ਕਰਦਾ ਰਹਿੰਦਾ। ਮੈਨੂੰ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਦਸਤਾਰ ਸਜਾ ਕੇ ਮੈਂ ਬਹੁਤ ਹੀ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਵਿਅਕਤੀ ਬਣ ਗਿਆ ਹੋਵਾਂ। ਮੈਨੂੰ ਉਦੋਂ ਬਹੁਤ ਹੀ ਮਾਣ ਮਹਿਸੂਸ ਹੁੰਦਾ ਸੀ, ਜਦੋਂ ਮੈਂ ਬੜੇ ਚਾਅ ਨਾਲ ਪਰਿਵਾਰ ਦੇ ਹਰੇਕ ਜੀਅ ਕੋਲ ਜਾ ਕੇ ਆਪਣੀ ਦਸਤਾਰ ਦਿਖਾਉਂਦੀ ਅਤੇ ਸਭ ਨੇ ਮੈਨੂੰ ਬਹੁਤ ਪਿਆਰ ਨਾਲ 'ਛੋਟੇ ਸਰਦਾਰ ਜੀ' ਅਤੇ 'ਖਾਲਸਾ ਜੀ' ਆਖ ਕੇ ਫਤਿਹ ਬੁਲਾਉਣੀ। ਸਾਡੇ ਸਕੂਲ ਵੱਲੋਂ ਵੀ ਵਿਦਿਆਰਥੀਆਂ ਵਿਚ ਦਸਤਾਰ ਪ੍ਰਤੀ ਸਤਿਕਾਰ ਪੈਦਾ ਕਰਨ ਲਈ ਅਕਸਰ ਦਸਤਾਰ ਸਜਾਓ ਮੁਕਾਬਲੇ ਕਰਵਾਏ ਜਾਂਦੇ। ਮੈਂ ਸੱਤਵੀਂ ਵਿਚ ਹੀ ਆਪਣੇ ਆਪ ਦਸਤਾਰ ਸਜਾਉਣੀ ਅਰੰਭ ਕਰ ਦਿੱਤੀ ਸੀ। ਨਵੀਂ-ਨਵੀਂ ਦਸਤਾਰ ਸਿੱਖਣ ਦਾ ਚਾਅ ਹੀ ਕੁਝ ਵੱਖਰਾ ਹੁੰਦਾ ਹੈ, ਇਸ ਲਈ ਮੈਂ ਸਵੇਰੇ ਜਲਦੀ ਉਠ ਕੇ ਕਿੰਨਾ-ਕਿੰਨਾ ਚਿਰ ਸ਼ੀਸ਼ੇ ਸਾਹਮਣੇ ਬੈਠ ਕੇ ਦਸਤਾਰ ਸਜਾਉਂਦਾ ਰਹਿੰਦਾ।

ਜਦੋਂ ਸਾਲ 2003 ਵਿਚ ਦਸਵੀਂ 'ਚ ਪੜ੍ਹਦਿਆਂ ਮੈਨੂੰ ਬਲੱਡ ਕੈਂਸਰ ਜੈਸੀ ਭਿਅੰਕਰ ਬਿਮਾਰੀ ਨਾਲ ਸਾਹਮਣਾ ਕਰਨਾ ਪਿਆ ਤਾਂ ਪੀ.



ਜੀ. ਆਈ. ਚੰਡੀਗੜ੍ਹ ਤੋਂ ਚੱਲੇ ਸਾਢੇ ਤਿੰਨ ਸਾਲ ਲੰਬੇ ਇਲਾਜ ਦੌਰਾਨ ਕੈਮੋਥਰੈਪੀ, ਰੇਡੀਓਥਰੈਪੀ ਅਤੇ ਹਰ ਰੋਜ਼ ਖਾਣ ਵਾਲੀਆਂ ਤੇਜ਼ ਦਵਾਈਆਂ ਦੇ ਪ੍ਰਭਾਵ ਕਾਰਨ ਮੇਰੇ ਸਿਰ ਦੇ ਸਾਰੇ ਵਾਲ ਜੜੋਂ ਹੀ ਨਿਕਲ ਗਏ। ਅਜਿਹੀ ਸਥਿਤੀ ਵਿਚ ਵੀ ਮੈਂ ਹਰ ਰੋਜ਼ ਪਟਿਆਲਿਓਂ ਚੰਡੀਗੜ੍ਹ ਸੁੰਦਰ ਪਟਿਆਲਾਸ਼ਾਹੀ ਦਸਤਾਰ ਸਜਾ ਕੇ ਹੀ ਜਾਇਆ ਕਰਦਾ ਸੀ। ਮੇਰੀ ਕਮੀਜ਼ ਦੇ ਰੰਗ ਨਾਲ ਮੈਚਿੰਗ ਦਸਤਾਰ ਬੰਨੀ ਵੇਖ ਕੇ ਤਾਂ ਕਈ ਵਾਰ ਡਾਕਟਰਾਂ ਨੂੰ ਵੀ ਮੇਰੀ ਬਿਮਾਰੀ ਅਤੇ ਕਮਜ਼ੋਰੀ ਬਾਰੇ ਪਤਾ ਨਹੀਂ ਸੀ ਚੱਲਦਾ। ਇਨ੍ਹੀਂ ਦਿਨੀਂ ਮੈਨੂੰ ਇੰਜੈਕਸ਼ਨ ਲਾਉਣ ਵਾਲੀ ਇਕ ਨਰਸ, ਜੋ ਪੰਜਾਬ ਦੀ ਥਾਂ ਕਿਸੇ ਹੋਰ ਰਾਜ ਤੋਂ ਸੀ ਅਤੇ ਸਿੱਖ ਧਰਮ ਵਿਚ ਦਸਤਾਰ ਦੀ ਮਹੱਤਤਾ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਰੱਖਦੀ, ਨੇ ਕਿਹਾ, "ਬੇਟਾ! ਵੈਸੇ ਤੋ ਤੁਮ ਪਗੜੀ ਅੱਛੀ ਬਾਂਧ ਲੇਤੇ ਹੋ, ਲੇਕਿਨ ਇਸ ਕੀ ਬਜਾਏ ਅਗਰ ਟੋਪੀ ਪਹਿਨ ਲੀਆ ਕਰੋ ਤੋ ਬਹੁਤ ਕਮਫਰਟੇਬਲ ਮਹਿਸੂਸ ਕਰੋਗੇ। ਇਲਾਜ ਕਰਵਾ ਰਹੇ ਕਈ ਔਰ ਲੋਗ ਭੀ ਐਸਾ ਹੀ ਕਰ ਰਹੇ ਹੈਂ।" ਉਸ ਨੇ ਭਾਵੇਂ ਇਹ ਸ਼ਬਦ ਬੜੇ ਪਿਆਰ ਤੇ ਹਮਦਰਦੀ ਨਾਲ ਆਖੇ ਸਨ, ਪਰੰਤੂ ਮੇਰੇ ਹਿਰਦੇ ਉਤੇ ਤੀਰ ਵਾਂਗ ਵੱਜੇ।

ਮੈਂ ਸਤਿਕਾਰ ਪਰ ਦ੍ਰਿੜਤਾ ਸਹਿਤ ਉਸ ਨੂੰ ਕਿਹਾ, "ਮੈਡਮ ਜੀ! ਇਹ ਦਸਤਾਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਬਖਸ਼ੀ ਹੋਈ ਸਰਦਾਰੀ ਦਾ ਤਾਜ ਹੈ। ਇਹ ਗੁਰੂ ਸਾਹਿਬ ਦੀ ਹਸਤੀ ਦਾ ਨਿਸ਼ਾਨ ਸਾਹਿਬ ਹੈ ਅਤੇ ਇਸ ਵਿਚੋਂ ਮੇਰੀ ਸਰਦਾਰੀ ਬੋਲਦੀ ਹੈ। ਦਸਤਾਰ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੈ। ਦਸਤਾਰ ਗੁਰੂ ਦਾ ਦਿੱਤਾ ਵਰਦਾਨ ਹੈ, ਜੋ ਸਾਡੀ ਆਨ, ਮਾਨ, ਸ਼ਾਨ ਅਤੇ ਇਮਾਨ ਦਾ ਪ੍ਰਤੀਕ ਹੈ। ਆਪਣੀ ਦਸਤਾਰ ਸਦਕਾ ਹੀ ਮੈਂ ਲੱਖਾਂ ਲੋਕਾਂ ਦੇ ਇਕੱਠ ਵਿਚੋਂ ਸਕਿੰਟਾਂ ਵਿਚ ਬੜੀ ਅਸਾਨੀ ਨਾਲ ਪਛਾਣਿਆ ਜਾ ਸਕਦਾ ਹਾਂ। ਦਸਤਾਰ ਸਿੱਖ ਲਈ ਸੱਚਾ ਸਤਿਕਾਰ ਅਤੇ ਸੱਚਾ ਸ਼ਿੰਗਾਰ ਹੈ ਜਿਸ ਬਿਨਾ ਸੱਚਾ ਸਿੱਖ ਜਿਉਂਦਾ ਨਹੀਂ ਰਹਿ ਸਕਦਾ।" ਮੇਰੇ ਇਨ੍ਹਾਂ ਸ਼ਬਦਾਂ ਨਾਲ ਜਿੱਥੇ ਉਸ ਗੈਰ ਪੰਜਾਬਣ ਨਰਸ ਦੇ ਹੱਥ ਸਹਿਜੇ ਹੀ ਦਸਤਾਰ ਦੇ ਸਤਿਕਾਰ ਲਈ ਜੁੜ ਗਏ, ਉਥੇ ਕੋਲ ਖੜ੍ਹੇ ਕੁਝ ਪੰਜਾਬੀ ਲੋਕ ਵੀ ਬਹੁਤ ਜਜ਼ਬਾਤੀ ਹੋ ਗਏ।

ਇਸ ਲਈ ਸਿੱਖ ਧਰਮ ਵਿਚ ਦਸਤਾਰ ਦੇ ਇਤਿਹਾਸਕ, ਧਾਰਮਿਕ ਅਤੇ ਭਾਵਨਾਤਮਕ ਮਹੱਤਵ ਸਬੰਧੀ ਜਾਣਕਾਰੀ ਨੂੰ ਦੇਸ਼-ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਉਣ ਲਈ ਸਾਡੀਆਂ ਰਾਜਨੀਤਕ, ਧਾਰਮਿਕ ਅਤੇ ਸਮਾਜਕ ਸੰਸਥਾਵਾਂ ਨੂੰ ਪੂਰੀ ਇਮਾਨਦਾਰੀ ਨਾਲ ਨਿਰੰਤਰ ਕਾਰਜਸ਼ੀਲ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੀਡੀਆ ਦੇ ਵੱਖ-ਵੱਖ ਸਾਧਨਾਂ ਨੂੰ ਵੀ ਦਸਤਾਰ ਦੇ ਸਤਿਕਾਰ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਵਿਚ ਅਜਿਹੀ ਸਾਰਥਕ ਅਤੇ ਸਾਕਾਰਾਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ ਕਿ ਭਵਿੱਖ ਵਿਚ ਦੇਸ਼ ਜਾਂ ਵਿਦੇਸ਼ ਵਿਚ ਕਿਸੇ ਵਿੱਦਿਅਕ ਸੰਸਥਾ ਵਿਚ ਦਾਖਲਾ ਲੈਣ ਸਮੇਂ, ਕਿਸੇ ਕਿੱਤੇ ਵਿਚ ਰੁਜ਼ਗਾਰ ਪ੍ਰਾਪਤ ਕਰਨ ਸਮੇਂ, ਕਿਸੇ ਹਵਾਈ ਅੱਡੇ ਉਤੇ ਜਾਂਚ ਕਰਵਾਉਣ ਸਮੇਂ ਜਾਂ ਕਿਸੇ ਵੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡ ਮੁਕਾਬਲੇ ਵਿਚ ਹਿੱਸਾ ਲੈਣ ਸਮੇਂ ਕਦੇ ਵੀ ਕਿਸੇ ਸਿੱਖ ਨੂੰ ਕੋਈ ਮੁੜ ਸਾਡੇ ਦੇਸ਼ ਦੀ ਸਰਵਉਚ ਅਦਾਲਤ ਵਾਂਗ ਇਹ ਪ੍ਰਸ਼ਨ ਨਾ ਪੁੱਛ ਸਕੇ, "ਕੀ ਦਸਤਾਰ ਸਿੱਖ ਲਈ ਲਾਜ਼ਮੀ ਹੈ ਜਾਂ ਕੇਵਲ ਸਿਰ ਢਕਣ ਦਾ ਇੱਕ ਸਾਧਨ ਹੈ?"

# ਪੰਜਾਬੀ ਫਿਲਮਾਂ ਦੀ ਨਿਸ਼ਾ: ਨਿਸ਼ੀ ਕੋਹਲੀ

1960ਵਿਆਂ ਦੇ ਦਹਾਕੇ ਵਿਚ ਆਪਣੀ ਉਮਦਾ ਨ੍ਰਿਤ ਸ਼ੈਲੀ ਅਤੇ ਦਿਲ-ਫਰੇਬ ਅਦਾਵਾਂ ਨਾਲ ਦਰਸ਼ਕਾਂ ਦਾ ਮਨ ਮੋਹ ਲੈਣ ਵਾਲੀ ਪੰਜਾਬੀ ਫ਼ਿਲਮਾਂ ਦੀ ਮਕਬੂਲ ਅਦਾਕਾਰਾ ਅਤੇ ਨਰਤਕੀ ਨਿਸ਼ੀ ਜਦੋਂ ਨੱਚਦੀ-ਨੱਚਦੀ ਉਚੀ ਛਾਲ ਮਾਰਦੀ ਸੀ ਤਾਂ ਇੰਜ ਜਾਪਦਾ ਸੀ ਜਿਵੇਂ ਅੰਬਰ ਧਰਤੀ 'ਤੇ ਉਲਰ ਪਿਆ ਹੋਵੇ। ਉਸ ਦੇ ਨ੍ਰਿਤ ਦਾ ਮੁਕਾਬਲਾ ਕਰਨਾ ਪੰਜਾਬੀ ਫ਼ਿਲਮ ਦੇ ਕਿਸੇ ਦੂਜੇ ਹੀਰੋ ਜਾਂ ਹੀਰੋਇਨ ਦੇ ਵਸ ਦੀ ਗੱਲ ਨਹੀਂ ਹੁੰਦੀ ਸੀ। ਪੰਜਾਬੀ ਸਿਨਮਾ ਦੀ ਪਹਿਲੀ ਡਾਂਸਿੰਗ ਕੁਈਨ ਦਾ ਰੁਤਬਾ ਹਾਸਲ ਕਰਨ ਵਾਲੀ ਨਿਸ਼ੀ ਕੋਹਲੀ ਦਾ ਅਸਲੀ ਨਾਮ ਕ੍ਰਿਸ਼ਨਾ ਕੁਮਾਰੀ ਸੀ। ਉਸ ਦੀ ਨ੍ਰਿਤ ਕਾਬਲੀਅਤ ਵੱਲ ਵੇਖਦਿਆਂ ਹਰ ਪੰਜਾਬੀ ਫ਼ਿਲਮ ਵਿਚ ਉਸ ਉਪਰ ਫ਼ਿਲਮਾਏ ਭੰਗੜਾ ਗੀਤ ਸਫਲਤਾ ਦੀ ਗਰੰਟੀ ਮੰਨੇ ਜਾਂਦੇ ਸਨ।

ਨਿਸ਼ੀ ਦੀ ਪੈਦਾਇਸ਼ ਪਹਿਲੀ ਜਨਵਰੀ 1935 ਨੂੰ ਮਹਾਂ-ਪੰਜਾਬ ਦੇ ਸ਼ਹਿਰ ਸਿਆਲਕੋਟ (ਹੁਣ ਪਾਕਿਸਤਾਨ) ਦੇ ਪੰਜਾਬੀ ਖੱਤਰੀ ਪਰਿਵਾਰ ਵਿਚ ਹੋਈ। ਨਿਸ਼ੀ ਦੇ ਫ਼ਿਲਮ ਕਰੀਅਰ ਦੀ ਸ਼ੁਰੂਆਤ ਨਿਰਦੇਸ਼ਕ ਪੀ.ਐਲ. ਸੰਤੋਸ਼ੀ ਦੀ ਹਿੰਦੀ ਫ਼ਿਲਮ 'ਪਾਗਲਖ਼ਾਨਾ' (1952) ਤੋਂ ਹੋਈ ਪਰ ਪੈਸੇ ਦੀ ਕਮੀ ਕਾਰਨ ਇਹ ਫ਼ਿਲਮ ਪੂਰੀ ਨਾ ਹੋ ਸਕੀ। ਲਿਹਾਜ਼ਾ ਨਿਸ਼ੀ ਨੂੰ ਸਹਾਇਕ ਅਦਾਕਾਰਾ ਵਜੋਂ ਪਹਿਲਾ ਮੌਕਾ ਮਿਲਿਆ ਨਿਰਦੇਸ਼ਕ ਰਮੇਸ਼ ਸਹਿਗਲ ਦੀ ਫ਼ਿਲਮ 'ਰੇਲਵੇ ਪਲੇਟਫਾਰਮ' ਅਤੇ ਨਿਰਦੇਸ਼ਕ ਐਨ.ਕੇ. ਜ਼ੀਰੀ ਦੀ ਫ਼ਿਲਮ 'ਚਾਰ ਪੈਸੇ' (1955) ਵਿਚ। ਇਸ ਤੋਂ ਬਾਅਦ ਰਿਲੀਜ਼ ਹੋਈਆਂ ਤਕਰੀਬਨ 64 ਹਿੰਦੀ ਫ਼ਿਲਮਾਂ ਵਿਚ ਨਿਸ਼ੀ ਨੇ ਸਹਾਇਕ ਕਿਰਦਾਰ ਅਦਾ ਕੀਤੇ, ਪਰ ਉਹ ਆਪਣੇ ਆਪ ਨੂੰ 'ਏ ਗਰੇਡ' ਦੀ ਹੀਰੋਇਨ ਸਥਾਪਿਤ ਕਰਨ ਵਿਚ ਫਿਰ ਵੀ ਅਸਫਲ ਰਹੀ। ਨਿਊ ਸਨਰਾਈਜ਼ ਪ੍ਰੋਡਕਸ਼ਨ ਦੀ ਇਤਿਹਾਸਕ ਫ਼ਿਲਮ 'ਸ਼ੇਰੇ-ਏ-ਵਤਨ' (1971) ਨਿਸ਼ੀ ਦੀ ਦਾਰਾ ਸਿੰਘ ਨਾਲ ਆਖ਼ਰੀ ਹਿੰਦੀ ਫ਼ਿਲਮ ਸੀ। ਨਿਸ਼ੀ ਨੂੰ ਜੋ ਮਕਬੂਲੀਅਤ ਅਤੇ ਸ਼ੋਹਰਤ ਪੰਜਾਬੀ ਫ਼ਿਲਮਾਂ ਤੋਂ ਮਿਲੀ, ਉਹ ਹਿੰਦੀ ਫ਼ਿਲਮਾਂ ਤੋਂ ਚਾਹ ਕਿ ਵੀ ਨਾ ਮਿਲ ਸਕੀ।

1959 ਤੋਂ ਲੈ ਕੇ 1969 ਤਕ ਬਣੀਆਂ ਕੁੱਲ 14 ਪੰਜਾਬੀ ਫ਼ਿਲਮਾਂ ਵਿਚ ਨਿਸ਼ੀ ਨੇ ਆਪਣੀ ਬਿਹਤਰੀਨ ਅਦਾਕਾਰੀ ਅਤੇ ਬਾ-ਕਮਾਲ ਨ੍ਰਿਤ ਸ਼ੈਲੀ ਨਾਲ ਪੰਜਾਬੀ ਸਿਨਮਾ ਉਤੇ ਪੂਰੇ 10 ਸਾਲ ਰਾਜ ਕੀਤਾ। ਇਸ ਕਾਮਯਾਬੀ ਦਾ ਸਿਹਰਾ ਗੁਲੂਕਾਰਾ ਸ਼ਮਸ਼ਾਦ ਬੇਗ਼ਮ ਸਿਰ ਵੀ ਬੱਝਦਾ ਹੈ, ਜਿਸ ਦੀ ਖਣਕਦੀ ਬੁਲੰਦ ਆਵਾਜ਼ 'ਤੇ ਨਿਸ਼ੀ ਦੀ ਅੱਡੀ ਦੀ ਧਮਕ ਦੇ ਸੁਮੇਲ ਨਾਲ ਸਮਾਂ ਕੀਲਿਆ ਜਾਂਦਾ ਸੀ। ਦੋਹਾਂ ਹਸਤੀਆਂ ਦਾ ਕਮਾਲ ਸੀ, ਜਿਨ੍ਹਾਂ ਸਦਕਾ ਭੰਗੜਾ ਗੀਤਾਂ ਨੂੰ ਪੰਜਾਬੀ ਫ਼ਿਲਮਾਂ ਵਿਚ ਪ੍ਰਮੁੱਖਤਾ ਤੇ ਸਤਿਕਾਰ ਮਿਲਿਆ। ਜਦੋਂ ਗੋਲਡਨ ਮੂਵੀਜ਼, ਬੰਬੇ ਦੇ ਬੈਨਰ ਹੇਠ ਫ਼ਿਲਮਸਾਜ਼ ਮੁਲਕ ਰਾਜ ਭਾਖੜੀ ਤੇ ਨਿਰਦੇਸ਼ਕ ਜੁਗਲ ਕਿਸ਼ੋਰ ਨੇ 'ਭੰਗੜਾ' (1959) ਫ਼ਿਲਮ ਬਣਾਈ, ਤਾਂ ਇਸ ਫ਼ਿਲਮ ਵਿਚ ਨਿਸ਼ੀ ਨੂੰ ਨਵੀਂ ਨ੍ਰਿਤਕੀ ਅਦਾਕਾਰਾ ਵਜੋਂ ਪੇਸ਼ ਕੀਤਾ ਗਿਆ। ਫ਼ਿਲਮ ਵਿਚ ਹੰਸਰਾਜ ਬਹਿਲ ਦੇ ਸੰਗੀਤ ਅਤੇ ਵਰਮਾ ਮਲਿਕ ਦੇ ਲਿਖੇ ਗੀਤਾਂ ਨੇ ਹਰ ਪਾਸੇ ਧੁੰਮਾਂ ਪਾ ਛੱਡੀਆਂ ਸਨ। ਨਿਸ਼ੀ ਤੇ ਫ਼ਿਲਮ ਅਦਾਕਾਰ ਸੁੰਦਰ 'ਤੇ ਫ਼ਿਲਮਾਏ ਇਨ੍ਹਾਂ ਖ਼ੂਬਸੂਰਤ ਗੀਤਾਂ ਦੇ ਬੋਲ ਹਨ 'ਰੱਬ ਨਾ ਕਰੇ ਜੇ ਚਲਾ ਜਾਏਂ ਤੂੰ ਵਿਚੜ ਕੇ', 'ਅੰਬੀਆਂ ਦੇ ਬੂਟਿਆਂ 'ਤੇ ਲੱਗ ਗਿਆ ਬੂਰ ਨੀ', 'ਬੱਤੀ ਬਾਲ ਕੇ ਬਨੇਰੇ ਉਤੇ ਰੱਖਨੀ ਆਂ' (ਸ਼ਮਸ਼ਾਦ ਬੇਗ਼ਮ)। ਨਿਰਦੇਸ਼ਕ ਜੁਗਲ ਕਿਸ਼ੋਰ ਦੀ 'ਗੁੱਡੀ' (1961) ਨਿਸ਼ੀ ਦੀ ਦੂਸਰੀ ਕਾਮਯਾਬ ਫ਼ਿਲਮ ਸੀ। ਹੰਸਰਾਜ ਬਹਿਲ ਦੀ ਮੌਸੀਕੀ 'ਚ ਇਸ ਫ਼ਿਲਮ 'ਚ ਨਿਸ਼ੀ 'ਤੇ ਫ਼ਿਲਮਾਏ ਤਮਾਮ ਗੀਤ ਬੜੇ ਮਕਬੂਲ ਹੋਏ।

ਨਿਸ਼ੀ ਦੀ ਤੀਸਰੀ ਸੁਪਰਹਿਟ ਪੰਜਾਬੀ ਫ਼ਿਲਮ ਨਿਰਦੇਸ਼ਕ ਬਲਦੇਵ ਰਾਜ ਝੀਂਗਣ ਦੀ 'ਜੀਜਾ ਜੀ' (1962) ਸੀ। ਨਿਸ਼ੀ ਜਿੱਥੇ ਆਪਣੀ ਦਮਦਾਰ ਅਦਾਕਾਰੀ ਜ਼ਰੀਏ ਫ਼ਿਲਮਾਂ 'ਚ ਛਾਈ ਰਹਿੰਦੀ ਸੀ ਉਥੇ ਉਸ 'ਤੇ ਫ਼ਿਲਮਾਏ ਗੀਤਾਂ ਦਾ ਵੀ ਆਪਣਾ ਅਸਰ ਹੁੰਦਾ ਸੀ। ਨਿਸ਼ੀ ਦੇ ਨ੍ਰਿਤ ਦਾ ਮੁਕਾਬਲਾ ਕਰਨਾ ਉਸ ਦੇ ਹੀਰੋ ਦੇ ਵਸ ਦੀ ਗੱਲ ਨਹੀਂ ਹੁੰਦੀ ਸੀ। ਲਿਹਾਜ਼ਾ ਉਸ ਦੇ ਡਾਂਸ ਸਟੈਪਸ ਦਾ ਮੁਕਾਬਲਾ ਡਾਂਸ ਡਾਇਰੈਕਟਰ ਹੀ ਕਰ ਸਕਦਾ ਸੀ। ਇਸੇ ਸਾਲ ਹੀ ਰਿਲੀਜ਼ ਹੋਈ ਬਲਦੇਵ ਰਾਜ ਝੀਂਗਣ ਦੀ ਫ਼ਿਲਮ 'ਬੰਤੋ' ਸੀ। ਫ਼ਿਲਮ 'ਚ ਨਿਸ਼ੀ, ਦਲਜੀਤ, ਹਰਬੰਸ ਭਾਪੇ (ਡਾਂਸ ਡਾਇਰੈਕਟਰ) 'ਤੇ ਫ਼ਿਲਮਾਇਆ ਗਿਆ ਭੰਗੜਾ ਗੀਤ 'ਬੰਤੇ ਦੀ ਟੋਰ ਵੱਖਰੀ' ਜਿਸ ਨੂੰ ਮਹਿੰਦਰ ਕਪੂਰ, ਜਗਜੀਤ ਕੌਰ, ਕੋਰਸ ਨੇ ਗਾਇਆ, ਬਹੁਤ ਪਸੰਦ ਕੀਤਾ ਗਿਆ। ਨਿਰਦੇਸ਼ਕ ਰਾਜੇਸ਼ ਨੰਦਾ ਦੀ 'ਢੋਲ ਜਾਨੀ' (1962) ਵਿਚ ਨਿਸ਼ੀ ਨੇ ਸੜਕ 'ਤੇ ਨੱਚਣ ਵਾਲੀ ਰਾਸਧਾਰੀਆਂ ਦੀ ਲੜਕੀ 'ਬਿਸ਼ਨੀ' ਦਾ ਪਾਰਟ ਬਾਖ਼ੂਬੀ ਅਦਾ ਕੀਤਾ। ਹਰੀ ਦਰਸ਼ਨ ਚਿੱਤਰ, ਬੰਬੇ ਦੇ ਬੈਨਰ ਹੇਠ ਰਿਲੀਜ਼ ਹੋਈ ਨਿਰਦੇਸ਼ਕ ਜੁਗਲ ਕਿਸ਼ੋਰ ਦੀ ਫ਼ਿਲਮ 'ਲਾਜੋ' (1963) 'ਚ ਨਿਸ਼ੀ ਨੇ 'ਲਾਜੋ' ਨਾਮੀ ਪਾਤਰ ਅਦਾ ਕੀਤਾ।






*ਨਿਸ਼ੀ (ਖੱਬੇ) ਅਤੇ ਉਸ ਦੀ ਸੁਪਰਹਿਟ ਫਿਲਮ 'ਪਿੰਡ ਦੀ ਕੁੜੀ' ਦਾ ਪੋਸਟਰ*

ਸ਼ੰਕਰ ਮੂਵੀਜ਼, ਬੰਬੇ ਦੇ ਬੈਨਰ ਹੇਠ ਰਿਲੀਜ਼ ਹੋਈ ਫ਼ਿਲਮ 'ਪਿੰਡ ਦੀ ਕੁੜੀ' (1963) ਅਦਾਕਾਰਾ ਨਿਸ਼ੀ ਦੇ ਫ਼ਿਲਮੀ ਕਰੀਅਰ ਦਾ ਸਿਖ਼ਰ ਹੋ ਨਿਬੜੀ। ਨਿਸ਼ੀ ਦੇ ਪਤੀ ਰਾਜਕੁਮਾਰ ਕੋਹਲੀ ਦੀ ਨਿਰਦੇਸ਼ਨਾ ਵਿਚ ਬਣੀ ਇਸ ਪਹਿਲੀ ਫ਼ਿਲਮ ਵਿਚ ਨਿਸ਼ੀ ਨੇ ਪਿੰਡ ਦੀ ਕੁੜੀ 'ਕਿਸ਼ਨੀ' ਦਾ ਰੋਲ ਬੜੀ ਉਮਦਗੀ ਨਾਲ ਅਦਾ ਕੀਤਾ। ਹੀਰੋ ਦੇ ਕਿਰਦਾਰ ਵਿਚ ਰਵਿੰਦਰ ਕਪੂਰ ਸੀ ਜੋ ਨਿਸ਼ੀ ਦੇ ਨ੍ਰਿਤ ਸਟੈਪਸ ਨਾਲ ਕਾਫ਼ੀ ਹੱਦ ਆਪਣੇ ਸਟੈਪਸ ਮਿਲਾਉਣ ਦੀ ਕੋਸ਼ਿਸ਼ ਕਰ ਲੈਂਦਾ ਸੀ। ਫ਼ਿਲਮ 'ਚ ਹੰਸਰਾਜ ਬਹਿਲ ਦੇ ਸੰਗੀਤ ਵਿਚ ਵਰਮਾ ਮਲਿਕ ਦੇ ਲਿਖੇ ਤਮਾਮ ਗੀਤਾਂ ਨੇ ਖ਼ੂਬ ਧੁੰਮਾਂ ਪਾਈਆਂ ਸਨ। ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹੇ ਇਨ੍ਹਾਂ ਗੀਤਾਂ ਦੇ ਬੋਲ ਹਨ- 'ਲਾਈਆਂ ਤੇ ਤੋੜ ਨਿਭਾਵੀਂ ਛੱਡ ਕੇ ਨਾ ਜਾਵੀਂ' (ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ), 'ਮੈਨੂੰ ਤੇਰੇ ਪਿੱਛੇ ਸੱਜਣਾ ਕਦੀ ਰੋਣਾ ਪਿਆ ਕਦੀ ਹੱਸਣਾ' (ਸੁਮਨ ਕਲਿਆਣਪੁਰ), 'ਤੂੰਈਓਂ ਏਂ ਨਈ ਕੋਈ ਹੋ' (ਸ਼ਮਸ਼ਾਦ ਬੇਗ਼ਮ) ਆਦਿ ਤੋਂ ਇਲਾਵਾ ਨਿਸ਼ੀ ਤੇ ਰਵਿੰਦਰ ਕਪੂਰ 'ਤੇ ਫ਼ਿਲਮਾਇਆ ਸ਼ਮਸ਼ਾਦ ਬੇਗ਼ਮ ਤੇ ਮੁਹੰਮਦ ਰਫ਼ੀ ਦਾ ਭੰਗੜਾ ਗੀਤ 'ਜ਼ੈਲਦਾਰਾ ਪੁੱਤ ਨੂੰ ਸਮਝਾ ਲੈ ਕਿ ਵੱਟੇ ਮਾਰੇ ਘੜਿਆਂ ਨੂੰ' ਨਿਸ਼ੀ ਦੇ ਦਿਲਕਸ਼ ਨਾਚ ਦੀ ਇੰਤਹਾ ਸੀ। ਬਲਦੇਵ ਰਾਜ ਝੀਂਗਣ ਦੀ ਨਿਰਦੇਸ਼ਨਾ 'ਚ ਰਾਜਕੁਮਾਰ ਕੋਹਲੀ ਨੇ ਜਦੋਂ ਆਪਣੇ ਹੋਮ ਪ੍ਰੋਡਕਸ਼ਨ ਦੀ ਦੂਸਰੀ ਫ਼ਿਲਮ 'ਮੈਂ ਜੱਟੀ ਪੰਜਾਬ' (1964) ਦੀ ਬਣਾਈ ਤਾਂ ਉਸ ਨੇ ਆਪਣੀ ਅਦਾਕਾਰਾ ਪਤਨੀ ਨਿਸ਼ੀ ਦੇ ਰੂ-ਬ-ਰੂ ਪ੍ਰੇਮ ਨਾਥ ਨੂੰ ਹੀਰੋ ਦਾ ਰੋਲ ਦਿੱਤਾ। ਮਾਹੇਸ਼ਵਰੀ ਪਿਕਚਰਜ਼, ਬੰਬੇ ਦੀ ਪਦਮ ਮਾਹੇਸ਼ਵਰੀ ਦੇ ਨਿਰਦੇਸ਼ਨ ਵਿਚ 1964 ਵਿਚ ਰਿਲੀਜ਼ ਹੋਈ ਫ਼ਿਲਮ 'ਸਤਲੁਜ ਦੇ ਕੰਢੇ', ਜਿਸ ਨੂੰ ਸਾਲ 1967 ਦੀ ਬਿਹਤਰੀਨ ਪੰਜਾਬੀ ਫ਼ਿਲਮ ਦਾ ਰਾਸ਼ਟਰੀ ਐਵਾਰਡ ਮਿਲਿਆ। ਨਿਸ਼ੀ ਦੇ ਡਬਲ ਰੋਲ ਵਾਲੀ ਇਸ ਫ਼ਿਲਮ 'ਚ ਬਲਰਾਜ ਸਾਹਨੀ ਤੇ ਸੁਰੇਸ਼ ਨੇ ਹੀਰੋ ਦੀਆਂ ਭੂਮਿਕਾਵਾਂ ਨਿਭਾਈਆਂ ਸਨ। ਭਾਖੜਾ ਨੰਗਲ ਡੈਮ ਮੁੱਦੇ ਨੂੰ ਪ੍ਰਮੁੱਖਤਾ ਨਾਲ ਪੇਸ਼ ਕਰਨ ਵਾਲੀ ਇਸ ਸੁਪਰਹਿਟ ਫ਼ਿਲਮ ਨੂੰ ਕਈ ਵਾਰ ਰਾਸ਼ਟਰੀ ਚੈਨਲ ਦੂਰਦਰਸ਼ਨ 'ਤੇ ਪ੍ਰਸਾਰਿਤ ਕੀਤਾ ਗਿਆ ਸੀ। ਇਹ ਨਿਸ਼ੀ ਦੀ ਸੰਜੀਦਾ ਤੇ ਅਹਿਮ ਵਿਸ਼ੇ 'ਤੇ ਬਣੀ ਪਹਿਲੀ ਅਜਿਹੀ ਫ਼ਿਲਮ ਸੀ, ਜਿਸ ਵਿਚ ਉਸ 'ਤੇ ਕੋਈ ਭੰਗੜਾ ਗੀਤ ਨਹੀਂ ਫ਼ਿਲਮਾਇਆ ਗਿਆ ਸੀ। ਪੰਜਾਬ ਫ਼ਿਲਮ ਆਰਟਸ, ਬੰਬੇ ਦੀ 1965 ਵਿਚ ਬਲਦੇਵ ਰਾਜ ਝੀਂਗਣ ਦੀ ਨਿਰਦੇਸ਼ਨਾ 'ਚ ਰਿਲੀਜ਼ ਤੇ ਹਿੰਦ-ਚੀਨ ਜੰਗ ਦੇ ਵਿਸ਼ੇ 'ਤੇ ਬਣੀ ਫ਼ਿਲਮ 'ਧਰਤੀ ਵੀਰਾਂ ਦੀ' ਵਿਚ ਨਿਸ਼ੀ ਨੇ ਜੀਤੋ ਦਾ ਕਿਰਦਾਰ ਅਦਾ ਕੀਤਾ। ਫ਼ਿਲਮ ਦਾ ਹੀਰੋ ਸੀ ਭੰਗੜੇ ਦਾ ਨਾਮੀ ਕੋਚ ਤੇ ਅਦਾਕਾਰ ਮਨੋਹਰ ਦੀਪਕ ਸੁਨਾਮੀ। ਪੰਜਾਬੀ ਫ਼ਿਲਮਾਂ 'ਚ ਮਨੋਹਰ ਦੀਪਕ ਹੀ ਉਹ ਅਦਾਕਾਰ ਸੀ ਜੋ ਨਿਸ਼ੀ ਦੇ ਭੰਗੜਾ ਨ੍ਰਿਤ ਨੂੰ ਬਰਾਬਰ ਦੀ ਟੱਕਰ ਦੇ ਸਕਦਾ ਸੀ। ਨਿਰਦੇਸ਼ਕ ਬਲਦੇਵ ਰਾਜ ਝੀਂਗਣ ਦੀ ਸ਼ੇਰੇ ਪੰਜਾਬ ਫ਼ਿਲਮਜ਼, ਬੰਬੇ ਦੇ ਬੈਨਰ ਹੇਠ ਨੁਮਾਇਸ਼ ਹੋਈ ਫ਼ਿਲਮ 'ਸੱਪਣੀ' (1965) 'ਚ ਨਿਸ਼ੀ ਨੇ 'ਰੇਸ਼ਮੀ' ਨਾਮੀ ਸੱਪਣੀ ਮੁਟਿਆਰ ਦਾ ਰੋਲ ਬੜੀ ਖ਼ੂਬਸੂਰਤੀ ਨਾਲ ਅਦਾ ਕੀਤਾ। ਰਾਜਕੁਮਾਰ ਕੋਹਲੀ ਦੇ ਬੈਨਰ ਸ਼ੰਕਰ ਮੂਵੀਜ਼ ਦੀ ਤੀਜੀ ਪੰਜਾਬੀ ਫ਼ਿਲਮ 'ਦੁੱਲਾ ਭੱਟੀ' (1966) 'ਚ ਨਿਸ਼ੀ ਦੇ ਸਨਮੁੱਖ ਹੀਰੋ ਦਾ ਕਿਰਦਾਰ ਦਾਰਾ ਸਿੰਘ ਨੇ ਨਿਭਾਇਆ। ਫ਼ਿਲਮ ਦਾ ਸੰਗੀਤ ਐੱਸ ਮਦਨ ਅਤੇ ਗੀਤ ਵਰਮਾ ਮਲਿਕ ਦੇ ਲਿਖੇ ਸਨ। ਬਾਅਦ 'ਚ ਕੋਹਲੀ ਨੇ ਇਸ ਫ਼ਿਲਮ ਨੂੰ ਹਿੰਦੀ ਵਿਚ ਡੱਬ ਕਰਕੇ 'ਡੰਕਾ' (1969) ਦੇ ਨਾਂਅ ਹੇਠ ਰਿਲੀਜ਼ ਕੀਤਾ। ਨਿਰਦੇਸ਼ਕ ਤੇ ਚਰਿੱਤਰ ਅਦਾਕਾਰ ਸਤੀਸ਼ ਛਾਬੜਾ ਦੀ 'ਲਾਈਏ ਤੋੜ ਨਿਭਾਈਏ' (1966) ਫ਼ਿਲਮ 'ਚ ਨਿਸ਼ੀ ਦੇ ਨਾਲ ਹੀਰੋ ਦਾ ਰੋਲ ਰਵਿੰਦਰ ਕਪੂਰ ਨੇ ਅਦਾ ਕੀਤਾ।

1969 ਵਿਚ ਪੰਨਾਲਾਲ ਮਹੇਸ਼ਵਰੀ ਤੇ ਰਾਮ ਮਹੇਸ਼ਵਰੀ ਦੇ ਨਿਰਦੇਸ਼ਨ 'ਚ ਰਿਲੀਜ਼ ਹੋਈ ਕਲਪਨਾ ਲੋਕ, ਬੰਬੇ ਦੀ ਧਾਰਮਿਕ ਪੰਜਾਬੀ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' 'ਚ ਨਿਸ਼ੀ ਦੇ ਸਨਮੁੱਖ ਹੀਰੋ ਦਾ ਕਿਰਦਾਰ ਸੁਰੇਸ਼ ਨੇ ਨਿਭਾਇਆ। ਪੰਜਾਬੀ ਫ਼ਿਲਮ ਇਤਿਹਾਸ 'ਚ ਨਵੇਂ ਕੀਰਤੀਮਾਨ ਸਥਾਪਿਤ ਕਰਨ ਵਾਲੀ ਇਸ ਧਾਰਮਿਕ ਫ਼ਿਲਮ ਨੂੰ ਬਿਹਤਰੀਨ ਪੰਜਾਬੀ ਫ਼ਿਲਮ ਦਾ ਰਾਸ਼ਟਰੀ ਐਵਾਰਡ ਅਤੇ ਐਸ ਮੋਹਿੰਦਰ ਨੂੰ ਉਮਦਾ ਮੌਸੀਕਾਰ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ। 3 ਅਪਰੈਲ, 1970 ਨੂੰ ਚਿੱਤਰਾ ਟਾਕੀਜ਼, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ ਇਹ ਕਾਮਯਾਬ ਧਾਰਮਿਕ ਪੰਜਾਬੀ ਫ਼ਿਲਮ ਨਿਸ਼ੀ ਦੇ ਫ਼ਿਲਮ ਕਰੀਅਰ ਦੀ ਆਖ਼ਰੀ ਫ਼ਿਲਮ ਸਾਬਤ ਹੋਈ।

ਦਾਦਾ ਸਾਹਿਬ ਫਾਲਕੇ ਅਕੈਡਮੀ ਐਵਾਰਡ ਨਾਲ ਸਨਮਾਨਿਤ 83 ਸਾਲਾ ਨਿਸ਼ੀ ਅੱਜ ਕੱਲ੍ਹ ਫ਼ਿਲਮੀ ਦੁਨੀਆਂ ਤੋਂ ਕੋਹਾਂ ਦੂਰ ਮੁੰਬਈ ਵਿਖੇ ਆਪਣੇ ਪਤੀ ਰਾਜਕੁਮਾਰ ਕੋਹਲੀ ਤੇ ਅਦਾਕਾਰ ਫਰਜ਼ੰਦ ਅਰਮਾਨ ਕੋਹਲੀ ਤੇ ਧੀ ਗੋਗੀ ਕੋਹਲੀ ਨਾਲ ਜ਼ਿੰਦਗੀ ਬਸਰ ਕਰ ਰਹੀ ਹੈ।

**-ਮਨਦੀਪ ਸਿੰਘ ਸਿੱਧੂ**

# ਆਲੀਆ ਭੱਟ ਦਾ ਜਲਵਾ

ਅਦਾਕਾਰਾ ਆਲੀਆ ਭੱਟ ਹੁਣ ਤਕ 12 ਫ਼ਿਲਮਾਂ ਕਰ ਚੁੱਕੀ ਹੈ ਅਤੇ ਹਰ ਫ਼ਿਲਮ ਵਿਚ ਕਿਰਦਾਰ ਨੂੰ ਕਮਾਲ ਨਾਲ ਅਦਾ ਕਰਨ ਦੇ ਅੰਦਾਜ਼ ਦੇ ਦਮ 'ਤੇ ਦਰਸ਼ਕਾਂ ਦੇ ਦਿਲਾਂ ਵਿਚ ਵਸ ਗਈ ਹੈ। ਆਲੀਆ ਨੇ 'ਹਮਟੀ ਸ਼ਰਮਾ ਕੀ ਦੁਲਹਨੀਆ', 'ਬਦਰੀਨਾਥ ਦੀ ਦੁਲਹਨੀਆ' ਅਤੇ '2 ਸਟੇਟਸ' ਵਰਗੀਆਂ ਰੁਮਾਂਟਿਕ ਤੇ ਮਸਾਲਾ ਫ਼ਿਲਮਾਂ ਵੀ ਕੀਤੀਆਂ ਹਨ ਤਾਂ 'ਡੀਅਰ ਜ਼ਿੰਦਗੀ' ਅਤੇ 'ਹਾਈਵੇਅ' ਵਰਗੀਆਂ ਗੰਭੀਰ ਵਿਸ਼ੇ ਵਾਲੀਆਂ ਫ਼ਿਲਮਾਂ ਵਿਚ ਆਲੋਚਕਾਂ ਦੀਆਂ ਤਾਰੀਫ਼ਾਂ ਵੀ ਹਾਸਲ ਕੀਤੀਆਂ ਹਨ। ਅਭਿਨੈ ਦੀ ਕਲਾ ਵਿਰਾਸਤ ਵਿਚ ਮਿਲੀ ਹੈ, ਸ਼ਾਇਦ ਇਸੇ ਵਜ੍ਹਾ ਨਾਲ ਉਹ ਮੌਜੂਦਾ ਦੌਰ ਵਿਚ ਸਭ ਤੋਂ ਘੱਟ ਉਮਰ ਦੀ ਸਭ ਤੋਂ ਸਫਲ ਅਭਿਨੇਤਰੀ ਹੈ। 'ਉੜਤਾ ਪੰਜਾਬ' ਲਈ ਆਲੀਆ ਬਿਹਤਰੀਨ ਅਭਿਨੇਤਰੀ ਦਾ ਫ਼ਿਲਮਫੇਅਰ ਅਤੇ 'ਹਾਈਵੇਅ' ਲਈ ਬਿਹਤਰੀਨ ਅਭਿਨੇਤਰੀ ਦਾ ਐਵਾਰਡ ਜਿੱਤ ਚੁੱਕੀ ਹੈ।

ਆਲੀਆ ਨੇ ਬੇਹੱਦ ਘੱਟ ਸਮੇਂ ਵਿਚ ਆਪਣੇ ਅਭਿਨੈ ਅਤੇ ਆਕਰਸ਼ਣ ਅਤੇ ਮਾਸੂਮ ਅਦਾਵਾਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ ਹੈ। ਜੇਕਰ ਇਹ ਕਹੀਏ ਕਿ ਆਲੀਆ ਮੌਜੂਦਾ ਦੌਰ ਵਿਚ ਨਵੀਂ ਪੀੜ੍ਹੀ ਦੀ ਸਭ ਤੋਂ ਸਮਰੱਥ ਅਭਿਨੇਤਰੀ ਹੈ ਤਾਂ ਇਹ ਗ਼ਲਤ ਨਹੀਂ ਹੋਏਗਾ। ਵਿਸ਼ੇਸ਼ ਕਰਕੇ 'ਰਾਜ਼ੀ' ਦੀ ਸਫਲਤਾ ਨੇ ਆਲੀਆ ਵਿਚ ਦਰਸ਼ਕਾਂ ਦੇ ਵਿਸ਼ਵਾਸ ਨੂੰ ਚਾਰ ਚੰਦ ਲਗਾ ਦਿੱਤੇ ਹਨ। ਕਦੇ ਮਹੇਸ਼ ਭੱਟ ਦੀ ਲਾਡਲੀ ਦੇ ਰੂਪ ਵਿਚ ਜਾਣੀ ਜਾਣ ਵਾਲੀ ਆਲੀਆ ਹੁਣ ਨਵੇਂ ਨਵੇਂ ਕਲਾਕਾਰਾਂ ਲਈ ਪ੍ਰੇਰਨਾ ਸਰੋਤ ਬਣ ਗਈ ਹੈ।

'ਰਾਜ਼ੀ' ਨਾਲ ਆਲੀਆ ਭੱਟ ਨੇ ਨਾਇਕਾ ਪ੍ਰਧਾਨ ਫ਼ਿਲਮਾਂ ਦੀ ਸਫਲਤਾ ਦੇ ਸਫ਼ਰ ਵਿਚ ਵਾਧਾ ਕੀਤਾ ਹੈ। ਜ਼ਿਕਰਯੋਗ ਹੈ ਕਿ ਮੇਘਨਾ ਗੁਲਜ਼ਾਰ ਨਿਰਦੇਸ਼ਤ ਆਲੀਆ ਦੀ ਕੇਂਦਰੀ ਭੂਮਿਕਾ ਵਾਲੀ 'ਰਾਜ਼ੀ' ਨੇ ਰਿਲੀਜ਼ ਹੁੰਦੇ ਹੀ ਟਿਕਟ ਖਿੜਕੀ 'ਤੇ ਆਪਣੀ ਪਕੜ ਬਣਾ ਲਈ ਸੀ। ਫ਼ਿਲਮ 100 ਕਰੋੜ ਦੇ ਕਲੱਬ ਵਿਚ ਵੀ ਸ਼ਾਮਲ ਹੋ ਚੁੱਕੀ ਹੈ। ਦਰਸ਼ਕਾਂ ਦੇ ਸਮਰਥਨ ਅਤੇ ਆਲੀਆ ਦੇ ਸ਼ਾਨਦਾਰ ਅਭਿਨੈ ਦੀ ਵਜ੍ਹਾ ਨਾਲ ਟਿਕਟ ਖਿੜਕੀ 'ਤੇ 'ਰਾਜ਼ੀ' ਨੇ ਬਿਹਤਰੀਨ ਕਮਾਈ ਕੀਤੀ ਹੈ। ਇਸ ਦੇ ਨਾਲ ਉਹ ਹਿੰਦੀ ਫ਼ਿਲਮਾਂ ਦੀ ਦੂਜੀ ਅਜਿਹੀ ਅਭਿਨੇਤਰੀ ਬਣ ਗਈ ਹੈ ਜਿਨ੍ਹਾਂ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ ਨੇ ਟਿਕਟ ਖਿੜਕੀ 'ਤੇ 100 ਕਰੋੜ ਰੁਪਏ ਤੋਂ ਜ਼ਿਆਦਾ ਦਾ ਕਾਰੋਬਾਰ ਕੀਤਾ ਹੈ। ਆਲੀਆ ਤੋਂ ਪਹਿਲਾਂ ਕੰਗਨਾ ਦੀ ਫ਼ਿਲਮ 'ਤਨੂ ਵੈੱਡਜ਼ ਮਨੂ' ਨੇ 116 ਕਰੋੜ ਰੁਪਏ ਦੀ ਕਮਾਈ ਕੀਤੀ ਸੀ।

ਗੌਰ ਕਰੀਏ ਤਾਂ ਕੁਝ ਸਾਲ ਪਹਲਾਂ ਜਦੋਂ ਆਲੀਆ ਨੇ ਹਿੰਦੀ ਫ਼ਿਲਮਾਂ ਵਿਚ ਕਦਮ ਰੱਖਿਆ ਸੀ ਤਾਂ ਇਹ ਅਨੁਮਾਨ ਲਗਾਉਣਾ ਮੁਸ਼ਕਿਲ ਸੀ ਕਿ ਇੰਨੇ ਘੱਟ ਸਮੇਂ ਵਿਚ ਹਿੰਦੀ ਫ਼ਿਲਮਾਂ ਨੂੰ ਆਲੀਆ ਦੇ ਰੂਪ ਵਿਚ ਅਜਿਹੀ ਦਮਦਾਰ ਅਭਿਨੇਤਰੀ ਮਿਲ ਜਾਏਗੀ ਜੋ ਸਿਰਫ਼ ਆਪਣੇ ਅਭਿਨੈ ਨਾਲ ਦਰਸ਼ਕਾਂ ਨੂੰ ਸਿਨਮਾ ਘਰਾਂ ਤਕ ਖਿੱਚਣ ਵਿਚ ਸਮਰੱਥ ਹੈ। ਉਹ ਚਾਹੁੰਦੀ ਤਾਂ ਪਿਤਾ ਮਹੇਸ਼ ਭੱਟ ਦੀਆਂ ਫ਼ਿਲਮਾਂ ਤੋਂ ਹਿੰਦੀ ਫ਼ਿਲਮਾਂ ਵਿਚ ਆਪਣੇ ਸਫ਼ਰ ਦੀ ਸ਼ੁਰੂਆਤ ਕਰ ਸਕਦੀ ਸੀ, ਪਰ ਉਸ ਨੇ ਅਜਿਹਾ ਨਹੀਂ ਕੀਤਾ। ਆਲੀਆ ਅਨੁਸਾਰ 'ਮੈਂ ਜੇਕਰ ਪਾਪਾ ਦੀ ਫ਼ਿਲਮ ਤੋਂ ਸ਼ੁਰੂਆਤ ਕਰਦੀ ਤਾਂ ਲੋਕ ਸੋਚਦੇ ਕਿ ਮੈਂ ਜ਼ਿਆਦਾ ਮਿਹਨਤ ਨਹੀਂ ਕੀਤੀ ਅਤੇ ਮੇਰੇ ਵਿਚ ਕਾਬਲੀਅਤ ਨਹੀਂ ਹੈ। ਇਸ ਲਈ ਘਰੇਲੂ ਬੈਨਰ ਦੀ ਬਜਾਏ ਕਰਨ ਜੌਹਰ ਦੀ ਫ਼ਿਲਮ 'ਸਟੂਡੈਂਟ ਆਫ ਦਿ ਯੀਅਰ' ਤੋਂ ਫ਼ਿਲਮਾਂ ਵਿਚ ਪ੍ਰਵੇਸ਼ ਕੀਤਾ। ਇਸ ਫ਼ਿਲਮ ਲਈ 400 ਲੜਕੀਆਂ ਦੀ ਸਕਰੀਨਿੰਗ ਤੋਂ ਬਾਅਦ ਮੇਰੀ ਚੋਣ ਹੋਈ। ਇਸ ਨਾਲ ਮੇਰੇ ਵਿਚ ਵਿਸ਼ਵਾਸ ਪੈਦਾ ਹੋਇਆ ਅਤੇ ਆਪਣੇ ਕੰਮ ਪ੍ਰਤੀ ਆਤਮ ਸੰਤੁਸ਼ਟੀ ਹੋਈ ਜੋ ਕਿ ਪਾਪਾ ਦੀ ਫ਼ਿਲਮ ਤੋਂ ਸ਼ੁਰੂਆਤ ਕਰਨ ਤੋਂ ਕਦੇ ਨਹੀਂ ਮਿਲਣੀ ਸੀ।"



'ਸਟੂਡੈਂਟ ਆਫ ਦਿ ਯੀਅਰ' ਨੂੰ ਸ਼ਾਨਦਾਰ ਸਫਲਤਾ ਤਾਂ ਮਿਲੀ, ਪਰ ਇਸ ਵਿਚ ਉਸਦੇ ਅਭਿਨੈ ਦਾ ਜਾਦੂ ਨਹੀਂ ਚੱਲਿਆ ਸੀ। ਪਹਿਲੀ ਵਾਰ ਆਲੀਆ ਦੇ ਸ਼ਾਨਦਾਰ ਅਭਿਨੈ ਦੀ ਝਲਕ ਦਿਖੀ ਇਮਤਿਆਜ਼ ਅਲੀ ਨਿਰਦੇਸ਼ਤ ਫ਼ਿਲਮ 'ਹਾਈਵੇਅ' ਵਿਚ। ਇਸ ਫ਼ਿਲਮ ਵਿਚ ਉਸਨੇ ਦੱਸ ਦਿੱਤਾ ਕਿ ਉਹ ਸਮਰੱਥ ਅਭਿਨੇਤਰੀ ਹੈ। ਇਸ ਤੋਂ ਬਾਅਦ 'ਉੜਤਾ ਪੰਜਾਬ' ਅਤੇ 'ਡੀਅਰ ਜ਼ਿੰਦਗੀ' ਵਿਚ ਵੀ ਉਸ ਦੇ ਅਭਿਨੈ ਦੀ ਖ਼ੂਬ ਪ੍ਰਸ਼ੰਸਾ ਹੋਈ। ਦਰਸ਼ਕਾਂ ਦੇ ਨਾਲ ਨਾਲ ਸਮੀਖਿਅਕਾਂ ਦੀ ਨਜ਼ਰ ਵਿਚ ਵੀ ਉਹ ਪ੍ਰਤਿਭਾਸ਼ਾਲੀ ਅਭਿਨੇਤਰੀ ਬਣ ਕੇ ਉਭਰੀ। ਹੁਣ ਉਸਨੇ 'ਰਾਜ਼ੀ' ਤੋਂ ਅਭਿਨੈ ਦੇ ਆਪਣੇ ਸ਼ਾਨਦਾਰ ਸਫਰ ਨੂੰ ਨਵਾਂ ਆਯਾਮ ਦਿੱਤਾ ਹੈ।

ਆਪਣੀਆਂ ਸਮਕਾਲੀ ਅਭਿਨੇਤਰੀਆਂ ਦੇ ਮੁਕਾਬਲੇ ਆਲੀਆ ਨੇ ਬੇਹੱਦ ਘੱਟ ਸਮੇਂ ਵਿਚ ਹੁਨਰ ਅਤੇ ਲਗਨ ਨਾਲ ਸਥਾਈ ਪਛਾਣ ਬਣਾ ਲਈ ਹੈ। ਤਾਂ ਹੀ ਉਸ ਦੀਆਂ ਬੇਪਨਾਹ ਸੰਭਾਵਨਾਵਾਂ ਨੂੰ ਦੇਖਦੇ ਹੋਏ ਵੱਡੇ ਨਿਰਦੇਸ਼ਕ ਉਸ ਦੇ ਮੁਰੀਦ ਬਣ ਗਏ ਹਨ। ਕਰਨ ਜੌਹਰ, ਇਮਤਿਆਜ਼ ਅਲੀ, ਗੈਰੀ ਸ਼ਿੰਦੇ, ਜ਼ੋਯਾ ਅਖ਼ਤਰ ਅਤੇ ਮੇਘਨਾ ਗੁਲਜ਼ਾਰ ਤੋਂ ਬਾਅਦ ਹੁਣ ਆਲੀਆ ਇੱਕ ਹੋਰ ਸਨਮਾਨਤ ਨਿਰਦੇਸ਼ਕ ਅਸ਼ਵਨੀ ਅਇਰ ਤਿਵਾਰੀ ਦੇ ਨਿਰਦੇਸ਼ਨ ਵਿਚ ਅਭਿਨੈ ਕਰਦੀ ਹੋਈ ਨਜ਼ਰ ਆਏਗੀ। ਉਸ ਨੇ ਆਪਣੀ ਸੰਗੀਤਕ ਡਰਾਮਾ ਫ਼ਿਲਮ ਲਈ ਆਲੀਆ ਨਾਲ ਹੱਥ ਮਿਲਾਇਆ ਹੈ। ਆਲੀਆ ਫਿਲਹਾਲ ਜ਼ੋਆ ਅਖ਼ਤਰ ਦੀ 'ਗੱਲੀ ਬੌਇ', ਅਯਾਨ ਮੁਖਰਜੀ ਦੀ 'ਬ੍ਰਹਮਾਸਤਰ' ਅਤੇ ਅਭਿਸ਼ੇਕ ਵਰਮਨ ਦੀ 'ਕਲੰਕ' ਦੀ ਸ਼ੂਟਿੰਗ ਵਿਚ ਰੁਝੀ ਹੋਈ ਹੈ।

**-ਸੌਮਿਆ**

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 11ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

## 14 ਜੁਲਾਈ 2018

(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)

**Heritage Park**
46202 Heritage Park Dr., Canton Twp, MI 48188
Behind Canton Library
Address: 1150 S Canton Center Toad, Canton Twp, MI 48188

## ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $15,000
ਦੂਜਾ ਇਨਾਮ $12,000
ਤੀਜਾ ਇਨਾਮ $9,000
ਚੌਥਾ ਇਨਾਮ $7,000

**ਕਬੱਡੀ ਅੰਡਰ-21**
ਪਹਿਲਾ ਇਨਾਮ $3500
ਦੂਜਾ ਇਨਾਮ $2500
ਤੀਜਾ ਇਨਾਮ $1,000

**ਸੌਕਰ**
ਪਹਿਲਾ ਇਨਾਮ $3500
ਦੂਜਾ ਇਨਾਮ $2500

**ਵਾਲੀਬਾਲ (ਓਪਨ)**
ਪਹਿਲਾ ਇਨਾਮ $3100
ਦੂਜਾ ਇਨਾਮ $2100

**ਕਬੱਡੀ ਰੈਫਰੀ:**
ਨਰਿੰਦਰ ਮੁੰਦਰ
ਕੁਲਵਿੰਦਰ ਕਿੰਦਾ
ਕੁਲਦੀਪ ਦੀਪਾ ਟਾਂਡੇਵਾਲਾ



ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

## ਸਭਨਾਂ ਨੂੰ ਖੁੱਲ੍ਹਾ ਸੱਦਾ

ਲੰਗਰ ਦਾ ਖਰਚਾ ਤੇ ਸੇਵਾ ਆਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

**Free Entry Free Food & Free Entertainment**

AUTOBAHN FREIGHT LINES LTD.

Radio Chann Pardesi ਰੇਡੀਓ ਚੰਨ ਪ੍ਰਦੇਸੀ

Charger logistics inc

GN TRUCK SALES
TRUCK & TRAILER SALES
WE SELL ALL MAKES & MODELS
905-291-0210

**Autobahn**
ਸਾਰੇ ਟਰੱਕ Under Warranty
800,000 kilometers



WORLD WIDE CARRIERS US INC.
Troy, MI
Sukhi Dhariwal
Ph: 416-213-1334

## PSCA Committee Members and Gold Sponsors



ਸੁੱਖਾ ਸੇਖੋਂ | ਕੇਵਲ ਗਿੱਲ | ਮਨਪ੍ਰੀਤ ਗਿੱਲ | ਕੁਲਬੀਰ ਗਿੱਲ | ਅਮਰਜੀਤ ਗਿੱਲ | ਰਵਿੰਦਰ ਥਿੰਦ | ਜਸਵਿੰਦਰ ਧਾਲੀਵਾਲ



ਸੁਖਵੰਤ ਸਿੰਘ ਗਿੱਲ | ਰਾਜ ਨਿੱਜਰ | ਰਾਜ ਜਾਮਾਰਾਏ | ਅਰਜੁਨ ਗਿੱਲ | ਸੁਖਦੇਵ ਸੇਖੋਂ | ਕਰਮਬੀਰ ਸਿੰਘ | ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।

LIVE ON Cruze tv CHANNEL 422 | Real CHANNEL 136 | f LIVE LIVEKABADDI | LIVE KABADDI | jadoo tv | YouTube LIVE KABADDI | IPTV | jus punjabi